20-MAY-PAGE-1.qxd 5/19/2024 10:24 PM Page 1

ਸੋਮਵਾਰ, 20 ਮਈ, 2024
7 ਜੇਠ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 72
ਅੰਕ/NO. : 350

# ਨਵਾਂ ਜ਼ਮਾਨਾ

DAILY NAWAN ZAMANA • MONDAY, 20 MAY, 2024 ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# 'ਇੰਡੀਆ' ਦੀ ਕਮਾਨ ਲੋਕਾਂ ਨੇ ਆਪਣੇ ਹੱਥਾਂ 'ਚ ਲਈ

## ਉਤਸ਼ਾਹੀ ਵਰਕਰ ਮੰਚ 'ਤੇ ਚੜ੍ਹ ਗਏ, ਰਾਹੁਲ ਤੇ ਅਖਿਲੇਸ਼ ਨੂੰ ਬਿਨਾਂ ਬੋਲੇ ਪਰਤਣਾ ਪਿਆ



**ਪ੍ਰਯਾਗਰਾਜ :** ਯੂ ਪੀ ਦੇ ਪ੍ਰਯਾਗਰਾਜ ਜ਼ਿਲ੍ਹੇ ਦੇ ਫੂਲਪੁਰ ਲੋਕ ਸਭਾ ਹਲਕੇ ਵਿਚ ਪੜਿਲਾ ਮਹਾਦੇਵ ਫਾਫਾਮਾਊ ਵਿਖੇ ਐਤਵਾਰ ਰਾਹੁਲ ਗਾਂਧੀ ਤੇ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੂੰ ਰੈਲੀ ਨੂੰ ਸੰਬੋਧਨ ਕੀਤੇ ਬਿਨਾਂ ਜਾਣਾ ਪਿਆ। ਕਾਂਗਰਸ, ਸਪਾ ਤੇ ਆਪ ਦੇ ਹਮਾਇਤੀ ਤੇ ਵਰਕਰ ਬੇਕਾਬੂ ਹੋ ਗਏ ਤੇ ਕੁਝ ਮੰਚ 'ਤੇ ਵੀ ਚੜ੍ਹ ਗਏ। ਦੋਹਾਂ ਨੇ ਵਰਕਰਾਂ ਨੂੰ ਸ਼ਾਂਤ ਹੋਣ ਦੀ ਵਾਰ-ਵਾਰ ਅਪੀਲ ਕੀਤੀ, ਪਰ ਅਸਰ ਨਹੀਂ ਹੋਇਆ। ਉਤਸ਼ਾਹੀ ਲੋਕਾਂ ਨੂੰ ਪੁਲਸ ਵੀ ਕੰਟਰੋਲ ਨਹੀਂ ਕਰ ਸਕੀ। ਆਖਰ ਦੋਨੋਂ ਆਗੂ ਸਥਿਤੀ ਵਿਗੜਨੋਂ ਬਚਾਉਣ ਲਈ 15 ਮਿੰਟ ਬਾਅਦ ਬਿਨਾਂ ਸੰਬੋਧਨ ਕੀਤਿਆਂ ਚਲੇ ਗਏ।

ਸਪਾ ਉਮੀਦਵਾਰ ਅਮਰਨਾਥ ਮੌਰੀਆ ਦੇ ਹੱਕ ਵਿਚ ਅੰਬ ਦੇ ਬਾਗ ਵਿਚ ਰੈਲੀ ਰੱਖੀ ਗਈ ਸੀ। ਸਵੇਰ ਤੋਂ ਹੀ ਭੀੜ ਇਕੱਠੀ ਹੋਣੀ ਸ਼ੁਰੂ ਹੋ ਗਈ ਸੀ। ਬਾਅਦ ਦੁਪਹਿਰ ਇਕ ਵੱਜ ਕੇ 20 ਮਿੰਟ 'ਤੇ ਅਖਿਲੇਸ਼ ਦਾ ਹੈਲੀਕਾਪਟਰ ਉਤਰਿਆ ਤਾਂ ਵਰਕਰਾਂ ਨੇ ਪੁਲਸ ਘੇਰਾ ਤੋੜ ਕੇ ਹੈਲੀਪੈਡ ਤੱਕ ਪੁੱਜਣ ਦੀ ਕੋਸ਼ਿਸ਼ ਕੀਤੀ। ਜਦ ਅਖਿਲੇਸ਼ ਮੰਚ 'ਤੇ ਪੁੱਜੇ ਤਾਂ ਵਰਕਰਾਂ ਨੇ ਬੈਰੀਕੇਡਿੰਗ ਤੋੜ ਦਿੱਤੀ ਤੇ ਮੰਚ ਵੱਲ ਵਧ ਗਏ। ਕਈ ਤਾਂ ਮੰਚ 'ਤੇ ਚੜ੍ਹ ਗਏ। ਸਪਾ ਤੇ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਮੰਚ ਤੋਂ ਉਤਰਨ ਲਈ ਹੱਥ ਜੋੜੇ, ਪਰ ਉਹ ਟੱਸ ਤੋਂ ਮੱਸ ਨਹੀਂ ਹੋਏ। ਇਸੇ ਦਰਮਿਆਨ ਜਦੋਂ ਰਾਹੁਲ ਮੰਚ 'ਤੇ ਆਏ ਤਾਂ ਵਰਕਰ ਹੋਰ ਉਤਸ਼ਾਹ 'ਚ ਆ ਗਏ। ਸੁਰੱਖਿਆ ਮੁਲਾਜ਼ਮ ਵਰਕਰਾਂ ਨੂੰ ਡੀ ਤੋਂ ਬਾਹਰ ਕਰਨ ਲਈ ਡਾਂਗ ਵਾਹੁਣ ਲੱਗੇ ਤਾਂ ਰਾਹੁਲ ਤੇ ਅਖਿਲੇਸ਼ ਨੇ ਅਜਿਹਾ ਕਰਨੋਂ ਰੋਕ ਦਿੱਤਾ। ਰਾਹੁਲ ਤੇ ਅਖਿਲੇਸ਼ 15 ਮਿੰਟ ਮੰਚ 'ਤੇ ਬੈਠੇ ਰਹੇ। ਜਦੋਂ ਸੁਰੱਖਿਆ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਦਾ ਇੱਥੇ ਬਹੁਤਾ ਰੁਕਣਾ ਠੀਕ ਨਹੀਂ ਰਹੇਗਾ ਤਾਂ ਉਹ ਮੰਚ ਛੱਡ ਕੇ ਹੈਲੀਕਾਪਟਰ 'ਚ ਯਮੁਨਾ ਪਾਰ ਅਲਾਹਾਬਾਦ ਹਲਕੇ 'ਚ ਮੁੰਗਾਰੀ ਦੀ ਰੈਲੀ ਲਈ ਰਵਾਨਾ ਹੋ ਗਏ। ਇਹ ਥਾਂ ਵੀ ਪ੍ਰਯਾਗਰਾਜ ਜ਼ਿਲ੍ਹੇ ਵਿਚ ਪੈਂਦੀ ਹੈ। ਇੱਥੇ ਕਾਂਗਰਸ ਦਾ ਉਮੀਦਵਾਰ ਉਜਵਲ ਰਮਨ ਸਿੰਘ ਹੈ। ਇਸ ਰੈਲੀ ਵਿਚ ਵੀ ਪਹਿਲੀ ਰੈਲੀ ਵਰਗਾ ਨਜ਼ਾਰਾ ਦੇਖਣ ਨੂੰ ਮਿਲਿਆ। ਭੀੜ ਨੇ ਬੈਰੀਕੇਡ ਤੋੜ ਕੇ ਮੰਚ ਤੱਕ ਪੁੱਜਣ ਦੀ ਕੋਸ਼ਿਸ਼ ਕੀਤੀ। ਰੈਲੀ ਨੂੰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਕਿਹਾ—ਨਰਿੰਦਰ ਮੋਦੀ ਜੀ ਨੇ 22 ਲੋਕਾਂ ਨੂੰ ਅਰਬਪਤੀ ਬਣਾਇਆ ਹੈ। ਅਸੀਂ ਕਰੋੜਾਂ ਲੱਖਪਤੀ ਬਣਾਉਣ ਜਾ ਰਹੇ ਹਾਂ। ਸਾਰੇ ਗਰੀਬਾਂ ਦਾ ਨੰਬਰ ਆਵੇਗਾ। ਹਰ ਗਰੀਬ ਪਰਿਵਾਰ ਵਿੱਚੋਂ ਇੱਕ ਔਰਤ ਦਾ ਨਾਂਅ ਚੁਣਿਆ ਜਾਵੇਗਾ ਅਤੇ ਕਰੋੜਾਂ ਔਰਤਾਂ ਦੇ ਬੈਂਕ ਖਾਤਿਆਂ 'ਚ ਟਕਾਟਕ-ਟਕਾਟਕ ਸਾਲ ਦੇ ਇੱਕ ਲੱਖ ਰੁਪਏ, ਮਹੀਨੇ ਦੇ 8500 ਰੁਪਏ ਪਾਏ ਜਾਣਗੇ। ਹਿੰਦੁਸਤਾਨ ਦੇ ਕਿਸਾਨਾਂ ਨੂੰ ਅਨਾਜ, ਆਲੂ, ਗੰਨਾ, ਕਪਾਹ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਅਸੀਂ ਦੇਣ ਜਾ ਰਹੇ ਹਾਂ। ਅਸੀਂ ਉਨ੍ਹਾਂ ਦਾ ਕਰਜ਼ਾ ਮੁਆਫ ਕਰਾਂਗੇ।

## ਈਰਾਨੀ ਰਾਸ਼ਟਰਪਤੀ ਵਾਲ-ਵਾਲ ਬਚੇ

**ਦੁਬਈ:** ਈਰਾਨ ਦੇ ਰਾਸ਼ਟਰਪਤੀ ਇਬਰਾਹੀਮ ਰਾਇਸੀ ਦੇ ਹੈਲੀਕਾਪਟਰ ਦੀ ਐਤਵਾਰ 'ਹਾਰਡ ਲੈਂਡਿੰਗ' ਹੋਈ। ਸਰਕਾਰੀ ਟੀ ਵੀ ਨੇ ਘਟਨਾ ਦੇ ਖੇਤਰ ਨੂੰ ਈਰਾਨ ਦੀ ਰਾਜਧਾਨੀ ਤਹਿਰਾਨ ਤੋਂ ਲਗਭਗ 600 ਕਿਲੋਮੀਟਰ (375 ਮੀਲ) ਉੱਤਰ-ਪੱਛਮ 'ਚ ਅਜ਼ਰਬਾਈਜਾਨ ਦੀ ਸਰਹੱਦ 'ਤੇ ਜੋਲਫਾ ਸ਼ਹਿਰ ਦੇ ਨੇੜੇ ਦੱਸਿਆ ਹੈ। ਟੈਲੀਵੀਯਨ ਮੁਤਾਬਕ ਹੈਲੀਕਾਪਟਰ ਵਿਚ ਸਵਾਰ ਸਾਰੇ ਲੋਕ ਸਲਾਮਤ ਹਨ। ਰਾਇਸੀ ਐਤਵਾਰ ਤੜਕੇ ਅਜ਼ਰਬਾਈਜਾਨ ਦੇ ਰਾਸ਼ਟਰਪਤੀ ਇਲਹਾਮ ਅਲੀਯੇਵ ਨਾਲ ਡੈਮ ਦਾ ਉਦਘਾਟਨ ਕਰਨ ਲਈ ਅਜ਼ਰਬਾਈਜਾਨ 'ਚ ਸਨ। ਇਹ ਤੀਜਾ ਡੈਮ ਹੈ, ਜੋ ਦੋਵਾਂ ਦੇਸ਼ਾਂ ਨੇ ਅਰਸ ਨਦੀ 'ਤੇ ਬਣਾਇਆ ਹੈ। 63 ਸਾਲਾ ਰਾਇਸੀ ਕੱਟੜਪੰਥੀ ਹਨ, ਜੋ ਪਹਿਲਾਂ ਦੇਸ਼ ਦੀ ਨਿਆਂ ਪਾਲਿਕਾ ਦੇ ਮੁਖੀ ਰਹਿ ਚੁੱਕੇ ਹਨ। ਉਨ੍ਹਾ ਨੂੰ ਈਰਾਨ ਦੇ ਸਰਵਉੱਚ ਨੇਤਾ ਅਯਾਤੁੱਲਾ ਅਲੀ ਖਮੇਨੇਈ ਦੇ ਚੇਲੇ ਵਜੋਂ ਦੇਖਿਆ ਜਾਂਦਾ ਹੈ ਅਤੇ ਕੁਝ ਵਿਸ਼ਲੇਸ਼ਕਾਂ ਮੁਤਾਬਕ ਉਹ 85 ਸਾਲਾ ਖਮੇਨੇਈ ਦੀ ਮੌਤ ਜਾਂ ਅਸਤੀਫੇ ਤੋਂ ਬਾਅਦ ਉਨ੍ਹਾ ਦੀ ਜਗ੍ਹਾ ਲੈ ਸਕਦੇ ਹਨ।

## ਤਿੱਖੀ ਲੂ ਦੀ ਭਵਿੱਖਬਾਣੀ



**ਨਵੀਂ ਦਿੱਲੀ :** ਮੌਸਮ ਵਿਭਾਗ ਨੇ ਕਿਹਾ ਹੈ ਕਿ ਪੰਜਾਬ, ਹਰਿਆਣਾ, ਚੰਡੀਗੜ੍ਹ ਤੇ ਦਿੱਲੀ ਦੇ ਕਈ ਇਲਾਕਿਆਂ ਵਿਚ 23 ਮਈ ਤੱਕ ਕਿਤੇ ਘੱਟ ਤੇ ਕਿਤੇ ਬਹੁਤ ਲੂ ਚੱਲੇਗੀ। ਇਸ ਨੇ ਕੇਰਲਾ ਵਿਚ ਭਾਰੀ ਬਾਰਿਸ਼ ਦੀ ਵੀ ਭਵਿੱਖਬਾਣੀ ਕੀਤੀ ਹੈ। ਇਸ ਨੇ ਕਿਹਾ ਕਿ ਦੱਖਣ-ਪੱਛਮੀ ਮੌਨਸੂਨ ਨਿਕੋਬਾਰ ਟਾਪੂ ਤੱਕ ਪੁੱਜ ਗਿਆ ਹੈ ਤੇ 31 ਮਈ ਤਕ ਇਸ ਦੇ ਕੇਰਲਾ ਪੁੱਜਣ ਦੀ ਉਮੀਦ ਹੈ।

## ਭਾਜਪਾ ਨੇ ਅਪ੍ਰੇਸ਼ਨ ਝਾੜੂ ਚਲਾਇਆ ਹੋਇਐ : ਕੇਜਰੀਵਾਲ

**ਨਵੀਂ ਦਿੱਲੀ :** ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਧੱਕੇਸ਼ਾਹੀ ਦੇ ਖਿਲਾਫ ਆਪ ਦੇ ਕਨਵੀਨਰ ਤੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿਚ ਸਾਂਸਦਾਂ, ਵਿਧਾਇਕਾਂ ਤੇ ਆਗੂਆਂ ਨੇ ਐਤਵਾਰ ਆਪ ਦਫਤਰ ਤੋਂ ਭਾਜਪਾ ਦਫਤਰ ਤੱਕ ਜੇਲ੍ਹ ਭਰੋ ਮਾਰਚ ਕੀਤਾ। ਦੋਹਾਂ ਦਫਤਰਾਂ ਦਾ ਫਾਸਲਾ 800 ਮੀਟਰ ਦਾ ਹੈ। ਪੁਲਸ ਨੇ ਏਨੇ ਸਖਤ ਪ੍ਰਬੰਧ ਕੀਤੇ ਸਨ ਕਿ ਮਾਰਚਕਾਰੀ ਬਹੁਤੀ ਦੂਰ ਨਹੀਂ ਜਾ ਸਕੇ। ਪੁਲਸ ਨੇ ਕੁਝ ਲੋਕਾਂ ਨੂੰ ਹਿਰਾਸਤ 'ਚ ਲੈ ਕੇ ਬਾਅਦ ਵਿਚ ਛੱਡ ਦਿੱਤਾ। ਕੇਜਰੀਵਾਲ ਨੇ ਐਲਾਨ ਕੀਤਾ ਸੀ ਕਿ ਕੇਂਦਰੀ ਏਜੰਸੀਆਂ ਕਦੇ ਕਿਸੇ ਆਗੂ ਨੂੰ ਫੜ ਲੈਂਦੀਆਂ ਹਨ ਤੇ ਕਦੇ ਕਿਸੇ ਆਗੂ ਨੂੰ। ਇਸ ਕਰਕੇ ਉਹ ਸਾਰੇ ਆਗੂਆਂ ਨੂੰ ਲੈ ਕੇ ਭਾਜਪਾ ਦਫਤਰ ਵੱਲ ਜਾਣਗੇ, ਤਾਂ ਜੋ ਇੱਕੋ ਵਾਰ ਸਭ ਨੂੰ ਫੜ ਲੈਣ।

ਕੇਜਰੀਵਾਲ ਨੇ ਮਾਰਚ ਸ਼ੁਰੂ ਕਰਨ ਤੋਂ ਪਹਿਲਾਂ ਪਾਰਟੀ ਦਫਤਰ 'ਚ ਕਿਹਾ ਕਿ ਭਾਰਤੀ ਜਨਤਾ ਪਾਰਟੀ ਨੇ ਆਮ ਆਦਮੀ ਪਾਰਟੀ ਨੂੰ ਕੁਚਲਣ ਲਈ 'ਅਪਰੇਸ਼ਨ ਝਾੜੂ' ਸ਼ੁਰੂ ਕੀਤਾ ਹੈ, ਕਿਉਂਕਿ ਉਹ 'ਆਪ' ਨੂੰ ਚੁਣੌਤੀ ਵਜੋਂ ਦੇਖਦੀ ਹੈ। ਉਨ੍ਹਾ ਕਿਹਾ ਕਿ ਅੱਗੇ ਵੱਡੀਆਂ ਚੁਣੌਤੀਆਂ ਆਉਣਗੀਆਂ। ਉਨ੍ਹਾ ਕਾਰਕੁਨਾਂ ਨੂੰ ਇਨ੍ਹਾਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ। ਕੇਜਰੀਵਾਲ ਨੇ ਕਿਹਾ—ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਮ ਆਦਮੀ ਪਾਰਟੀ ਦੀ ਵਧਦੀ



ਹਰਮਨਪਿਆਰਤਾ ਤੋਂ ਚਿੰਤਤ ਹਨ। ਪਾਰਟੀ ਕਾਫੀ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਆਉਣ ਵਾਲੇ ਸਮੇਂ 'ਚ ਸਾਡੇ ਬੈਂਕ ਖਾਤਿਆਂ 'ਚੋਂ ਲੈਣ-ਦੇਣ 'ਤੇ ਪਾਬੰਦੀ ਲਗਾ ਦਿੱਤੀ ਜਾਵੇਗੀ, ਸਾਡੇ ਦਫਤਰ ਵੀ ਖੋਹ ਲਏ ਜਾਣਗੇ ਅਤੇ ਅਸੀਂ ਸੜਕਾਂ 'ਤੇ ਆ ਜਾਵਾਂਗੇ।

## ਕਾਂਗਰਸ ਮਹਾਂਲਕਸ਼ਮੀ ਯੋਜਨਾ ਦੇ 40 ਲੱਖ ਪੈਂਫਲਟ ਵੰਡੇਗੀ

**ਨਵੀਂ ਦਿੱਲੀ :** ਕਾਂਗਰਸ ਨੇ ਲੋਕ ਸਭਾ ਚੋਣਾਂ ਦੇ ਛੇਵੇਂ ਤੇ ਸੱਤਵੇਂ ਗੇੜ ਤੋਂ ਪਹਿਲਾਂ 'ਮਹਾਂਲਕਸ਼ਮੀ' ਯੋਜਨਾ 'ਤੇ ਕੇਂਦਰਤ 40 ਲੱਖ ਤੋਂ ਵੱਧ ਪੈਂਫਲਟ ਵੰਡਣ ਦੀ ਯੋਜਨਾ ਬਣਾਈ ਹੈ। ਇਸ ਯੋਜਨਾ ਤਹਿਤ ਗਰੀਬ ਪਰਿਵਾਰ ਦੀ ਔਰਤ ਨੂੰ ਹਰ ਸਾਲ ਇੱਕ ਲੱਖ ਰੁਪਏ ਦਿੱਤੇ ਜਾਣਗੇ। ਇੱਕ ਵੀਡੀਓ ਸੰਦੇਸ਼ 'ਚ ਸੋਨੀਆ ਗਾਂਧੀ ਨੇ ਪਿਛਲੇ ਹਫਤੇ ਕਿਹਾ ਸੀ ਕਿ ਦੇਸ਼ ਦੀਆਂ ਔਰਤਾਂ ਗੰਭੀਰ ਸੰਕਟ ਦੌਰਾਨ ਮੁਸ਼ਕਲ ਦੌਰ ਦਾ ਸਾਹਮਣਾ ਕਰ ਰਹੀਆਂ ਹਨ ਅਤੇ ਪਾਰਟੀ ਦੀ 'ਮਹਾਂਲਕਸ਼ਮੀ' ਯੋਜਨਾ ਉਨ੍ਹਾਂ ਦੇ ਜੀਵਨ ਨੂੰ ਬਦਲਣ 'ਚ ਮਦਦ ਕਰੇਗੀ।

## ਰਾਹੁਲ ਦੀ ਭਾਸ਼ਾ ਮਾਓਵਾਦੀਆਂ ਵਾਲੀ : ਮੋਦੀ

**ਜਮਸ਼ੇਦਪੁਰ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਕਾਂਗਰਸ ਅਤੇ ਰਾਹੁਲ ਗਾਂਧੀ 'ਤੇ ਹਮਲਾ ਜਾਰੀ ਰੱਖਦਿਆਂ ਕਿਹਾ ਕਿ 'ਸ਼ਹਿਜ਼ਾਦੇ' ਵੱਲੋਂ ਮਾਓਵਾਦੀਆਂ ਦੀ ਭਾਸ਼ਾ ਬੋਲੇ ਜਾਣ ਕਾਰਨ ਕੋਈ ਵੀ ਉਦਯੋਗਪਤੀ ਕਾਂਗਰਸ ਸ਼ਾਸਤ ਸੂਬਿਆਂ 'ਚ ਨਿਵੇਸ਼ ਕਰਨ ਤੋਂ ਪਹਿਲਾਂ 50 ਵਾਰ ਸੋਚੇਗਾ। ਮੋਦੀ ਨੇ ਇੱਥੇ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕਾਂਗਰਸ 'ਤੇ ਵੰਸ਼ਵਾਦੀ ਸਿਆਸਤ ਦੀ ਪੁਸ਼ਤਪਨਾਹੀ ਕਰਨ ਅਤੇ ਲੋਕ ਸਭਾ ਸੀਟ ਨੂੰ 'ਜੱਦੀ ਜਾਇਦਾਦ' ਮੰਨਣ ਦਾ ਵੀ ਦੋਸ਼ ਲਾਇਆ।

## ਪ੍ਰਜਵਲ ਰੇਵੰਨਾ ਖਿਲਾਫ ਗ੍ਰਿਫਤਾਰੀ ਵਾਰੰਟ ਜਾਰੀ

**ਬੇਂਗਲੁਰੂ :** ਸੰਸਦ ਮੈਂਬਰਾਂ ਤੇ ਵਿਧਾਇਕਾਂ ਨਾਲ ਜੁੜੇ ਮਾਮਲਿਆਂ ਦੀ ਸੁਣਵਾਈ ਕਰਨ ਵਾਲੀ ਵਿਸ਼ੇਸ਼ ਅਦਾਲਤ ਨੇ ਜਿਨਸੀ ਸ਼ੋਸ਼ਣ ਦੇ ਮਾਮਲੇ 'ਚ ਜਨਤਾ ਦਲ (ਸੈਕੂਲਰ) ਦੇ ਸੰਸਦ ਮੈਂਬਰ ਪ੍ਰਜਵਲ ਰੇਵੰਨਾ ਖਿਲਾਫ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਹੈ। ਇਸ ਮਾਮਲੇ 'ਚ ਪ੍ਰਜਵਲ ਦਾ ਪਿਤਾ ਤੇ ਹੋਲੇਨਰਸੀਪੁਰਾ ਤੋਂ ਵਿਧਾਇਕ ਐੱਚ ਡੀ ਰੇਵੰਨਾ ਵੀ ਮੁਲਜ਼ਮ ਹੈ। ਸਾਬਕਾ ਪ੍ਰਧਾਨ ਮੰਤਰੀ ਐੱਚ ਡੀ ਦੇਵਗੌੜਾ ਦਾ ਪੁੱਤਰ ਐੱਚ ਡੀ ਰੇਵੰਨਾ ਇੱਕ ਔਰਤ ਨੂੰ ਅਗਵਾ ਕਰਨ ਦੇ ਮਾਮਲੇ 'ਚ ਸੱਤ ਦਿਨ ਜੇਲ੍ਹ 'ਚ ਰਹਿਣ ਮਗਰੋਂ ਜ਼ਮਾਨਤ 'ਤੇ ਹੈ। ਹਾਸਨ ਲੋਕ ਸਭਾ ਸੀਟ ਤੋਂ ਕੌਮੀ ਜਮਹੂਰੀ ਗਠਜੋੜ (ਐੱਨ ਡੀ ਏ) ਦੇ ਉਮੀਦਵਾਰ ਪ੍ਰਜਵਲ ਖਿਲਾਫ ਤਿੰਨ ਔਰਤਾਂ ਨੇ ਜਿਨਸੀ ਸ਼ੋਸ਼ਣ ਦੇ ਤਿੰਨ ਮਾਮਲੇ ਦਰਜ ਕਰਵਾਏ ਹਨ। ਪ੍ਰਜਵਲ ਫਿਲਹਾਲ ਫਰਾਰ ਹੈ ਅਤੇ ਇੰਟਰਪੋਲ ਨੇ ਉਸ ਖਿਲਾਫ 'ਬਲੂ ਕਾਰਨਰ ਨੋਟਿਸ' ਜਾਰੀ ਕੀਤਾ ਹੈ।

## ਦੇਸ਼ ਨੂੰ ਬਚਾਉਣ ਲਈ ਭਾਜਪਾ ਨੂੰ ਹਰਾਉਣਾ ਜ਼ਰੂਰੀ : ਜਗਰੂਪ

**ਕੋਟਕਪੂਰਾ, (ਰਛਪਾਲ ਭੁੱਲਰ)**-ਕਾਮਰੇਡ ਅਮੋਲਕ ਸਿੰਘ ਔਲਖ ਦੇ ਪਿੰਡ ਔਲਖ ਵਿਖੇ ਕਾਮਰੇਡ ਅਮੋਲਕ ਅਤੇ ਸਾਥੀਆਂ ਦੀ ਯਾਦਗਾਰ 'ਤੇ ਭਾਰਤੀ ਕਮਿਊਨਿਸਟ ਪਾਰਟੀ ਨੇ ਆਪਣੇ ਉਮੀਦਵਾਰ ਮਾਸਟਰ ਗੁਰਚਰਨ ਸਿੰਘ ਮਾਨ ਦੇ ਹੱਕ ਵਿੱਚ ਭਾਰੀ ਚੋਣ ਜਲਸਾ ਕੀਤਾ। ਇਸ ਜਲਸੇ ਵਿੱਚ ਇਕੱਠੇ ਹੋਏ ਆਮ ਲੋਕਾਂ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਕੌਮੀ ਕੌਂਸਲ ਮੈਂਬਰ ਜਗਰੂਪ ਸਿੰਘ, ਮੋਗਾ ਜ਼ਿਲ੍ਹੇ ਦੇ ਸਕੱਤਰ ਕੁਲਦੀਪ ਭੋਲਾ ਨੇ ਕਿਹਾ ਕਿ ਭਾਜਪਾ ਦੇ 10 ਸਾਲਾ ਰਾਜ ਵਿੱਚ ਲੋਕ ਤੰਗੀਆਂ-ਤੁਰਸ਼ੀਆਂ ਦਾ ਸ਼ਿਕਾਰ ਹੋਏ ਹਨ, ਮੋਦੀ ਨੇ ਦੇਸ਼ ਨੂੰ ਬਰਬਾਦ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ।ਸੀ ਏ ਏ ਵਰਗੇ ਅਤੇ ਨਵੇਂ ਖੇਤੀ ਕਾਨੂੰਨਾਂ ਵਰਗੇ ਭਿਆਨਕ ਕਾਨੂੰਨ ਲਿਆ ਕੇ ਸਾਰੇ ਕਿਰਤੀ ਵਰਗ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮਜ਼ਦੂਰਾਂ ਲਈ ਨਵੇਂ ਲੇਬਰ ਕੋਡ ਲਾਗੂ ਕਰਕੇ ਹੋਰ ਬੇਰੁਜ਼ਗਾਰੀ ਵੱਲ ਤੱਕਿਆ



ਬਾਕੀ ਸਫ਼ਾ 2 'ਤੇ

## ਦਾਤਰੀ-ਸਿੱਟੇ ਨੂੰ ਵੋਟ ਪਾ ਕੇ ਗੁਰਦਿਆਲ ਨੂੰ ਲੋਕ ਸਭਾ 'ਚ ਭੇਜੋ : ਮਾੜੀਮੇਘਾ

**ਚੋਹਲਾ ਸਾਹਿਬ (ਰਮਨ ਚੱਡਾ)**-ਗ਼ਦਰੀ ਬਾਬਿਆਂ ਦੀ ਧਰਤੀ ਦਦੇਹਰ ਸਾਹਿਬ ਵਿਖੇ ਸੰਤ ਬਾਬਾ ਵਿਸਾਖਾ ਸਿੰਘ ਦੇ ਜਨਮ ਅਸਥਾਨ ਵਾਲੇ ਗੁਰਦੁਆਰਾ ਸਾਹਿਬ ਦੇ ਨਜ਼ਦੀਕ ਚੌਕ ਵਿੱਚ ਸੀ ਪੀ ਆਈ ਤੇ ਸੀ ਪੀ ਆਈ ਐੱਮ ਦੇ ਪਾਰਲੀਮੈਂਟ ਹਲਕਾ ਖਡੂਰ ਸਾਹਿਬ ਦੇ ਸਾਂਝੇ ਉਮੀਦਵਾਰ ਗੁਰਦਿਆਲ ਸਿੰਘ ਦੇ ਹੱਕ ਵਿੱਚ ਬਲਵਿੰਦਰ ਸਿੰਘ ਦਦੇਹਰ ਸਾਹਿਬ ਦੀ ਅਗਵਾਈ ਹੇਠ ਖੁੱਲ੍ਹੀ ਮੀਟਿੰਗ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕੇਂਦਰ ਦੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੇ ਲੋਕਾਂ ਨੂੰ ਇਕੱਲਾ ਮਹਿੰਗਾਈ ਦੀ ਚੱਕੀ ਵਿੱਚ ਪੀਸਿਆ ਹੀ ਨਹੀਂ, ਸਗੋਂ ਜਾਤ, ਧਰਮ, ਨਸਲ, ਫਿਰਕੇ ਤੇ ਇਲਾਕਾਵਾਦ ਵਿੱਚ ਵੰਡ ਕੇ ਮੁਲਖ਼ ਦੀ ਤਬਾਹੀ ਕੀਤੀ ਹੈ। ਕਾਂਗਰਸ 'ਇੰਡੀਆ' ਗੱਠਜੋੜ ਦਾ ਹਿੱਸਾ ਹੈ, ਪਰ ਸਾਰੇ ਦੇਸ਼ ਵਿੱਚ ਕਮਿਊਨਿਸਟਾਂ ਨਾਲ ਕੋਈ ਸਮਝੌਤਾ ਨਹੀਂ ਕੀਤਾ। 'ਆਪ' ਵੀ ਇੰਡੀਆ ਦਾ ਹਿੱਸਾ ਹੈ, ਪਰ ਉਨ੍ਹਾਂ ਨੂੰ ਪੰਜਾਬ ਦੀ ਹਕੂਮਤ ਦਾ ਨਸ਼ਾ ਚੜ੍ਹਿਆ ਹੋਇਆ ਹੈ ਤੇ ਕੋਈ ਗੱਲ ਨਹੀਂ ਕੀਤੀ, ਇਸ ਪ੍ਰਸਥਿਤੀ ਵਿੱਚ ਸੀ ਪੀ ਆਈ ਤੇ ਸੀ ਪੀ ਐੱਮ ਨੇ ਉਕਤ ਭ੍ਰਿਸ਼ਟ ਪਾਰਟੀਆਂ ਨੂੰ ਭਾਂਜ ਦੇਣ ਵਾਸਤੇ ਖਡੂਰ ਸਾਹਿਬ ਹਲਕੇ ਤੋਂ ਗੁਰਦਿਆਲ ਸਿੰਘ ਨੂੰ ਮੈਦਾਨ ਵਿੱਚ ਉਤਾਰਿਆ ਹੈ। ਇਸ ਲਈ ਦਾਤਰੀ-ਸਿੱਟੇ ਵਾਲਾ ਬਟਨ ਦਬਾ ਕੇ ਗੁਰਦਿਆਲ ਸਿੰਘ ਨੂੰ ਕਾਮਯਾਬ ਬਣਾਓ।ਗੁਰਦਿਆਲ ਸਿੰਘ ਖਡੂਰ ਸਾਹਿਬ ਨੇ ਕਿਹਾ ਕਿ ਮੈਨੂੰ ਵੋਟਾਂ ਪਾਓ, ਮੈਂ ਲੋਕਾਂ ਦੀ ਜ਼ਿੰਦਗੀ ਨਾਲ ਜੁੜੇ ਮਸਲਿਆਂ ਨੂੰ ਲੋਕ ਸਭਾ ਵਿੱਚ ਉਠਾਵਾਂਗਾ। ਇਸ ਮੌਕੇ ਲੇਖ ਸਿੰਘ ਸੂਬੇਦਾਰ, ਨੇਕ ਸਿੰਘ ਤੇ ਕੁਲਦੀਪ ਸਿੰਘ ਸੈਕਟਰੀ ਵੀ ਮੌਜੂਦ ਸਨ।



## ਹੰਸ ਰਾਜ ਹੰਸ ਨੂੰ ਨੋਟਿਸ ਜਾਰੀ

**ਫ਼ਰੀਦਕੋਟ, (ਗੁਰਪ੍ਰੀਤ ਸਿੰਘ ਬੇਦੀ)**- ਰਿਟਰਨਿੰਗ ਅਫ਼ਸਰ ਲੋਕ ਸਭਾ ਹਲਕਾ ਫ਼ਰੀਦਕੋਟ ਵਿਨੀਤ ਕੁਮਾਰ ਨੇ ਐਤਵਾਰ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਹੰਸ ਰਾਜ ਹੰਸ ਨੂੰ ਚੋਣ ਜ਼ਾਬਤੇ ਦੀ ਉਲੰਘਣਾ ਸੰਬੰਧੀ ਇੱਕ ਨੋਟਿਸ ਜਾਰੀ ਕਰਦਿਆਂ 24 ਘੰਟਿਆਂ ਦੇ ਅੰਦਰ ਜਵਾਬ ਮੰਗਿਆ ਹੈ।

ਸੰਯੁਕਤ ਕਿਸਾਨ ਮੋਰਚੇ ਦੇ ਨੁਮਾਇੰਦਿਆਂ ਵੱਲੋਂ ਭਾਜਪਾ ਉਮੀਦਵਾਰ 'ਤੇ ਭੜਕਾਊ ਸ਼ਬਦਾਵਲੀ ਸੰਬੰਧੀ ਲਿਖਤੀ ਤੌਰ 'ਤੇ ਸ਼ਿਕਾਇਤ ਪ੍ਰਾਪਤ ਹੋਣ ਉਪਰੰਤ ਇਹ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ।

ਮੋਰਚੇ ਦੇ ਅਹੁਦੇਦਾਰਾਂ ਨੇ ਸ਼ਿਕਾਇਤ ਕੀਤੀ ਸੀ ਕਿ ਭਾਜਪਾ ਉਮੀਦਵਾਰ ਨੇ ਪਿੰਡ ਬੀਹਲੇਵਾਲਾ ਵਿਖੇ ਇੱਕ ਜਨਤਕ ਇਕੱਠ ਨੂੰ ਸੰਬੋਧਤ ਹੁੰਦਿਆਂ ਕਿਸਾਨਾਂ ਦੀ ਮਾਨਸਿਕਤਾ ਨੂੰ ਠੇਸ ਪਹੁੰਚਾਉਣ ਵਾਲੀ ਸ਼ਬਦਾਵਲੀ ਦਾ ਇਸਤੇਮਾਲ ਕੀਤਾ ਸੀ ।ਕਿਸਾਨਾਂ ਨੇ ਇਹ ਵੀ ਦੋਸ਼ ਲਗਾਇਆ ਕਿ ਉਕਤ ਉਮੀਦਵਾਰ ਵੱਲੋਂ ਕਿਸਾਨਾਂ ਪ੍ਰਤੀ ਵਰਤੀ ਗਈ ਸ਼ਬਦਾਵਲੀ ਨਾਲ ਇਲਾਕੇ ਦੀ ਅਮਨ-ਸ਼ਾਂਤੀ ਵੀ ਭੰਗ ਹੋਣ ਦਾ ਖਦਸ਼ਾ ਹੈ।

## ਪੰਜਵੇਂ ਗੇੜ ਦੀ ਪੋਲਿੰਗ ਅੱਜ

**ਨਵੀਂ ਦਿੱਲੀ :** ਲੋਕ ਸਭਾ ਚੋਣਾਂ ਦੇ ਪੰਜਵੇਂ ਗੇੜ ਲਈ 20 ਮਈ ਨੂੰ ਪੋਲਿੰਗ ਹੋਵੇਗੀ। ਇਸ ਦੌਰਾਨ ਅੱਠ ਕਰੋੜ ਤੋਂ ਵੱਧ ਵੋਟਰ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਸਕਦੇ ਹਨ। ਇਸ ਦੇ ਨਾਲ ਹੀ ਓਡੀਸ਼ਾ ਵਿਧਾਨ ਸਭਾ ਦੀਆਂ ਰਹਿੰਦੀਆਂ 35 ਸੀਟਾਂ 'ਤੇ ਵੀ ਵੋਟਿੰਗ ਹੋਵੇਗੀ।



ਪੰਜਵੇਂ ਗੇੜ ਦੀ ਵੋਟਿੰਗ ਦੌਰਾਨ ਯੂ ਪੀ 'ਚ ਭਾਜਪਾ ਦੇ ਸੀਨੀਅਰ ਆਗੂ ਰਾਜਨਾਥ ਸਿੰਘ ਅਤੇ ਸਿਮਰਤੀ ਈਰਾਨੀ ਸਮੇਤ ਜਿੱਥੇ ਪੰਜ ਕੇਂਦਰੀ ਮੰਤਰੀਆਂ ਦੀ ਕਿਸਮਤ ਦਾਅ 'ਤੇ ਲੱਗੀ ਹੋਈ ਹੈ, ਉਥੇ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ ਵੀ ਪ੍ਰੀਖਿਆ ਹੋਵੇਗੀ। ਯੂ ਪੀ ਵਿੱਚ ਪੰਜਵੇਂ ਗੇੜ ਦੌਰਾਨ 14 ਲੋਕ ਸਭਾ ਸੀਟਾਂ ਅਤੇ ਇੱਕ ਵਿਧਾਨ ਸਭਾ ਸੀਟ 'ਤੇ ਜ਼ਿਮਨੀ ਚੋਣ ਲਈ ਪੋਲਿੰਗ ਹੋਵੇਗੀ। ਇਸ 'ਚ ਰੱਖਿਆ ਮੰਤਰੀ ਰਾਜਨਾਥ ਸਿੰਘ-ਲਖਨਊ, ਕੇਂਦਰੀ ਮੰਤਰੀ ਈਰਾਨੀ-ਅਮੇਠੀ, ਕੇਂਦਰੀ ਮੰਤਰੀ ਕੌਸ਼ਲ ਕਿਸ਼ੋਰ-ਮੋਹਨ ਲਾਲ ਗੰਜ, ਕੇਂਦਰੀ ਮੰਤਰੀ ਭਾਨੂੰ ਪ੍ਰਤਾਪ ਸਿੰਘ ਵਰਮਾ-ਜਲੌਨ, ਕੇਂਦਰੀ ਮੰਤਰੀ ਸਾਧਵੀ ਨਿਰੰਜਨ ਜੋਤੀ-ਫਤਿਹਪੁਰ ਲੋਕ ਸਭਾ ਸੀਟ ਤੋਂ ਚੋਣ ਲੜ ਰਹੇ ਹਨ। ਰਾਹੁਲ ਗਾਂਧੀ ਰਾਏਬਰੇਲੀ 'ਚ ਆਪਣੀ ਕਿਸਮਤ ਅਜ਼ਮਾ ਰਹੇ ਹਨ।

## ਭਾਰਤ ਵੱਲੋਂ ਡਿਊਟੀਆਂ ਵਧਾਉਣ ਕਾਰਨ ਵਪਾਰ ਰੁਕਿਆ : ਡਾਰ

**ਇਸਲਾਮਾਬਾਦ :** ਵਿਦੇਸ਼ ਮੰਤਰੀ ਇਸਹਾਕ ਡਾਰ ਨੇ ਕਿਹਾ ਕਿ ਪੁਲਵਾਮਾ ਹਮਲੇ ਮਗਰੋਂ ਭਾਰਤ ਵੱਲੋਂ ਪਾਕਿਸਤਾਨ ਤੋਂ ਦਰਾਮਦ 'ਤੇ ਲਗਾਏ ਗਏ ਭਾਰੀ ਟੈਕਸ ਕਾਰਨ ਦੋਵਾਂ ਦੇਸ਼ਾਂ ਦਰਮਿਆਨ ਵਪਾਰਕ ਸੰਬੰਧ 2019 ਤੋਂ ਮੁਅੱਤਲ ਹਨ। ਡਾਰ ਨੇ ਸਨਿੱਚਰਵਾਰ ਕੌਮੀ ਅਸੈਂਬਲੀ 'ਚ ਇਕ ਸਵਾਲ ਦਾ ਲਿਖਤੀ ਜਵਾਬ ਦਿੰਦਿਆਂ ਕਿਹਾ—ਪੁਲਵਾਮਾ ਹਮਲੇ ਮਗਰੋਂ ਭਾਰਤ ਨੇ ਪਾਕਿਸਤਾਨ ਤੋਂ ਦਰਾਮਦ 'ਤੇ 200 ਫੀਸਦੀ ਡਿਊਟੀ ਲਗਾਉਣ ਦਾ ਫੈਸਲਾ ਕੀਤਾ, ਕਸ਼ਮੀਰ ਬੱਸ ਸੇਵਾ ਅਤੇ ਸਰਹੱਦ ਪਾਰ ਵਪਾਰ ਮੁਅੱਤਲ ਕਰ ਦਿੱਤਾ।



ਡਾਰ ਪਾਕਿਸਤਾਨ ਦੇ ਉਪ ਪ੍ਰਧਾਨ ਮੰਤਰੀ ਵੀ ਹਨ। 'ਡਾਅਨ' ਅਖਬਾਰ ਦੀ ਰਿਪੋਰਟ ਮੁਤਾਬਕ ਡਾਰ ਪਾਕਿਸਤਾਨ ਪੀਪਲਜ਼ ਪਾਰਟੀ ਦੀ ਸੰਸਦ ਮੈਂਬਰ ਸ਼ਰਮੀਲਾ ਫਾਰੂਕੀ ਦੇ ਉਸ ਸਵਾਲ ਦਾ ਜਵਾਬ ਦੇ ਰਹੇ ਸਨ, ਜਿਸ 'ਚ ਉਨ੍ਹਾ ਗੁਆਂਢੀ ਮੁਲਕਾਂ, ਖਾਸ ਕਰ ਭਾਰਤ ਨਾਲ ਪਾਕਿਸਤਾਨ ਦੇ ਸੰਬੰਧਾਂ 'ਚ ਦਰਪੇਸ਼ ਵਪਾਰਕ ਚੁਣੌਤੀਆਂ ਬਾਰੇ ਜਾਣਕਾਰੀ ਮੰਗੀ ਸੀ।

## ਫਾਰੂਕ ਦੀ ਰੈਲੀ ਦੌਰਾਨ ਚਾਕੂਬਾਜ਼ੀ 'ਚ 3 ਜ਼ਖਮੀ

**ਜੰਮੂ :** ਪੁਣਛ ਜ਼ਿਲ੍ਹੇ ਦੇ ਮੇਂਧੜ ਇਲਾਕੇ 'ਚ ਐਤਵਾਰ ਨੈਸ਼ਨਲ ਕਾਨਫਰੰਸ ਦੀ ਰੈਲੀ ਦੌਰਾਨ ਚਾਕੂ ਨਾਲ ਹਮਲੇ 'ਚ ਤਿੰਨ ਨੌਜਵਾਨ ਜ਼ਖਮੀ ਹੋ ਗਏ। ਉਸ ਵੇਲੇ ਪਾਰਟੀ ਮੁਖੀ ਤੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਆਨੰਤਨਾਗ-ਰਾਜੌਰੀ ਲੋਕ ਸਭਾ ਸੀਟ ਤੋਂ ਪਾਰਟੀ ਉਮੀਦਵਾਰ ਮੀਆਂ ਅਲਤਾਫ ਅਹਿਮਦ ਨਾਲ ਮੌਜੂਦ ਸਨ। ਅਧਿਕਾਰੀਆਂ ਨੇ ਕਿਹਾ ਕਿ ਰੈਲੀ ਦੇ ਇੱਕ ਪਾਸੇ ਦੋ ਧੜਿਆਂ ਵਿਚਕਾਰ ਝੜਪ ਹੋ ਗਈ, ਜਿਸ 'ਚ ਤਿੰਨ ਨੌਜਵਾਨ ਚਾਕੂ ਲੱਗਣ ਕਾਰਨ ਜ਼ਖਮੀ ਹੋ ਗਏ।

## ਅੱਜ-ਨਾਮਾ

ਨੌਕਰੀ ਛੱਡੀ ਤੇ ਬਣ ਗਿਆ ਕਾਂਗਰਸੀਆ,
ਅਕਾਲੀ ਹੋ ਗਿਆ ਉਹ ਦੂਜੀ ਵਾਰ ਬੇਲੀ।
ਦੋਵੀਂ ਪਾਸੀਂ ਫਿਰ ਸਾਂਝ ਉਸ ਪਾਈ ਰੱਖੀ,
ਕਿਸੇ ਵੀ ਕੀਤਾ ਨਾ ਕਦੇ ਇਤਬਾਰ ਬੇਲੀ।
ਮਿਲਦੀ ਇਨ੍ਹਾਂ ਦੀ ਪਦਵੀ ਤਾਂ ਮਾਣ ਛੱਡੀ,
ਓਧਰੋਂ ਮਿਲੀ ਤਾਂ ਡੰਗ ਲਿਆ ਸਾਰ ਬੇਲੀ।
ਵੀਹ ਕੁ ਸਾਲ ਬੱਸ ਤਾਕ ਸੀ ਲਾਈ ਰੱਖੀ,
ਪੁੱਜਣਾ ਸੜਕ ਤੋਂ ਕਦੋਂ ਫਿਰ ਪਾਰ ਬੇਲੀ।
ਦੋਵਾਂ ਤਰਫਾਂ ਨੂੰ ਗਿਆ ਫਿਰ ਛੱਡ ਆਖਰ,
ਤੀਸਰੀ ਧਿਰ ਦਾ ਝੰਡਾ ਲਿਆ ਚੁੱਕ ਬੇਲੀ।
ਭਟਕਦੀ ਰੂਹ ਕਰਾਉਂਦੀ ਹੈ ਦਲ-ਬਦਲੀ,
ਸਕੇਗੀ ਹਾਲੇ ਵੀ ਭਟਕਣ ਨਾ ਮੁੱਕ ਬੇਲੀ।

-ਤੀਸ ਮਾਰ ਖਾਂ

## ਜਗਰਾਓਂ ਮਹਾਂ ਰੈਲੀ 'ਚ ਔਰਤਾਂ ਤੇ ਮਜ਼ਦੂਰ-ਮੁਲਾਜ਼ਮ ਵੀ ਵੱਡੀ ਗਿਣਤੀ 'ਚ ਸ਼ਾਮਲ ਹੋਣਗੇ

**ਚੰਡੀਗੜ੍ਹ :** 21 ਮਈ ਨੂੰ ਜਗਰਾਓਂ ਵਿਖੇ ਹੋਣ ਵਾਲੀ ਮਹਾਂ ਰੈਲੀ ਵਾਸਤੇ ਹਰਿੰਦਰ ਸਿੰਘ ਲੱਖੋਵਾਲ, ਮਨਜੀਤ ਸਿੰਘ ਧਨੇਰ ਅਤੇ ਫੁਰਮਾਨ ਸਿੰਘ ਸੰਧੂ 'ਤੇ ਆਧਾਰਤ ਸੰਯੁਕਤ ਕਿਸਾਨ ਮੋਰਚਾ (ਐੱਸ ਕੇ ਐੱਮ) ਦੇ ਪ੍ਰਧਾਨਗੀ ਮੰਡਲ ਦੀ ਆਨਲਾਈਨ ਮੀਟਿੰਗ ਹੋਈ। ਪ੍ਰਧਾਨਗੀ ਮੰਡਲ ਵੱਲੋਂ ਪ੍ਰੈੱਸ ਨੂੰ ਦਿੱਤੀ ਗਈ ਜਾਣਕਾਰੀ ਵਿਚ ਕਿਹਾ ਗਿਆ ਕਿ 'ਭਾਜਪਾ ਦਾ ਪਰਦਾ ਫਾਸ਼ ਕਰੋ, ਵਿਰੋਧ ਕਰੋ ਅਤੇ ਸਜ਼ਾ ਦਿਓ' ਦੇ ਨਾਅਰੇ ਹੇਠ ਜਗਰਾਓਂ ਦੀ ਦਾਣਾ ਮੰਡੀ 'ਚ ਹੋਣ ਵਾਲੀ ਮਹਾਂ ਰੈਲੀ ਇਕੱਠ ਪੱਖੋਂ ਰਿਕਾਰਡ ਤੋੜ ਹੋਵੇਗੀ।

ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਨੇ ਕਾਫੀ ਚਿਰ ਪਹਿਲਾਂ ਇਹ ਫੈਸਲਾ ਕੀਤਾ ਸੀ ਕਿ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਲੋਕ-ਵਿਰੋਧੀ ਅਤੇ ਕਾਰਪੋਰੇਟ ਪੱਖੀ ਹੈ। ਇਸ ਲਈ ਭਾਜਪਾ ਦਾ ਪਰਦਾ ਫਾਸ਼ ਕਰਨ, ਵਿਰੋਧ ਕਰਨ ਅਤੇ ਸਜ਼ਾ ਦੇਣ ਦਾ ਐਲਾਨ ਕੀਤਾ ਸੀ। ਸਮੇਂ ਨੇ ਇਸ ਸੱਚ ਦੀ ਹੋਰ ਪੁਸ਼ਟੀ ਕੀਤੀ ਹੈ। ਇਨ੍ਹਾਂ ਚੋਣਾਂ ਦੌਰਾਨ ਜਿਸ ਤਰ੍ਹਾਂ ਭਾਜਪਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੇਸ਼ 'ਚ ਹਿੰਦੂਆਂ ਅਤੇ ਮੁਸਲਮਾਨਾਂ ਵਿਚਾਲੇ ਫੁੱਟ ਪਾ ਕੇ ਆਪਣਾ ਉੱਲੂ ਸਿੱਧਾ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਵਿਰੋਧੀਆਂ ਦੀ ਜ਼ੁਬਾਨਬੰਦੀ ਕੀਤੀ ਹੈ, ਉਸ ਨੇ ਇਸ ਨਾਅਰੇ ਦੀ ਸਾਰਥਿਕਤਾ ਨੂੰ ਹੋਰ ਬੁਲੰਦ ਕੀਤਾ ਹੈ।

ਇਸੇ ਲਈ ਸੰਯੁਕਤ ਕਿਸਾਨ ਮੋਰਚਾ ਨੇ ਭਾਜਪਾ ਨੂੰ 11 ਸਵਾਲ ਜਾਰੀ ਕੀਤੇ ਸਨ ਅਤੇ ਪੰਜਾਬ ਦੇ ਕੋਨੇ-ਕੋਨੇ 'ਚ ਭਾਜਪਾ ਵਿਰੋਧੀ ਪ੍ਰਦਰਸ਼ਨਾਂ ਦਾ ਹੜ੍ਹ ਆਇਆ ਹੋਇਆ ਹੈ। ਇਸੇ ਦੌਰਾਨ ਭਾਜਪਾ ਉਮੀਦਵਾਰਾਂ ਵੱਲੋਂ ਲੋਕਾਂ ਨੂੰ ਲੋਕਾਂ ਨਾਲ ਲੜਾ ਕੇ ਵੋਟਾਂ ਬਟੋਰਨ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਪ੍ਰਧਾਨਗੀ ਮੰਡਲ ਨੇ ਉਚੇਚੇ ਤੌਰ 'ਤੇ ਹੰਸ ਰਾਜ ਹੰਸ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਹਿੰਸਕ ਭਾਸ਼ਾ ਵਰਤ ਕੇ ਮਜ਼ਦੂਰਾਂ ਨੂੰ ਕਿਸਾਨਾਂ ਖਿਲਾਫ ਭੜਕਾਉਣਾ ਚਾਹੁੰਦਾ ਹੈ। ਲੋਕਾਂ ਨੂੰ ਧਰਮ, ਜਾਤ ਅਤੇ ਖਿੱਤੇ ਦੇ ਆਧਾਰ 'ਤੇ ਲੜਾ ਕੇ ਵੋਟਾਂ ਲੈਣ ਵਾਲੀ ਨੀਤੀ ਨੂੰ ਭਾਜਪਾ ਪੰਜਾਬ 'ਚ ਵੀ ਲਾਗੂ ਕਰ ਰਹੀ ਹੈ। ਸੰਯੁਕਤ ਕਿਸਾਨ ਮੋਰਚਾ ਸਮਾਜ 'ਚ ਵੰਡੀਆਂ ਪਾਉਣ ਦੀ ਸਖਤ ਨਿਖੇਧੀ ਕਰਦਾ ਹੈ ਅਤੇ ਲੋਕਾਂ ਨੂੰ ਅਪੀਲ ਕਰਦਾ ਹੈ ਕਿ ਉਹ ਭਾਜਪਾ ਦੀਆਂ ਪੰਜਾਬੀ ਭਾਈਚਾਰੇ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਨੂੰ ਨਕਾਰ ਦੇਣ। ਚੋਣ ਕਮਿਸ਼ਨ ਨੂੰ ਬੇਨਤੀ ਕੀਤੀ ਗਈ ਕਿ ਉਹ ਹੰਸ ਰਾਜ ਹੰਸ ਦੇ ਬਿਆਨਾਂ ਦਾ ਨੋਟਿਸ ਲੈਂਦੇ ਹੋਏ ਉਸ ਖਿਲਾਫ ਸਖਤ ਕਾਰਵਾਈ ਕਰੇ।

ਇਸ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੂੰ ਪੁਰਾਣੇ ਕੇਸਾਂ 'ਚ ਗ੍ਰਿਫਤਾਰ ਕਰਕੇ ਜੇਲ੍ਹ ਭੇਜਣ ਦੀ ਸਖਤ ਨਿਖੇਧੀ ਕਰਦਿਆਂ ਉਸ ਨੂੰ ਜੇਲ੍ਹ ਵਿੱਚੋਂ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ ਗਈ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਭਾਜਪਾ ਨੂੰ ਕਿਸਾਨਾਂ ਦੇ ਵਿਰੋਧ ਤੋਂ ਬਚਾਉਣ ਲਈ ਹੀ ਗ੍ਰਿਫਤਾਰੀਆਂ ਕਰ ਰਹੀ ਹੈ ਅਤੇ ਇਹ ਸਿੱਧ ਹੋ ਗਿਆ ਹੈ ਕਿ ਆਮ ਆਦਮੀ ਪਾਰਟੀ ਭਾਜਪਾ ਦੀ ਬੀ ਟੀਮ ਹੈ।

ਮਹਾਂ ਰੈਲੀ ਵਾਸਤੇ ਬਣੀ ਸੰਚਾਲਨ ਕਮੇਟੀ ਦੀ ਐਤਵਾਰ ਹੀ ਆਨਲਾਈਨ ਮੀਟਿੰਗ ਹੋਈ, ਜਿਸ ਨੂੰ ਰਮਿੰਦਰ ਸਿੰਘ ਪਟਿਆਲਾ ਨੇ ਚਲਾਇਆ। ਮੀਟਿੰਗ 'ਚ ਜਗਮੋਹਣ ਸਿੰਘ ਪਟਿਆਲਾ, ਹਰਿੰਦਰ ਸਿੰਘ ਲੱਖੋਵਾਲ, ਅੰਗਰੇਜ਼ ਸਿੰਘ ਭਦੌੜ, ਗੁਰਨਾਮ ਸਿੰਘ ਭੀਖੀ, ਦਵਿੰਦਰ ਸਿੰਘ, ਗੁਰਮੀਤ ਸਿੰਘ ਮਹਿਮਾ, ਮੁਕੇਸ਼ ਚੰਦਰ, ਫੁਰਮਾਨ ਸਿੰਘ ਸੰਧੂ, ਨਛੱਤਰ ਸਿੰਘ ਜੈਤੋ, ਗੁਰਵਿੰਦਰ ਸਿੰਘ ਢਿੱਲੋਂ, ਹਰਦੇਵ ਸਿੰਘ ਸੰਧੂ ਅਤੇ ਕੰਵਰ ਸਰਤਾਜ ਸਿੰਘ ਸ਼ਾਮਲ ਹੋਏ। ਮੀਟਿੰਗ 'ਚ 21 ਮਈ ਨੂੰ ਸਟੇਜ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਚਲਾਉਣ ਲਈ ਵਿਚਾਰ-ਵਟਾਂਦਰਾ ਹੋਇਆ। ਮਹਾਂ ਰੈਲੀ 'ਚ ਮਜ਼ਦੂਰਾਂ ਅਤੇ ਮੁਲਾਜ਼ਮਾਂ ਦੀਆਂ ਵੀ ਬਹੁਤ ਸਾਰੀਆਂ ਜਥੇਬੰਦੀਆਂ ਸ਼ਾਮਲ ਹੋ ਰਹੀਆਂ ਹਨ। ਕੁਲ ਮਿਲਾ ਕੇ 40 ਤੋਂ ਉੱਪਰ ਬੁਲਾਰੇ ਹੋਣਗੇ।

ਮੀਟਿੰਗ 'ਚ ਫੈਸਲਾ ਕੀਤਾ ਗਿਆ ਕਿ ਸੰਯੁਕਤ ਕਿਸਾਨ ਮੋਰਚਾ ਪੰਜਾਬ 'ਚ ਸ਼ਾਮਲ ਸਾਰੀਆਂ ਜਥੇਬੰਦੀਆਂ ਦੇ ਇੱਕ-ਇੱਕ ਸੀਨੀਅਰ ਆਗੂ ਨੂੰ ਸਟੇਜ ਤੋਂ ਬੋਲਣ ਦਾ ਸਮਾਂ ਦਿੱਤਾ ਜਾਵੇਗਾ ਅਤੇ ਹਰ ਜਥੇਬੰਦੀ ਦਾ ਇੱਕ ਆਗੂ ਪ੍ਰਧਾਨਗੀ ਮੰਡਲ 'ਚ ਸ਼ਾਮਲ ਹੋਵੇਗਾ। ਸੰਚਾਲਨ ਕਮੇਟੀ ਨੌਂ ਵਜੇ ਜਗਰਾਓਂ ਪਹੁੰਚ ਕੇ ਪ੍ਰਬੰਧ ਸੰਭਾਲ ਲਵੇਗੀ ਅਤੇ ਸਟੇਜ ਦੀ ਕਾਰਵਾਈ ਦਸ ਵਜੇ ਸ਼ੁਰੂ ਕਰ ਦਿੱਤੀ ਜਾਵੇਗੀ। ਮਜ਼ਦੂਰਾਂ-ਮੁਲਾਜ਼ਮਾਂ ਦੀਆਂ ਜਥੇਬੰਦੀਆਂ ਨੂੰ ਬਣਦਾ ਸਨਮਾਨ ਦੇਣ ਦਾ ਵੀ ਫੈਸਲਾ ਕੀਤਾ ਗਿਆ। ਪ੍ਰੈੱਸ ਅਤੇ ਹੋਰ ਜਥੇਬੰਦੀਆਂ ਦੇ ਆਗੂਆਂ ਵਾਸਤੇ ਕੁਰਸੀਆਂ ਤੇ ਪਾਣੀ ਵਗੈਰਾ ਦੇ ਪ੍ਰਬੰਧਾਂ ਦੀ ਸਮੀਖਿਆ ਕੀਤੀ ਗਈ। ਮਹਾਂ ਰੈਲੀ 'ਚ ਔਰਤਾਂ ਵੀ ਕਾਫੀ ਵੱਡੀ ਗਿਣਤੀ 'ਚ ਸ਼ਾਮਲ ਹੋਣਗੀਆਂ। ਇਸ ਲਈ ਉਨ੍ਹਾਂ ਵਾਸਤੇ ਸਟੇਜ ਦੇ ਸਾਹਮਣੇ ਜਗ੍ਹਾ ਉਪਲੱਬਧ ਕਰਵਾਈ ਜਾਵੇਗੀ। ਮੀਟਿੰਗ 'ਚ ਵੀ ਹਰਨੇਕ ਸਿੰਘ ਮਹਿਮਾ ਦੀ ਰਿਹਾਈ ਦੀ ਮੰਗ ਕਰਦਿਆਂ ਹੰਸ ਰਾਜ ਹੰਸ ਦੇ ਢੁੱਟਪਾਊ ਬਿਆਨਾਂ ਦੀ ਨਿਖੇਧੀ ਕੀਤੀ ਗਈ। ਪ੍ਰਬੰਧਕ ਕਮੇਟੀ ਦੀ ਵੀ 20 ਮਈ ਨੂੰ ਜਗਰਾਓਂ ਵਿਖੇ ਮੀਟਿੰਗ ਹੋਵੇਗੀ, ਜਿਸ 'ਚ ਟੈਂਟ, ਸਪੀਕਰ, ਦਰੀਆਂ ਅਤੇ ਚਾਹ-ਪਾਣੀ ਸਮੇਤ ਸਾਰੇ ਪ੍ਰਬੰਧਾਂ ਦੀ ਸਮੀਖਿਆ ਕਰਕੇ ਅੰਤਮ ਰੂਪ ਦਿੱਤਾ ਜਾਵੇਗਾ।

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ

**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਫਰੀਦਕੋਟ ਦੀ ਮੀਟਿੰਗ ਅਮਰ ਪੈਲਿਸ ਵਿਖੇ ਬਲਾਕ ਪ੍ਰਧਾਨ ਅਮ੍ਰਿਤਪਾਲ ਟਹਿਣਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਡਾ. ਰਸ਼ਪਾਲ ਸਿੰਘ ਸੰਧੂ ਜ਼ਿਲ੍ਹਾ ਪ੍ਰਧਾਨ ਫਰੀਦਕੋਟ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਇਸ ਸਮੇਂ ਪੰਜਾਬ ਕੈਂਸਰ ਕੇਅਰ ਬਠਿੰਡਾ ਦੇ ਕੈਂਸਰ ਮਾਹਰ ਡਾਕਟਰ ਅਨੁਜ ਬਾਂਸਲ ਤੇ ਗੁਰਦਿਆਂ ਦੀ ਮਾਹਰ ਡਾਕਟਰ ਪ੍ਰੀਤੀ ਚੌਧਰੀ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਬਲਾਕ ਪ੍ਰਧਾਨ ਡਾ. ਅੰਮ੍ਰਿਤਪਾਲ ਸਿੰਘ ਟਹਿਣਾ ਨੇ ਡਾ. ਸਾਥੀਆਂ ਨੂੰ ਸਾਫ ਸੁਥਰੀ ਪ੍ਰੈਕਟਿਸ ਕਰਨ ਲਈ ਆਖਿਆ ਅਤੇ ਇਸ ਸਮੇਂ ਨਵੇਂ ਮੈਂਬਰਾਂ ਨੇ ਯੂਨੀਅਨ ਵਿੱਚ ਮੈਂਬਰਸ਼ਿਪ ਪ੍ਰਾਪਤ ਕੀਤੀ।ਇਸ ਸਮੇਂ ਉਨ੍ਹਾਂ ਡਾਕਟਰ ਸਾਥੀਆਂ ਨੂੰ ਪ੍ਰਮਾਣ ਪੱਤਰ ਤੇ ਆਈ ਕਾਰਡ ਵੀ ਵੰਡੇ।ਅੱਜ ਦੀ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਡਾ. ਸਾਥੀਆਂ ਨੇ ਹਾਜ਼ਰੀ ਲਗਵਾਈ।

## ਸੰਤ ਕਬੀਰ ਸਕੂਲ ਦਾ 12ਵੀਂ ਤੇ 10ਵੀਂ ਦਾ ਨਤੀਜਾ ਸ਼ਾਨਦਾਰ



**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)**-ਸੰਤ ਕਬੀਰ ਕਾਨਵੈਂਟ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਦਾ ਸੀ ਬੀ ਐੱਸ ਈ ਦੁਆਰਾ ਐਲਾਨੇ ਬਾਰਵੀਂ ਤੇ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਰਿਹਾ। ਬਾਰਵੀਂ ਜਮਾਤ ਦੇ ਵੱਖ-ਵੱਖ ਸਟਰੀਮ ਦੇ ਕੁੱਲ 158 ਵਿਦਿਆਰਥੀਆਂ ਨੇ ਪ੍ਰੀਖਿਆ ਵਿੱਚ ਭਾਗ ਲਿਆ। ਮੈਡੀਕਲ ਗਰੁੱਪ 'ਚੋਂ ਪ੍ਰਭਜੋਤ ਕੌਰ (96.4%) ਨੇ ਪਹਿਲਾ, ਦੀਪਾਂਸ਼ੂ ਸਿੰਗਲਾ (95%) ਨੇ ਦੂਜਾ, ਆਦਿਤਿਆ ਬਾਂਸਲ (94%) ਨੇ ਤੀਜਾ ਤੇ ਓਜਸ ਮਹਾਜਨ (90.8%) ਨੇ ਚੌਥਾ, ਨਾਨ-ਮੈਡੀਕਲ 'ਚੋਂ ਕਰਨਵੀਰ ਸਿੰਘ (96.2%) ਨੇ ਪਹਿਲਾ, ਕੁਹੂ ਗੋਇਲ (95.2%) ਨੇ ਦੂਜਾ ਤੇ ਦਿਵਯਾਂਸ਼ ਜਿੰਦਲ (92.4%) ਨੇ ਤੀਜਾ, ਕਾਮਰਸ 'ਚੋਂ ਖੁਸ਼ਪ੍ਰੀਤ ਕੌਰ (94.4%) ਨੇ ਪਹਿਲਾ, ਸਿਮਰਤਜੋਤ ਕੌਰ (91.2%) ਨੇ ਦੂਜਾ, ਰਣਮੀਤ ਸਿੰਘ (89.2%) ਨੇ ਤੀਜਾ ਅਤੇ ਪ੍ਰਭਦੀਪ ਸਿੰਘ (89%) ਨੇ ਚੌਥਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਦਸਵੀਂ ਜਮਾਤ ਦਾ ਨਤੀਜਾ ਵੀ ਸੌ ਫੀਸਦੀ ਰਿਹਾ। ਕੁੱਲ 86 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ, ਜਿਨ੍ਹਾਂ ਵਿੱਚੋਂ ਸੁਹਾਵੀ ਸਿੰਗਲਾ (95.8%) ਨੇ ਪਹਿਲਾ, ਜੈਸਮੀਨ ਕੌਰ ਮਾਨਸ਼ਾਹੀਆ (95.6%) ਨੇ ਦੂਜਾ, ਸਿਮਰਦੀਪ ਕੌਰ (95.2%) ਨੇ ਤੀਜਾ ਤੇ ਪ੍ਰਭਜੋਤ ਕੌਰ (92.4%) ਨੇ ਚੌਥਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਐੱਮ. ਡੀ. ਪ੍ਰੋਫੈਸਰ ਐੱਮ. ਐੱਲ. ਅਰੋੜਾ, ਪ੍ਰਿੰਸੀਪਲ ਮੈਡਮ ਕੰਚਨ, ਵਾਈਸ ਪ੍ਰਿੰਸੀਪਲ ਕੁਲਵੰਤ ਕੌਰ, ਜੇ. ਐੱਸ. ਸੰਧੂ ਤੇ ਮੈਡਮ ਸ਼ਾਲੂ ਨੇ ਪੁਜ਼ੀਸ਼ਨਾਂ ਵਾਲੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਲਾਇਨਜ਼ ਕਲੱਬ ਦੀ ਚੋਣ, ਅਜੈ ਗੋਇਲ ਵਾਈਸ ਡਿਸਟ੍ਰਿਕ ਗਵਰਨਰ ਬਣੇ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ 'ਤੇ ਸਮਾਜ ਸੇਵਾ ਸੰਗਠਨ, ਲਾਇਨਜ਼ ਕਲੱਬ 321 ਐੱਫ਼ ਦੀ ਸਾਲ 2024-25 ਦੀ ਚੋਣ ਲਾਇਨ ਜੀ. ਐੱਸ. ਕਾਲੜਾ ਪ੍ਰਜ਼ਾਈਡਿੰਗ ਅਫ਼ਸਰ, ਲਾਇਨ ਹਰੀਸ਼ ਦੂਆ ਕਾਨਫ਼ਰੰਸ ਚੇਅਰਮੈਨ, ਲਾਇਨ ਡੀ. ਕੇ. ਸੂਦ ਚੋਣ ਕਮੇਟੀ ਚੇਅਰਮੈਨ, ਲਾਇਨ ਐੱਚ.ਜੇ.ਐੱਸ. ਖੇੜਾ ਨਾਮਕਰਨ ਚੋਣ ਕਮੇਟੀ ਦੀ ਅਗਵਾਈ 'ਚ ਮਸੂਰੀ ਵਿਖੇ ਕਰਵਾਈ ਗਈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਜਤਿੰਦਰ ਚੌਹਾਨ ਇੰਟਰਨੈਸ਼ਨਲ ਡਾਇਰੈਕਟਰ ਸ਼ਾਮਲ ਹੋਏ।ਇਸ ਮੌਕੇ ਰਵਿੰਦਰ ਸੱਗੜ ਡਿਸਟ੍ਰਿਕ ਗਵਰਨਰ ਤੇ ਵਾਈਸ ਡਿਸਟ੍ਰਿਕ ਗਵਰਨਰ-1 ਅੰਮ੍ਰਿਤਪਾਲ ਸਿੰਘ ਜੰਡੋਕੇ ਚੁਣੇ ਗਏ।ਇਸ ਮੌਕੇ ਵਾਈਸ ਡਿਸਟ੍ਰਿਕ ਗਵਰਨਰ-2 ਦੀ ਚੋਣ ਸਾਲ 2024-25 ਦੀ ਚੋਣ ਵਾਸਤੇ ਲਾਇਨ ਅਜੈ ਗੋਇਲ ਉਮੀਦਵਾਰ ਵਜੋਂ ਚੋਣ ਮੈਦਾਨ 'ਚ ਉੱਤਰੇ, ਜਿਸ 'ਚ ਲਾਇਨ ਅਜੈ ਗੋਇਲ ਜੇਤੂ ਰਹੇ।ਇਸ ਮੌਕੇ ਲਾਇਨ ਵਿਜੈ ਗੋਇਲ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਮੂਹ ਮੈਂਬਰਾਂ ਦੇ ਵਿਸ਼ਵਾਸ 'ਤੇ ਖਰਾ ਉੱਤਰਨਗੇ।ਵਾਈਸ ਡਿਸਟ੍ਰਿਕ ਗਵਰਨਰ-2 ਬਣੇ ਲਾਇਨ ਵਿਜੈ ਗੋਇਲ ਦੀ ਜਿੱਤ 'ਚ ਲਾਇਨਜ਼ ਕਲੱਬ ਫ਼ਰੀਦਕੋਟ ਨੇ ਅਹਿਮ ਭੂਮਿਕਾ ਅਦਾ ਕੀਤੀ।ਇਸ ਮੌਕੇ ਲਾਇਨਜ਼ ਕਲੱਬ ਫ਼ਰੀਦਕੋਟ ਦੇ ਲਾਇਨ ਲੀਡਰ ਰਜਨੀਸ਼ ਗਰੋਵਰ, ਪ੍ਰਧਾਨ ਹਰਜੀਤ ਸਿੰਘ, ਗੁਰਮੇਲ ਸਿੰਘ ਜੱਸਲ, ਗੁਰਚਰਨ ਸਿੰਘ ਗਿੱਲ, ਅਮਰੀਕ ਸਿੰਘ ਖਾਲਸਾ, ਚੰਦਨ ਕੱਕੜ, ਭੁਪਿੰਦਰਪਾਲ ਸਿੰਘ, ਸਵਰਨ ਸਿੰਘ, ਇੰਜ.ਤੇਜੀ ਜੌੜਾ, ਸਤਿੰਦਰ ਸਿੰਘ ਬੇਦੀ, ਬਿਕਰਮਜੀਤ ਸਿੰਘ ਢਿੱਲੋਂ ਹਾਜ਼ਰ ਸਨ।

## ਸਿਫ਼ਤ ਕੌਰ ਸਮਰਾ ਨੇ ਪੈਰਿਸ ਉਲੰਪਿਕ ਲਈ ਕੀਤਾ ਕੁਆਲੀਫ਼ਾਈ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਫ਼ਰੀਦਕੋਟ ਦੇ ਪਵਨਦੀਪ ਸਿੰਘ ਬੰਪੀ ਸਮਰਾ-ਰਮਨੀਕ ਕੌਰ ਸਮਰਾ ਦੀ ਲਾਡਲੀ ਬੇਟੀ ਸਿਫ਼ਤ ਕੌਰ ਸਮਰਾ ਨੇ ਜੁਲਾਈ ਮਹੀਨੇ ਪੈਰਿਸ 'ਚ ਹੋਣ ਵਾਲੀ ਉਲੰਪਿਕਸ 'ਚ ਸ਼ੂਟਿੰਗ ਖੇਡ 'ਚ ਕੁਆਲੀਫ਼ਾਈ ਕਰਕੇ ਇੱਕ ਵਾਰ ਫ਼ਿਰ ਫ਼ਰੀਦਕੋਟ, ਪੰਜਾਬ ਤੇ ਭਾਰਤ ਦਾ ਨਾਮ ਸਾਰੇ ਸੰਸਾਰ 'ਚ ਰੌਸ਼ਨ ਕੀਤਾ ਹੈ।ਇਸ ਤੋਂ ਪਹਿਲਾਂ ਸਿਫ਼ਤ ਕੌਰ ਸਮਰਾ ਨੇ ਏਸ਼ੀਅਨ ਖੇਡਾਂ-2023 'ਚ ਵਿਅਕਤੀ ਤੌਰ 'ਤੇ ਸੋਨ ਤਮਗਾ ਤੇ ਆਪਣੀ ਟੀਮ ਲਈ ਚਾਂਦੀ ਦਾ ਤਮਗਾ ਜਿੱਤ (ਦੂਹਰਾ) ਕੇ ਸਾਰੀ ਦੁਨੀਆ ਦੇ ਖੇਡ ਪ੍ਰੇਮੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ।ਸਿਫ਼ਤ ਕੌਰ ਸਮਰਾ ਦੇ ਕੋਚ ਸੁਖਰਾਜ ਕੌਰ ਨੇ ਦੱਸਿਆ ਕਿ ਰਾਈਫ਼ਲ 50 ਮੀਟਰ ਥਰੀ ਪੁਜ਼ੀਸ਼ਨ 'ਚ ਸਿਫ਼ਤ ਕੌਰ ਸਮਰਾ ਪੰਜਾਬ ਦੀ ਬੇਟੀ ਹੈ, ਜੋ ਉਲੰਪਿਕ 'ਚ ਭਾਗ ਲਵੇਗੀ।ਸਿਫ਼ਤ ਕੌਰ ਸਮਰਾ ਦੀ ਇਸ ਮਾਣਮੱਤੀ ਪ੍ਰਾਪਤੀ 'ਤੇ ਅੱਜ ਸਮਰਾ ਪਰਵਾਰ ਨੂੰ ਹਰ ਪਾਸਿਓਂ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ।ਫ਼ਰੀਦਕੋਟ ਜ਼ਿਲ੍ਹੇ ਅੰਦਰ ਸਿਫ਼ਤ ਕੌਰ ਸਮਰਾ ਦੀ ਪੈਰਿਸ ਉਲੰਪਿਕ ਖੇਡਾਂ ਲਈ ਚੋਣ ਦੀ ਖ਼ਬਰ ਆਉਂਦਿਆਂ ਹੀ ਹਰ ਪਾਸੇ ਖੁਸ਼ੀ ਦੀ ਲਹਿਰ ਫ਼ੈਲ ਗਈ।

## ਧਮਕੀਆਂ ਖਿਲਾਫ ਹੰਸ ਰਾਜ ਹੰਸ 'ਤੇ ਹੋਵੇ ਕਾਰਵਾਈ : ਭਲਵਾਨ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਐੱਸ.ਜੀ.ਪੀ.ਸੀ. ਮੈਂਬਰ ਜਥੇਦਾਰ ਭੂਪਿੰਦਰ ਸਿੰਘ ਭਲਵਾਨ ਨੇ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਉਹ ਭਾਜਪਾ ਦੇ ਫਰੀਦਕੋਟ ਤੋਂ ਉਮੀਦਵਾਰ ਹੰਸ ਰਾਜ ਹੰਸ ਵੱਲੋਂ ਕਿਸਾਨ ਸੰਗਠਨਾਂ ਨੂੰ ਦਿੱਤੀਆਂ ਧਮਕੀਆਂ ਦਾ ਨੋਟਿਸ ਲਵੇ ਤੇ ਸੂਬਾ ਪੁਲਸ ਨੂੰ ਉਸ ਦੇ ਖਿਲਾਫ ਕੇਸ ਦਰਜ ਕਰਨ ਦੀ ਹਦਾਇਤ ਕਰੇ।ਉਨ੍ਹਾ ਕਿਹਾ ਕਿ ਹੰਸ ਰਾਜ ਹੰਸ ਨੇ ਕਿਸਾਨ ਸੰਗਠਨਾਂ ਨੂੰ ਸਿੱਧੀਆਂ ਧਮਕੀਆਂ ਦਿੱਤੀਆਂ ਹਨ ਤੇ ਐਲਾਨ ਕੀਤਾ ਹੈ ਕਿ ਚੋਣਾਂ ਮਗਰੋਂ ਕਿਸਾਨਾਂ 'ਤੇ ਸਰਕਾਰੀ ਜਬਰ ਢਾਹਿਆ ਜਾਵੇਗਾ।ਉਨ੍ਹਾ ਕਿਹਾ ਕਿ ਭਾਜਪਾ ਉਮੀਦਵਾਰ ਨੇ ਤਾਂ ਇਹ ਵੀ ਕਹਿ ਦਿੱਤਾ ਹੈ ਕਿ ਉਹ ਖੁਦ ਯਕੀਨੀ ਬਣਾਉਣਗੇ ਕਿ ਕਿਸਾਨ ਆਗੂਆਂ ਤੇ ਇਨ੍ਹਾਂ ਦੇ ਪ੍ਰਤੀਨਿਧ, ਜੋ ਭਾਜਪਾ ਤੋਂ ਸਵਾਲ ਜਵਾਬ ਕਰਦੇ ਹਨ, ਦੀ ਕੁੱਟਮਾਰ ਕੀਤੀ ਜਾਵੇ, ਕਿਉਂਕਿ ਉਹ ਉਨ੍ਹਾਂ ਨਾਲ ਵਿਤਕਰਾ ਕਰਦੇ ਹਨ।ਉਨ੍ਹਾ ਕਿਹਾ ਕਿ ਇਹ ਭੜਕਾਊ ਭਾਸ਼ਣ ਹੈ ਤੇ ਇਸ ਮਾਮਲੇ ਵਿੱਚ ਹੰਸ ਰਾਜ ਹੰਸ ਖਿਲਾਫ ਤੁਰੰਤ ਫੌਜਦਾਰੀ ਕੇਸ ਦਰਜ ਹੋਣਾ ਚਾਹੀਦਾ ਹੈ।

## ਸਲਾਈਟ ਵਿਖੇ ਇੰਟਰਪ੍ਰੀਓਅਰ, ਐੱਚ ਆਰ ਤੇ ਗੀਕਿਊਟਰਜ਼ ਦੀ ਵਿਸ਼ੇਸ਼ ਮਿਲਣੀ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ (ਸਲਾਈਟ ਡੀਮਡ ਯੂਨੀਵਰਸਿਟੀ) ਲੌਂਗੋਵਾਲ ਵਿਖੇ ਇੰਸਟੀਚਿਊਟ ਤੇ ਇੰਡਸਟਰੀ ਇੰਟਰੈਕਸ਼ਨ ਸੈੱਲ ਵੱਲੋਂ ਪਹਿਲੀ ਇੰਟਰਪ੍ਰੀਓਅਰ, ਐੱਚ ਆਰ ਤੇ ਗੀਕਿਊਟਰਜ਼ ਦੀ ਵਿਸ਼ੇਸ਼ ਮਿਲਣੀ ਦਾ ਆਯੋਜਨ ਕੀਤਾ ਗਿਆ।ਸਲਾਈਟ ਯੂਨੀਵਰਸਿਟੀ ਦੇ ਡਾਇਰੈਕਟਰ ਪ੍ਰੋਫੈਸਰ ਮਨੀਕਾਂਤ ਪਾਸਵਾਨ ਤੇ ਸੰਸਥਾ ਦੇ ਡੀਨ ਐਲੂਮਨੀ ਐਂਡ ਇੰਡਸਟਰੀ ਰਿਲੇਸ਼ਨਜ਼ ਡਾ. ਰਵੀ ਕਾਂਤ ਮਿਸ਼ਰਾ ਦੀ ਅਗਵਾਈ ਹੇਠ ਆਯੋਜਤ ਇਸ ਕਾਨਫਰੰਸ ਵਿੱਚ ਕਈ ਪ੍ਰਮੁੱਖ ਭਰਤੀਕਰਤਾ ਦੇ ਰੂਪ ਵਿੱਚ ਸੰਸਥਾ ਦੇ ਸਾਬਕਾ ਵਿਦਿਆਰਥੀ ਤੇ ਉੱਦਮੀ ਸ਼ਾਮਲ ਹੋਏ।ਪ੍ਰੋਫ਼ੈਸਰ ਆਰ ਕੇ ਮਿਸ਼ਰਾ ਨੇ ਉਦਯੋਗ ਤੇ ਸੰਸਥਾ ਦੇ ਸੰਪਰਕ ਨੂੰ ਵਧਾਉਣ ਦੇ ਮਹੱਤਵ 'ਤੇ ਜ਼ੋਰ ਦੇਣ ਦੀ ਗੱਲ ਕੀਤੀ।ਇਸ ਦੇ ਨਾਲ ਹੀ ਸਾਬਕਾ ਵਿਦਿਆਰਥੀ ਅਸ਼ੋਕ ਪਾਲ ਸਿੰਘ ਤੇ ਹਰਪ੍ਰੀਤ ਸਿੰਘ ਨੇ ਆਪਣੀ ਨੌਕਰੀ ਦੀ ਖੋਜ ਕਰਨ ਦੀ ਯਾਤਰਾ ਤੋਂ ਨੌਕਰੀ ਪਰਦਾਤਾ ਬਨਣ ਤੱਕ ਦੀ ਯਾਤਰਾ ਵਿਦਿਆਰਥੀਆਂ ਨਾਲ ਸਾਂਝੀ ਕੀਤੀ ਅਤੇ ਇਸ ਸਬੰਧ ਵਿੱਚ ਅਨੇਕਾਂ ਕੀਮਤੀ ਜਾਣਕਾਰੀਆਂ ਪ੍ਰਦਾਨ ਕੀਤੀਆਂ।

## ਸਰਕਾਰੀ ਸਕੂਲ ਭੀਮ ਨਗਰ ਦੇ ਬੋਰਡ ਪ੍ਰੀਖਿਆਵਾਂ 'ਚੋਂ ਅੱਵਲ ਰਹੇ ਵਿਦਿਆਰਥੀ ਸਨਮਾਨਤ



**ਮੋਗਾ, (ਇਕਬਾਲ ਸਿੰਘ ਖਹਿਰਾ)**-ਸਰਕਾਰੀ ਸੀਨੀ: ਸੈਕੰ: ਸਕੂਲ ਭੀਮ ਨਗਰ ਦੇ ਸੈਸ਼ਨ 2023-24 ਦੇ 8ਵੀਂ, 10ਵੀਂ ਤੇ 12ਵੀਂ ਜਮਾਤ ਦੇ ਪਹਿਲੀਆਂ ਪੁਜ਼ੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼ੀਲਡਾਂ ਤੇ ਤਮਗਿਆਂ ਨਾਲ ਸਨਮਾਨਤ ਕੀਤਾ ਗਿਆ। ਇਹ ਪ੍ਰੋਗਰਾਮ ਸਕੂਲ ਪ੍ਰਿੰਸੀਪਲ ਸ੍ਰੀਮਤੀ ਡਾ. ਮਨਜੀਤ ਕੌਰ ਦੀ ਅਗਵਾਈ ਹੇਠ ਕਰਵਾਇਆ ਗਿਆ, ਜਿਸ ਵਿੱਚ ਨਗਰ ਨਿਗਮ ਮੋਗਾ ਦੇ ਡਿਪਟੀ ਮੇਅਰ ਅਸ਼ੋਕ ਕੁਮਾਰ ਧਮੀਜਾ ਵੱਲੋਂ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਗਈ ਅਤੇ ਯੂਥ ਵੈੱਲਫੇਅਰ ਮੋਗਾ ਦੇ ਮੈਂਬਰਾਂ ਵੱਲੋਂ ਬੱਚਿਆਂ ਨੂੰ ਹੌਸਲਾ ਦਿੰਦੇ ਹੋਏ ਭਵਿੱਖ ਵਿੱਚ ਹਰ ਤਰ੍ਹਾਂ ਦੇ ਸਹਿਯੋਗ ਦਾ ਵਾਇਦਾ ਕੀਤਾ ਗਿਆ। ਪ੍ਰੈਜ਼ੀਡੈਂਟ ਨੀਰਜ ਬਠਲਾ, ਵਾਇਸ ਪ੍ਰੈਜ਼ੀਡੈਂਟ ਸੰਦੀਪ ਗਰਗ, ਸੁਰੇਸ਼ ਮਿੱਡਾ, ਡਿੰਪਲ ਰਾਜਦੇਵ, ਬਿੱਲਾ ਧਮੀਜਾ, ਗੁਲਸ਼ਨ ਅਰੋੜਾ, ਜਤਿੰਦਰ ਕੁਮਾਰ ਜੱਗਾ, ਦੀਪਕ ਮੁਗਲਾਨੀ ਆਦਿ ਨੇ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਪ੍ਰਿੰਸੀਪਲ ਡਾ. ਮਨਜੀਤ ਕੌਰ ਵੱਲੋਂ ਕਲੱਬ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਲੈਕ: ਪਰਮਜੀਤ ਕੌਰ, ਲੈਕ ਪ੍ਰਦੀਪ ਕੁਮਾਰ, ਸ੍ਰੀਮਤੀ ਅੰਜਣਾ ਰਾਣੀ, ਸੁਖਪਾਲ ਤੇ ਬਾਕੀ ਸਕੂਲ ਸਟਾਫ ਹਜ਼ਰ ਸੀ।

## ਚੋਣ ਡਿਊਟੀਆਂ ਨਾ ਕੱਟਣ 'ਤੇ ਡੀ ਟੀ ਐੱਫ ਨੇ ਏ ਡੀ ਸੀ ਕੋਲ ਪ੍ਰਗਟਾਇਆ ਰੋਸ

**ਲੌਂਗੋਵਾਲ, (ਪ੍ਰਦੀਪ ਸਿੰਘ ਸੱਪਲ)**-ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਜ਼ਿਲ੍ਹਾ ਸੰਗਰੂਰ ਦਾ ਵਫ਼ਦ ਏਡੀਸੀ (ਜਨਰਲ) ਸੰਗਰੂਰ ਆਕਾਸ਼ ਬਾਂਸਲ ਨੂੰ ਮਿਲਿਆ।ਜਥੇਬੰਦੀ ਨੇ ਚੋਣ ਡਿਊਟੀਆਂ ਕੱਟਣ ਦੀਆਂ ਦਿੱਤੀਆਂ ਅਰਜ਼ੀਆਂ ਵਿੱਚੋਂ ਲਗਭਗ ਅੱਧੀਆਂ ਡਿਊਟੀਆਂ ਨਾ ਕੱਟਣ 'ਤੇ ਅਧਿਕਾਰੀ ਕੋਲ ਰੋਸ ਦਰਜ ਕਰਾਇਆ।ਵਫ਼ਦ ਨੇ ਕਿਹਾ ਕਿ ਸਾਰੀਆਂ ਇਸਤਰੀ ਅਧਿਆਪਕਾਵਾਂ, ਜੋ ਆਪਣੇ ਬੱਚੇ ਨੂੰ ਦੁੱਧ ਪਿਲਾਉਂਦੀਆਂ ਹਨ, ਉਨ੍ਹਾਂ ਦੀ ਡਿਊਟੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਕੱਟੀ ਜਾਵੇ, ਜਦੋਂ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਿਰਫ ਇੱਕ ਸਾਲ ਤੱਕ ਦੀ ਉਮਰ ਦੇ ਬੱਚੇ ਦੀ ਮਾਤਾ ਦੀ ਡਿਊਟੀ ਹੀ ਕੱਟੀ ਗਈ ਹੈ।ਇਸੇ ਤਰ੍ਹਾਂ ਵਫ਼ਦ ਨੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬਣਾਏ ਮੈਡੀਕਲ ਬੋਰਡ ਦੀ ਕਾਰਗੁਜ਼ਾਰੀ 'ਤੇ ਵੀ ਸਵਾਲੀਆ ਚਿੰਨ੍ਹ ਲਾਇਆ, ਜਿਸ ਨੇ ਕੈਂਸਰ ਸਮੇਤ ਹੋਰ ਗੰਭੀਰ ਬਿਮਾਰੀਆਂ ਨਾਲ ਗ੍ਰਸਤ ਅਧਿਆਪਕਾਂ ਦੀ ਚੋਣ ਡਿਊਟੀ ਨਾ ਕੱਟਣ ਦੀ ਸਿਫਾਰਸ਼ ਕੀਤੀ ਹੈ।ਵਫ਼ਦ ਨੇ ਅਜਿਹੇ ਅਧਿਆਪਕ ਏਡੀਸੀ ਸਾਹਮਣੇ ਪੇਸ਼ ਕੀਤੇ।ਵਫ਼ਦ ਦੀਆਂ ਦਲੀਲਾਂ ਸੁਣ ਕੇ ਏਡੀਸੀ ਨੇ ਨਾ ਕੱਟੀਆਂ ਡਿਊਟੀਆਂ 'ਤੇ ਦੁਬਾਰਾ ਵਿਚਾਰ ਕਰਨ ਦੀ ਗੱਲ ਕਹੀ, ਪ੍ਰੰਤੂ ਨਾਲ ਹੀ ਕਿਹਾ ਕਿ ਇਹ ਡਿਊਟੀਆਂ ਹੁਣ, ਜਿੱਥੇ ਡਿਊਟੀ ਲੱਗੀ ਹੈ, ਉੱਥੇ ਦੇ ਐੱਸ.ਡੀ.ਐੱਮ. ਵੱਲੋਂ ਕੱਟੀਆਂ ਜਾਣਗੀਆਂ।ਵਫ਼ਦ ਨੇ ਇਸ ਗੱਲ 'ਤੇ ਇਤਰਾਜ਼ ਜਤਾਇਆ ਤੇ ਕਿਹਾ ਕਿ ਸਾਰੀਆਂ ਡਿਊਟੀਆਂ ਕੱਟਣ ਦੀਆਂ ਅਰਜ਼ੀਆਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਦਿੱਤੀਆਂ ਗਈਆਂ ਸਨ।ਇਸ ਲਈ ਉਹ ਹੀ ਅਧਿਆਪਕਾਂ ਦੀਆਂ ਡਿਊਟੀਆਂ ਕੱਟਣ।ਆਗੂਆਂ ਨੇ ਏਡੀਸੀ ਨੂੰ ਸੋਮਵਾਰ ਨੂੰ ਦੁਬਾਰਾ ਮਿਲ ਕੇ ਇਸ ਮਸਲੇ ਦੀ ਸਥਿਤੀ ਜਾਨਣ ਦਾ ਫੈਸਲਾ ਕੀਤਾ ਤੇ ਜੇਕਰ ਉਨ੍ਹਾਂ ਵੱਲੋਂ ਜਥੇਬੰਦੀ ਦੀ ਮੰਗ ਨਹੀਂ ਮੰਨੀ ਜਾਂਦੀ ਤਾਂ ਇਸ ਸਬੰਧੀ ਜਥੇਬੰਦਕ ਐਕਸ਼ਨ ਉਲੀਕਿਆ ਜਾਵੇਗਾ।

ਵਫ਼ਦ ਵਿੱਚ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸੰਗਰੂਰ, ਜਥੇਬੰਦਕ ਸਕੱਤਰ ਪਵਨ ਕੁਮਾਰ, ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ, ਜ਼ਿਲ੍ਹਾ ਪ੍ਰੈੱਸ ਸਕੱਤਰ ਜਸਬੀਰ ਨਮੋਲ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ ਸ਼ਾਮਲ ਸਨ।

## ਕਾਮਰੇਡ ਸੁੰਦਰ ਸਿੰਘ ਦਾ ਅੰਤਿਮ ਸੰਸਕਾਰ ਅੱਜ



**ਦੀਨਾਨਗਰ** : ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਆਗੂ ਕਾਮਰੇਡ ਸੁੰਦਰ ਸਿੰਘ ਨਿਵਾਸੀ ਬੇਰੀਆਂ ਮੁਹੱਲਾ ਦੀਨਾਨਗਰ ਅੱਜ ਸ਼ਾਮ ਸਦੀਵੀ ਵਿਛੋੜਾ ਦੇ ਗਏ। ਉਨ੍ਹਾ ਦਾ ਅੰਤਿਮ ਸੰਸਕਾਰ 20 ਮਈ ਨੂੰ ਹੋਵੇਗਾ। ਉਨ੍ਹਾ ਦੀ ਮੌਤ 'ਤੇ ਸੀ ਪੀ ਆਈ ਆਗੂ ਕਾਮਰੇਡ ਸੁਭਾਸ਼ ਕੈਰੇ, ਕਾਮਰੇਡ ਸੁਖਦੇਵ ਸਿੰਘ ਕਾਹਲੋਂ, ਦਰਸ਼ਨ ਆਹਲੂਵਾਲ, ਕੁਲਦੀਪ ਸਿੰਘ ਘੁੱਲਾ, ਪੰਜਾਬ ਕਿਸਾਨ ਸਭਾ ਦੇ ਆਗੂ ਬਲਬੀਰ ਸਿੰਘ ਕੱਤੋਵਾਲ, ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਐਡਵੋਕੇਟ ਵਰਿੰਦਰ ਸਿੰਘ ਕੱਤੋਵਾਲ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਆਗੂ ਬਲਬੀਰ ਸਿੰਘ ਮੱਲ੍ਹੀ, ਸਰਵ ਭਾਰਤ ਨੌਜਵਾਨ ਸਭਾ ਦੇ ਬਲਾਕ ਪ੍ਰਧਾਨ ਮਦਨ ਲਾਲ ਅਤੇ ਕਾਮਰੇਡ ਜੀਤ ਰਾਜ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ । ਕਾਮਰੇਡ ਸੁਭਾਸ਼ ਕੈਰੇ ਨੇ ਕਿਹਾ ਕਿ ਕਾਮਰੇਡ ਸੁੰਦਰ ਸਿੰਘ ਕਮਿਊਨਿਸਟ ਵਿਚਾਰਧਾਰਾ ਨੂੰ ਸਮਰਪਤ ਇੱਕ ਜੁਝਾਰੂ ਲੀਡਰ ਸਨ, ਜਿਨ੍ਹਾ ਨੇ ਰੇਲਵੇ ਦੀ ਨੌਕਰੀ ਤੋਂ ਸੇਵਾਮੁਕਤ ਹੋਣ ਤੋਂ ਬਾਅਦ ਬਾਕੀ ਦੀ ਜ਼ਿੰਦਗੀ ਖੱਬੀ ਲਹਿਰ ਅਤੇ ਲੋਕ ਸੇਵਾ ਦੇ ਲੇਖੇ ਲਾਈ। ਉਨ੍ਹਾ ਕਿਹਾ ਕਿ ਅਜਿਹੇ ਜੁਝਾਰੂ ਲੀਡਰ ਦੀ ਕਮੀ ਕਦੇ ਪੂਰੀ ਨਹੀਂ ਹੋ ਸਕਦੀ ਅਤੇ ਕਮਿਊਨਿਸਟ ਲਹਿਰ ਲਈ ਇਹ ਇੱਕ ਵੱਡਾ ਘਾਟਾ ਹੈ। ਉਨ੍ਹਾਂ ਸਮੂਹ ਕਮਿਊਨਿਸਟ ਆਗੂਆਂ ਨੂੰ ਸਸਕਾਰ 'ਤੇ ਪਹੁੰਚਣ ਦੀ ਅਪੀਲ ਕੀਤੀ।

## ਸਰਕਾਰੀ ਸਕੂਲ ਗੋਸਲਾਂ 'ਚ ਕਰਾਇਆ ਇਨਾਮ ਵੰਡ ਸਮਾਰੋਹ



**ਸਮਰਾਲਾ (ਸੁਰਜੀਤ ਸਿੰਘ)**-ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਗੋਸਲਾਂ ਵਿੱਚ ਅਕਾਦਮਿਕ ਖੇਤਰ ਵਿੱਚ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਇਨਾਮ ਵੰਡੇ ਗਏ। ਇਨ੍ਹਾਂ ਸਾਰੇ ਇਨਾਮਾਂ ਲਈ 36 ਹਜ਼ਾਰ ਰੁਪਏ ਰਾਸ਼ੀ ਪ੍ਰਵਾਸੀ ਭਾਰਤੀ ਮਲਕੀਤ ਸਿੰਘ ਗੋਸਲਾਂ ਯੂ.ਐੱਸ.ਏ. ਵੱਲੋਂ ਦਾਨ ਕੀਤੀ ਗਈ।ਇਸ ਮੌਕੇ ਕਰਵਾਏ ਸਮਾਗਮ ਵਿੱਚ ਕਮਾਂਡੈਂਟ ਰਸ਼ਪਾਲ ਸਿੰਘ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ।ਸਮਾਗਮ ਦੀ ਸ਼ੁਰੂਆਤ ਵਿੱਚ ਸਕੂਲ ਪ੍ਰਿੰਸੀਪਲ ਸੰਜੀਵ ਕੁਮਾਰ ਸੱਦੀ ਨੇ ਸਾਰੇ ਆਏ ਮਹਿਮਾਨਾਂ ਨੂੰ ਜੀ ਆਇਆ ਕਿਹਾ।ਉਪਰੰਤ ਕਮਾਂਡੈਂਟ ਰਸ਼ਪਾਲ ਸਿੰਘ ਨੇ ਆਪਣੇ ਭਾਸ਼ਣ ਦੌਰਾਨ ਵਿਦਿਆਰਥਣਾਂ ਨੂੰ ਸਿੱਖਿਆ ਦਾ ਮਹੱਤਵ ਸਮਝਾਇਆ ਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਜਾਣਕਾਰੀ ਦਿੱਤੀ।ਉਨ੍ਹਾਂ ਪੈਰਾ-ਮਿਲਟਰੀ ਬਲਾਂ ਵਿੱਚ ਬਤੌਰ ਕਮਾਂਡੈਂਟ ਆਪਣੇ ਅਨੁਭਵ ਸਾਂਝੇ ਕੀਤੇ।ਇਸ ਮੌਕੇ ਉੱਘੇ ਸਿੱਖਿਆ ਸ਼ਾਸਤਰੀ ਬਿਹਾਰੀ ਲਾਲ ਸੱਦੀ ਨੇ ਵੀ ਵਿਦਿਆਰਥਣਾਂ ਨੂੰ ਪੜ੍ਹਾਈ ਦੇ ਨਾਲ ਨਾਲ ਸਾਹਿਤਕ ਰੁਚੀਆਂ ਵੱਲ ਸੇਧਿਤ ਹੋਣ ਲਈ ਪ੍ਰੇਰਿਤ ਕੀਤਾ। ਇਸ ਤੋਂ ਬਾਅਦ ਕਮਾਂਡੈਂਟ ਰਸ਼ਪਾਲ ਸਿੰਘ ਦੀ ਅਗਵਾਈ 'ਚ ਸਮੁੱਚੇ ਪ੍ਰਧਾਨਗੀ ਮੰਡਲ ਨੇ 6ਵੀਂ ਤੋਂ 12ਵੀਂ ਤੱਕ ਹਰ ਸੈਕਸ਼ਨ ਵਿੱਚੋਂ ਪਹਿਲੇ, ਦੂਜੇ ਤੇ ਤੀਜੇ ਦਰਜੇ 'ਤੇ ਆਉਣ ਵਾਲੀਆਂ ਵਿਦਿਆਰਥਣਾਂ ਨੂੰ ਨਕਦ ਇਨਾਮ ਤਕਸੀਮ ਕੀਤੇ।ਸਮਾਗਮ ਦੌਰਾਨ ਸਕੂਲ ਦੀ ਵਿਦਿਆਰਥਣ ਕੋਮਲਪ੍ਰੀਤ ਕੌਰ ਵੱਲੋਂ ਬਾਰਵੀਂ ਦੀ ਬੋਰਡ ਪ੍ਰੀਖਿਆ ਵਿੱਚੋਂ 96% ਅੰਕ ਪ੍ਰਾਪਤ ਕਰਨ 'ਤੇ ਅਤੇ ਸੀ. ਡਬਲਯੂ. ਐੱਸ. ਐੱਨ. ਖੇਡਾਂ ਪੰਜਾਬ ਵਿੱਚ 100 ਮੀਟਰ ਰੇਸ 'ਚੋਂ ਪੰਜਾਬ ਵਿੱਚੋਂ ਪਹਿਲਾ ਸਥਾਨ ਹਾਸਲ ਕਰਨ 'ਤੇ ਖੁਸ਼ਪ੍ਰੀਤ ਕੌਰ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਵਿਦਿਆਰਥਣਾਂ ਦੀ ਭਲਾਈ ਲਈ ਬਣੇ ਟਰੱਸਟ ਡਾ. ਸ਼ਾਮ ਸਿੰਘ ਮੈਮੋਰੀਅਲ ਟਰੱਸਟ ਗੋਸਲਾਂ ਲਈ ਕਮਾਂਡੈਂਟ ਰਸ਼ਪਾਲ ਸਿੰਘ ਨੇ 51000 ਰੁਪਏ, ਸਰਪੰਚ ਮੇਜਰ ਸਿੰਘ ਨੇ 30000 ਰੁਪਏ, ਐੱਸ.ਐੱਮ.ਸੀ. ਚੇਅਰਮੈਨ ਤੇ ਟਰੱਸਟ ਦੇ ਚੇਅਰਮੈਨ ਭਿੰਦਰ ਸਿੰਘ ਗੋਸਲਾਂ ਨੇ 10000 ਰੁਪਏ, ਰਿਟਾਇਰਡ ਲੈਕਚਰਾਰ ਬਿਹਾਰੀ ਲਾਲ ਸੱਦੀ ਨੇ 5100 ਰੁਪਏ, ਬੀਬੀ ਮਨਜੀਤ ਕੌਰ ਗੋਸਲਾਂ (ਲੰਬਰਦਾਰ) ਨੇ 5000 ਰੁਪਏ ਦਾਨ ਕੀਤੇ ਅਤੇ ਗੁਰਪ੍ਰੀਤ ਸਿੰਘ ਸਟੇਟ ਜੁਆਇੰਟ ਸੈਕਟਰੀ ਲੀਗਲ ਵਿੰਗ ਪੰਜਾਬ, ਆਮ ਆਦਮੀ ਪਾਰਟੀ ਨੇ ਵੀ ਮਾਇਕ ਮੱਦਦ ਕੀਤੀ।ਸਮਾਗਮ ਦੇ ਅਖੀਰ ਵਿੱਚ ਭਿੰਦਰ ਸਿੰਘ ਗੋਸਲਾਂ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।ਸਟੇਜ ਸਕੱਤਰ ਦੀ ਭੂਮਿਕਾ ਹਰਪਿੰਦਰ ਸਿੰਘ ਸ਼ਾਹੀ ਨੇ ਨਿਭਾਈ।

## ਤਕੜੇ ਹੋ ਕੇ ਤੱਕੜੀ ਨੂੰ ਵੋਟਾਂ ਪਾਓ : ਹਨੀ ਮਾਨ



**ਮਲੋਟ (ਗੁਰਮੀਤ ਸਿੰਘ ਮੱਕੜ)** : ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜਿੱਥੇ ਵੱਖ ਵੱਖ ਪਾਰਟੀਆਂ ਦੇ ਉਮੀਦਵਾਰਾਂ ਵੱਲੋਂ ਆਪਣਾ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ, ਉੱਥੇ ਹੀ ਹੁਣ ਉਮੀਦਵਾਰਾਂ ਦੇ ਪਰਿਵਾਰਕ ਮੈਂਬਰ ਵੀ ਉਨ੍ਹਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਵਿੱਚ ਜੁੱਟ ਗਏ ਹਨ, ਜਿਸ ਦੇ ਚੱਲਦਿਆਂ ਅੱਜ ਸਥਾਨਕ ਮੱਕੜ ਕਲੋਨੀ ਵਿਖੇ ਮੱਕੜ ਪੈਲੇਸ ਦੇ ਸੰਚਾਲਕ ਮਹਿੰਦਰ ਸਿੰਘ ਮੱਕੜ ਦੇ ਗ੍ਰਹਿ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨਰਦੇਵ ਸਿੰਘ ਬੌਬੀ ਮਾਨ ਦੇ ਧਰਮਪਤਨੀ ਹਨੀ ਮਾਨ ਪਹੁੰਚੇ। ਇਸ ਮੌਕੇ ਉਨ੍ਹਾਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੀਆਂ ਪ੍ਰਾਪਤੀਆਂ ਗਿਣਾਉਂਦੇ ਹੋਏ ਵੋਟਰਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿੱਚ ਵੋਟ ਭੁਗਤਣ ਦੀ ਅਪੀਲ ਕੀਤੀ। ਇਸ ਮੌਕੇ ਗੱਲਬਾਤ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਧਰਮਪਤਨੀ ਹਨੀ ਮਾਨ ਨੇ ਕਿਹਾ ਕਿ ਉਹ ਸ੍ਰ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਕਰਵਾਏ ਗਏ ਵਿਕਾਸ ਕੰਮਾਂ ਨੂੰ ਲੈ ਕੇ ਇਹ ਚੋਣਾਂ ਲੜ ਰਹੇ ਹਨ ਤੇ ਉਨ੍ਹਾਂ ਦੀ ਜਿੱਤ ਯਕੀਨੀ ਹੈ। ਪੰਜਾਬ ਦੇ ਲੋਕਾਂ ਵੱਲੋਂ ਅਕਾਲੀ ਦਲ 'ਤੇ ਨਸ਼ਾ ਸ਼ੁਰੂ ਕਰਨ ਦੇ ਪੁੱਛੇ ਸਵਾਲ ਵਿੱਚ ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਰਾਜ ਵਿੱਚ ਨਸ਼ਾ ਬਹੁਤ ਘੱਟ ਸੀ ਤੇ ਕਾਂਗਰਸ ਅਤੇ 'ਆਪ' ਸਰਕਾਰ ਆਪਣੇ ਰਾਜ ਵਿੱਚ ਇਸ ਨੂੰ ਬੰਦ ਕਰ ਸਕਦੀ ਸੀ, ਪ੍ਰੰਤੂ ਹੁਣ ਪੰਜਾਬ ਵਿੱਚ ਨਸ਼ਾ ਬੰਦ ਹੋਣ ਦੀ ਜਗ੍ਹਾ ਹੋਰ ਵੀ ਵਧ ਗਿਆ ਹੈ। ਉਨ੍ਹਾ ਕਿਹਾ ਕਿ ਜੇਕਰ ਉਨ੍ਹਾਂ ਦੀ ਲੋਕ ਸਭਾ ਚੋਣਾਂ ਵਿੱਚ ਜਿੱਤ ਹੁੰਦੀ ਹੈ ਤਾਂ ਉਹ ਹਲਕੇ ਦਾ ਪੂਰਾ ਵਿਕਾਸ ਕਰਵਾਉਣਗੇ ਅਤੇ ਲੋਕਾਂ ਦੀ ਹਰ ਸਮੱਸਿਆ ਦਾ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਇਸ ਮੌਕੇ ਗੁਰਦੁਆਰਾ ਸਿੰਘ ਸਭਾ ਸਾਹਿਬ ਦੇ ਸਾਬਕਾ ਪ੍ਰਧਾਨ ਗੁਰਚਰਨ ਸਿੰਘ ਮੱਕੜ, ਮਹਿੰਦਰ ਸਿੰਘ ਨਿੱਕਾ, ਸਾਬਕਾ ਨਗਰ ਕੌਂਸਲਰ ਪ੍ਰਦੀਪ ਰੱਸੇਵੱਟ, ਭਾਈ ਮੰਨਾ ਸਿੰਘ, ਦੀਪਾ ਕਾਲੜਾ, ਸ਼ਮਿੰਦਰ ਸਿੰਘ ਮੱਕੜ ਆਦਿ ਹਾਜ਼ਰ ਸਨ।

## ਖਹਿਰਾ ਨੂੰ ਜਿਤਾਉਣ ਲਈ ਸਾਬਕਾ ਵਿਧਾਇਕ ਸਿਬੀਆ ਹੋਏ ਸਰਗਰਮ



**ਸੰਗਰੂਰ (ਪ੍ਰਵੀਨ ਸਿੰਘ)**-ਲੋਕ ਸਭਾ ਹਲਕਾ ਸੰਗਰੂਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੂੰ ਵੱਡੀ ਲੀਡ ਨਾਲ ਜਿੱਤ ਦਿਵਾਉਣ ਲਈ ਸੰਗਰੂਰ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਤੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਸ੍ਰ. ਸੁਰਿੰਦਰ ਪਾਲ ਸਿੰਘ ਸਿਬੀਆ ਪੂਰੀ ਤਰ੍ਹਾਂ ਸਰਗਰਮ ਦਿਖਾਈ ਦੇ ਰਹੇ ਹਨ, ਜੋ ਕਾਂਗਰਸ ਪਾਰਟੀ ਲਈ ਵੋਟਾਂ ਪਾਉਣ ਦੀ ਅਪੀਲ ਲੈ ਕੇ ਘਰ-ਘਰ ਜਾ ਕੇ ਅਲਖ ਜਗਾ ਰਹੇ ਹਨ, ਜਿਸ ਸਬੰਧੀ ਸ੍ਰ. ਸਿਬੀਆ ਨੇ ਕਿਹਾ ਕਿ ਸੁਖਪਾਲ ਖਹਿਰਾ ਇੱਕ ਅਜਿਹੇ ਲੀਡਰ ਹਨ, ਜਿਨ੍ਹਾਂ ਆਪਣੇ ਨਫ਼ੇ ਨੁਕਸਾਨ ਦੀ ਪ੍ਰਵਾਹ ਨਾ ਕਰਦਿਆਂ ਹਮੇਸ਼ਾ ਹੱਕ ਸੱਚ 'ਤੇ ਪਹਿਰਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਸੀਂ ਖ਼ੁਸ਼ ਕਿਸਮਤ ਹਾਂ ਕਿ ਸਾਨੂੰ ਇੱਕ ਅਜਿਹਾ ਲੀਡਰ ਮਿਲਿਆ ਹੈ, ਜਿਸ ਦਾ ਇੱਕੋ ਮਕਸਦ ਸਿਰਫ ਤੇ ਸਿਰਫ ਹਲਕੇ ਦਾ ਹਰ ਪੱਖੋਂ ਸਰਬਪੱਖੀ ਵਿਕਾਸ ਕਰਵਾਉਣਾ ਹੈ।ਸ੍ਰ. ਸਿਬੀਆ ਨੇ ਕਿਹਾ ਕਿ ਉਹ ਇਹ ਗੱਲ ਪੂਰੇ ਵਿਸ਼ਵਾਸ ਨਾਲ ਕਹਿ ਸਕਦੇ ਹਨ ਕਿ ਇੱਕ ਵਾਰ ਖਹਿਰਾ ਸਾਹਿਬ ਨੂੰ ਹਲਕੇ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਤਾਂ ਉਨ੍ਹਾਂ ਨੂੰ ਮੁੜ ਘਰ ਘਰ ਜਾ ਕੇ ਵੋਟਾਂ ਮੰਗਣ ਦੀ ਜ਼ਰੂਰਤ ਨਹੀਂ ਪੈਣੀ। ਖਹਿਰਾ ਸਾਹਿਬ ਵੱਲੋਂ ਕੀਤੇ ਕੰਮਾਂ ਦੇ ਆਧਾਰ 'ਤੇ ਹੀ ਤੁਸੀਂ ਉਨ੍ਹਾਂ ਨੂੰ ਮੁੜ ਆਪਣਾ ਪਿਆਰ ਤੇ ਅਸ਼ੀਰਵਾਦ ਦੇਵੋਗੇ। ਇਸ ਮੌਕੇ ਸਿਬੀਆ ਨਾਲ ਸੀਨੀਅਰ ਦਲਿਤ ਲੀਡਰ ਦਰਸ਼ਨ ਸਿੰਘ ਕਾਂਗੜਾ, ਅਮਨਦੀਪ ਚੌਪੜਾ, ਸ਼ਸ਼ੀ ਚਾਵਰੀਆ, ਸਾਜਨ ਕਾਂਗੜਾ, ਰਾਜੇਸ਼ ਲੋਟ, ਰੂਪ ਸਿੰਘ ਧਾਲੀਵਾਲ, ਰਛਪਾਲ ਸਿੰਘ ਟੀਪੂ, ਸੋਨੂੰ ਬੋਕਸਰ, ਆਕਾਸ਼ ਧਾਲੀਵਾਲ ਆਦਿ ਹਾਜ਼ਰ ਸਨ।

## ਕਾਜਲ ਨੇ ਮਰਨ ਉਪਰੰਤ ਦੋ ਦਾ ਜਗ ਰੁਸ਼ਨਾਇਆ !



**ਲੁਧਿਆਣਾ (ਐੱਮ ਐੱਸ ਭਾਟੀਆ)**-ਫਗਵਾੜਾ ਨਿਵਾਸੀ ਕਾਜਲ ਦੀ ਭਲਕੇ ਅਚਾਨਕ ਮੌਤ ਹੋ ਗਈ।ਸਵਰਗਵਾਸੀ ਕਾਜਲ ਦੇ ਪਿਤਾ ਰਾਜੇਸ਼ ਯਾਦਵ ਦੇ ਘਰ ਅਫ਼ਸੋਸ ਕਰਨ ਲਈ ਪਹੁੰਚੇ ਉੱਘੇ ਸਮਾਜ ਸੇਵੀ ਤੇ ਫਗਵਾੜਾ ਬਲੱਡ ਬੈਂਕ ਦੇ ਪ੍ਰਧਾਨ ਨੇ ਪਰਿਵਾਰ ਨੂੰ ਬੇਟੀ ਦੀਆਂ ਅੱਖਾਂ ਦਾਨ ਕਰਨ ਲਈ ਪ੍ਰੇਰਿਆ।ਪਰਿਵਾਰ ਦੀ ਸਹਿਮਤੀ ਤੋਂ ਬਾਅਦ ਰਘਬੋਤਰਾ ਜੀ ਨੇ ਪੁਨਰਜੋਤ ਆਈ ਬੈਂਕ ਲੁਧਿਆਣਾ ਦੇ ਸਟੇਟ ਤੇ ਅੰਤਰ ਰਾਸ਼ਟਰੀ ਕੋਆਰਡੀਨੇਟਰ ਅਸ਼ੋਕ ਮਹਿਰਾ ਨੂੰ ਅੱਖਾਂ ਦਾਨ ਕਰਵਾਉਣ ਦੀ ਬੇਨਤੀ ਕੀਤੀ। ਅਸ਼ੋਕ ਮਹਿਰਾ ਵੱਲੋਂ ਪੁਨਰਜੋਤ ਆਈ ਬੈਂਕ ਲੁਧਿਆਣਾ ਦੀ ਟੀਮ ਨੂੰ ਬੁਲਾ ਕੇ ਸਵਰਗਵਾਸੀ ਕਾਜਲ ਦੀਆਂ ਦੋਵੇਂ ਅੱਖਾਂ ਦਾਨ ਕਰਵਾ ਦਿੱਤੀਆਂ।ਮਲਕੀਅਤ ਸਿੰਘ ਰਘਬੋਤਰਾ ਤੇ ਅਸ਼ੋਕ ਮਹਿਰਾ ਵੱਲੋਂ ਪਰਿਵਾਰ ਦਾ ਇਸ ਦੁੱਖ ਭਰੀ ਘੜੀ ਵਿੱਚ ਇਨਸਾਨੀਅਤ ਦੀ ਸੇਵਾ ਲਈ ਇਹ ਮਹਾਨ ਦਾਨ ਕਰਨ ਲਈ ਧੰਨਵਾਦ ਕੀਤਾ।ਇਸ ਮੌਕੇ ਅਸ਼ੋਕ ਮਹਿਰਾ ਨੇ ਦੱਸਿਆ ਕਿ ਇਨਸਾਨ ਦੀ ਮੌਤ ਤੋਂ ਬਾਅਦ ਵੀ ਸਾਡੀਆਂ ਅੱਖਾਂ 6 ਤੋਂ 8 ਘੰਟੇ ਤੱਕ ਜਿਊਂਦੀਆਂ ਹੁੰਦੀਆਂ ਹਨ ਅਤੇ ਜੇਕਰ ਸਮੇਂ ਸਿਰ ਦਾਨ ਹੋ ਜਾਣ ਤਾਂ ਦੋ ਕੋਰਨੀਅਲ ਬਲਾਈਂਡਸ ਨੂੰ ਰੌਸ਼ਨੀ ਮਿਲ ਸਕਦੀ ਹੈ।ਪੁਨਰਜੋਤ ਆਈ ਬੈਂਕ ਦੇ ਕੋਆਰਡੀਨੇਟਰ ਡਾਕਟਰ ਰਸ਼ਪਾਲ ਸਿੰਘ ਨੇ ਦੱਸਿਆ ਕਿ ਅੱਖਾਂ ਦਾਨ ਲੈਣ ਦੇ ਨਾਲ ਨਾਲ ਸਰੀਰ ਵਿੱਚੋਂ ਖ਼ੂਨ ਦਾ ਸੈਂਪਲ ਵੀ ਭਰਿਆ ਜਾਂਦਾ ਹੈ, ਜਿਸ ਨੂੰ ਆਈ ਬੈਂਕ ਵੱਲੋਂ ਟੈਸਟ ਕਰਵਾਇਆ ਜਾਂਦਾ ਹੈ।ਖ਼ੂਨ ਦੀ ਰਿਪੋਰਟ ਠੀਕ ਹੋਣ ਤੋਂ ਬਾਅਦ ਹੀ ਇਨ੍ਹਾਂ ਦਾਨ ਵਿੱਚ ਮਿਲੀਆਂ ਅੱਖਾਂ ਨਾਲ ਦੋ ਪੁਤਲੀਆਂ ਦੇ ਲੋੜਵੰਦ ਮਰੀਜ਼ਾਂ ਦਾ ਡਾਕਟਰ ਰਮੇਸ਼ ਡਾਇਰੈਕਟਰ ਪੁਨਰਜੋਤ ਵੱਲੋਂ ਫ੍ਰੀ ਕੋਰਨੀਅਲ ਟਰਾਂਸਪਲਾਂਟ ਕੀਤਾ ਜਾਵੇਗਾ।ਮਹਿਰਾ ਨੇ ਦੱਸਿਆ ਕਿ ਪੁਨਰਜੋਤ ਟੀਮ ਲੱਖਾਂ ਲੋਕਾਂ ਨੂੰ ਜਾਗਰੂਕ ਕਰਕੇ ਉਨ੍ਹਾਂ ਦੇ ਪ੍ਰਣ ਪੱਤਰ ਭਰ ਚੁੱਕੀ ਹੈ।ਪੁਨਰਜੋਤ ਆਈ ਬੈਂਕ ਦੇ ਡਾਇਰੈਕਟਰ ਡਾਕਟਰ ਰਮੇਸ਼ ਵੱਲੋਂ ਹੁਣ ਤੱਕ ਦਾਨ ਵਿੱਚ ਆਈਆਂ ਅੱਖਾਂ ਨਾਲ 6700 ਪੁਤਲੀਆਂ ਦੇ ਮਰੀਜ਼ਾਂ ਦਾ ਫ੍ਰੀ ਕੋਰਨੀਅਲ ਟਰਾਂਸਪਲਾਂਟ ਕੀਤਾ ਜਾ ਚੁੱਕਾ ਹੈ।ਇਸ ਮੌਕੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚੇ ਰਣਜੀਤ ਨੀਤਾ ਤੇ ਪਰਵੀਨ ਧੁੰਨਾ ਵੱਲੋਂ ਵੀ ਅੱਖਦਾਨੀ ਪਰਿਵਾਰ ਦੀ ਸੇਵਾ ਦੀ ਸ਼ਲਾਘਾ ਕੀਤੀ ਗਈ।

## ਅਕਾਲੀਆਂ ਦੀ ਭਾਜਪਾਈਆਂ ਨਾਲ ਹਾਲੇ ਵੀ ਬੁਰਕੀ ਸਾਂਝੀ : ਖੁੱਡੀਆਂ

### ਪੰਜਾਬ ਦੀ ਖ਼ੁਸ਼ਹਾਲੀ ਲਈ 'ਆਪ' ਨੂੰ ਵੋਟ ਦੇਣ ਦੀ ਅਪੀਲ



**ਬੁਢਲਾਡਾ, ਮਈ (ਅਸ਼ੋਕ ਲਾਕੜਾ)** : 'ਇਹ ਗੱਲ ਪੱਥਰ 'ਤੇ ਲਕੀਰ ਹੈ ਕਿ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੀ ਅੰਦਰਖਾਤੇ ਹੁਣ ਵੀ ਬੁਰਕੀ ਸਾਂਝੀ ਹੈ।ਗੱਠਜੋੜ ਟੁੱਟਣ ਦਾ ਕੀਤਾ ਗਿਆ ਪ੍ਰਚਾਰ ਸਿਰਫ ਛਲਾਵਾ ਸੀ।ਚੋਣਾਂ ਤੋਂ ਬਾਅਦ ਦੋ ਜੂਨ ਨੂੰ ਸ਼ਰੇਆਮ ਦੋਵੇਂ ਇਕ-ਦੂਜੇ ਨੂੰ ਜੱਫੀਆਂ ਪਾਈ ਦਿਖਾਈ ਦੇਣਗੇ।ਸੱਤਾ ਦੀ ਕੁਰਸੀ ਦੋਵਾਂ ਦੀ ਕਮਜ਼ੋਰੀ ਹੈ।ਜਿਵੇਂ ਮੱਛੀ ਪਾਣੀ ਬਗ਼ੈਰ ਤੜਫਦੀ ਹੈ, ਦੋਵਾਂ ਦੀ ਹਾਲਤ ਉਹੋ ਜਿਹੀ ਹੀ ਹੈ।' ਇਹ ਖੁਲਾਸਾ ਲੋਕ ਸਭਾ ਹਲਕਾ ਬਠਿੰਡਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਤੇ ਪੰਜਾਬ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਵਿਧਾਨ ਸਭਾ ਹਲਕਾ ਬੁਢਲਾਡਾ ਦੇ ਪਿੰਡਾਂ 'ਚ ਲੋਕ ਮਿਲਣੀਆਂ ਦੌਰਾਨ ਕਹੇ।

ਸ੍ਰੀ ਖੁੱਡੀਆਂ ਨੇ ਵੋਟਰਾਂ ਨੂੰ ਚੌਕਸ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਵੋਟ ਪਾਉਣ ਦਾ ਸਿੱਧਾ ਮਤਲਬ ਬੀਜੇਪੀ ਨੂੰ ਵੋਟ ਦੇਣਾ ਹੈ।ਉਨ੍ਹਾ ਕਿਹਾ ਕਿ ਇਹ ਫੈਸਲਾ ਤੁਸੀਂ ਕਰਨਾ ਹੈ ਕਿ ਜਿਹੜੇ ਲੋਕ ਖੇਤੀ ਕਾਨੂੰਨਾਂ ਬਾਰੇ ਕੁਫ਼ਰ ਤੋਲਦੇ ਰਹੇ ਹੋਣ, ਜੋ 750 ਕਿਸਾਨਾਂ ਦੇ ਕਾਤਲ ਹੋਣ, ਜਿਨ੍ਹਾਂ ਰਲ ਕੇ 25 ਸਾਲ ਚੂੰਡ ਕੇ ਪੰਜਾਬ ਨੂੰ ਖਾਧਾ ਹੋਵੇ, ਜਿਨ੍ਹਾਂ ਦੇ ਰਾਜ 'ਚ ਨਸ਼ਿਆਂ ਦੇ ਦਰਿਆ ਵਗੇ ਹੋਣ ਤੇ ਸਾਡੀਆਂ ਭੈਣਾਂ ਦੇ ਭਰਾ ਸਦਾ-ਸਦਾ ਲਈ ਚਲੇ ਗਏ ਹੋਣ, ਭਰ ਜੁਆਨੀ 'ਚ ਸਾਡੀਆਂ ਧੀਆਂ ਦੇ ਸੁਹਾਗ ਉੱਜੜੇ ਹੋਣ, ਕੇਬਲ, ਟਰਾਂਸਪੋਰਟ, ਰੇਤਾ, ਬੱਜਰੀ ਦੇ ਮਾਫ਼ੀਏ ਦੀ ਉਪਜ ਹੋਈ ਹੋਵੇ, ਕੀ ਅਜਿਹੇ ਲੋਕ ਤੁਹਾਡੀ ਵੋਟ ਦੇ ਹੱਕਦਾਰ ਹਨ?

ਸ੍ਰੀ ਖੁੱਡੀਆਂ ਨੇ ਕਿਹਾ ਕਾਂਗਰਸ ਦਾ ਮੈਨੀਫੈਸਟੋ ਏਜੰਡਾ ਵੀ ਸਦਾ ਅਕਾਲੀ ਦਲ ਨਾਲ ਮਿਲਦਾ ਜੁਲਦਾ ਹੀ ਰਿਹਾ ਹੈ।ਉਨ੍ਹਾਂ ਕਿਹਾ ਕਿ ਦੋਵਾਂ ਪਾਰਟੀਆਂ ਨੇ 75 ਸਾਲਾਂ ਤੱਕ ਪੰਜਾਬ ਦੀ ਰੱਤ ਨਿਚੋੜ ਕੇ ਆਪਣੀਆਂ ਤਿਜੌਰੀਆਂ ਭਰੀਆਂ ਹਨ।ਉਨ੍ਹਾਂ ਕਿਹਾ ਕਿ ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਹਲਕੇ ਸਮੇਤ ਪੂਰੇ ਪੰਜਾਬ ਦਾ ਵਿਕਾਸ ਹੋਵੇ, ਤਾਂ ਤੁਹਾਨੂੰ ਆਪਣੀ ਵੋਟ ਦਾ ਸਹੀ ਇਸਤੇਮਾਲ ਸੋਚ ਸਮਝ ਕੇ ਕਰਨਾ ਪਵੇਗਾ।ਸ੍ਰੀ ਖੁੱਡੀਆਂ ਨੇ ਅੱਜ ਬਰੇਟਾ ਮੰਡੀ ਵਿੱਚ ਆਪਣੇ ਚੋਣ ਦਫ਼ਤਰ ਦਾ ਉਦਘਾਟਨ ਵੀ ਕੀਤਾ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੂਬਾਈ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ ਸਮੇਤ ਪਾਰਟੀ ਦੀ ਮੁਕਾਮੀ ਲੀਡਰਸ਼ਿਪ ਤੇ ਵਰਕਰ ਮੌਜੂਦ ਰਹੇ।

## ਡਾ. ਦਾਭੋਲਕਰ ਦੇ ਹੱਤਿਆਰੇ ਨੂੰ ਬਰੀ ਕਰਨ ਦੀ ਤਰਕਸ਼ੀਲ ਸੁਸਾਇਟੀ ਵੱਲੋਂ ਨਿੰਦਾ

**ਮਾਨਸਾ (ਆਤਮਾ ਸਿੰਘ ਪਮਾਰ)**-ਤਰਕਸੀਲ ਸੁਸਾਇਟੀ ਪੰਜਾਬ ਨੇ ਜਿੱਥੇ ਸੁਪਰੀਮ ਕੋਰਟ ਵੱਲੋਂ ਮਹਾਂਰਾਸ਼ਟਰ ਦੀ ਤਰਕਸ਼ੀਲ ਸੰਸਥਾ ਅੰਧ ਸ਼ਰਧਾ ਨਿਰਮੂਲਨ ਸੰਮਤੀ ਦੇ ਸੰਸਥਾਪਕ ਡਾ. ਨਰਿੰਦਰ ਦਾਭੋਲਕਰ ਦੇ ਕਾਤਲਾਂ ਨੂੰ ਉਮਰ ਕੈਦ ਦੀ ਸਜ਼ਾ ਦੇਣ ਦਾ ਜਿੱਥੇ ਸਵਾਗਤ ਕੀਤਾ ਹੈ, ਓਥੇ ਹੀ ਇਸ ਕਤਲ ਦੇ ਮੁੱਖ ਸਾਜ਼ਿਸ਼ਕਰਤਾ ਡਾ. ਵਰਿੰਦਰ ਤਾਵੜੇ ਸਮੇਤ ਤਿੰਨ ਹੋਰਨਾਂ ਮੁਲਜ਼ਮਾਂ ਨੂੰ ਕੇਂਦਰੀ ਜਾਂਚ ਏਜੰਸੀਆਂ ਦੀ ਨਾਕਾਮੀ ਕਰਕੇ ਬਰੀ ਕਰਨ ਦੇ ਫੈਸਲੇ ਉੱਤੇ ਸਖ਼ਤ ਰੋਸ ਦਾ ਪ੍ਰਗਟਾਵਾ ਕਰਦਿਆਂ, ਇਨ੍ਹਾਂ ਮੁੱਖ ਮੁਲਜ਼ਮਾਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਪੁਰਜ਼ੋਰ ਮੰਗ ਕੀਤੀ ਹੈ।

ਮਾਨਸਾ ਜ਼ੋਨ ਮੁਖੀ ਮਾ. ਲੱਖਾ ਸਿੰਘ ਸਹਾਰਨਾ, ਭਰਭੂਰ ਸਿੰਘ ਮੰਨਣ, ਭੁਪਿੰਦਰ ਫੌਜੀ, ਕ੍ਰਿਸ਼ਨ ਮਾਨਬੀਬੜੀਆਂ, ਜਸਵੀਰ ਸੋਨੀ ਬੁਢਲਾਡਾ, ਡਾ. ਸੁਰਿੰਦਰ ਸਿੰਘ ਮਾਨਸਾ ਤੇ ਮੀਡੀਆ ਵਿਭਾਗ ਮੁਖੀ ਨਰਿੰਦਰ ਕੌਰ ਬੁਰਜ ਹਮੀਰਾ ਨੇ ਕਿਹਾ ਕਿ ਮੋਦੀ ਸਰਕਾਰ ਦੇ ਦਬਾਅ ਹੇਠ ਕੇਸ ਦੇ ਸ਼ੁਰੂਆਤੀ ਦੌਰ ਤੋਂ ਹੀ ਪੁਲਸ ਤੇ ਕੇਂਦਰੀ ਜਾਂਚ ਏਜੰਸੀਆਂ ਇਸ ਕਤਲ ਕਾਂਡ ਦੇ ਮੁੱਖ ਦੋਸ਼ੀ ਤੇ ਸਾਜ਼ਿਸ਼ਘਾੜੇ ਡਾ. ਵਰਿੰਦਰ ਤਾਵੜੇ ਸਮੇਤ ਮੁਲਜ਼ਮਾਂ ਸੰਜੀਵ ਪੁਨਾਲੇਕਰ ਤੇ ਵਿਕਰਮ ਭਾਵੇ ਨੂੰ ਬਚਾਉਣ 'ਤੇ ਲੱਗੀਆਂ ਹੋਈਆਂ ਸਨ ਅਤੇ ਉਨ੍ਹਾਂ ਵਿਰੁੱਧ ਸਪੱਸ਼ਟ ਸਬੂਤ ਹੋਣ ਦੇ ਬਾਵਜੂਦ ਜਾਣਬੁੱਝ ਕੇ ਗ੍ਰਿਫ਼ਤਾਰ ਹੀ ਨਹੀਂ ਕੀਤਾ ਗਿਆ।

ਇਸ ਸਮੇਂ ਮਹਿੰਦਰਪਾਲ ਅਤਲਾ, ਗੁਰਦੀਪ ਸਿੰਘ ਸਿੱਧੂ, ਜਗਸੀਰ ਸਿੰਘ ਢਿੱਲੋਂ, ਅਜੈਬ ਸਿੰਘ ਅਲੀਸ਼ੇਰ ਤੇ ਦਲਵਿੰਦਰ ਸਿੰਘ ਮਾਨਸਾ ਨੇ ਕਿਹਾ ਕਿ ਡਾ. ਦਾਭੋਲਕਰ ਨੇ ਲਗਾਤਾਰ 40 ਸਾਲ ਮਹਾਂਰਾਸਟਰ ਵਿੱਚ ਸਮਾਜਿਕ ਬੁਰਾਈਆਂ ਦਾ ਖਾਤਮਾ ਕਰਨ ਦੀ ਜਾਗਰੂਕਤਾ ਮੁਹਿੰਮ ਚਲਾਈ। ਆਗੂਆਂ ਨੇ ਕਿਹਾ ਕਿ ਪਿਛਲੇ ਸਾਲਾਂ ਵਿੱਚ ਤਰਕਸ਼ੀਲ ਚਿੰਤਕਾਂ ਡਾ. ਦਾਭੋਲਕਰ, ਗੋਬਿੰਦ ਪਨਸਾਰੇ, ਪ੍ਰੋ. ਐੱਮ. ਐੱਮ. ਕਲਬੁਰਗੀ ਤੇ ਪੱਤਰਕਾਰ ਗੌਰੀ ਲੰਕੇਸ਼ ਦੀਆਂ ਹੱਤਿਆਵਾਂ ਭਾਜਪਾ-ਸੰਘ ਦੀ ਫਿਰਕੂ ਫਾਸ਼ੀਵਾਦੀ ਸਿਆਸਤ ਦਾ ਹੀ ਨਤੀਜਾ ਸਨ, ਇਹ ਹਮਲੇ ਵਿਗਿਆਨਕ ਵਿਚਾਰਾਂ ਨੂੰ ਖਤਮ ਨਹੀਂ ਕਰ ਸਕਦੇ, ਇਨ੍ਹਾਂ ਹਮਲਿਆਂ ਦੇ ਬਾਵਜੂਦ ਦੇਸ਼ ਵਿੱਚ ਤਰਕਸ਼ੀਲ ਲਹਿਰ ਤੇ ਵਿਗਿਆਨਕ ਸੋਚ ਹੋਰ ਵੀ ਵਿਕਸਤ ਹੋਈ ਹੈ।

## ਸੁਖਬੀਰ ਬਾਦਲ 22 ਨੂੰ ਚੋਣ ਜਲਸੇ ਨੂੰ ਕਰਨਗੇ ਸੰਬੋਧਨ : ਹਨੀ ਫੱਤਣਵਾਲਾ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 22 ਮਈ ਨੂੰ ਸ੍ਰੀ ਮੁਕਤਸਰ ਸਾਹਿਬ ਵਿਖੇ ਚੋਣ ਜਲਸੇ ਨੂੰ ਸੰਬੋਧਨ ਕਰਨਗੇ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜਰਨਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਬਠਿੰਡਾ ਰੋਡ 'ਤੇ ਅਕਾਲੀ ਦਲ ਦੇ ਦਫਤਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾ ਕਿਹਾ ਕਿ ਇਹ ਚੋਣ ਜਲਸਾ ਲੋਕ ਸਭਾ ਹਲਕਾ ਫਿਰੋਜ਼ਪੁਰ ਦੇ ਉਮੀਦਵਾਰ ਨਰਦੇਵ ਸਿੰਘ ਬੌਬੀ ਮਾਨ ਦੇ ਹੱਕ ਵਿੱਚ ਵਧ ਤੋਂ ਵਧ ਵੋਟਾਂ ਪਾਉਣ ਸਬੰਧੀ ਕੀਤਾ ਜਾਵੇਗਾ।ਹਨੀ ਫੱਤਣਵਾਲਾ ਨੇ ਕਿਹਾ ਕਿ ਇਹ ਚੋਣ ਜਲਸਾ ਸ਼ਹਿਰ ਦੇ ਘਾਹ ਮੰਡੀ ਚੌਕ ਵਿੱਚ ਸ਼ਾਮ ਨੂੰ 5 ਵਜੇ ਹੋਵੇਗਾ, ਜਿਸ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਨ ਲਈ ਪੁੱਜ ਰਹੇ ਹਨ।ਉਨ੍ਹਾ ਸਾਰੇ ਸ਼ਹਿਰ ਨਿਵਾਸੀਆਂ ਤੇ ਪਿੰਡਾਂ ਦੇ ਅਕਾਲੀ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਉਕਤ ਚੋਣ ਜਲਸੇ ਵਿੱਚ ਹੁੰਮ ਹੁਮਾ ਕੇ ਪਹੁੰਚਣ।ਇਸ ਮੌਕੇ ਉਨ੍ਹਾਂ ਨਾਲ ਸ਼ਮਿੰਦਰ ਸਿੰਘ ਗੋਗੀ ਅਕਾਲਗੜ੍ਹ, ਮਹਾਸ਼ਾ ਬਰਾੜ, ਰਾਮਪਾਲ, ਸ਼ਮਿੰਦਰ ਸਿੰਘ ਦੋਸਾਂਝ, ਗੁਰਜਿੰਦਰ ਸਿੰਘ, ਹੈਪੀ ਕੁਮਾਰ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

## ਕੁਲਵੰਤ ਮਲੂਕਾ ਨੇ ਐਂਬੂਲੈਂਸ ਦੇ ਡਰਾਈਵਰ ਦੀ ਤਨਖਾਹ ਦੇਣ ਦੀ ਹਾਮੀ ਭਰੀ



**ਭਗਤਾ ਭਾਈ ਕਾ (ਰਾਜੀਵ ਗੋਇਲ)** : ਸਥਾਨਕ ਸ਼ਹਿਰ ਦੇ ਸਿਵਲ ਹਸਪਤਾਲ ਵਿਖੇ ਐੱਮ ਪੀ ਕੋਟੇ 'ਚੋਂ ਪ੍ਰਾਪਤ ਹੋਈ ਇੱਕ ਐਂਬੂਲੈਂਸ ਖੜੀ ਹੈ, ਜਿਸ 'ਤੇ ਕੋਈ ਪੱਕਾ ਡਰਾਇਵਰ ਨਹੀਂ ਹੈ। ਭਾਵੇਂ ਹੀ ਸਿਵਲ ਹਸਪਤਾਲ ਦੀ ਐੱਸ. ਐੱਮ. ਓ. ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਉਨ੍ਹਾਂ ਪਾਸ ਡਰਾਇਵਰ ਹੈ, ਪਰ ਜਿਹੜੇ ਸੰਬੰਧਤ ਡਰਾਇਵਰ ਬਾਰੇ ਉਨ੍ਹਾਂ ਵੱਲੋਂ ਕਿਹਾ ਗਿਆ ਹੈ, ਉਸੇ ਡਰਾਇਵਰ ਦਾ ਕਹਿਣਾ ਹੈ ਕਿ ਉਹ ਹਸਪਤਾਲ ਦੀਆਂ ਦੋ ਗੱਡੀਆਂ ਚਲਾਉਂਦਾ ਹੈ, ਪਰ ਜੇਕਰ ਉਹ ਕਿਤੇ ਬਾਹਰ ਐੱਸ.ਐੱਮ.ਓ. ਦੀ ਸਰਕਾਰੀ ਗੱਡੀ ਲੈ ਕੇ ਚਲਾ ਜਾਂਦਾ ਹੈ ਤਾਂ ਬਾਅਦ 'ਚ ਐਂਬੂਲੈਂਸ ਨੂੰ ਚਲਾਉਣ ਵਾਲਾ ਕੋਈ ਨ੍ਹੀਂ ਰਹਿੰਦਾ। ਅੱਜ ਇਸੇ ਮਸਲੇ ਨੂੰ ਲੈ ਕੇ ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਸਮਾਧ ਭਾਈ ਦੇ ਚੇਅਰਮੈਨ ਕੁਲਵੰਤ ਸਿੰਘ ਮਲੂਕਾ ਵੱਲੋਂ ਮੱਦਦ ਲਈ ਹੱਥ ਅੱਗੇ ਵਧਾਇਆ ਗਿਆ ਹੈ। ਉਨ੍ਹਾ ਸੋਸ਼ਲ ਮੀਡੀਆ ਸਮੇਤ ਫੋਨ ਰਾਹੀਂ ਗੱਲਬਾਤ ਕਰਦੇ ਹੋਏ ਕਿਹਾ ਕਿ ਤੁਸੀਂ ਐਂਬੂਲੈਂਸ 'ਤੇ ਡਰਾਇਵਰ ਰੱਖ ਲਓ ਅਤੇ ਪ੍ਰਤੀ ਮਹੀਨਾ 8000/- ਰੁਪਏ ਡਰਾਇਵਰ ਦੀ ਤਨਖਾਹ ਉਹ ਖੁਦ ਅਦਾ ਕਰਨਗੇ। ਦੱਸਣਾ ਬਣਦਾ ਹੈ ਕਿ ਕੁਲਵੰਤ ਸਿੰਘ ਮਲੂਕਾ ਇੱਕ ਉੱਘੇ ਸਮਾਜਸੇਵੀ ਹਨ, ਜਿਨ੍ਹਾਂ ਵੱਲੋਂ ਸਮੇਂ-ਸਮੇਂ 'ਤੇ ਗਰੀਬਾਂ ਦੀ ਆਰਥਿਕ ਮੱਦਦ ਕੀਤੀ ਜਾਂਦੀ ਹੈ ਅਤੇ ਬੀਤੇ ਦਿਨੀਂ ਇੱਕ ਹਾਦਸੇ ਦੇ ਸ਼ਿਕਾਰ ਮਜ਼ਦੂਰ ਨੂੰ ਵੀ ਉਹ ਆਰਥਿਕ ਰਾਸ਼ੀ ਭੇਜ ਚੁੱਕੇ ਹਨ। ਇਲਾਕੇ ਵਿੱਚ ਕੁਲਵੰਤ ਮਲੂਕਾ ਦੇ ਇਸ ਕਦਮ ਦੀ ਸ਼ਲਾਘਾ ਹੋ ਰਹੀ ਹੈ, ਪਰ ਹੁਣ ਦੇਖਣਾ ਇਹ ਹੋਵੇਗਾ ਕਿ ਮਲੂਕਾ ਦੀ ਇਸ ਸੇਵਾ ਨੂੰ ਮਹਿਕਮੇ ਵੱਲੋਂ ਮਨਜ਼ੂਰ ਕੀਤਾ ਜਾਂਦਾ ਹੈ ਜਾਂ ਨਹੀਂ।

## 6 ਕਿੱਲੋ ਚੂਰਾ ਪੋਸਤ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਥਾਣਾ ਮੱਲਾਂਵਾਲਾ ਪੁਲਸ ਨੇ ਗਸ਼ਤ ਤੇ ਛਾਪੇਮਾਰੀ ਦੌਰਾਨ ਇੱਕ ਵਿਅਕਤੀ ਨੂੰ 6 ਕਿੱਲੋ ਚੂਰਾ ਪੋਸਤ (ਡੋਡੇ) ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਬ ਇੰਸਪੈਕਟਰ ਦਰਸ਼ਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਸਬੰਧੀ ਨਜ਼ਦੀਕ ਸ਼ਮਸ਼ਾਨਘਾਟ ਮੱਲਾਂਵਾਲਾ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖ਼ਬਰ ਨੇ ਇਤਲਾਹ ਦਿੱਤੀ ਕਿ ਮੁਲਜ਼ਮ ਜਸਵਿੰਦਰ ਸਿੰਘ ਪੁੱਤਰ ਪ੍ਰਤਾਪ ਸਿੰਘ ਵਾਸੀ ਵਾਰਡ ਨੰਬਰ 9 ਮੱਲਾਂਵਾਲਾ ਚੂਰਾ ਪੋਸਤ ਵੇਚਣ ਦਾ ਆਦੀ ਹੈ, ਜੋ ਹੁਣ ਵੀ ਨਜ਼ਦੀਕ ਸ਼ਮਸ਼ਾਨਘਾਟ ਮੱਲਾਂਵਾਲਾ ਪਾਸ ਗਾਹਕਾਂ ਦੀ ਉਡੀਕ ਕਰ ਰਿਹਾ ਹੈ। ਪੁਲਸ ਪਾਰਟੀ ਵੱਲੋਂ ਦੋਸ਼ੀ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 6 ਕਿੱਲ ਚੂਰਾ ਪੋਸਤ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਚਿੱਟੇ ਨਾਲ ਨੌਜਵਾਨ ਦੀ ਮੌਤ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਫ਼ਿਰੋਜ਼ਪੁਰ ਦੇ ਪਿੰਡ ਕੁੰਡੇ ਵਿੱਚ ਇੱਕ 32 ਸਾਲਾ ਨੌਜਵਾਨ ਦੀ ਚਿੱਟੇ ਦਾ ਨਸ਼ਾ ਕਰਨ ਕਾਰਨ ਮੌਤ ਹੋ ਗਈ।ਪੀੜਤ ਪਰਿਵਾਰ ਇਸ ਲਈ ਪ੍ਰਸ਼ਾਸਨ ਨੂੰ ਜ਼ਿੰਮੇਵਾਰ ਠਹਿਰਾ ਰਿਹਾ ਹੈ।ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਦੀ ਪਤਨੀ ਸਿਮਰਨ ਨੇ ਦੱਸਿਆ ਕਿ ਉਸ ਦੇ ਪਤੀ ਦਾ ਨਾਂ ਜੀਉਣਾ ਹੈ, ਜੋ ਨਸ਼ੇ ਦਾ ਆਦੀ ਸੀ, ਜਿਸ ਕਾਰਨ ਉਸ ਦੀ ਮੌਤ ਹੋ ਗਈ।ਉਹ ਨਸ਼ੇ ਦਾ ਟੀਕਾ ਲਗਾਉਂਦਾ ਸੀ।ਉਸ ਦੇ ਜੀਜਾ ਦੀ ਵੀ ਨਸ਼ੇ ਕਾਰਨ ਮੌਤ ਹੋ ਗਈ।ਦੂਜੇ ਪਾਸੇ ਪੁਲਸ ਪ੍ਰਸ਼ਾਸਨ ਭਾਵੇਂ ਨਸ਼ਾ ਖਤਮ ਕਰਨ ਦੇ ਕਈ ਦਾਅਵੇ ਕਰ ਰਿਹਾ ਹੋਵੇ, ਪਰ ਜ਼ਮੀਨੀ ਹਕੀਕਤ ਕੁਝ ਹੋਰ ਹੀ ਬਿਆਨ ਕਰ ਰਹੀ ਹੈ।ਪੰਜਾਬ ਦੇ ਨੌਜਵਾਨ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਆਪਣੀ ਜਾਨ ਗੁਆ ??ਰਹੇ ਹਨ। ਪਰਵਾਰ ਨੇ ਪੁਲਸ ਪ੍ਰਸ਼ਾਸਨ ਨੂੰ ਨਸ਼ਾ ਖਤਮ ਕਰਨ ਦੀ ਅਪੀਲ ਕੀਤੀ ਹੈ।ਉਨ੍ਹਾਂ ਕਿਹਾ ਕਿ ਸਾਡੇ ਇਲਾਕੇ ਵਿੱਚ ਨਸ਼ੇ ਖੁੱਲ੍ਹੇਆਮ ਵਿਕ ਰਹੇ ਹਨ। ਸਾਡਾ ਪੁੱਤ ਨਸ਼ੇ ਕਾਰਨ ਆਪਣੀ ਜਾਨ ਗਵਾ ਗਿਆ, ਪਰ ਬਾਕੀ ਨੌਜਵਾਨਾਂ ਦੀ ਜਾਨ ਬਚਾਈ ਜਾਵੇ।

## ...ਸਫ਼ਾ 1 ਦੇ ਬਾਕੀ

### ਦੇਸ਼ ਨੂੰ ਬਚਾਉਣ ਲਈ...

ਜਾ ਰਿਹਾ ਹੈ। ਕਮਿਊਨਿਸਟਾਂ ਵੱਲੋਂ ਕੁਰਬਾਨੀਆਂ ਨਾਲ ਲਏ ਹੋਏ ਕਾਨੂੰਨਾਂ, ਨਰੇਗਾ, ਆਰ ਟੀ ਆਈ ਵਰਗਿਆਂ ਨੂੰ ਤੋੜਨ-ਮਰੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੋ ਹੁਣ ਲੋਕ ਜਾਗ ਚੁੱਕੇ ਹਨ, ਇਸ ਨੂੰ ਕਾਮਯਾਬ ਨਹੀਂ ਹੋਣ ਦੇਣਗੇ। ਉਹਨਾਂ ਕਿਹਾ ਕਿ ਦੇਸ਼ ਨੂੰ ਬਚਾਉਣ ਲਈ ਹੁਣ ਭਾਜਪਾ ਨੂੰ ਹਰਾਉਣਾ ਜ਼ਰੂਰੀ ਹੋ ਗਿਆ ਹੈ।

ਸੀ ਪੀ ਆਈ (ਐੱਮ) ਦੇ ਸਿਕੰਦਰ ਸਿੰਘ ਔਲਖ ਨੇ ਬਾਹਰੋਂ ਆਏ ਹੋਏ ਲੀਡਰਾਂ ਦਾ ਸਵਾਗਤ ਕੀਤਾ । ਬਲਵੀਰ ਸਿੰਘ ਔਲਖ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਕਾਮਨ ਗੋਰਾ ਪਿਪਲੀ ਨੇ ਬਖੂਬੀ ਨਿਭਾਈ। ਇਸ ਸਮੇਂ ਸੁਖਦਰਸ਼ਨ ਰਾਮ ਸ਼ਰਮਾ, ਨਿੱਕਾ ਔਲਖ, ਰੁਪਿੰਦਰ ਕੌਰ ਔਲਖ, ਮਨਜੀਤ ਕੌਰ ਨੱਥੇਵਾਲਾ ਅਤੇ ਹੋਰ ਬਹੁਤ ਸਾਰੇ ਆਗੂ ਵੀ ਹਾਜ਼ਰ ਸਨ। ਸਾਰੇ ਆਗੂਆਂ ਨੇ ਆਪਣੇ ਭਾਸ਼ਣ ਵਿੱਚ ਮਾਸਟਰ ਗੁਰਚਰਨ ਸਿੰਘ ਮਾਨ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਉਣ ਦੀ ਅਪੀਲ ਵੀ ਕੀਤੀ।

## ਪੰਜਾਬ ਤੇ ਪੰਥ ਨੂੰ ਬਚਾਉਣ ਲਈ ਅਕਾਲੀ ਦਲ ਨੂੰ ਤਕੜਾ ਕਰਨ ਦੀ ਲੋੜ : ਸੁਖਬੀਰ

### ਡਿੰਪੀ ਢਿੱਲੋਂ ਦੀ ਅਗਵਾਈ 'ਚ ਅਕਾਲੀ ਦਲ ਦੀ ਚੋਣ ਰੈਲੀ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਲੋਕ ਸਭਾ ਹਲਕਾ ਫਰੀਦਕੋਟ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ ਦੀ ਚੋਣ ਮੁਹਿੰਮ ਨੂੰ ਤੇਜ਼ ਕਰਦੇ ਹੋਏ ਹਲਕਾ ਗਿੱਦੜਬਾਹਾ ਦੇ ਪਿੰਡ ਭਲਾਈਆਣਾ ਦੀ ਦਾਣਾ ਮੰਡੀ ਵਿੱਚ ਸ਼੍ਰੋਮਣੀ ਅਕਾਲੀ ਦਲ ਹਲਕਾ ਗਿੱਦੜਬਾਹਾ ਦੇ ਮੁੱਖ ਸੇਵਾਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਦੀ ਅਗਵਾਈ ਵਿੱਚ ਵਿਸ਼ਾਲ ਚੋਣ ਰੈਲੀ ਕੀਤੀ ਗਈ। ਇਸ ਚੋਣ ਰੈਲੀ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਲੋਕ ਸਭਾ ਦੇ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ ਦੇ ਹੱਕ ਵਿੱਚ ਲੋਕਾਂ ਨੂੰ ਲਾਮਬੰਦ ਹੋਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਲੋਕਾਂ ਨੇ ਬਦਲਾਅ ਪਿੱਛੇ ਲੱਗ ਕੇ ਝਾੜੂ ਦੀ ਸਰਕਾਰ ਬਣਾਈ ਸੀ, ਜੋ ਹਰ ਫਰੰਟ 'ਤੇ ਫੇਲ੍ਹ ਹੋ ਗਈ, ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ, ਬਦਲਾਅ ਦੇ ਉਲਟ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਸ਼ਰੇਆਮ ਪੱਗ ਦੀ ਬੇਅਦਬੀ ਕਰ ਰਿਹਾ ਹੈ ਤੇ ਦੂਜੇ ਪਾਸੇ ਤੁਹਾਡੀ ਆਪਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਹਰ ਵਰਗ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਬਾਦਲ ਸਾਹਿਬ ਨੇ ਸਹੂਲਤਾਂ ਦਿੱਤੀਆਂ ਸਨ, ਜਿਵੇਂ ਆਟਾ ਦਾਲ ਸਕੀਮ, ਸ਼ਗਨ ਸਕੀਮ, ਮੋਟਰ ਕੁਨੈਕਸ਼ਨ, ਪੱਕੇ ਖਾਲ, ਪੱਕੀਆਂ ਨਹਿਰਾਂ, ਕੱਸੀਆਂ, ਸੂਏ, ਕਿਸਾਨੀ ਲਈ ਬਿਜਲੀ ਮੁਫਤ, ਪੱਕੀਆਂ ਦਾਣਾ ਮੰਡੀਆਂ, ਪੱਕੀਆਂ ਸੜਕਾਂ ਦੇ ਜਾਲ, ਪੈਨਸ਼ਨਾਂ, ਵਿਦਿਆਰਥੀਆਂ ਲਈ ਵਜ਼ੀਫਾ ਸਕੀਮ, ਲੜਕੀਆਂ ਲਈ ਸਾਇਕਲ, ਪਿੰਡਾਂ ਦੇ ਨੌਜਵਾਨਾਂ ਲਈ ਜਿੰਮ, ਖੇਡ ਗਰਾਊਂਡਾਂ ਤੋਂ ਇਲਾਵਾ ਅਨੇਕਾਂ ਸਕੀਮਾਂ ਅਕਾਲੀ ਦਲ ਦੀ ਸਰਕਾਰ ਸਮੇਂ ਸ਼ੁਰੂ ਕੀਤੀਆਂ ਸਨ, ਜੋ ਅੱਜ ਬੰਦ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ, ਪੰਜਾਬੀਅਤ, ਕਿਸਾਨੀ ਤੇ ਪੰਥ ਨੂੰ ਬਚਾਉਣ ਲਈ ਦਿੱਲੀ ਦੀਆਂ ਪਾਰਟੀਆਂ ਦਾ ਬਾਈਕਾਟ ਕਰਕੇ ਆਪਣੀ ਖੇਤਰੀ ਪਾਰਟੀ ਨੂੰ ਤਕੜਾ ਕਰਨ ਦੀ ਅੱਜ ਲੋੜ ਹੈ। ਇਸ ਮੌਕੇ ਡਿੰਪੀ ਢਿੱਲੋਂ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਭਾਜਪਾ ਤੇ ਕਾਂਗਰਸ ਪਾਰਟੀ ਨੂੰ ਲੋਕ ਸਭਾ ਫਰੀਦਕੋਟ ਵਿੱਚੋਂ ਕੋਈ ਉਮੀਦਵਾਰ ਨਹੀਂ ਮਿਲਿਆ, ਸਾਰੇ ਉਮੀਦਵਾਰ ਹਲਕੇ ਤੋਂ ਬਾਹਰ ਦੇ ਹਨ। ਕਾਂਗਰਸ ਦੀ ਉਮੀਦਵਾਰ ਅਮਰੀਕਾ ਦੀ ਪੀ ਆਰ ਤੇ ਆਪ ਵਾਲਾ ਕੈਨੇਡਾ ਦਾ ਪੀ ਆਰ ਹੈ। ਭਾਜਪਾ ਦਾ ਜਲੰਧਰ ਤੋਂ ਜੋ ਦਿੱਲੀ ਰਹਿੰਦਾ ਹੈ, ਅਕਾਲੀ ਦਲ ਦਾ ਰਾਜਵਿੰਦਰ ਸਿੰਘ ਧਰਮਕੋਟ ਹਲਕੇ ਦਾ ਪੜ੍ਹਿਆ ਲਿਖਿਆ ਇਮਾਨਦਾਰ ਤੇ ਮਿਹਨਤੀ ਹੈ, ਜੋ ਹਲਕੇ ਦੇ ਲੋਕਾਂ ਦੀ ਸੇਵਾ ਕਰੇਗਾ। ਇਸ ਮੌਕੇ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ, ਯੂਥ ਆਗੂ ਅਭੈ ਸਿੰਘ ਢਿੱਲੋਂ, ਸ਼ਮਿੰਦਰ ਕੋਟਲੀ, ਹਰਵਿੰਦਰ ਕਾਕਾ ਤੇ ਸ਼ਹਿਰੀ ਪ੍ਰਧਾਨ ਮਨਜਿੰਦਰ ਸਿੰਘ ਬਿੱਟੂ ਨੇ ਵੀ ਚੋਣ ਰੈਲੀ ਨੂੰ ਸੰਬੋਧਨ ਕੀਤਾ। ਇਸ ਮੌਕੇ ਵੱਡੀ ਗਿਣਤੀ ਅਕਾਲੀ ਆਗੂ ਤੇ ਵਰਕਰ ਹਾਜ਼ਰ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

# ਅੰਤਰ ਜ਼ਿਲ੍ਹਾ ਸ਼ੂਟਿੰਗ ਮੁਕਾਬਲਿਆਂ 'ਚ ਰਿਆੜਕੀ ਪਬਲਿਕ ਸਕੂਲ ਨੇ ਮਾਰੀਆਂ ਮੱਲਾਂ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਇਲਾਕੇ ਦੀ ਸਿਰਮੌਰ ਸੰਸਥਾ ਰਿਆੜਕੀ ਪਬਲਿਕ ਸਕੂਲ ਤੁਗਲਵਾਲਾ ਦੇ ਵਿਦਿਆਰਥੀਆਂ ਨੇ ਅੰਤਰ ਜ਼ਿਲ੍ਹਾ ਸ਼ੂਟਿੰਗ ਮੁਕਾਬਲਿਆਂ ਵਿੱਚੋਂ 12 ਗੋਲਡ, 14 ਸਿਲਵਰ ਅਤੇ 13 ਬਰਾਊਂਜ਼ ਮੈਡਲ ਜਿੱਤ ਕੇ ਸ਼ਾਨਦਾਰ ਉਪਲਬਧੀਆਂ ਹਾਸਲ ਕਰਕੇ ਆਪਣੇ ਸਕੂਲ ਅਤੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ ਹੈ। ਇਸ ਸੰਬੰਧੀ ਸੰਸਥਾ ਦੇ ਮੁੱਖ ਪ੍ਰਬੰਧਕ ਗਗਨਦੀਪ ਸਿੰਘ ਵਿਰਕ, ਡਾਇਰੈਕਟਰ ਮਨਪ੍ਰੀਤ ਕੌਰ ਵਿਰਕ, ਪ੍ਰਿੰ. ਇੰਦਰਜੀਤ ਕੌਰ ਸੈਣੀ ਨੇ ਦੱਸਿਆ ਕਿ ਸ਼ੂਟਿੰਗ ਅਕੈਡਮੀ ਹੁਸ਼ਿਆਰਪੁਰ ਵਿੱਚ ਹੋਏ ਅੰਤਰ ਜ਼ਿਲ੍ਹਾ ਸ਼ੂਟਿੰਗ ਮੁਕਾਬਲਿਆਂ ਵਿੱਚ ਉਨ੍ਹਾਂ ਦੀ ਸੰਸਥਾਂ ਦੇ ਵਿਦਿਆਰਥੀਆਂ ਨੇ ਵੱਖ-ਵੱਖ ਕੈਟਾਗਰੀ ਵਿੱਚ ਹਿੱਸਾ ਲੈ ਕੇ ਆਪਣੇ ਨਿਸ਼ਾਨੇਬਾਜ਼ੀ ਦੇ ਜੌਹਰ ਦਿਖਾਉਂਦੇ ਹੋਏ ਓਪਨ ਸਾਈਟ 10 ਮੀਟਰ, 10 ਮੀਟਰ ਰਾਈਫਲ ਪੀਪ ਸਾਈਟ ਅਤੇ 10 ਮੀਟਰ ਪਿਸਟਲ ਦੇ ਮੁਕਾਬਲਿਆਂ ਵਿੱਚ ਮੱਲਾਂ ਮਾਰੀਆਂ ਹਨ। ਓਪਨ ਸਾਈਟ ਦੇ ਮੁਕਾਬਲਿਆਂ ਵਿੱਚੋਂ ਸੁਖਮਨਪ੍ਰੀਤ ਸਿੰਘ ਨੇ ਪਹਿਲਾ ਸਥਾਨ, ਹਰਜੀਤ ਸਿੰਘ ਨੇ ਦੂਸਰਾ ਸਥਾਨ, ਜਸਕੀਰਤ ਸਿੰਘ ਨੇ ਤੀਸਰਾ ਸਥਾਨ ਹਾਸਿਲ ਕਰਕੇ ਸੋਨੇ, ਚਾਂਦੀ ਤੇ ਕਾਂਸੇ ਦਾ ਤਮਗਾ ਜਿੱਤਿਆ। 0 ਮੀਟਰ ਰਾਈਫਲ ਮੈਨ ਪੀਪ ਸਾਈਟ ਵਿੱਚੋਂ ਨਵਨੀਤ ਸਿੰਘ ਸੋਨੇ ਦਾ ਅਤੇ ਸਹਿਬਾਜ਼ ਸਿੰਘ ਨੇ ਚਾਂਦੀ ਦਾ ਤਮਗਾ ਜਿੱਤਿਆ। ਜੂਨੀਅਰ ਮੈਨ ਵਿੱਚੋਂ ਅਵੀਜੋਤ ਸਿੰਘ ਨੇ ਸੋਨੇ ਦਾ, ਗੁਰਬਾਜ ਸਿੰਘ ਨੇ ਚਾਂਦੀ ਅਤੇ ਮਨਰਾਜ ਸਿੰਘ ਨੇ ਕਾਂਸੇ ਦਾ ਤਮਗਾ ਜਿੱਤਿਆ। ਯੂਥ ਮੈਨ 10 ਮੀਟਰ ਵਿੱਚੋਂ ਅਵੀਜੋਤ ਸਿੰਘ ਨੇ ਸੋਨੇ ਦਾ ਅਤੇ ਗੁਰਸ਼ਾਨਦੀਪ ਸਿੰਘ ਨੇ ਚਾਂਦੀ ਦਾ ਤਮਗਾ ਜਿੱਤਿਆ। ਸਬ ਯੂਥ ਮੈਨ ਪੀਪ ਸਾਈਟ ਵਿੱਚੋਂ ਰਮਨਦੀਪ ਸਿੰਘ ਨੇ ਸੋਨੇ ਦਾ, ਇੰਦਰਜੀਤ ਸਿੰਘ ਨੇ ਚਾਂਦੀ ਅਤੇ ਜਸਕੀਰਤ ਸਿੰਘ ਨੇ ਕਾਂਸੇ ਦਾ ਤਮਗਾ ਜਿੱਤਿਆ। ਸਬ-ਯੂਥ ਲਿਟਲ ਚੈਂਪ 42 ਵਿੱਚੋਂ ਕਰਨਵੀਰ ਸਿੰਘ ਨੇ ਸੋਨੇ ਦਾ, ਜਸਰਾਜ ਸਿੰਘ ਚਾਂਦੀ ਅਤੇ ਕਾਰਤਿਕ ਨੇ ਕਾਂਸੇ ਦਾ ਤਮਗਾ ਜਿੱਤਿਆ। ਯੂਥ ਵੂਮੈਨ ਐੱਨ ਆਰ ਜੀ5 ਵਿੱਚੋਂ ਸੰਸਥਾ ਦੀਆਂ ਵਿਦਿਆਰਥਣਾਂ ਹਸਨਪ੍ਰੀਤ ਕੌਰ ਨੇ ਕਾਂਸੇ, ਓਪਨ ਸਾਈਟ ਵੋਮੈਨ ਓ ਐੱਸ ਆਰ 22 ਵਿੱਚੋਂ ਪਵਨਜੀਤ ਕੌਰ ਨੇ ਸੋਨੇ ਦਾ, ਜਸਨਪ੍ਰੀਤ ਕੌਰ ਨੇ ਚਾਂਦੀ ਅਤੇ ਹਰਲੀਨ ਕੌਰ ਨੇ ਕਾਂਸੇ ਦਾ ਤਮਗਾ, ਪਿਸਟਲ ਯੂਥ ਮੈਨ ਐਨਪੀ 13 ਵਿੱਚੋਂ ਏਕਮ ਨੂਰ ਸਿੰਘ ਨੇ ਚਾਂਦੀ ਦਾ ਤਮਗਾ, ਗੁਰ ਏਕਮ ਸਿੰਘ ਨੇ ਕਾਂਸੇ ਦਾ ਤਮਗਾ, ਐੱਨਪੀ 14 ਵਿੱਚੋਂ ਗੁਰਮਨ ਸਿੰਘ ਸੋਨ ਦਾ ਤਮਗਾ, ਕੀਰਤਨ ਪ੍ਰੀਤ ਸਿੰਘ ਨੇ ਚਾਂਦੀ ਦਾ ਅਤੇ ਅੰਮ੍ਰਿਤਪਾਲ ਸਿੰਘ ਨੇ ਕਾਂਸੇ ਦਾ ਤਮਗਾ ਹਾਸਲ ਕੀਤਾ। ਮੈਨ ਸਿਟਿੰਗ ਵਿੱਚ ਸਿਦਕਜੋਤ ਸਿੰਘ ਨੇ ਸੋਨੇ ਦਾ, ਦਮਨਪ੍ਰੀਤ ਸਿੰਘ ਨੇ ਚਾਂਦੀ, ਪਿਸਟਲ ਵੂਮੈਨ ਵਿੱਚੋਂ ਯੂਥ ਐੱਨਪੀ 15 ਵਿੱਚ ਪਲਕਪ੍ਰੀਤ ਕੌਰ ਨੇ ਕਾਂਸੇ, ਜੂਨੀਅਰ ਪਿਸਟਲ ਵੋਮੈਨ ਵਿੱਚੋਂ ਹਰਪ੍ਰੀਤ ਕੌਰ ਨੇ ਸੋਨੇ ਦਾ ਤਮਗਾ ਤੇ ਪਲਵੀ ਕਾਲੀਆ ਨੇ ਚਾਂਦੀ ਤਮਗਾ, ਸਬ ਯੂਥ ਸਿਟਿੰਗ ਲਿਟਲ ਚੈਂਪ ਐੱਲਸੀਪੀ 41 ਜਪਨੀਤ ਕੌਰ ਨੇ ਸਨੇ ਦਾ ਤਮਗਾ, ਏਕਮਜੀਤ ਕੌਰ ਨੇ ਚਾਂਦੀ ਅਤੇ ਪਵਨੀਤ ਕੌਰ ਨੇ ਕਾਂਸੇ ਦਾ ਤਮਗਾ ਜਿੱਤਿਆ। ਇਸ ਦੇ ਨਾਲ ਹੀ ਸੰਸਥਾ ਵੱਲੋਂ ਰਨਰ ਅੱਪ ਟਰਾਫੀ ਵੀ ਜਿੱਤੀ ਹੈ। ਇਸ ਮੌਕੇ ਸੰਸਥਾ ਦੇ ਮੁੱਖ ਪ੍ਰਬੰਧਕ ਗਗਨਦੀਪ ਸਿੰਘ ਵਿਰਕ, ਡਾਇਰੈਕਟਰ ਮਨਪ੍ਰੀਤ ਕੌਰ ਵਿਰਕ, ਪ੍ਰਿੰ. ਇੰਦਰਜੀਤ ਕੌਰ ਸੈਣੀ ਨੇ ਸੰਸਥਾ ਦੀ ਇਸ ਵੱਡੀ ਪ੍ਰਾਪਤੀ ਦੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਸਕੂਲ ਖੇਡ ਇੰਚਾਰਜ ਜਤਿੰਦਰ ਕੁਮਾਰ, ਰਾਜਵਿੰਦਰ ਕੌਰ ਦਾ ਵੀ ਉਚੇਚਾ ਸਨਮਾਨ ਕੀਤਾ ਗਿਆ।

# ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਦੀ ਹੋਈ ਰੈਂਡੇਮਾਈਜ਼ੇਸ਼ਨ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਲੋਕ ਸਭਾ ਚੋਣਾਂ 2024 ਵਿਚ ਵਰਤੀਆਂ ਜਾਣ ਵਾਲੀਆਂ ਮਸ਼ੀਨਾਂ ਦੀ ਵਿਧਾਨ ਸਭਾ ਹਲਕਾ ਵਾਈਜ਼ ਰੈਂਡੇਮਾਇਜ਼ੇਸ਼ਨ ਜਨਰਲ ਆਬਜ਼ਰਵਰ ਕੇ. ਮਹੇਸ਼ ਆਈਏਐੱਸ ਅਤੇ ਰਿਟਰਨਿੰਗ ਅਫ਼ਸਰ ਲੋਕ ਸਭਾ ਹਲਕਾ 01-ਗੁਰਦਾਸਪੁਰ ਵਿਸ਼ੇਸ਼ ਸਾਰੰਗਲ ਦੀ ਨਿਗਰਾਨੀ ਹੇਠ ਮੁਕੰਮਲ ਹੋਈ।ਇਸ ਮੌਕੇ ਏਆਰਓ-ਕਮ-ਐੱਸਡੀਐੱਮ ਗੁਰਦਾਸਪੁਰ ਡਾ. ਕਰਮਜੀਤ ਸਿੰਘ, ਸਹਾਇਕ ਕਮਿਸ਼ਨਰ (ਜ)-ਕਮ-ਏਆਰਓ ਕਾਦੀਆਂ ਅਸ਼ਵਨੀ ਅਰੋੜਾ, ਏਆਰਓ.-ਕਮ-ਐੱਸਡੀਐੱਮ ਦੀਨਾਨਗਰ ਗੁਰਦੇਵ ਸਿੰਘ ਧਾਮ, ਏਆਰਓ-ਕਮ-ਐੱਸਡੀਐੱਮ ਫ਼ਤਿਹਗੜ੍ਹ ਚੂੜੀਆਂ ਸੁਖਰਾਜ ਸਿੰਘ, ਚੋਣ ਤਹਿਸੀਲਦਾਰ ਮਨਜਿੰਦਰ ਸਿੰਘ ਬਾਜਵਾ, ਜ਼ਿਲ੍ਹਾ ਸੂਚਨਾ ਅਫ਼ਸਰ ਸੋਨੀ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।ਇਹ ਸਾਰੀ ਪ੍ਰਕ੍ਰਿਆ ਚੋਣ ਲੜ ਰਹੇ ਉਮੀਦਵਾਰਾਂ ਅਤੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਦੀ ਹਾਜ਼ਰੀ ਵਿਚ ਕੀਤੀ ਗਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਧਿਕਾਰੀ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਜ਼ਿਲ੍ਹੇ ਦੇ 7 ਵਿਧਾਨ ਸਭਾ ਹਲਕਿਆਂ ਨੂੰ ਅੱਜ ਦੀ ਰੈਂਡੇਮਾਈਜ਼ੇਸ਼ਨ ਦੌਰਾਨ 3722 ਬੈਲਟ ਯੂਨਿਟ, 1861 ਕੰਟਰੋਲ ਯੂਨਿਟ ਅਤੇ 2015 ਵੀਵੀਪੈਟ ਮਸ਼ੀਨਾਂ ਅਲਾਟ ਕੀਤੀਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਰੈਂਡੇਮਾਈਜ਼ੇਸ਼ਨ ਦੀ ਇਹ ਸਾਰੀ ਪ੍ਰਕਿਰਿਆ ਉਨ੍ਹਾਂ ਦੀ ਅਤੇ ਜਨਰਲ ਆਬਜ਼ਰਵਰ ਹਾਜ਼ਰੀ ਵਿੱਚ ਹੋਈ ਹੈ।ਉਨ੍ਹਾਂ ਕਿਹਾ ਕਿ ਮਾਣਯੋਗ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਵਿੱਚ ਲੋਕ ਸਭਾ ਪੂਰੇ ਆਜ਼ਾਦਾਨਾ ਅਤੇ ਸ਼ਾਂਤਮਈ ਮਾਹੌਲ ਵਿੱਚ ਨੇਪਰੇ ਚਾੜ੍ਹੀਆਂ ਜਾਣਗੀਆਂ।

# ਅੰਕਾਂ ਦੀ ਪ੍ਰਤੀਸ਼ਤਤਾ ਨੂੰ ਲੈ ਕੇ ਬੱਚਿਆਂ 'ਤੇ ਦਬਾਅ ਪਾਉਣਾ ਘਾਤਕ: ਮੱਕੜ

**ਅੰਮ੍ਰਿਤਸਰ:** ਪਿਛਲੇ ਹਫ਼ਤੇ 10ਵੀਂ ਅਤੇ 12ਵੀਂ ਜਮਾਤ ਦੇ ਨਤੀਜੇ ਆਏ ਸਨ।ਬਹੁਤ ਸਾਰੇ ਚੰਗੇ ਅੰਕ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ, ਪਰ ਇਸ ਤੋਂ ਵੀ ਵੱਧ ਮੁਬਾਰਕਾਂ ਉਨ੍ਹਾਂ ਵਿਦਿਆਰਥੀਆਂ ਨੂੰ ਜੋ ਆਪਣੇ ਟੀਚੇ ਤੋਂ ਥੋੜ੍ਹੇ ਜਿਹੇ ਪਿਛਾਂਹ ਰਹਿ ਗਏ।ਇਹ ਉਨ੍ਹਾਂ ਨੂੰ ਹੋਰ ਵੀ ਵਧੀਆ ਕਰਨ ਲਈ ਸਖ਼ਤ ਮਿਹਨਤ ਕਰਨ ਲਈ ਪਰਿਪੱਕ ਕਰੇਗਾ।ਹਾਲ ਹੀ ਵਿੱਚ ਅੰਮ੍ਰਿਤਸਰ ਵਿੱਚ ਵਾਪਰੀ ਘਟਨਾ ਨੇ ਦਿਲ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਮਤਿਹਾਨਾਂ 'ਚ ਘੱਟ ਨੰਬਰ ਆਉਣ ਕਾਰਨ ਬੇਟੇ ਨੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ।ਅਜਿਹੀਆਂ ਕਈ ਖ਼ਬਰਾਂ ਹਰ ਸਾਲ ਆਉਂਦੀਆਂ ਹਨ।ਅਜਿਹੀਆਂ ਘਟਨਾਵਾਂ ਲਈ ਮਾਪੇ ਅਤੇ ਵਿਦਿਆਰਥੀ ਦੋਵੇਂ ਹੀ ਜ਼ਿੰਮੇਵਾਰ ਹਨ।ਜੇਕਰ ਮਾਪਿਆਂ ਦੀ ਗੱਲ ਕਰੀਏ ਤਾਂ ਕਈ ਵਾਰ ਉਹ ਆਪਣੇ ਬੱਚਿਆਂ ਨੂੰ 100 ਫੀਸਦੀ ਅੰਕਾਂ ਦਾ ਟੀਚਾ ਦਿੰਦੇ ਹਨ, ਜਿਸ ਨਾਲ ਬੱਚਿਆਂ 'ਤੇ ਦਬਾਅ ਵਧ ਜਾਂਦਾ ਹੈ।ਅੱਜ ਦੇ ਜ਼ਿਆਦਾਤਰ ਮਾਪੇ ਆਪਣੇ ਬੱਚਿਆਂ ਨੂੰ ਬਹੁਤ ਸਾਰੀਆਂ ਸੁੱਖ-ਸਹੂਲਤਾਂ ਪ੍ਰਦਾਨ ਕਰਦੇ ਹਨ ਪਰ ਰੋਜ਼ਾਨਾ ਜੀਵਨ ਵਿੱਚ ਉਨ੍ਹਾਂ ਨਾਲ ਬਹੁਤ ਘੱਟ ਸਮਾਂ ਬਿਤਾਉਂਦੇ ਹਨ।ਉਹ ਆਪਣੇ ਜੀਵਨ ਦੇ ਤਜਰਬੇ ਉਨ੍ਹਾਂ ਨਾਲ ਸਾਂਝੇ ਨਹੀਂ ਕਰਦੇ, ਜਿਸ ਕਾਰਨ ਬੱਚੇ ਜ਼ਿੰਦਗੀ ਦੀਆਂ ਕੌੜੀਆਂ ਸੱਚਾਈਆਂ ਤੋਂ ਦੂਰ ਰਹਿੰਦੇ ਹਨ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਸ਼ਵ ਪ੍ਰਸਿੱਧ ਮਨੋਵਿਗਿਆਨੀ ਡਾ: ਹਰਜੋਤ ਸਿੰਘ ਮੱਕੜ ਨੇ ਰਣਜੀਤ ਐਵੀਨਿਊ ਸਥਿਤ ਡਾ: ਹਰਜੋਤ ਨਿਊਰੋਸਾਈਕੈਟ੍ਰਿਕ ਸੈਂਟਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਬੱਚਿਆਂ ਵਿੱਚ ਅਸਫ਼ਲਤਾ ਝੱਲਣ ਦੀ ਤਾਕਤ ਨਹੀਂ ਹੁੰਦੀ, ਬੱਚੇ ਮਾਪਿਆਂ ਨਾਲ ਰਹਿ ਕੇ ਵੀ ਇਕੱਲਾਪਣ ਮਹਿਸੂਸ ਕਰਦੇ ਹਨ।ਮਾਪਿਆਂ ਦੇ ਮਨ ਵਿੱਚ ਬਹੁਤ ਡਰ ਹੁੰਦਾ ਹੈ, ਜਿਸ ਕਾਰਨ ਜਾਂ



ਤਾਂ ਬੱਚਾ ਡਿਪਰੈਸ਼ਨ ਵਿੱਚ ਚਲਾ ਜਾਂਦਾ ਹੈ ਜਾਂ ਖੁਦਕੁਸ਼ੀ ਕਰ ਲੈਂਦਾ ਹੈ।ਇੱਕ ਸਰਵੇਖਣ ਕਰਵਾਇਆ ਗਿਆ ਜਿਸ ਵਿੱਚ ਖੁਦਕੁਸ਼ੀ ਕਰਨ ਵਾਲੇ ਜ਼ਿਆਦਾਤਰ ਵਿਦਿਆਰਥੀ ਟਾਪਰ ਪਾਏ ਗਏ। ਦਰਅਸਲ, ਅਜਿਹੇ ਵਿਦਿਆਰਥੀ ਪਹਿਲਾਂ ਹੀ ਆਪਣੀ ਜ਼ਿੰਦਗੀ ਦਾ ਟੀਚਾ ਬਣਾ ਲੈਂਦੇ ਹਨ ਕਿ ਕਿੰਨੇ ਪ੍ਰਤੀਸ਼ਤ ਅੰਕ ਪ੍ਰਾਪਤ ਕਰਨੇ ਹਨ, ਕਿੱਥੇ ਦਾਖਲਾ ਲੈਣਾ ਹੈ, ਬਾਅਦ ਵਿੱਚ ਕਿੱਥੇ ਨੌਕਰੀ ਕਰਨੀ ਹੈ।ਕਈ ਵਾਰ ਉਹ ਆਪਣੀ ਜਾਨ ਗੁਆ ਦਿੰਦੇ ਹਨ ਕਿਉਂਕਿ ਉਹ ਪਹਿਲੇ ਕਦਮ ਵਿੱਚ ਟੀਚੇ ਤੋਂ ਥੋੜ੍ਹਾ ਘੱਟ ਪ੍ਰਾਪਤ ਕਰਦੇ ਹਨ।ਅੱਜ ਦੇ ਸੋਸ਼ਲ ਮੀਡੀਆ ਯੁੱਗ ਵਿੱਚ ਇਸ ਸਮੱਸਿਆ ਨੂੰ ਸਮਝਣ ਦੀ ਲੋੜ ਹੈ।ਸਭ ਤੋਂ ਪਹਿਲਾਂ, ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਜ਼ਿੰਦਗੀ ਲਈ ਤਿਆਰ ਕਰਨਾ ਚਾਹੀਦਾ ਹੈ। ਉਨ੍ਹਾਂ 'ਤੇ ਦਬਾਅ ਨਹੀਂ ਪਾਉਣਾ ਚਾਹੀਦਾ।ਬੱਚਿਆਂ ਨੂੰ ਵੱਧ ਤੋਂ ਵੱਧ ਸਮਾਂ ਦਿਓ।ਅਜਿਹਾ ਕਰਨ ਨਾਲ ਮਾਤਾ-ਪਿਤਾ ਅਤੇ ਬੱਚਿਆਂ ਵਿਚਕਾਰ ਚੰਗਾ ਰਿਸ਼ਤਾ ਬਣੇਗਾ।ਸੋਸ਼ਲ ਮੀਡੀਆ ਦੀ ਸਹੀ ਵਰਤੋਂ ਬਾਰੇ ਵੀ ਦੱਸੋ।ਬੱਚਿਆਂ ਨੂੰ ਵੀ ਅੱਗੇ ਵਧਣ ਲਈ ਸਖ਼ਤ ਮਿਹਨਤ ਕਰਨ ਦੀ ਸਲਾਹ ਦਿਓ। ਉਨ੍ਹਾਂ ਦੀ ਜ਼ਿੰਦਗੀ ਕ੍ਰਿਕਟ ਪਿੱਚ ਵਰਗੀ ਹੈ, ਜੇਕਰ ਇਕ ਗੇਂਦ ਖੁੰਝ ਜਾਂਦੀ ਹੈ ਤਾਂ ਕੋਈ ਸਮੱਸਿਆ ਨਹੀਂ ਪਰ ਅਗਲੀ ਗੇਂਦ ਲਈ ਆਪਣੀ ਪੂਰੀ ਕੋਸ਼ਿਸ਼ ਕਰੋ।ਡਾ: ਮੱਕੜ ਨੇ ਕਿਹਾ ਕਿ ਸਕੂਲਾਂ ਵਿੱਚ ਮਾਨਸਿਕ ਸਿਹਤ ਸਬੰਧੀ ਕਲਾਸਾਂ ਵੀ ਲਗਾਈਆਂ ਜਾਣੀਆਂ ਚਾਹੀਦੀਆਂ ਹਨ।ਵਿਦਿਆਰਥੀਆਂ ਨੂੰ ਸਮੇਂ-ਸਮੇਂ 'ਤੇ ਵਿਵਹਾਰ 'ਚ ਬਦਲਾਅ ਬਾਰੇ ਸਲਾਹ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਉਹ ਸਹੀ ਮਾਰਗ 'ਤੇ ਚੱਲ ਸਕਣ।ਅੰਤ ਵਿੱਚ ਮੈਂ ਬੱਚਿਆਂ ਨੂੰ ਇਹ ਕਹਿਣਾ ਚਾਹਾਂਗਾ ਕਿ ਸਕਾਰਾਤਮਕ ਰਹੋ, ਤੁਹਾਡੇ ਅੱਗੇ ਵਧਣ ਵਾਲੇ ਸਕਾਰਾਤਮਕਕਦਮਾਂ ਲਈ ਸ਼ੁਭਕਾਮਨਾਵਾਂ।

**-ਪ੍ਰਦੀਪ ਕੁਮਾਰ**

# ਸੌ ਵਿੱਚੋਂ ਸੌ ਅੰਕ ਪ੍ਰਾਪਤ ਕਰਕੇ ਰਚਿਆ ਇਤਿਹਾਸ !



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਬੀਤੇ ਦਿਨੀਂ ਸੀਬੀਐੱਸਈ ਬੋਰਡ ਵੱਲੋਂ ਦੱਸਵੀਂ ਜਮਾਤ ਦਾ ਨਤੀਜਾ ਐਲਾਨਿਆ ਗਿਆ ਜਿਸ ਵਿੱਚ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਬੇਮਿਸਾਲ ਰਿਹਾ।ਸਕੂਲ ਦੇ ਦੱਸਵੀਂ ਜਮਾਤ ਦੇ ਨਤੀਜੇ ਬਾਰੇ ਗੱਲ ਕਰਦਿਆਂ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਅਤੇ ਪ੍ਰਿੰ. ਮਨੀਸ਼ਾ ਸੂਦ ਨੇ ਦੱਸਿਆ ਕਿ ਸਕੂਲ ਦੀ ਦੱਸਵੀਂ ਦਾ ਨਤੀਜਾ 100% ਰਿਹਾ। ਲਗਾਤਾਰ ਸੱਤਵੀਂ ਵਾਰ ਸੀਬੀਐੱਸਈ ਬੋਰਡ ਦੇ ਨਤੀਜਿਆਂ ਵਿੱਚੋਂ ਜ਼ਿਲ੍ਹਾ ਪੱਧਰ 'ਤੇ ਅੱਵਲ ਰਹਿਣ ਦੇ ਨਾਲ-ਨਾਲ ਸਕੂਲ ਵਿੱਚ ਇੱਕ ਨਵਾਂ ਇਤਿਹਾਸ ਰਚਿਆ ਗਿਆ।

ਜਿਸ ਵਿੱਚ ਦੱਸਵੀਂ ਜਮਾਤ ਦੇ 10 ਵਿਦਿਆਰਥੀਆਂ ਅਲੀਸ਼ਾ ਸਪੁੱਤਰੀ ਜਤਿੰਦਰ ਕੁਮਾਰ, ਮਹਿਕਪ੍ਰੀਤ ਕੌਰ ਸਪੁੱਤਰੀ ਸਾਹਿਬ ਸਿੰਘ, ਚਾਹਤਪ੍ਰੀਤ ਕੌਰ ਸਪੁੱਤਰੀ ਗੁਰਦੀਪ ਸਿੰਘ, ਮਹਿਕਦੀਪ ਕੌਰ ਸਪੁੱਤਰੀ ਦਿਲਬਾਗ ਸਿੰਘ, ਅਰਸ਼ਪ੍ਰੀਤ ਕੌਰ ਸਪੁੱਤਰੀ ਜਤਿੰਦਰ ਸਿੰਘ, ਮਹਿਕਪ੍ਰੀਤ ਕੌਰ ਸਪੁੱਤਰੀ ਸ. ਸੁਖਵੰਤ ਸਿੰਘ, ਰਛਪਿੰਦਰ ਕੌਰ ਸਪੁੱਤਰੀ ਹਰਜੀਤ, ਸ਼ੁਭਨੀਤ ਕੌਰ ਸਪੁੱਤਰੀ ਸਤਵਿੰਦਰ ਸਿੰਘ, ਮਨਦੀਪ ਕੌਰ ਸਪੁੱਤਰੀ ਸ. ਗੁਰਪ੍ਰੀਤ ਸਿੰਘ ਅਤੇ ਜਸ਼ਨਦੀਪ ਕੌਰ ਸਪੁੱਤਰੀ ਸ. ਰਣਜੀਤ ਸਿੰਘ ਨੇ ਆਪਣੀ ਮਿਹਨਤ, ਲਗਨ ਅਤੇ ਆਪਣੀ ਅਧਿਆਪਕਾ ਬਲਜੀਤ ਕੌਰ ਦੀ ਯੋਗ ਅਗਵਾਈ ਸਦਕਾ ਪੰਜਾਬੀ ਵਿਸ਼ੇ ਵਿੱਚ 100 ਵਿੱਚੋਂ 100 ਅੰਕ ਪ੍ਰਾਪਤ ਕਰਕੇ ਪੂਰੇ ਪੰਜਾਬ ਵਿੱਚ ਸਕੂਲ ਦੀ ਸ਼ਾਨ ਵਧਾਈ।ਇਸ ਮੌਕੇ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰ ਸਾਹਿਬਾਨਾਂ ਅਤੇ ਪ੍ਰਿੰਸੀਪਲ ਸਾਹਿਬ ਜੀ ਨੇ ਵਿਦਿਆਰਥੀਆਂ ਦੀ ਲਗਨ, ਅਧਿਆਪਕਾਂ ਦੀ ਮਿਹਨਤ ਅਤੇ ਮਾਪਿਆਂ ਦੇ ਸਹਿਯੋਗ ਨੂੰ ਮੱਦੇਨਜ਼ਰ ਰੱਖਿਆ ਅਤੇ ਸਭ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਹਮੇਸ਼ਾ ਨਵੇਂ ਰਿਕਾਰਡ ਬਣਾਉਂਦੇ ਰਹਿਣ ਲਈ ਪ੍ਰੇਰਿਤ ਕੀਤਾ।

# ਮੈਂ ਸੰਸਦ 'ਚ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਬਣਾਉਣ ਲਈ ਸੰਘਰਸ਼ ਕਰਾਂਗਾ : ਕਾਮਰੇਡ ਗੁਰਦਿਆਲ

**ਖਡੂਰ ਸਾਹਿਬ: (ਨਜ਼ਸ)**—ਸੀਪੀਆਈ ਤੇ ਸੀਪੀਐੱਮ ਦੇ ਸਾਂਝੇ ਉਮੀਦਵਾਰ ਗੁਰਦਿਆਲ ਸਿੰਘ ਖਡੂਰ ਸਾਹਿਬ ਨੇ ਮੁਗਲਾਣੀ ਤੇ ਫਤਿਹਾਬਾਦ ਵਿਖੇ ਮੀਟਿੰਗਾਂ ਵਿੱਚ ਬੋਲਦਿਆਂ ਕਿਹਾ ਕਿ ਮੈਂ ਪਾਰਲੀਮੈਂਟ ਵਿੱਚ ਜਾਵਾਂ ਭਾਵੇਂ ਨਾ ਜਾਵਾਂ ਪਰ ਮੈਂ ਪਹਿਲਾਂ ਦੀ ਤਰ੍ਹਾਂ ਲੋਕ ਸੇਵਾ ਕਰਦਾ ਰਹਾਂਗਾ।ਜੇ ਤੁਸੀਂ ਵੋਟਾਂ ਵਿੱਚ ਮੈਨੂੰ ਜਿਤਾ ਕੇ ਪਾਰਲੀਮੈਂਟ ਵਿੱਚ ਭੇਜਦੇ ਜੇ ਤਾਂ ਮੈਂ ਫਿਰ ਲੋਕਾਂ ਦੇ ਜੀਵਨ ਸੁਰੱਖਿਆ ਲਈ ਕਾਨੂੰਨ ਬਣਾਉਣ ਵਾਸਤੇ ਜ਼ੋਰਦਾਰ ਢੰਗ ਨਾਲ ਲੜਾਂਗਾ। ਦੂਜੀਆਂ ਰਾਜਨੀਤਕ ਪਾਰਟੀਆਂ ਦੇ ਆਗੂ ਐਮ ਪੀ ਬਣਨ ਤੋਂ ਬਾਅਦ ਜਨਤਾ ਦੀ ਸੇਵਾ ਨਹੀਂ ਕਰਦੇ ਉਹ ਤਾਂ ਜਨਤਾ ਨੂੰ ਲੁੱਟਣ ਦੇ ਮਨਸੂਬੇ ਬਣਾਉਂਦੇ ਰਹਿੰਦੇ ਹਨ।ਇਨ੍ਹਾਂ ਲੁੱਟਣ ਤੇ ਕੁੱਟਣ ਵਾਲਿਆਂ ਵਿੱਚ ਬੀਜੇਪੀ ਸਭ ਤੋਂ ਅੱਗੇ ਹੈ ਪਰ ਕਾਂਗਰਸ, ਆਪ ਤੇ ਅਕਾਲੀ ਵੀ ਘੱਟ ਨਹੀਂ ਹਨ। ਜਦੋਂ ਇਨ੍ਹਾਂ ਦੀਆਂ ਸਰਕਾਰਾਂ ਬਣ ਜਾਂਦੀਆਂ ਹਨ ਫਿਰ ਇਹ ਸਾਰੇ ਵਾਅਦੇ ਭੁੱਲ ਜਾਂਦੇ ਹਨ। ਜਿਵੇਂ ਆਪ ਦੀ ਸਰਕਾਰ ਨੇ ਔਰਤਾਂ ਨੂੰ ਹਰ ਮਹੀਨੇ 1000 ਰੁਪਏ ਦੇਣ ਦਾ ਵਾਅਦਾ ਕਰਕੇ ਵੋਟਾਂ ਤੇ ਵਟੋਰ ਲਈਆਂ ਪਰ ਵਾਅਦਾ ਪੂਰਾ ਨਾ ਕੀਤਾ। ਮੈਂ ਪਾਰਲੀਮੈਂਟ ਦੇ ਅੰਦਰ ਜਾ ਕੇ ਸਾਰੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵਾਲਾ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਬਣਾਉਣ ਲਈ ਸੰਘਰਸ਼ ਕਰਾਂਗਾ।ਰੁਜ਼ਗਾਰ ਨਾ ਮਿਲਣ ਕਰਕੇ ਜੁਆਨੀ ਛੱਲੀ ਪੂਣੀ ਵੇਚ ਕੇ ਵਿਦੇਸ਼ਾਂ ਨੂੰ ਜਾ ਰਹੀ ਹੈ।ਸਾਡੇ ਕਿਰਤੀ ਵਿਦੇਸ਼ਾਂ ਦੀਆਂ ਸਰਕਾਰਾਂ ਭਾਵ



ਉਥੋਂ ਦੀ ਜਨਤਾ ਨੂੰ ਖੁਸ਼ਹਾਲ ਬਣਾਉਣ ਦਾ ਕੰਮ ਕਰ ਰਹੇ ਹਨ।ਜੇ ਉਨ੍ਹਾਂ ਨੂੰ ਆਪਣੇ ਦੇਸ਼ ਵਿੱਚ ਕੰਮ ਮਿਲੇ, ਏਧਰ ਕਿਰਤ ਕਰਨ ਤਾਂ ਸਾਡੇ ਮੁਲਖ ਦੀ ਜਨਤਾ ਖੁਸ਼ਹਾਲ ਹੋਵੇਗੀ।ਇਸ ਲਈ ਜੁਆਨੀ ਨੂੰ ਹਰ ਹਾਲਤ ਵਿੱਚ ਰੁਜ਼ਗਾਰ ਮਿਲਣਾ ਚਾਹੀਦਾ ਹੈ। ਪੰਜਾਬ ਇਸਤਰੀ ਸਭਾ ਦੀ ਆਗੂ ਬਲਜੀਤ ਸਿੰਘ ਫਤਿਆਬਾਦ ਨੇ ਕਿਹਾ ਕਿ ਗੁਰਦਿਆਲ ਸਿੰਘ ਔਰਤਾਂ ਨੂੰ ਪਾਰਲੀਮੈਂਟ ਵਿੱਚ 33 ਫੀਸਦੀ ਰਿਜ਼ਰਵੇਸ਼ਨ ਦਿਵਾਉਣ ਲਈ ਆਵਾਜ਼ ਉਠਾਏਗਾ। ਪਹਿਲਾਂ ਜਦੋਂ ਕਮਿਊਨਿਸਟ ਪਾਰਟੀਆਂ ਦੇ ਸਹਾਰੇ ਕਾਂਗਰਸ ਦੀ ਸਰਕਾਰ ਚੱਲ ਰਹੀ ਸੀ ਤੇ ਉਸ ਸਮੇਂ ਪ੍ਰਸਿੱਧ ਇਸਤਰੀ ਆਗੂ ਕਾਮਰੇਡ ਗੀਤਾ ਮੁਕਰਜੀ ਐਮ ਪੀ ਦੀ ਅਗਵਾਈ ਹੇਠ ਪਾਰਲੀਮੈਂਟ ਵਿੱਚ ਔਰਤਾਂ ਨੂੰ ਰਿਜ਼ਰਵੇਸ਼ਨ ਦੇਣ ਵਾਲਾ ਕਮਿਸ਼ਨ ਬਣਿਆ ਤੇ ਉਸ ਕਮਿਸ਼ਨ ਨੇ ਪਾਰਲੀਮੈਂਟ ਅੰਦਰ 33 ਫੀਸਦੀ ਸੀਟਾਂ ਔਰਤਾਂ ਨੂੰ ਦੇਣ ਦੀ ਸਿਫਾਰਸ਼ ਕੀਤੀ ਪਰ ਉਹ ਕਾਂਗਰਸ ਦੀ ਹਕੂਮਤ ਨੇ ਲਾਗੂ ਨਹੀਂ ਸੀ ਕੀਤਾ।ਬੀਜੇਪੀ ਨੇ ਤਾਂ ਕੀ ਕਰਨਾ ਹੈ।ਜੇ ਫਿਰ ਸਾਡੇ ਆਸਰੇ ਸੈਂਟਰ ਵਿੱਚ ਹਕੂਮਤ ਬਣੀ ਤਾਂ ਸਾਡੀ ਪਾਰਟੀ ਔਰਤਾਂ ਨੂੰ 33 ਫੀਸਦੀ ਰਿਜ਼ਰਵੇਸ਼ਨ ਦਿਵਾਉਣ ਲਈ ਲੜੇਗੀ।ਇਸ ਲਈ ਭੈਣਾਂ ਭਰਾਵਾਂ ਨੂੰ ਪੁਰਜ਼ੋਰ ਅਪੀਲ ਹੈ ਕਿ ਪਹਿਲੀ ਜੂਨ ਵਾਲੇ ਦਿਨ ਦਾਤਰੀ ਸਿੱਟੇ ਵਾਲਾ ਬਟਨ ਦਬਾ ਕੇ ਗੁਰਦਿਆਲ ਸਿੰਘ ਨੂੰ ਕਾਮਯਾਬ ਕਰੋ।ਇਸ ਮੌਕੇ ਸੁਖਵਿੰਦਰ ਸਿੰਘ ਮੁਗਲਾਣੀ, ਬਲਦੇਵ ਸਿੰਘ ਧੂੰਦਾ, ਗੁਰਚਰਨ ਸਿੰਘ ਕੰਡਾ,ਗੁਰਮੀਤ ਸਿੰਘ ਮੈਂਬਰ ਪੰਚਾਇਤ ਤੇ ਜਤਿੰਦਰ ਕੁਮਾਰ ਵਿੰਪਲ, ਰਾਜਪਾਲ ਸਿੰਘ, ਹਰਜੀਤ ਕੌਰ ਤੇ ਰਾਣੀ ਮੁਗਲਾਣੀ, ਮੇਜਰ ਸਿੰਘ ਦਾਰਾਪੁਰ, ਹੀਰਾ ਸਿੰਘ ਖਡੂਰ ਸਾਹਿਬ, ਬਲਵਿੰਦਰ ਸਿੰਘ ਭਰੋਵਾਲ, ਜਸਪਾਲ ਸਿੰਘ ਫਤਿਆਬਾਦ ਹਾਜ਼ਰ ਸਨ।

# ਨਾੜ ਨੂੰ ਲੱਗੀ ਅੱਗ ਬੁਝਾਉਂਦਿਆਂ ਕਿਸਾਨ ਦੀ ਮੌਤ



**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**-ਖੇਤਾਂ ਵਿੱਚ ਕਣਕ ਦੇ ਬਚੇ ਨਾੜ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ । ਇਹੋ ਜਿਹੀ ਘਟਨਾ ਅਜਨਾਲਾ ਦੇ ਪਿੰਡ ਦਿਆਲਪੁਰਾ ਵਿੱਚ ਵਾਪਰੀ ਜਿੱਥੋਂ ਦੇ ਕਿਸਾਨ ਸੁਖਜੀਤ ਸਿੰਘ ਪੁੱਤਰ ਸੁਖਦੇਵ ਸਿੰਘ ਦੀ ਕਣਕ ਦੇ ਨਾੜ ਨੂੰ ਲੱਗੀ ਅੱਗ ਬੁਝਾਉਂਦਿਆਂ ਅੱਗ ਦੀ ਲਪੇਟ ਵਿਚ ਆਉਣ ਕਾਰਨ ਮੌਤ ਹੋ ਗਈ।ਮ੍ਰਿਤਕ ਸੁਖਜੀਤ ਸਿੰਘ ਦੇ ਭਰਾ ਉਂਕਾਰ ਸਿੰਘ ਨੇ ਦੱਸਿਆ ਕਿ ਆਸ-ਪਾਸ ਦੇ ਖੇਤਾਂ 'ਚ ਅਚਾਨਕ ਲੱਗੀ ਅੱਗ ਨੂੰ ਵੇਖ ਮੇਰਾ ਭਰਾ ਆਪਣੇ ਖੇਤਾਂ ਵਿੱਚ ਪਏ ਕਣਕ ਦੇ ਨਾੜ ਨੂੰ ਅੱਗ ਤੋਂ ਬਚਾਉਣ ਦੀ ਕੋਸ਼ਿਸ਼ ਕੋਸ਼ਿਸ਼ ਕਰ ਰਿਹਾ ਸੀ ਅਤੇ ਉਹ ਅੱਗ ਦੀ ਲਪੇਟ ਵਿੱਚ ਆ ਜਾਣ ਕਾਰਨ ਉਸ ਦਾ ਸਰੀਰ ਬਹੁਤ ਬੁਰੀ ਤਰ੍ਹਾਂ ਨਾਲ ਸੜ ਗਿਆ ਅਤੇ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ।ਇਸ ਘਟਨਾ ਦਾ ਪਤਾ ਲੱਗਣ ਤੋਂ ਬਾਅਦ ਇਲਾਕੇ ਵਿਚ ਸੋਗ ਦੀ ਲਹਿਰ ਫੈਲ ਗਈ। ਮੌਕੇ 'ਤੇ ਪੁੱਜੀ ਪੁਲਸ ਨੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ। ਪਿੰਡ ਵਾਸੀਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਉਕਤ ਕਿਸਾਨ ਦੇ ਪਰਿਵਾਰ ਨੂੰ ਢੁੱਕਵਾਂ ਮੁਆਵਜ਼ਾ ਦੇ ਕੇ ਉਸ ਦੀ ਮਦਦ ਕੀਤੀ ਜਾਵੇ।

# ਸੰਧੂ ਸਮੁੰਦਰੀ ਨੇ ਬੋਨੀ ਅਜਨਾਲਾ ਵੱਲੋਂ ਆਯੋਜਿਤ ਰੈਲੀ ਨੂੰ ਕੀਤਾ ਸੰਬੋਧਨ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਗੁਰੂ ਕਾ ਬਾਗ ਲੋਕ ਸਭਾ ਹਲਕੇ ਤੋਂ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਕਿਹਾ ਕਿ ਮੋਦੀ ਸਰਕਾਰ 'ਚ ਅਮਨ ਕਾਨੂੰਨ ਅਤੇ ਨਸ਼ਿਆਂ ਨੂੰ ਲੈ ਕੇ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਇਨ੍ਹਾਂ ਮੁੱਦਿਆਂ ਉੱਤੇ ਰਾਜ ਸਰਕਾਰ ਨੇ ਕੁਝ ਨਾ ਕੀਤਾ ਤਾਂ ਕਾਨੂੰਨ 'ਚ ਲਿਖਿਆ ਹੈ ਕਿ ਕਿਵੇਂ ਨਿਪਟਣਾ ਹੈ। ਸੰਧੂ ਸਮੁੰਦਰੀ ਸੈਂਸਰਾ ਕਲਾਂ ਵਿਖੇ ਗੁਰੂ ਕੇ ਬਾਗ ਮੰਡਲ ਦੇ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਗੁਰੂ ਕੇ ਬਾਗ ਨਾਲ ਉਹਨਾਂ ਦੇ ਪਰਿਵਾਰ ਦੀ ਭਾਵਨਾਤਮਕ ਸਾਂਝ ਰਹੀ ਹੈ। ਉਹਨਾਂ ਆਪਣੇ ਦਾਦਾ ਸਰਦਾਰ ਤੇਜਾ ਸਿੰਘ ਸਮੁੰਦਰੀ ਵੱਲੋਂ ਗੁਰੂ ਕੇ ਬਾਗ ਮੋਰਚੇ ਵਿੱਚ ਪਾਏ ਗਏ ਯੋਗਦਾਨ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਅਮਨ-ਕਾਨੂੰਨ ਦਾ ਮੁੱਦਾ ਬਹੁਤ ਅਹਿਮ ਹੈ। ਇੱਕ ਰੈਲੀ ਦੇ ਬਾਹਰ ਚਲੀ ਗੋਲੀ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਅਮਨ ਕਾਨੂੰਨ ਦੇ ਸਥਿਤੀ ਬਹੁਤ ਖਰਾਬ ਹੈ। ਉਨ੍ਹਾਂ ਕਿਹਾ ਕਿ ਮੈਂ ਵਾਅਦਾ ਕਰਦਾ ਹਾਂ ਕਿ ਮੋਦੀ ਸਰਕਾਰ 'ਚ ਅਮਨ ਕਾਨੂੰਨ, ਨਸ਼ੇ ਦਾ ਖਾਤਮਾ ਅਤੇ ਵਿਕਾਸ ਨੂੰ ਪਹਿਲ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੇ ਨਸ਼ਾ ਅਤੇ ਅਮਨ ਕਾਨੂੰਨ 'ਚ ਸੁਧਾਰ ਲਿਆਉਣ ਲਈ ਕੁਝ ਨਾ ਕੀਤਾ ਤਾਂ ਫਿਰ ਕਾਨੂੰਨ ਤੇ ਸੰਵਿਧਾਨ 'ਚ ਲਿਖਿਆ ਹੈ ਕਿ ਇਨ੍ਹਾਂ ਨਾਲ ਕਿਵੇਂ ਨਿਪਟਣਾ ਹੈ। ਇਸ ਮੌਕੇ ਬੋਲਦਿਆਂ ਹਲਕਾ ਇੰਚਾਰਜ ਬੋਨੀ ਅਮਰਪਾਲ ਸਿੰਘ ਅਜਨਾਲਾ ਨੇ ਕਿਹਾ ਕਿ ਹਰ ਐਮਪੀ ਨੂੰ ਪੰਜ ਸਾਲਾਂ ਵਿੱਚ 25 ਕਰੋੜ ਰੁਪਏ ਮਿਲਦੇ ਹਨ, ਪਰ ਹੈਰਾਨੀ ਦੀ ਗੱਲ ਹੈ ਕਿ ਅਜਨਾਲੇ ਦੇ ਵਿੱਚ ਐੱਮਪੀ ਫੰਡ ਦੀ ਇੱਕ ਦਵਾਨੀ ਤੱਕ ਨਹੀਂ ਲੱਗੀ ਹੈ। ਬੋਨੀ ਅਜਨਾਲਾ ਨੇ ਕਿਹਾ ਕਿ ਮੋਦੀ ਸਰਕਾਰ ਵਲੋਂ ਅਜਨਾਲੇ ਦੇ ਵਿੱਚ ਜਿੰਨੇ ਵੀ ਕੱਚੇ ਮਕਾਨ ਹਨ ਪੱਕੇ ਕੀਤੇ ਜਾਣਗੇ । ਉਹਨਾਂ ਕਿਹਾ ਕਿ ਜੇ ਤੁਸੀਂ ਵਿਕਾਸ ਚਾਹੁੰਦੇ ਹੋ ਤਾਂ ਫਿਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੂੰ ਜਿਤਾ ਕੇ ਪਾਰਲੀਮੈਂਟ ਵਿੱਚ ਭੇਜਿਆ ਜਾਣਾ ਜ਼ਰੂਰੀ ਹੈ ਜਿਸ ਦੇ ਲਈ ਉਨ੍ਹਾਂ ਕਮਲ ਦੇ ਫੁੱਲ ਨੂੰ ਵੋਟ ਦੇਣ ਦੀ ਅਪੀਲ ਕੀਤੀ।

# ਦਵਿੰਦਰ ਸੋਹਲ ਵੱਲੋਂ ਕਾਮਰੇਡ ਗੁਰਦਿਆਲ ਦੇ ਹੱਕ 'ਚ ਵੋਟਾਂ ਪਾਉਣ ਦੀ ਅਪੀਲ



**ਝਬਾਲ, (ਹਰਜਿੰਦਰ ਸਿੰਘ ਸੋਨੀ)**-ਲੋਕ ਸਭਾ ਹਲਕਾ ਖਡੂਰ ਸਾਹਿਬ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ ਉਮੀਦਵਾਰ ਕਾਮਰੇਡ ਗੁਰਦਿਆਲ ਸਿੰਘ ਖਡੂਰ ਸਾਹਿਬ ਨੂੰ ਵੋਟਾਂ ਪਾਉਣ ਦੀ ਅਪੀਲ ਕਰਨ ਲਈ ਪਿੰਡ ਮੰਨਣ ਵਿਖੇ ਸੁਖਵੰਤ ਸਿੰਘ ਤੇ ਜਗਜੀਤ ਸਿੰਘ ਦੀ ਪ੍ਰਧਾਨਗੀ ਹੇਠ ਜਨਤਕ ਮੀਟਿੰਗ ਸੁਖਵੰਤ ਸਿੰਘ ਦੇ ਘਰ ਕੀਤੀ ਗਈ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਮਿਊਨਿਸਟ ਆਗੂ ਦਵਿੰਦਰ ਸੋਹਲ ਤੇ ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕਿ ਅੱਜ ਦੀਆਂ ਚੋਣਾਂ ਸਰਮਾਏਦਾਰ ਪਾਰਟੀਆਂ ਪੈਸੇ ਦੇ ਜ਼ੋਰ ਨਾਲ ਜਿੱਤਦੀਆਂ ਹਨ।ਗੁੰਮਰਾਹਕੁਨ ਪ੍ਰਚਾਰ ਕਰਕੇ ਲੋਕਾਂ ਨੂੰ ਧਰਮ/ਜਾਤ ਦੇ ਨਾਂ 'ਤੇ ਵੋਟਾਂ ਬਟੋਰੀਆਂ ਜਾਂਦੀਆਂ ਹਨ।ਲੋਕਾਂ ਦੇ ਮੁੱਖ ਮਸਲੇ ਰੁਜ਼ਗਾਰ, ਮੁਫ਼ਤ ਵਿੱਦਿਆ ਤੇ ਸਿਹਤ ਸਹੂਲਤਾਂ ਹਨ।ਬੁਢਾਪਾ ਪੈਨਸ਼ਨ ਘੱਟੋ-ਘੱਟ ਦਸ ਹਜ਼ਾਰ ਰੁਪਏ ਚਾਹੀਦੀ ਹੈ।ਹੁਣ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਦਾਤਰੀ ਸਿੱਟਾ ਚੋਣ ਨਿਸ਼ਾਨ ਨੂੰ ਵੋਟਾਂ ਪਾ ਕੇ ਕਾਮਯਾਬ ਕਰਨ ਤਾਂ ਕਿ ਕਾਮਰੇਡ ਗੁਰਦਿਆਲ ਸਿੰਘ ਖਡੂਰ ਸਾਹਿਬ ਨੂੰ ਕਾਮਯਾਬ ਕੀਤਾ ਜਾ ਸਕੇ।ਕਾਮਰੇਡ ਗੁਰਦਿਆਲ ਲੋਕ ਸਭਾ ਅੰਦਰ ਮਿਹਨਤਕਸ਼ ਲੋਕਾਂ ਦੀ ਆਵਾਜ਼ ਬਣੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੇਜਰ ਸਿੰਘ, ਦਾਰਾ ਸਿੰਘ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

# ਸੀ ਐੱਚ ਸੀ ਖੇਮਕਰਨ ਵਿਖੇ ਮਲੇਰੀਆਂ ਦਿਵਸ ਮਨਾਇਆ

**ਝਬਾਲ ਹਰਜਿੰਦਰ ਸਿੰਘ ਸੋਨੀ)**-ਸਿਵਲ ਸਰਜਨ ਤਰਨਤਾਰਨ ਡਾ. ਸੰਜੀਵ ਕੁਮਾਰ ਕੋਹਲੀ ਦੀ ਯੋਗ ਅਗਵਾਈ ਅਤੇ ਜ਼ਿਲਾ ਐਪੀਡੀਮੋਲੋਜਿਸਟ ਅਫਸਰ ਤਰਨਤਾਰਨ ਡਾ. ਸਿਮਰਨ ਕੌਰ ਤੇ ਡਾ. ਅਮਨਦੀਪ ਸਿੰਘ ਦੀ ਰਹਿਨੁਮਾਈ ਅਤੇ



ਸੀਨੀਅਰ ਮੈਡੀਕਲ ਅਫਸਰ ਡਾ. ਸਰਬਜੀਤ ਸਿੰਘ ਦੀ ਦੇਖ-ਰੇਖ ਹੇਠ ਸੀਐੱਚਸੀ ਖੇਮਕਰਨ ਵਿਖੇ ਰਾਸਟਰੀ ਡੇਂਗੂ ਦਿਵਸ ਮਨਾਇਆ ਗਿਆ ਜਿਸ ਨੂੰ ਸੰਬੋਧਨ ਕਰਦਿਆਂ ਜੁਗਰਾਜ ਸਿੰਘ ਐੱਸਆਈ ਨੇ ਦੱਸਿਆ ਕਿ ਡੇਂਗੂ ਬੁਖਾਰ ਮਾਦਾ ਏਡੀਜ ਐਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਇਹ ਮੱਛਰ ਸਾਫ ਅਤੇ ਖੜੇ ਪਾਣੀ ਵਿੱਚ ਪਨਪਦਾ ਹੈ। ਇਹ ਮੱਛਰ ਸਾਡੇ ਘਰਾਂ ਵਿੱਚ ਲੱਗੇ ਕੂਲਰਾਂ/ਫਰਿੱਜਾਂ ਦੀਆਂ ਟਰੇਆਂ, ਫਟੇ ਪੁਰਾਣੇ ਟਾਇਰਾਂ, ਗਮਲਿਆਂ ਅਤੇ ਹੋਰ ਪਾਣੀ ਸਟੋਰ ਹੋਣ ਵਾਲੀਆਂ ਥਾਵਾਂ 'ਤੇ ਪੈਦਾ ਹੁੰਦਾ ਹੈ। ਇਸ ਲਈ ਸਾਨੂੰ ਚੀਜ਼ਾਂ ਦੀ ਹਫਤੇ ਵਿੱਚ ਇਕ ਵਾਰ ਸਾਫ-ਸਫਾਈ ਜ਼ਰੂਰ ਕਰਨੀ ਚਾਹੀਦੀ ਹੈ ਤਾਂ ਜੋ ਮੱਛਰ ਨੂੰ ਪੈਦਾ ਹੋਣ ਤੋਂ ਰੋਕਿਆ ਜਾਵੇ। ਇਸ ਤੋਂ ਬਚਾਅ ਵਾਸਤੇ ਘਰਾਂ ਵਿੱਚ ਜਾਲੀਦਾਰ ਦਰਵਾਜ਼ਿਆਂ, ਮੱਛਰ ਭਜਾਊ ਕਰੀਮਾ ਅਤੇ ਪੂਰੇ ਬਾਜੂ ਦੇ ਕੱਪੜੇ ਪਹਿਨਣੇ ਚਾਹੀਦੇ ਹਨ। ਬੁਖਾਰ ਹੋਣ 'ਤੇ ਕਿਸੇ ਨੇੜੇ ਦੇ ਸਿਹਤ ਕੇਂਦਰ ਤੋਂ ਖੂਨ ਦੀ ਜਾਂਚ ਕਰਵਾਉਣੀ ਚਾਹੀਦੀ ਹੈ, ਜੋ ਕਿ ਸਾਰੇ ਸਰਕਾਰੀ ਹਸਪਤਾਲਾ ਵਿੱਚ ਫਰੀ ਕੀਤੇ ਜਾਦੇ ਹਨ।ਇਸ ਮੌਕੇ ਮੁਲਾਜ਼ਮ ਜੁਗਰਾਜ ਸਿੰਘ ਐੱਸਆਈ, ਅਮਰ ਸਿੰਘ ਐੱਮਪੀਡਬਲਯੂ ਮੇਲ, ਜਗਰੂਪ ਸਿੰਘ ਬਰੀਡਿੰਗ ਚੈੱਕਰ, ਜਗਜੀਤ ਸਿੰਘ ਐੱਮਪੀ ਡਬਲਯ ਮੇਲ ਅਤੇ ਹੋਰ ਮੋਹਤਬਰ ਵਿਅਕਤੀ ਹਾਜ਼ਰ ਸਨ।

# ਬਾਬਾ ਅਜੈ ਸਿੰਘ ਖਾਲਸਾ ਸਕੂਲ ਦਾ ਦਸਵੀਂ ਦਾ ਨਤੀਜਾ ਸ਼ਾਨਦਾਰ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸ ਨੰਗਲ ਦਾ ਦਸਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ। ਸਕੂਲ ਪ੍ਰਿੰਸੀਪਲ ਸਰਬਜੀਤ ਕੌਰ ਨੇ ਦੱਸਿਆ ਕਿ ਸੀਬੀਐੱਸੀ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਦੇ ਨਤੀਜੇ ਵਿੱਚੋਂ ਉਨ੍ਹਾਂ: ਦੇ ਸਕੂਲ ਦਾ ਵਿਦਿਆਰਥੀ ਸ਼ਮਸ਼ੇਰ ਸਿੰਘ, ਨਮਨਪ੍ਰੀਤ ਕੌਰ ਅਤੇ ਗੁਰਲੀਨ ਕੌਰ ਨੇ 82 ਫੀਸਦੀ ਅੰਕ ਲੈ ਕੇ ਪਹਿਲਾ ਸਥਾਨ, ਤਸ਼ਨੀਤ ਕੌਰ ਨੇ 79 ਫੀਸਦੀ ਅੰਕ ਲੈ ਕੇ ਦੂਜਾ ਅਤੇ ਸਿਮਰਪ੍ਰੀਤ ਕੌਰ ਨੇ 75 ਫੀਸਦੀ ਅੰਕ ਲੈ ਕੇ ਤੀਸਰਾ ਸਥਾਨ ਹਾਸਲ ਕੀਤਾ ਹੈ। ਸਕੂਲ ਪ੍ਰਿੰਸੀਪਲ ਸਰਬਜੀਤ ਕੌਰ ਨੇ ਇਸ ਸ਼ਾਨਦਾਰ ਨਤੀਜੇ ਲਈ ਸਕੂਲ ਦੇ ਸਮੂਹ ਅਧਿਆਪਕਾਂ, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਕਰਦਿਆਂ ਵਿਦਿਆਰਥੀਆਂ ਨੂੰ ਹੋਰ ਸਖਤ ਮਿਹਨਤ ਕਰਦੇ ਰਹਿਣ ਲਈ ਪ੍ਰੇਰਿਤ ਕੀਤੀ।

# ਧਾਲੀਵਾਲ ਦੀ ਜਿੱਤ ਲਈ ਦਿਨ-ਰਾਤ ਇੱਕ ਕਰ ਦਿਆਂਗੇ: ਤਲਬੀਰ ਗਿੱਲ



**ਮੱਤੇਵਾਲ, ( ਦਵਿੰਦਰ ਸਿੰਘ ਤਰਸਿੱਕਾ)**-ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਲਦੀਪ ਸਿੰਘ ਧਾਲੀਵਾਲ ਦੀ ਜਿੱਤ ਨੂੰ ਯਕੀਨੀ ਬਣਾਉਣ ਦੇ ਲਈ ਵਿਧਾਨ ਸਭਾ ਹਲਕਾ ਮਜੀਠਾ ਤੇ ਪਿੰਡ ਪਾਖਰਪੁਰਾ ਵਿਖੇ ਆਮ ਆਦਮੀ ਪਾਰਟੀ ਦੇ ਦਫਤਰ ਵਿਖੇ ਆਮ ਆਦਮੀ ਪਾਰਟੀ ਦੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਧਾਲੀਵਾਲ ਦੀ ਜਿੱਤ ਲਈ ਦਿਨ-ਰਾਤ ਇੱਕ ਕਰ ਦਿਆਂਗੇ। ਉਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਿੱਤੀਆਂ ਗਰੰਟੀਆਂ ਨੂੰ ਪਹਿਲਾਂ ਹੀ ਪੂਰਾ ਕੀਤਾ ਜਾ ਚੁੱਕਿਆ ਹੈ ਅਤੇ ਵਿਕਾਸ ਦੀ ਰਫਤਾਰ ਨੂੰ ਹੋਰ ਤੇਜ਼ ਕਰਨ ਲਈ ਅਤੇ ਫਾਸ਼ੀਵਾਦੀ ਤਾਕਤਾਂ ਨੂੰ ਮਾਤ ਦੇਣ ਲਈ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀ ਪੰਜਾਬ ਵਿੱਚੋਂ 13 ਵਿੱਚੋਂ 13 ਸੀਟਾਂ ਲੈ ਕੇ ਅਰਵਿੰਦ ਕੇਜਰੀਵਾਲ ਦੀ ਝੋਲੀ ਪਾਉਣਗੇ। ਇਸ ਮੌਕੇ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ ਦਫਤਰ ਇੰਚਾਰਜ ਨੇ ਬਲਬੀਰ ਸਿੰਘ ਗਿੱਲ ਨੂੰ ਵਿਸ਼ੇਸ਼ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸੁਖਵਿੰਦਰ ਸਿੰਘ, ਪਰਵਿੰਦਰ ਸਿੰਘ, ਤੇਜਾ ਸਿੰਘ ਸੀਨੀਅਰ ਆਮ ਆਦਮੀ ਪਾਰਟੀ ਦੇ ਆਗੂ ਵੀ ਹਾਜ਼ਰ ਸਨ।

# ਗੰਧਲਾ ਹੋ ਰਿਹਾ ਵਾਤਾਵਰਨ ਦੁਨੀਆ ਦੀ ਬਹੁਤ ਵੱਡੀ ਸਮੱਸਿਆ : ਡਾ. ਇੰਦਰਜੀਤ ਕੌਰ



**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**-ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:) ਅੰਮ੍ਰਿਤਸਰ ਦੀ ਮਾਨਾਂਵਾਲਾ ਬ੍ਰਾਂਚ ਵਿਖੇ ਪੰਜਾਬ ਦੇ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਗਰੀਨ ਮੈਨੀਫੈਸਟੋ ਪੰਜਾਬ 2024 ਲੋਕ ਸਭਾ ਚੋਣਾਂ ਦੇ ਉਮੀਦਵਾਰ ਲਈ ਪੰਜਾਬ ਦੇ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ ਲਈ ਦਿਨ-ਰਾਤ ਕੰਮ ਕਰ ਰਹੀਆਂ ਕਮੇਟੀਆਂ ਅਤੇ ਜਥੇਬੰਦੀਆਂ ਨਰੋਆ ਪੰਜਾਬ ਮੰਚ, ਅਕਾਲ ਪੁਰਖ ਕੀ ਫੌਜ, ਬੁੱਢਾ ਦਰਿਆ ਟਾਸਕ ਫੋਰਸ, ਸਾਂਝਾ ਮੋਰਚਾ ਜ਼ੀਰਾ, ਪੰਜਾਬ ਈਕੋ ਫਰੈਂਡਲੀ ਐਸੋਸੀਏਸ਼ਨ, ਮਹਾਤਮਾ ਗਾਂਧੀ ਪੀਸ ਮਿਸ਼ਨ, ਨਰੋਆ ਪੰਜਾਬ ਮੰਚ ਪ੍ਰਸ਼ਾਦਾ, ਭੁਮਿਤਾ, ਯੰਗ ਇਨੋਵੇਟਿਵ ਫਾਰਮਜ਼ ਗਰੁੱਪ, ਵਾਇਸ ਆਫ ਅੰਮ੍ਰਿਤਸਰ, ਵੀ ਸਪੋਰਟ ਅਵਰ ਫਾਰਮਰਜ਼, ਵਿਜੀਲੈਂਟ ਸਿਟੀਜ਼ਨਜ਼ ਫ਼ੋਰਮ, ਕੌਂਸਲ ਆਫ ਇੰਜੀਨੀਅਰਜ਼ ਲੁਧਿਆਣਾ ਕੇਅਰਜ਼, ਆਰ. ਬੀ. ਐੱਸ. ਰੂਟਸ ਦੇ ਸਾਂਝੇ ਸਹਿਯੋਗ ਨਾਲ ਜਾਰੀ ਕੀਤਾ ਗਿਆ।ਇਸ ਮੌਕੇ ਡਾ. ਇੰਦਰਜੀਤ ਕੌਰ ਮੁੱਖ ਸੇਵਾਦਾਰ ਪਿੰਗਲਵਾੜਾ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ ਗੰਧਲਾ ਹੋ ਰਿਹਾ ਵਾਤਾਵਰਨ ਦੁਨੀਆ ਦੀ ਬਹੁਤ ਵੱਡੀ ਸਮੱਸਿਆ ਹੈ ਜਿਸ ਵਿਚ ਪੰਜਾਬ ਵੀ ਅਛੂਤਾ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਹਵਾ, ਪਾਣੀ ਆਦਿ ਸਭ ਕੁਝ ਪਲੀਤ ਹੋ ਰਿਹਾ ਹੈ, ਪਰ ਸਰਕਾਰਾਂ ਇਸ ਮੁੱਦੇ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀਆਂ।

ਸਾਡੇ ਲੋਕ ਸਭਾ ਦੇ ਉਮੀਦਵਾਰਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਮੈਨੀਫੈਸਟੋ ਵਿੱਚ ਪ੍ਰਦੂਸ਼ਣ ਦੇ ਮੁੱਦੇ 'ਤੇ ਗੰਭੀਰਤਾ ਨਾਲ ਕੰਮ ਕਰਨ ਦਾ ਵਾਅਦਾ ਕਰਨ।ਉਨ੍ਹਾਂ ਕਿਹਾ ਕਿ ਪ੍ਰਦੂਸ਼ਣ ਤੋਂ ਬਚਣ ਅਤੇ ਕੁਦਰਤੀ ਸਾਧਨਾਂ ਦੀ ਸਹੀ ਵਰਤੋਂ ਲਈ ਪਿੰਗਲਵਾੜਾ ਸੰਸਥਾ ਰੋਲ ਮਾਡਲ ਵਜੋਂ ਕੰਮ ਕਰ ਰਹੀ ਹੈ ਅਤੇ ਲੋੜ ਹੈ ਸਰਕਾਰਾਂ ਸੇਧ ਲੈ ਕੇ ਪੰਜਾਬ ਦੀ ਭਲਾਈ ਲਈ ਇਸ ਮਾਡਲ ਨੂੰ ਅਪਣਾਉਣ।ਇਸ ਮੌਕੇ ਉਘੇ ਵਾਤਾਵਰਨ ਪ੍ਰੇਮੀ ਅਤੇ ਪਿੰਗਲਵਾੜਾ ਸੋਸਾਇਟੀ ਦੇ ਮੈਂਬਰ ਰਾਜਬੀਰ ਸਿੰਘ ਨੇ ਕਿਹਾ ਕਿ ਪ੍ਰਦੂਸ਼ਣ ਨੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਕੁੱਝ ਵੀ ਸਾਫ ਨਹੀਂ ਛੱਡਣਾ, ਆਉ ਉਠੀਏ ਅਤੇ ਇਸ ਵੱਡੀ ਜੰਗ ਵਿਰੁੱਧ ਹਾਕਮਾਂ ਨੂੰ ਜਗਾਈਏ।ਡਾ. ਨਵਨੀਤ ਕੌਰ ਭੁੱਲਰ ਨੇ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਸਰਕਾਰਾਂ ਤੇ ਅਫਸਰਸ਼ਾਹੀ ਪ੍ਰਦੂਸ਼ਣ ਵਰਗੇ ਮਾਮਲਿਆਂ ਤੇ ਗੰਭੀਰ ਨਹੀਂ ਹਨ। ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਪ੍ਰਦੂਸ਼ਣ ਨੂੰ ਰੋਕਣ ਲਈ ਗੁਰਬਾਣੀ ਤੋਂ ਸੇਧ ਲੈਣ ਦੀ ਲੋੜ ਹੈ।

# ਸੰਤ ਬਾਬਾ ਖੜਕ ਸਿੰਘ ਬਾਬਾ ਦਰਸ਼ਨ ਸਿੰਘ ਦੀ ਸਾਲਾਨਾ ਬਰਸੀ 30 ਨੂੰ : ਬਾਬਾ ਸੰਤੋਖ ਸਿੰਘ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਮਹਾਨ ਕਾਰ ਸੇਵਕ ਸੇਵਾ ਦੇ ਪੁੰਜ ਸੰਤ ਬਾਬਾ ਖੜਕ ਸਿੰਘ ਜੀ ਬੀੜ ਸਾਹਿਬ ਵਾਲੇ ਅਤੇ ਸੰਤ ਬਾਬਾ ਦਰਸ਼ਨ ਸਿੰਘ ਜੀ ਬੀੜ ਸਾਹਿਬ ਵਾਲਿਆਂ ਦੀ ਸਾਲਾਨਾ ਬਰਸੀ ਦੀਆਂ ਤਿਆਰੀਆਂ ਨੂੰ ਲੈ ਕੇ ਇਲਾਕੇ ਦੇ ਪੰਚਾਂ, ਸਰਪੰਚਾਂ ਤੇ ਮੋਹਤਬਰ ਵਿਅਕਤੀਆਂ ਦੀ ਮੀਟਿੰਗ ਗੁਰਦੁਆਰਾ ਸੰਤ ਨਿਵਾਸ ਬੀੜ ਸਾਹਿਬ ਦੇ ਦੀਵਾਨ ਹਾਲ ਵਿਖੇ ਸੰਪਰਦਾਇ ਦੇ ਮੁਖੀ ਬਾਬਾ ਸੰਤੋਖ ਸਿੰਘ ਜੀ ਬੀੜ ਸਾਹਿਬ ਵਾਲਿਆਂ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਵੱਡੀ ਗਿਣਤੀ ਵਿਚ ਇਲਾਕੇ ਦੀਆਂ ਸੰਗਤਾਂ ਨੇ ਹਿੱਸਾ ਲਿਆ ਤੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ।ਇਸ ਸਬੰਧੀ ਮੀਟਿੰਗ ਵਿਚ ਸੰਗਤਾਂ ਨੂੰ ਸੰਬੋਧਨ ਕਰਦਿਆਂ ਬਾਬਾ ਸੰਤੋਖ ਸਿੰਘ ਨੇ ਕਿਹਾ ਕਿ ਸੰਤ ਬਾਬਾ ਖੜਕ ਸਿੰਘ ਜੀ ਅਤੇ ਸੰਤ ਬਾਬਾ ਦਰਸ਼ਨ ਸਿੰਘ ਬੀੜ ਸਾਹਿਬ ਵਾਲਿਆਂ ਦੀ ਸਾਲਾਨਾ ਬਰਸੀ ਸੰਗਤਾਂ ਦੇ ਸਹਿਯੋਗ ਨਾਲ 30 ਮਈ ਨੂੰ ਗੁਰਦੁਆਰਾ ਸੰਤ ਨਿਵਾਸ ਬੀੜ ਸਾਹਿਬ ਵਿਖੇ ਮਨਾਈ ਜਾ ਰਹੀ ਹੈ।ਜਿਸ ਵਿਚ ਸੰਤ-ਮਹਾਪੁਰਸ਼ ਅਤੇ ਵੱਖ-ਵੱਖ ਸਿੱਖ ਸੰਪਰਦਾਇ ਦੇ ਮੁਖੀ ਤੇ ਇਲਾਕੇ ਦੇ ਮੋਹਤਬਰ ਵਿਅਕਤੀ ਪਹੁੰਚ ਕੇ ਬਾਬਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।ਇਸ ਮੌਕੇ ਦੂਰ ਦੁਰਾਡੇ ਤੋਂ ਆਉਣ ਵਾਲੀਆਂ ਸੰਗਤਾਂ ਲਈ ਲੰਗਰਾਂ ਤੇ ਰਿਹਾਇਸ਼ ਦੇ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ।ਇਸ ਸਮੇਂ ਪਹੁੰਚੀਆਂ ਮਹਾਨ ਸ਼ਖਸੀਅਤਾਂ ਵਿਚ ਜਥੇਦਾਰ ਬਾਬਾ ਭੋਲਾ ਸਿੰਘ ਜੀ ਸੇਵਾਦਾਰ ਗੁਰਦੁਆਰਾ ਸੰਤ ਨਿਵਾਸ, ਚੇਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ, ਸਾਬਕਾ ਚੇਅਰਮੈਨ ਗੁਰਬਖਸ਼ ਸਿੰਘ ਬੁਰਜ, ਸਾਬਕਾ ਚੇਅਰਮੈਨ ਲਖਬੀਰ ਸਿੰਘ ਬੁਰਜ, ਚੇਅਰਮੈਨ ਖਾਲੜਾ ਮਿਸ਼ਨ ਕਮੇਟੀ ਚੇਅਰਮੈਨ ਬਲਵਿੰਦਰ ਸਿੰਘ ਝਬਾਲ, ਪ੍ਰਿੰਸੀਪਲ ਇੰਦਰਜੀਤ ਸਿੰਘ ,ਕਸ਼ਮੀਰ ਸਿੰਘ ਬਘਿਆੜੀ, ਕਿਸਾਨ ਆਗੂ ਬਾਬਾ ਬਲਜਿੰਦਰ ਸਿੰਘ ਕਾਲਾ, ਜਸਬੀਰ ਸਿੰਘ ਭਕਨਾ, ਬਾਬਾ ਜੱਜ ਕਸੇਲ, ਬਾਬਾ ਨਰੰਜਨ ਸਿੰਘ ਪੰਜਵੜ, ਡਾ. ਨਰਿੰਦਰ ਸਿੰਘ ਬਘਿਆੜੀ , ਗੁਰਜਿੰਦਰ ਸਿੰਘ ਬਘਿਆੜੀ, ਜਥੇ,ਦਲਜੀਤ ਸਿੰਘ ਪੰਜਵੜ, ਪ੍ਰਤਾਪ ਸਿੰਘ ਠੱਠਾ,ਬਾਬਾ ਚਰਨਜੀਤ ਸਿੰਘ ਖਾਲਸਾ, ਜਥੇ ਬਹਾਲ ਸਿੰਘ ਗੱਗੋਬੂਹਾ, ਰਜਵੰਤ ਸਿੰਘ ਜੱਜ ਕਸੇਲ, ਭਾਈ ਕਸ਼ਮੀਰ ਸਿੰਘ ਬਘਿਆੜੀ, , ਪਹਿਲਵਾਨ ਪੱਪੂ ਠੱਠਾ, ਮਨੋਹਰ ਸਿੰਘ ਠੱਠਾ, ਜਥੇ. ਵਰਿੰਦਰ ਸਿੰਘ ਠੱਠਾ, ਗੁਰਜਿੰਦਰ ਸਿੰਘ ਸੰਧੂ ਪੰਜਵੜ, ਪਰਮਜੀਤ ਸਿੰਘ ਫਤਿਆਬਾਦ,ਬਾਬਾ ਨਿਸ਼ਾਨ ਸਿੰਘ ਮੱਖੀ, ਹਰਜੀਤ ਸਿੰਘ ਮੀਆਂਪੁਰ, ਪੂਰਨ ਸਿੰਘ ਝਬਾਲ, ਗਿਆਨੀ ਨੱਥਾ ਸਿੰਘ, ਮਹਿੰਦਰ ਸਿੰਘ ਪਤਾਸਿਆਂ ਵਾਲੇ ਅੱਡਾ ਝਬਾਲ, ਮਲਕੀਅਤ ਸਿੰਘ ਛਾਪਾ, ਦਵਿੰਦਰ ਸਿੰਘ ਕਲਰਕ, ਰਛਪਾਲ ਸਿੰਘ ਕਲਸ, ਕੁਲਵੰਤ ਸਿੰਘ ਮਸਤਗੜ੍ਹ ,ਬਾਬਾ ਬਿੱਟੂ, ਹਰਭਜਨ ਸਿੰਘ ਝਾਮਕਾ ਆਦਿ ਹਾਜ਼ਰ ਸਨ ।

# ਪੰਜਾਬ 'ਚ ਅੰਧ ਵਿਸ਼ਵਾਸ ਰੋਕੂ ਕਾਨੂੰਨ ਸਿਆਸੀ ਪਾਰਟੀਆਂ ਲਈ ਚੋਣ ਮੁੱਦਾ ਕਿਉਂ ਨਹੀਂ

## ➤ ਤਰਕਸ਼ੀਲ ਸੁਸਾਇਟੀ ਵੱਲੋਂ ਚਾਰ ਵਾਰ ਮੰਗ ਪੱਤਰ ਦੇਣ ਦੇ ਬਾਵਜੂਦ ਨਹੀਂ ਬਣਿਆ ਕਾਨੂੰਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਤਰਕਸ਼ੀਲ ਸੁਸਾਇਟੀ ਪੰਜਾਬ ਨੇ ਪੰਜਾਬ ਸਰਕਾਰ, ਸਮੂਹ ਸਿਆਸੀ ਪਾਰਟੀਆਂ ਅਤੇ ਚੋਣ ਲੜ ਰਹੇ ਉਮੀਦਵਾਰਾਂ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਲੋਕਾਂ ਵਿਚ ਅੰਧ ਵਿਸ਼ਵਾਸ ਫੈਲਾ ਕੇ ਉਨ੍ਹਾਂ ਦਾ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਕਰਨ ਵਾਲੇ ਪਾਖੰਡੀ ਬਾਬਿਆਂ, ਤਾਂਤਰਿਕਾਂ, ਜੋਤਸ਼ੀਆਂ ਅਤੇ ਪੁੱਛਾਂ ਦੇਣ ਵਾਲਿਆਂ ਸਿਆਣਿਆਂ ਦੀਆਂ ਗ਼ੈਰ-ਕਾਨੂੰਨੀ ਕਾਰਵਾਈਆਂ ਉਤੇ ਪਾਬੰਦੀ ਲਾਉਣ ਲਈ ਮਹਾਂਰਾਸ਼ਟਰ, ਛੱਤੀਸਗੜ੍ਹ ਅਤੇ ਕਰਨਾਟਕ ਵਾਂਗ ਪੰਜਾਬ ਵਿੱਚ ਵੀ ਅੰਧਵਿਸ਼ਵਾਸ ਰੋਕੂ ਕਾਨੂੰਨ ਬਣਾ ਕੇ ਲਾਗੂ ਕੀਤਾ ਜਾਵੇ। ਇਸ ਸੰਬੰਧੀ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਮੀਡੀਆ ਮੁਖੀ ਸੁਮੀਤ ਅੰਮ੍ਰਿਤਸਰ, ਇਕਾਈ ਮੁੱਖੀ ਜਸਪਾਲ ਬਾਸਰਕੇ ਅਤੇ ਪ੍ਰਿੰ, ਮੇਲਾ ਰਾਮ ਤੇ ਆਧਾਰਤ ਇਕ ਵਫਦ ਪੰਜਾਬ ਦੇ ਕੈਬਨਿਟ ਮੰਤਰੀ ਅਤੇ ਅੰਮ੍ਰਿਤਸਰ ਲੋਕ ਸਭਾ ਹਲਕੇ ਦੇ ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਨੂੰ ਆਤਮ ਪਬਲਿਕ ਸਕੂਲ ਇਸਲਾਮਾਬਾਦ ਵਿਖੇ ਮਿਲਿਆ ਅਤੇ ਉਨ੍ਹਾਂ ਨੂੰ ਅੰਧ ਵਿਸ਼ਵਾਸ ਰੋਕੂ ਕਾਨੂੰਨ ਦਾ ਖਰੜਾ ਅਤੇ ਮੰਗ ਪੱਤਰ ਸੌਂਪ ਕੇ ਮੰਗ ਕੀਤੀ ਕਿ ਪੰਜਾਬ ਵਿੱਚ ਬਿਨਾਂ ਕਿਸੇ ਹੋਰ ਦੇਰੀ ਤੋਂ ਅੰਧਵਿਸ਼ਵਾਸ ਰੋਕੂ ਕਾਨੂੰਨ ਬਣਾ ਕੇ ਲਾਗੂ ਕੀਤਾ ਜਾਵੇ।ਇਸ ਮੌਕੇ ਮੀਡੀਆ ਮੁਖੀ ਸੁਮੀਤ ਅੰਮ੍ਰਿਤਸਰ ਨੇ ਮੰਤਰੀ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਵਿੱਚ ਜਗ੍ਹਾ ਜਗ੍ਹਾ ਦੁਕਾਨਾਂ ਖੋਲ੍ਹ ਕੇ ਬੈਠੇ ਪਾਖੰਡੀ ਬਾਬਿਆਂ,ਤਾਂਤਰਿਕਾਂ,ਜੋਤਸ਼ੀਆਂ, ਸਿਆਣਿਆਂ ਵਲੋਂ ਹਰ ਸਮੱਸਿਆ ਦਾ ਗਾਰੰਟੀਸ਼ੁਦਾ ਹੱਲ ਕਰਨ, ਕਥਿਤ ਬੁਰੀ ਆਤਮਾ, ਓਪਰੀ ਸ਼ੈਅ ਜਾਂ ਭੂਤ ਪ੍ਰੇਤ ਕੱਢਣ ਦੀ ਆੜ ਹੇਠ ਆਮ ਲੋਕਾਂ ਦੀ ਸ਼ਰੇਆਮ ਲੁੱਟ ਕਰ ਰਹੇ ਹਨ ਅਤੇ ਔਰਤਾਂ ਨਾਲ ਬਲਾਤਕਾਰ, ਗਰਮ ਚਿਮਟਿਆਂ ਨਾਲ ਤਸੀਹੇ ਦੇਣ ਅਤੇ ਮਾਸੂਮ ਬੱਚਿਆਂ ਦੀ ਬਲੀ ਦੇਣ ਦੀਆਂ ਛੇ ਦਿਲ ਕੰਬਾਊ ਅਪਰਾਧਿਕ ਘਟਨਾਵਾਂ ਪਿੰਡ ਕੋਟ ਫੱਤਾ (ਬਠਿੰਡਾ),



ਮੂਧਲ (ਅੰਮ੍ਰਿਤਸਰ), ਅਲੌੜ (ਖੰਨਾ), ਭਿੰਡਰ (ਮੋਗਾ), ਅੰਮ੍ਰਿਤਸਰ ਅਤੇ ਪਠਾਨਕੋਟ ਵਿਖੇ ਵਾਪਰ ਚੁੱਕੀਆਂ ਹਨ ਪਰ ਕਿਸੇ ਵੀ ਪਾਰਟੀ ਦੀ ਸਰਕਾਰ ਨੇ ਪੰਜਾਬ ਵਿਚ ਅਜਿਹੇ ਬਾਬਿਆਂ, ਤਾਂਤਰਿਕਾਂ, ਸਾਧਾਂ-ਸਿਆਣਿਆਂ ਦੀਆਂ ਗ਼ੈਰ-ਕਾਨੂੰਨੀ ਕਾਰਵਾਈਆਂ ਉਤੇ ਪਾਬੰਦੀ ਲਾਉਣ ਅਤੇ ਕੋਈ ਠੋਸ ਅੰਧਵਿਸ਼ਵਾਸ ਰੋਕੂ ਕਾਨੂੰਨ ਬਣਾ ਕੇ ਲਾਗੂ ਕਰਨ ਦੀ ਰਾਜਸੀ ਇੱਛਾ ਸ਼ਕਤੀ ਨਹੀਂ ਵਿਖਾਈ।ਉਨ੍ਹਾਂ ਨੇ ਅਫ਼ਸੋਸ ਜ਼ਾਹਿਰ ਕੀਤਾ ਕਿ ਪਿਛਲੇ ਸਾਲ ਫਰਵਰੀ ਮਹੀਨੇ ਅਤੇ ਮੌਜੂਦਾ ਬਜਟ ਸੈਸ਼ਨ ਤੋਂ ਪਹਿਲਾਂ ਵੀ ਤਰਕਸ਼ੀਲ ਸੁਸਾਇਟੀ ਵੱਲੋਂ ਪੰਜਾਬ ਸਰਕਾਰ ਦੇ ਸਮੂਹ ਮੰਤਰੀਆਂ, ਵਿਧਾਇਕਾਂ ਸਮੇਤ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਵਿਧਾਇਕਾਂ ਨੂੰ ਪੰਜਾਬ ਕਾਲਾ ਜਾਦੂ ਮੰਤਰ ਅਤੇ ਅੰਧ ਵਿਸ਼ਵਾਸ ਵਿਰੋਧੀ ਕਾਨੂੰਨ ਦਾ ਖਰੜਾ ਅਤੇ ਮੰਗ ਪੱਤਰ ਦਿੱਤੇ ਗਏ ਸਨ ਅਤੇ ਇਸਦੇ ਇਲਾਵਾ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕਿਸ਼ਨ ਸਿੰਘ ਰੋੜੀ ਅਤੇ ਵਿਧਾਨ ਸਭਾ ਦੇ ਸਕੱਤਰ ਆਰ ਐਲ ਖਟਾਨਾ ਨੂੰ ਵੀ ਮੰਗ ਪੱਤਰ ਦਿੱਤੇ ਗਏ ਹਨ ਪਰ ਮੌਜੂਦਾ ਪੰਜਾਬ ਸਰਕਾਰ ਵਲੋਂ ਵੀ ਪਹਿਲੀਆਂ ਸਰਕਾਰਾਂ ਵਾਂਗ ਇਸ ਅਹਿਮ ਲੋਕ ਮਸਲੇ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ।ਇਸ ਮੌਕੇ ਕੈਬਨਿਟ ਮੰਤਰੀ ਧਾਲੀਵਾਲ ਨੇ ਤਰਕਸ਼ੀਲ ਆਗੂਆਂ ਨੂੰ ਭਰੋਸਾ ਦਿੱਤਾ ਕਿ ਉਹ ਚੋਣਾਂ ਤੋਂ ਬਾਅਦ ਇਸ ਮੁੱਦੇ ਤੇ ਪੰਜਾਬ ਦੇ ਮੁੱਖ ਮੰਤਰੀ ਨਾਲ ਜ਼ਰੂਰ ਗੱਲ ਕਰਨਗੇ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਇਸ ਕਾਨੂੰਨ ਨੂੰ ਬਣਾ ਕੇ ਪੰਜਾਬ ਵਿਚ ਲਾਗੂ ਕਰਵਾਉਣ ਦੇ ਗੰਭੀਰ ਯਤਨ ਕਰੇਗੀ।ਇਸ ਮੌਕੇ ਸਕੂਲ ਦੇ ਨਿਰਦੇਸ਼ਕ ਪ੍ਰਤੀਕ ਸਹਿਦੇਵ, ਪ੍ਰਿੰ. ਅੰਕਿਤਾ ਸਹਿਦੇਵ, ਅਜਨਾਲਾ ਤੋਂ ਪੱਤਰਕਾਰ ਐਸ ਪਰਸ਼ੋਤਮ, ਕਹਾਣੀਕਾਰ ਦੀਪ ਦੇਵਿੰਦਰ ਸਿੰਘ, ਮੋਹਿਤ ਸਹਿਦੇਵ, ਕੋਮਲ ਸਹਿਦੇਵ, ਵਾਈਸ ਪ੍ਰਿੰ. ਸੁਭਾਸ਼ ਪਰਿੰਦਾ, ਮੈਡਮ ਪਰਮਜੀਤ ਕੌਰ, ਮੈਡਮ ਤ੍ਰਿਪਤਾ, ਮਿਨਾਕਸ਼ੀ ਮਿਸ਼ਰਾ ਅਤੇ ਸੁਭਾਸ਼ ਆਦਿ ਹਾਜ਼ਰ ਸਨ।

# ਦੇਸ਼ ਨੂੰ ਵੰਡਣ ਵਾਲੀਆਂ ਤਾਕਤਾਂ ਨੂੰ ਮਾਤ ਦੇਣ ਲਈ ਕਾਂਗਰਸ ਨੂੰ ਜਿਤਾਓ: ਔਜਲਾ



**ਮੱਤੇਵਾਲ (ਦਵਿੰਦਰ ਸਿੰਘ ਤਰਸਿੱਕਾ)**-ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਲਗਾਤਾਰ ਤੀਸਰੀ ਵਾਰ ਚੋਣ ਲੜ ਰਹੇ ਕਾਂਗਰਸ ਪਾਰਟੀ ਦੇ ਉਮੀਦਵਾਰ ਗੁਰਜੀਤ ਸਿੰਘ ਔਜਲਾ ਦੇ ਹੱਕ ਵਿੱਚ ਸਾਬਕਾ ਫੌਜੀ ਜੈਮਲ ਸਿੰਘ, ਦਵਿੰਦਰ ਸਿੰਘ, ਬਾਬਾ ਗੁਰਜੀਤ ਸਿੰਘ ਬਿੱਲਾ ਵੱਲੋਂ ਵਿਧਾਨ ਸਭਾ ਹਲਕਾ ਮਜੀਠਾ ਦੇ ਪਿੰਡ ਨਾਗ ਕਲਾਂ ਵਿਖੇ ਇੱਕ ਪ੍ਰਭਾਵਸ਼ਾਲੀ ਚੋਣ ਸਭਾ ਕਰਵਾਈ ਗਈ ਜਿਸ ਨੂੰ ਸੰਬੋਧਨ ਕਰਦਿਆਂ ਕਾਂਗਰਸੀ ਉਮੀਦਵਾਰ ਗੁਰਜੀਤ ਸਿੰਘ ਔਜਲਾ ਵੱਲੋਂ ਕਰਵਾਏ ਗਏ ਅੰਮ੍ਰਿਤਸਰ ਦੇ ਵਿਕਾਸ ਬਾਰੇ ਦੱਸਿਆ ਗਿਆ। ਉਨ੍ਹਾਂ ਕਿਹਾ ਕਿ ਇਹ ਚੋਣਾਂ ਇਤਿਹਾਸਿਕ ਚੋਣਾਂ ਨੇ ਜਿਸ ਵਿੱਚ ਭਾਰਤ ਦੀ ਜਨਤਾ ਨੇ ਇਹ ਤੈਅ ਕਰਨਾ ਹੈ ਕਿ ਕੀ ਉਨ੍ਹਾਂ ਨੇ ਜਾਤਾਂ-ਪਾਤਾਂ ਤੇ ਧਰਮਾਂ ਵਿੱਚ ਉਲਝਾ ਕੇ ਵੰਡਣ ਵਾਲੀ ਪਾਰਟੀ ਨੂੰ ਵੋਟਾਂ ਪਾਉਣੀਆਂ ਹਨ ? ਹੁਣ ਤਾਂ ਪੂਰੇ ਦੇਸ਼ ਦੀ ਇੱਕ ਹੀ ਆਵਾਜ਼ ਹੈ ਕਿ ਇੰਡੀਆ ਗਠਜੋੜ ਦੀ ਅਗਵਾਈ ਵਿੱਚ ਕੇਂਦਰ ਦੀ ਸਰਕਾਰ ਬਣਾਈ ਜਾਵੇ। ਸੋ ਇਸ ਇਤਿਹਾਸਿਕ ਚੋਣ ਵਿੱਚ ਹਿੱਸਾ ਲੈਣ ਲਈ ਤੁਸੀਂ ਵੀ ਪੰਜੇ ਦੇ ਬਟਨ ਨੂੰ ਦਬਾ ਕੇ ਹਿੱਸੇਦਾਰ ਬਣੋ। ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਪਰਮਜੀਤ ਸਿੰਘ ਪੰਮਾ ਪ੍ਰਧਾਨ ਮਜੀਠਾ ਨੇ ਕਿਹਾ ਕਿ ਕਿ ਅਸੀਂ ਇਸ ਵਾਰ ਵੀ ਔਜਲਾ ਸਾਹਿਬ ਨੂੰ ਜਿਤਾ ਕੇ ਭੇਜੀਏ ਤਾਂ ਜੋ ਇਹ ਕੇਂਦਰ ਵਿੱਚ ਮੰਤਰੀ ਬਣ ਕੇ ਪੰਜਾਬ ਦੇ ਲੋਕਾਂ ਦੀ ਆਵਾਜ਼ ਬਣ ਸਕਣ। ਇਸ ਮੌਕੇ ਐਮਪੀ ਔਜਲਾ ਦੇ ਮਾਤਾ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਬੁਲਾਰੇ ਨਰਿੰਦਰ ਸਿੰਘ ਸੰਧੂ, ਸੀਨੀਅਰ ਕਾਂਗਰਸੀ ਆਗੂ ਗੋਗਾ ਮਜੀਠਾ, ਸੀਨੀਅਰ ਆਗੂ ਪ੍ਰੀਤ ਇੰਦਰ ਸਿੰਘ ਢਿੱਲੋਂ, ਬੀਸੀ ਸੈਲ ਦੇ ਪ੍ਰਧਾਨ ਸੋਨੂ ਜੰਡਿਆਲਾ ਗੁਰੂ, ਪ੍ਰਧਾਨ ਹਰਬੰਸ ਸਿੰਘ ਭੰਗਵਾਂ, ਹਰਦਿਆਲ ਸਿੰਘ ਭਗਵਾਂ, ਮੈਂਬਰ ਬਲਵਿੰਦਰ ਸਿੰਘ ਲੁਧੜ, ਸੁਖਵੰਤ ਸਿੰਘ ਚੇਤਨਪੁਰੀ ਸਮੇਤ ਹੋਰ ਵੱਡੀ ਗਿਣਤੀ ਵਿੱਚ ਕਾਂਗਰਸੀ ਪੰਚ ਸਰਪੰਚ ਅਤੇ ਲੀਡਰ ਹਾਜ਼ਰ ਸਨ।

20-May-PAGE-4.qxd 5/19/2024 10:31 PM Page 1



# ਫਾਸ਼ੀ ਹਾਕਮ ਕਦੇ ਖ਼ੁਦ ਗੱਦੀ ਨਹੀਂ ਛੱਡਦੇ

*ਲੋਕ ਸਭਾ ਚੋਣਾਂ ਦੀ ਪ੍ਰਕਿਰਿਆ ਅੰਤਿਮ ਦੌਰ ਵਿੱਚ ਹੈ। ਰਹਿੰਦੇ ਗੇੜ ਅਗਲੇ 10 ਕੁ ਦਿਨਾਂ 'ਚ ਮੁਕੰਮਲ ਹੋ ਜਾਣਗੇ। ਇਸ ਸਮੇਂ ਮੁੱਖ ਤੌਰ 'ਤੇ ਸੱਤਾਧਾਰੀ ਗੱਠਜੋੜ 'ਐਨ ਡੀ ਏ' ਤੇ ਵਿਰੋਧੀ ਦਲਾਂ ਦਾ ਸੰਗਠਨ 'ਇੰਡੀਆ' ਆਹਮੋ-ਸਾਹਮਣੇ ਲੜਾਈ ਲੜ ਰਹੇ ਹਨ। ਇਨ੍ਹਾਂ ਤੋਂ ਇਲਾਵਾ ਇਸ ਚੋਣ ਵਿੱਚ ਜਨਤਾ ਨੇ ਮੁੱਖ ਧਿਰ ਬਣ ਕੇ ਲੋਕਤੰਤਰ ਦੀ ਰਾਖੀ ਲਈ ਮੈਦਾਨ ਮੱਲਿਆ ਹੋਇਆ ਹੈ। ਸਮੁੱਚੇ ਦੇਸ਼ ਦੇ ਅਨੇਕ ਸਮਾਜਿਕ ਸੰਗਠਨ, ਜਿਨ੍ਹਾਂ ਕੋਈ ਕੁਰਸੀ ਹਾਸਲ ਨਹੀਂ ਕਰਨੀ, ਫਾਸ਼ੀਵਾਦੀ ਹਾਕਮਾਂ ਨੂੰ ਸੱਤਾ ਤੋਂ ਬੇਦਖ਼ਲ ਕਰਨ ਲਈ ਲਗਾਤਾਰ ਸੰਘਰਸ਼ ਕਰ ਰਹੇ ਹਨ। ਹਾਕਮਾਂ ਦੇ ਭੜਕਾਊ ਭਾਸ਼ਣਾਂ ਦੇ ਬਾਵਜੂਦ ਜਨਤਾ ਬੇਹੱਦ ਸ਼ਾਂਤ-ਚਿੱਤ ਤੇ ਦ੍ਰਿੜ੍ਹਤਾ ਨਾਲ ਏਕਤਾਬੱਧ ਹੋ ਕੇ ਫਾਸ਼ੀਵਾਦ ਨੂੰ ਚੁਣੌਤੀ ਦੇ ਰਹੀ ਹੈ।*

*ਜਨਤਕ ਜਥੇਬੰਦੀਆਂ ਦੀ ਪਿਛਲੇ 5 ਸਾਲਾਂ ਦੀ ਲੰਮੀ ਲੜਾਈ ਤੇ ਚੋਣਾਂ ਵਿੱਚ ਜਨਤਾ ਦੀ ਭਾਈਵਾਲੀ ਨੇ ਮੋਦੀ-ਸ਼ਾਹ ਦੇ ਜੰਗਲ ਰਾਜ ਦੀ ਵਿਦਾਇਗੀ ਦੇ ਦਸਤਾਵੇਜ਼ਾਂ 'ਤੇ ਦਸਤਖ਼ਤ ਕਰ ਦਿੱਤੇ ਹਨ। ਮੋਦੀ ਰਾਜ ਦੇ ਪਤਨ ਦਾ ਕਾਰਨ ਉਸ ਦੇ ਗੁਨਾਹ ਤੇ ਕਰਤੂਤਾਂ ਹਨ। ਜਨਤਾ ਨੇ ਪਿਛਲੇ 10 ਸਾਲਾਂ ਦੌਰਾਨ ਇਨ੍ਹਾਂ ਗੁਨਾਹਾਂ ਤੇ ਕਰਤੂਤਾਂ ਦੀ ਮਾਰ ਝੱਲੀ ਹੈ। ਹਾਕਮਾਂ ਦੇ ਵਿਸ਼ਵਾਸ ਦੇ ਬਾਵਜੂਦ ਜਨਤਾ ਉਨ੍ਹਾਂ ਨੂੰ ਮਾਫ਼ ਕਰਨ ਲਈ ਤਿਆਰ ਨਹੀਂ, ਪਰ ਇੱਕ ਗੱਲ ਸਭ ਨੂੰ ਸਮਝ ਲੈਣੀ ਚਾਹੀਦੀ ਹੈ ਕਿ ਮੌਜੂਦਾ ਹਾਕਮ ਚੁੱਪ ਕੀਤੇ ਗੱਦੀ ਛੱਡ ਦੇਣਗੇ, ਇਹ ਸੰਭਵ ਨਹੀਂ ਲਗਦਾ, ਕਿਉਂਕਿ ਹਾਕਮਾਂ ਦੇ ਗੁਨਾਹਾਂ ਦਾ ਭਾਰ ਏਨਾ ਵੱਧ ਹੈ ਕਿ ਨਤੀਜਿਆਂ ਦਾ ਡਰ ਉਨ੍ਹਾਂ ਦੇ ਅੰਦਰਲੇ ਨੂੰ ਕੰਬਣੀ ਛੇੜ ਰਿਹਾ ਹੈ।*

*ਚੋਣ ਬਾਂਡਾਂ ਦੇ ਮਹਾਂ ਘੁਟਾਲੇ ਨੂੰ ਸੁਪਰੀਮ ਕੋਰਟ ਬੇਨਕਾਬ ਕਰ ਚੁੱਕੀ ਹੈ। ਇਸ ਸਾਰੇ ਘੁਟਾਲੇ ਦੌਰਾਨ ਦਾਨ ਦੇਣ ਵਾਲਿਆਂ ਨਾਲ ਕੀ-ਕੀ ਸੌਦੇ ਹੋਏ, ਨਵੀਂ ਸਰਕਾਰ ਆਉਣ 'ਤੇ ਉਹ ਖੁੱਲ੍ਹਣੇ ਲਾਜ਼ਮੀ ਹਨ। ਮੌਜੂਦਾ ਸਰਕਾਰ ਜਾਂਦੀ ਹੈ ਤਾਂ ਪੀ ਐੱਮ ਕੇਅਰਜ਼ ਫੰਡ ਵਿੱਚ ਕਿਨ੍ਹਾਂ ਤੇ ਕਿੱਥੋਂ ਪੈਸਾ ਆਇਆ ਤੇ ਉਹ ਕਿੱਥੇ ਗਿਆ, ਇਸ ਦਾ ਵੀ ਹਿਸਾਬ-ਕਿਤਾਬ ਖੁੱਲ੍ਹੇਗਾ। ਰਾਫੇਲ ਸੌਦੇ ਦਾ ਜਿਹੜਾ ਵੇਰਵਾ ਸੁਪਰੀਮ ਕੋਰਟ ਅੰਦਰ ਸੀਲਬੰਦ ਲਿਫ਼ਾਫ਼ੇ ਵਿੱਚ ਪਿਆ ਹੈ, ਉਸ ਦੀ ਫਾਈਲ ਵੀ ਦੁਬਾਰਾ ਖੁੱਲ੍ਹੇਗੀ ਹੀ। ਇਹ ਪਤਾ ਲੱਗ ਜਾਵੇਗਾ ਕਿ ਪੱਤਰਕਾਰਾਂ ਤੇ ਜੱਜਾਂ ਤੱਕ ਦੀ ਜਾਸੂਸੀ ਲਈ ਖਰੀਦਿਆ ਗਿਆ 'ਪੈਗਾਸਸ' ਨਾਂਅ ਦਾ ਜਸੂਸੀ ਯੰਤਰ ਕਦੋਂ ਤੇ ਕਿਸ ਵਿਭਾਗ ਨੇ ਖਰੀਦਿਆ ਸੀ।*

*ਜਨਤਕ ਜਾਇਦਾਦਾਂ ਆਪਣੇ ਕਾਰਪੋਰੇਟ ਮਿੱਤਰਾਂ ਨੂੰ ਕੌਡੀਆਂ ਦੇ ਭਾਅ ਦਿੱਤੇ ਜਾਣ ਦਾ ਵੀ ਪਰਦਾ ਫਾਸ਼ ਹੋਵੇਗਾ। ਖੋਜੀ ਪੱਤਰਕਾਰਾਂ ਨੇ ਪਤਾ ਲਾਇਆ ਹੈ ਕਿ ਭਾਜਪਾ ਨੇ ਪਿਛਲੇ ਦਸ ਸਾਲਾਂ ਦੌਰਾਨ ਜਿੰਨਾ ਚੰਦਾ ਇਕੱਠਾ ਕੀਤੇ ਜਾਣ ਦੀ ਗੱਲ ਮੰਨੀ ਹੈ, ਉਸ ਤੋਂ 60 ਹਜ਼ਾਰ ਕਰੋੜ ਰੁਪਏ ਵੱਧ ਖਰਚ ਕੀਤਾ ਹੈ, ਇਹ ਰਕਮ ਕਿੱਥੋਂ ਆਈ, ਇਸ ਦਾ ਭੇਦ ਵੀ ਖੁੱਲ੍ਹੇਗਾ। ਇਹ ਤਾਂ ਮੋਟੇ-ਮੋਟੇ ਤੱਥ ਹਨ। ਡੂੰਘੀ ਜਾਂਚ-ਪੜਤਾਲ ਤੋਂ ਬਾਅਦ ਕਈ ਕੁਝ ਸਾਹਮਣੇ ਆਵੇਗਾ, ਭਾਵੇਂ ਉਹ ਨੋਟਬੰਦੀ ਹੋਵੇ, ਅੰਕੜਿਆਂ 'ਚ ਹੇਰਾਫੇਰੀ ਹੋਵੇ ਜਾਂ ਬਦੇਸ਼ਾਂ ਵਿਚਲੇ ਭ੍ਰਿਸ਼ਟ ਲੈਣ-ਦੇਣ ਦੇ ਕਾਰੇ, ਤਦ ਹਾਕਮਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਜਾਵੇਗੀ।*

*ਇਹੋ ਹੀ ਨਹੀਂ, ਮੋਦੀ-ਸ਼ਾਹ ਦੀਆਂ ਸਾਰੀਆਂ ਕਰਤੂਤਾਂ ਜਦੋਂ ਸਾਹਮਣੇ ਆਉਣਗੀਆਂ ਤਾਂ ਭਾਜਪਾ ਦੀ ਮੁੜ ਵਾਪਸੀ ਦਾ ਬੂਹਾ ਦਹਾਕਿਆਂ ਤੱਕ ਲਈ ਬੰਦ ਹੋ ਜਾਵੇਗਾ। ਅਸਲ ਵਿੱਚ ਭਾਜਪਾ ਦੀ ਹਾਰ ਦਾ ਮਤਲਬ ਹੋਵੇਗਾ, ਹਿੰਦੂਤਵੀ ਸਿਆਸਤ ਦਾ ਖਾਤਮਾ।*

*ਇਸ ਲਈ ਅੰਦੇਸ਼ਾ ਹੈ ਕਿ ਮੌਜੂਦਾ ਹਾਕਮ ਚੋਣਾਂ ਨੂੰ ਆਪਣੇ ਪੱਖ ਵਿੱਚ ਕਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਚੋਣ ਪ੍ਰਕਿਰਿਆ ਸ਼ੁਰੂ ਹੋਣ ਤੋਂ ਪਹਿਲਾਂ ਹੀ ਸੱਤਾਧਾਰੀਆਂ ਦੀ ਪੂਰੀ ਕੋਸ਼ਿਸ਼ ਸੀ ਕਿ ਇਸ ਚੋਣ ਨੂੰ ਆਪਣੇ ਮੁਤਾਬਕ ਢਾਲਿਆ ਜਾਵੇ। ਇਸ ਲਈ ਵਿਰੋਧੀ ਦਲਾਂ ਦੇ ਆਗੂਆਂ ਨੂੰ ਈ ਡੀ ਰਾਹੀਂ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਗਿਆ। ਕਾਂਗਰਸ ਪਾਰਟੀ ਦੇ ਬੈਂਕ ਖਾਤੇ ਜਾਮ ਕੀਤੇ ਗਏ। ਤਾਕਤ ਰਾਹੀਂ ਉਮੀਦਵਾਰਾਂ ਦੇ ਕਾਗਜ਼ ਵਾਪਸ ਕਰਾਏ ਗਏ। ਕਈ ਉਮੀਦਵਾਰਾਂ ਦੇ ਪਰਚੇ ਰੱਦ ਕਰਾਏ ਗਏ। ਵੋਟਾਂ ਪੈਣ ਸਮੇਂ ਵਿਰੋਧੀ ਵੋਟਰਾਂ ਨੂੰ ਵੋਟ ਪਾਉਣ ਤੋਂ ਰੋਕਿਆ ਗਿਆ। ਸਰਕਾਰੀ ਮਸ਼ੀਨਰੀ ਦੀ ਖੁੱਲ੍ਹੇਆਮ ਵਰਤੋਂ ਕੀਤੀ ਗਈ। ਇਹ ਸਾਰਾ ਕੁਝ ਹੋਣ ਦੇ ਬਾਵਜੂਦ ਜਨਤਾ ਸ਼ਾਂਤ-ਚਿੱਤ ਹੋ ਕੇ ਸੱਤਾਧਾਰੀਆਂ ਵਿਰੁੱਧ ਆਪਣੀ ਲੜਾਈ ਲੜ ਰਹੀ ਹੈ।*

*ਸੱਤਾਧਾਰੀਆਂ ਦਾ ਆਖ਼ਰੀ ਸਹਾਰਾ ਚੋਣ ਕਮਿਸ਼ਨ ਹੈ, ਜਿਸ ਨੂੰ ਖ਼ੁਦ ਉਨ੍ਹਾਂ ਨਾਮਜ਼ਦ ਕੀਤਾ ਹੈ। ਚੋਣਾਂ ਦੇ ਸ਼ੁਰੂ ਤੋਂ ਹੀ ਚੋਣ ਕਮਿਸ਼ਨ ਨੇ ਬੇਸ਼ਰਮੀ ਨਾਲ ਹਾਕਮਾਂ ਦਾ ਪੱਖ ਲੈਣਾ ਸ਼ੁਰੂ ਕਰ ਦਿੱਤਾ ਸੀ। ਚੋਣ ਪ੍ਰਕਿਰਿਆ ਨੂੰ ਬੇਮਤਲਬ ਲੰਮਾ ਖਿੱਚ ਕੇ ਮੋਦੀ ਦੇ ਹਰ ਹਲਕੇ ਵਿੱਚ ਪੁੱਜਣ ਦਾ ਰਾਹ ਸੁਖਾਲਾ ਕੀਤਾ ਗਿਆ। ਪ੍ਰਧਾਨ ਮੰਤਰੀ ਵੱਲੋਂ ਧਾਰਮਿਕ ਫੁਟਪਾਊ ਬਿਆਨ ਦੇ ਕੇ ਚੋਣ ਜ਼ਾਬਤੇ ਦੀਆਂ ਧੱਜੀਆਂ ਉਡਾਈਆਂ ਜਾਂਦੀਆਂ ਰਹੀਆਂ, ਪਰ ਚੋਣ ਕਮਿਸ਼ਨ ਨੇ ਕੰਨ ਬੰਦ ਕਰੀ ਰੱਖੇ ਹਨ। ਪਹਿਲੇ ਗੇੜ ਦੀਆਂ ਚੋਣਾਂ ਦੇ ਅੰਕੜੇ ਫੀਸਦੀ ਵਿੱਚ 11 ਦਿਨਾਂ ਬਾਅਦ ਜਾਰੀ ਕੀਤੇ ਗਏ। ਕੁੱਲ ਪੋਲ ਵੋਟਾਂ ਦੇ ਅੰਕੜੇ ਹਾਲੇ ਤੱਕ ਵੀ ਜਾਰੀ ਨਹੀਂ ਕੀਤੇ ਹਨ। ਚੋਣ ਕਮਿਸ਼ਨ ਦੀ ਇਹ ਮਨਮਾਨੀ ਸ਼ੰਕੇ ਖੜ੍ਹੇ ਕਰਦੀ ਹੈ।*

*ਲੱਗਦਾ ਇਹ ਸੀ ਕਿ ਹਾਰ ਜਾਣ ਉੱਤੇ ਸਭ ਗੁਨਾਹਾਂ ਦੀ ਜ਼ਿੰਮੇਵਾਰੀ ਮੋਦੀ ਉੱਤੇ ਪਾ ਕੇ ਸੰਘ ਆਪਣੀ ਹੋਂਦ ਬਚਾਉਣ ਦੀ ਕੋਸ਼ਿਸ਼ ਕਰੇਗਾ, ਪਰ ਭਾਜਪਾ ਪ੍ਰਧਾਨ ਜੇ ਪੀ ਨੱਢਾ ਦੀ ਛਪੀ ਇੰਟਰਵਿਊ ਨੇ ਤਾਂ ਸੰਘ ਨੂੰ ਉਂਜ ਹੀ ਕਿਨਾਰੇ ਕਰ ਦਿੱਤਾ ਹੈ। ਇਸ ਤੋਂ ਸਾਫ਼ ਹੈ ਕਿ ਮੋਦੀ ਨੇ ਮਨ ਬਣਾ ਲਿਆ ਹੈ ਕਿ ਉਹ ਗੱਦੀ ਬਚਾਈ ਰੱਖਣ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਮੋਦੀ ਵੱਲੋਂ 14 ਮਈ ਨੂੰ ਗੰਗਾ ਕਿਨਾਰੇ ਦਿੱਤੀ ਗਈ ਇੰਟਰਵਿਊ ਦੌਰਾਨ ਇਹ ਕਹਿਣਾ, 'ਮੈਨੂੰ ਤਾਂ ਬ੍ਰਹਮਾ ਨੇ ਭਾਰਤ ਉਤੇ ਰਾਜ ਕਰਨ ਲਈ ਭੇਜਿਆ ਹੈ, ਇਸ ਲਈ ਉਹ ਤਾਂ ਬ੍ਰਹਮਾ ਵੱਲੋਂ ਲਾਈ ਜ਼ਿੰਮੇਵਾਰੀ ਨੂੰ ਨਿਭਾਅ ਰਹੇ ਹਨ', ਸਭ ਕੁਝ ਸਪੱਸ਼ਟ ਕਰ ਦਿੰਦਾ ਹੈ। ਇਸ ਦਾ ਮਤਲਬ ਹੈ ਕਿ ਉਹ ਲੋਕਾਂ ਦਾ ਨਹੀਂ ਬ੍ਰਹਮਾ ਦਾ ਫ਼ਤਵਾ ਮੰਨੇਗਾ। ਇਸ ਤੋਂ ਜਾਪਦਾ ਹੈ ਕਿ ਚੋਣ ਅਮਲ 4 ਜੂਨ ਨੂੰ ਆਉਣ ਵਾਲੇ ਨਤੀਜਿਆਂ ਨਾਲ ਹੀ ਖ਼ਤਮ ਨਹੀਂ ਹੋਣ ਵਾਲਾ।*

*ਇਸ ਲਈ ਜਨਤਾ ਨੂੰ ਅਜਿਹੀ ਸਥਿਤੀ ਬਣ ਜਾਣ ਲਈ ਹੁਣ ਤੋਂ ਹੀ ਤਿਆਰ ਰਹਿਣਾ ਚਾਹੀਦਾ ਹੈ। ਫਾਸ਼ੀ ਹਾਕਮ ਕਦੇ ਵੀ ਖ਼ੁਦ ਗੱਦੀ ਨਹੀਂ ਛੱਡਦੇ, ਉਨ੍ਹਾਂ ਨੂੰ ਗੱਦੀਓਂ ਲਾਹੁਣਾ ਪੈਂਦਾ ਹੈ।*

**-ਚੰਦ ਫਤਿਹਪੁਰੀ**

# ਹਰੇਕ ਵਰਗ ਪ੍ਰੇਸ਼ਾਨ ਤੇ ਉਦਾਸ ਹੈ ਅਜੋਕੀਆਂ ਸਰਕਾਰਾਂ ਤੋਂ



ਵਰਗਿਸ ਸਲਾਮਤ

ਪੂਰੇ ਭਾਰਤ ਵਿਚ ਚੋਣਾਂ ਦਾ ਦੌਰ ਚੱਲ ਰਿਹਾ ਹੈ। 19 ਅਪ੍ਰੈਲ ਤੋਂ 1 ਜੂਨ ਤੱਕ ਸੱਤ ਪੜਾਵਾਂ ਵਿਚ ਇਸ 17ਵੀਂ ਲੋਕ ਸਭਾ ਲਈ ਚੋਣਾਂ ਦਾ ਬਜ਼ਾਰ ਗਰਮ ਅਤੇ ਸਰਗਰਮ ਹੈ। ਭਾਰਤ ਦੇ ਹਰ 18 ਸਾਲ ਦੇ ਬਸ਼ਿੰਦੇ ਨੂੰ ਹਰ ਪੰਜ ਸਾਲਾਂ ਬਾਅਦ ਆਪਣੀ ਮਨਪਸੰਦ ਦੀ ਸਰਕਾਰ ਅਤੇ ਆਪਣੀ ਮਨਪਸੰਦ ਦਾ ਨੇਤਾ ਚੁਣਨ ਦਾ ਅਧਿਕਾਰ ਹੈ। ਭਾਰਤੀ ਸੰਵਿਧਾਨ ਨੂੰ ਘੜਨ ਵਾਲੇ ਬਾਬਾ ਸਾਹਿਬ ਡਾਕਟਰ ਅੰਬੇਦਕਰ ਅਤੇ ਸੰਵਿਧਾਨਿਕ ਸਭਾ ਦੇ ਸਾਰੇ ਮੈਂਬਰ ਸਹਿਬਾਨਾਂ ਦੀ ਸੋਚ ਦਾ ਘੇਰਾ ਬਹੁਤ ਵਿਸ਼ਾਲ ਸੀ, ਨਾਲ ਦੀ ਨਾਲ ਉਹਨਾਂ ਦੇ ਇਰਾਦੇ ਵੀ ਬਹੁਤ ਮਜ਼ਬੂਤ ਸਨ। ਉਹਨਾਂ ਦੇ ਦਿਲੋ-ਦਿਮਾਗ ਸਿਰਫ ਰਾਸ਼ਟਰਹਿਤ ਲਈ ਧੜਕਦੇ ਅਤੇ ਫੜਕਦੇ ਸਨ। ਉਸ ਵੇਲੇ ਉਹਨਾਂ ਦਾ ਮੁੱਖ ਉਦੇਸ਼ ਸੀ ਕਿ ਸਾਰੇ ਭਾਰਤੀ ਲੋਕਾਂ ਨੂੰ ਸਹੀ ਅਰਥਾਂ 'ਚ ਅਜ਼ਾਦੀ ਮਹਿਸੂਸ ਕਰਾਉਣਾ। ਸੰਵਿਧਾਨਕ ਸਭਾ ਵਿਚ ਜ਼ਿਆਦਾਤਰ ਫੈਸਲੇ ਉਸਾਰੂ ਬਹਿਸ ਕਰਕੇ ਸਾਰਿਆਂ ਦੀ ਰਾਏ ਨਾਲ ਪਾਸ ਹੁੰਦੇ ਸਨ। ਮੱਤਭੇਦ ਪਨਪਦੇ ਜ਼ਰੂਰ ਸਨ, ਪਰ ਮਨਭੇਦ ਵਿਚ ਕਦੇ ਨਹੀਂ ਸਨ ਬਦਲਦੇ। ਲੋਕਤੰਤਰ 'ਚ ਲੋਕਾ ਦੀ, ਲੋਕਾਂ ਲਈ ਅਤੇ ਲੋਕਾ ਦੁਆਰਾ ਚੁਣੀ ਸਰਕਾਰ ਹੁੰਦੀ ਹੈ। ਰਾਸ਼ਟਰਪਤੀ ਇਬਰਾਹਿਮ ਲਿੰਕਨ ਦੀ ਲੋਕਤੰਤਰ ਸੰਬੰਧੀ ਇਹ ਪਰਿਭਾਸ਼ਾ ਸਭ ਤੋਂ ਸਰਲ ਅਤੇ ਸਭ ਦੀ ਸਮਝ 'ਚ ਆਉਣ ਵਾਲੀ ਹੈ।

ਵਿਸ਼ਵ ਭਰ 'ਚ ਕਿਸੇ ਵੀ ਦੇਸ਼ ਨੂੰ ਚੰਗਾ, ਸੁਚੱਜਾ ਅਤੇ ਸਕਰੀਏ ਬਣਾਉਣ ਅਤੇ ਚਲਾਉਣ ਲਈ ਕਿਰਤੀ, ਕਾਮੇ, ਕਰਮਚਾਰੀ ਅਤੇ ਮੁਲਾਜ਼ਮ, ਕਿਸਾਨ ਅਤੇ ਵਪਾਰੀ ਵਰਗ ਦਾ ਯੋਗਦਾਨ ਅਹਿਮ ਹੁੰਦਾ ਹੈ। ਮਨੁੱਖੀ ਸਰੀਰ 'ਚ ਜੋ ਨਸਾਂ ਦੀ ਅਹਿਮੀਅਤ ਹੁੰਦੀ ਹੈ, ਉਹੀ ਅਹਿਮੀਅਤ ਕਿਸੇ ਵੀ ਦੇਸ਼ ਦੀ ਪ੍ਰਣਾਲੀ ਨੂੰ ਬਣਾਉਣ, ਚਲਾਉਣ ਅਤੇ ਵਧਾਉਣ ਵਿਚ ਕਿਰਤੀ, ਕਾਮੇ, ਕਰਮਚਾਰੀ ਅਤੇ ਮੁਲਾਜ਼ਮ, ਕਿਸਾਨ ਅਤੇ ਵਪਾਰੀ ਆਦਿ ਦੀ ਹੁੰਦੀ ਹੈ।

ਢਿੱਡ ਭਰਨ ਲਈ ਹਰ ਇਨਸਾਨ ਨੂੰ ਕੁਝ ਕੰਮ-ਕਾਰ ਜਾਂ ਕੋਈ ਨਿੱਕਾ-ਮੋਟਾ ਧੰਦਾ ਕਰਨਾ ਪੈਂਦਾ ਹੈ। ਫਿਰ ਭਾਵੇਂ ਉਹ ਸੜਕ 'ਤੇ ਰੇਹੜੀ ਲਾਉਣਾ, ਚਾਹ ਵੇਚਣਾ ਜਾਂ ਪਕੌੜੇ ਤਲਨਾ ਹੀ ਕਿਉਂ ਨਾ ਹੋਵੇ। ਉਸ ਨੂੰ ਅਸੀ ਰੋਜ਼ਗਾਰ ਦੀ ਕੈਟਾਗਰੀ 'ਚ ਨਹੀ ਮਾਪ ਸਕਦੇ। ਰੋਜ਼ਗਾਰ ਅਰਥਾਤ ਸਰਕਾਰ ਵੱਲੋਂ ਯੋਗਤਾ ਦੇ ਆਧਾਰ 'ਤੇ ਸੰਵਿਧਾਨ ਵਿਚ ਅੰਗੀਕ੍ਰਿਤ ਸਰਵਿਸ ਰੂਲ ਅਨੁਸਾਰ ਸੁਰੱਖਿਆ ਸਹਿਤ ਆਪਣੇ ਅਹੁਦੇ ਦੀਆਂ ਸੇਵਾਵਾਂ ਦੇਣੀਆਂ ਜਾਂ ਦੇਣ ਲਈ ਪਾਬੰਦ ਹੋਣਾ ਹੈ ਅਤੇ ਇਕ ਲੰਮੇ ਸਮੇਂ ਦੀ ਨਿਸਚਿਤ ਸੇਵਾ ਦੇ ਬਾਅਦ ਉਸ ਕਰਮੀ ਦੇ ਬੁਢਾਪੇ ਦੀ ਸੁਰੱਖਿਆ ਵੱਜੋਂ ਪੈਨਸ਼ਨ ਦੀ ਵਿਵਸਥਾ ਕਰਨਾ ਹੈ। ਸਮੇਂ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਸਰਕਾਰੀ, ਸਹਿ-ਸਰਕਾਰੀ ਅਤੇ ਨਿਜੀ ਖੇਤਰ ਵਿਚ ਵੀ ਸਰਵਿਸ ਰੂਲ ਅਨੁਸਾਰ ਦੇਸ਼ ਵਿਚ ਰੋਜ਼ਗਾਰ ਅਤੇ ਬੁਢਾਪਾ ਪੈਨਸ਼ਨ ਦਾ ਮਹੌਲ ਬਣਾਉਂਦੇ ਰਹਿਣ, ਤਾਂ ਕਿ ਰੋਜ਼ਗਾਰ ਦਾ ਸਰਕਲ ਚਲਦਾ ਰਹੇ।

ਫੈਡਰਲ ਸਿਸਟਮ ਵਿਚ ਕੇਂਦਰ ਅਤੇ ਰਾਜ ਦੋਹਾਂ ਦਾ ਪਹਿਲਾ ਕੰਮ ਰੋਜ਼ਗਾਰ ਦੇ ਮੌਕੇ ਬਣਾਉਣਾ ਅਤੇ ਸਾਰਿਆਂ ਨੂੰ ਬਰਾਬਰ ਮੌਕੇ ਪ੍ਰਦਾਨ ਕਰਵਾਉਣਾ ਹੁੰਦਾ ਹੈ, ਤਾਂ ਕਿ ਹਰ ਵਰਗ ਨੂੰ ਯੋਗਤਾ ਅਤੇ ਕੇਡਰ ਆਦਿ ਅਨੁਸਾਰ ਜਨਰੇਸ਼ਨ ਦਰ ਜਨਰੇਸ਼ਨ ਸਭ ਨੂੰ ਰੋਜ਼ਗਾਰ ਲਈ ਬਰਾਬਰ ਮੌਕੇ ਮਿਲਦੇ ਰਹਿਣ, ਪਰ ਨਿੱਜੀਕਰਨ, ਉਦਾਰੀਕਰਨ ਅਤੇ ਮੰਡੀਕਰਨ ਦੀਆਂ ਨੀਤੀਆਂ ਦੀਆਂ ਬਦਲਦੀਆਂ ਤਰਜੀਹਾਂ ਕਾਰਨ ਸਰਕਾਰਾਂ ਨੇ ਰੋਜ਼ਗਾਰ ਵਧਾਉਣ ਦੀ ਥਾਂ ਘਟਾਉਣੇ ਸ਼ੁਰੂ ਕਰ ਦਿੱਤੇ ਹਨ ਅਤੇ ਠੇਕੇਦਾਰੀ, ਨਿੱਜੀਕਰਨ ਅਤੇ ਆਊਟਸੋਰਸ ਭਰਤੀਆਂ ਨਾਲ ਪੱਕੇ ਰੋਜ਼ਗਾਰਾਂ ਦਾ ਭੋਗ ਪਾਉਣਾ ਸ਼ੁਰੂ ਕਰ ਦਿੱਤਾ ਹੈ। ਭਾਰਤ ਵਿਚ ਸਰਕਾਰੀ ਸੈਕਟਰ ਵਿਚ ਕੰਮ ਕਰਨ ਵਾਲੇ ਸਰਕਾਰੀ ਕਰਮਚਾਰੀ ਲਗਭਗ 4.7 ਕਰੋੜ ਹਨ। 146 ਕਰੋੜ ਜਨਸੰਖਿਆ ਵਾਲੇ ਭਾਰਤ 'ਚ ਸੰਖਿਆ ਤਾਂ ਆਟੇ 'ਚ ਲੂਣ ਬਰਾਬਰ ਤਾਂ ਕੀ ਉਸਦੇ ਦੇ ਲਾਗੇ-ਚਾਗੇ ਵੀ ਨਹੀ ਹੈ। ਰਾਜਾਂ ਦਾ ਹਾਲ ਵੀ ਏਸੇ ਤਰ੍ਹਾਂ ਦਾ ਹੈ। ਕੱਚੇ ਮੁਲਾਜ਼ਮਾਂ ਨੂੰ ਗੋਲਮੋਲ ਨੀਤੀਆਂ ਨਾਲ ਪੱਕੇ ਕਰਨਾ, ਪੇ ਕਮਿਸ਼ਨ ਨੂੰ ਸਹੀ ਤਰੀਕੇ ਨਾਲ ਲਾਗੂ ਨਾ ਕਰਨਾ, ਸਰਕਾਰੀ ਭੱਤੇ ਫਰੀਜ਼ ਕਰਕੇ ਰੱਖਣਾ, ਮਹਿੰਗਾਈ ਦਰ ਦੇ ਮਹਿੰਗਾਈ ਭੱਤੇ ਰੋਕ-ਰੋਕ ਕੇ ਫਰੀਜ਼ ਦੀ ਕੈਟਾਗਰੀ ਪਾਉਣ ਦੀ ਕੋਸ਼ਿਸ ਕਰਨਾ।

ਜੇ ਕਿਰਤੀ ਕਾਮੇ, ਕਿਸਾਨ, ਮਜ਼ਦੂਰ ਅਤੇ ਦੁਕਾਨਦਾਰ ਅਤੇ ਛੋਟਾ ਵਪਾਰੀ ਦੇਸ਼ ਦੇ ਸਰੀਰ ਵਿਚ ਨਾੜੀਆਂ ਅਤੇ ਨਸਾਂ ਦਾ ਕੰਮ ਕਰਦੇ ਹਨ ਤਾਂ ਮੁਲਾਜ਼ਮ ਉਸ ਸਰੀਰ ਦੀ ਰੀੜ੍ਹ ਦੀ ਹੱਡੀ ਹੁੰਦਾ ਹੈ। ਕੋਵਿਡ-19 ਵਿਚ ਮੁਲਾਜ਼ਮ ਹੀ ਸਨ, ਜਿਨ੍ਹਾਂ ਨੇ ਉਸ ਚੇਤਾਵਨੀ ਵਾਲੀ ਘੜੀ ਵਿਚ ਵੀ ਆਪਣੀਆਂ ਸੇਵਾਵਾਂ ਲੋਕਾਂ ਤੱਕ ਪਹੁੰਚਾਈਆਂ ਸਨ। ਮੁਲਾਜ਼ਮ ਹੀ ਹਨ, ਜੋ ਹਰ ਚੇਤਾਵਨੀ ਭਰਪੂਰ ਸਥਾਨਾਂ 'ਤੇ ਖਤਰਨਾਕ ਸਥਿਤੀਆਂ ਵਿਚ ਵੀ ਚੋਣਾਂ ਕਰਵਾਉਂਦੇ ਹਨ। ਮੁਲਾਜ਼ਮ ਹੀ ਹਨ, ਜੋ ਮੇਲਿਆਂ, ਦਰਗਾਹਾਂ, ਮੰਦਰਾਂ ਅਤੇ ਕੁੰਭ ਵਰਗੇ ਇਕੱਠਾਂ ਵਿਚ ਇਕ ਪੈਰ 'ਤੇ ਖੜ ਕੇ ਦਿਨ-ਰਾਤ ਡਿਊਟੀ ਕਰਦੇ ਹਨ। ਇਸ ਦੇ ਬਾਵਜੂਦ ਅੱਜ ਦੀ ਤਰੀਕ ਵਿਚ ਸ਼ਾਇਦ ਹੀ ਕੋਈ ਦਿਨ ਐਸਾ ਆਇਆ ਹੋਵੇ, ਜਿਸ ਦਿਨ ਮੁਲਾਜ਼ਮਾਂ, ਬੇਰੋਜ਼ਗਾਰਾਂ, ਮਜ਼ਦੂਰਾਂ ਅਤੇ ਕਿਸਾਨਾਂ ਦੇ ਧਰਨੇ, ਮੁਜ਼ਾਹਰੇ, ਰੈਲੀਆਂ ਅਤੇ ਪ੍ਰਦਰਸ਼ਨਾਂ ਦੀਆਂ ਖਬਰਾਂ ਅਖਬਾਰਾਂ, ਚੈਨਲਾਂ ਅਤੇ ਸੋਸ਼ਲ ਮੀਡੀਆ ਦੀਆਂ ਸੁਰਖੀਆਂ ਨਾ ਬਣੀਆਂ ਹੋਣ। ਸੋਸ਼ਲ ਮੀਡੀਆ 'ਤੇ ਸਰਕਾਰਾਂ ਖਿਲਾਫ ਨਾਅਰੇ, ਪਿੱਟ-ਸਿਆਪੇ ਅਤੇ ਬਹਿਸਾਂ ਦੀਆਂ ਵੀਡੀਓਜ਼ ਦਸਦੇ ਹਨ ਕਿ ਲੋਕ ਹਰ ਪਲ ਲੜ ਰਹੇ ਹਨ, ਪਰ ਸਰਕਾਰਾਂ ਦਾ ਵਤੀਰਾ ਮੈਂ ਨਾ ਮਾਨੂੰ, ਮੀਟਿੰਗਾ ਦੇ ਲਾਰੇ ਅਤੇ ਸਮਾਂ ਟਾਲੂ ਹੋ ਗਿਆ ਹੈ।

ਵੈਸੇ ਤਾਂ ਲੋਕਤੰਤਰੀ ਦੀ ਨੌਕਰਸ਼ਾਹੀ 'ਚ ਸੇਵਾਦਾਰ, ਪੀਅਨ, ਸਵੀਪਰ ਤੋਂ ਲੈ ਕੇ ਨਿਆਂਦੀਸ਼, ਸੈਨਾਵਾਂ ਮੁੱਖੀ ਅਤੇ ਰਾਸ਼ਟਰਪਤੀ ਤੱਕ ਮੁਲਾਜ਼ਮ ਵਰਗ ਵਿੱਚ ਗਿਣੇ ਜਾਂਦੇ ਹਨ। ਲੋਕਤੰਤਰੀ ਕਦਰਾਂ-ਕੀਮਤਾਂ ਕਹਿੰਦੀਆਂ ਹਨ ਕਿ ਲੋਕਤੰਤਰ ਵਿਚ ਜਿਹੜਾ ਸ਼ਖਸ ਵੀ ਜਿੰਨੇ ਵੱਡੇ ਅਹੁਦੇ ਉਪਰ ਬੈਠਾ ਹੈ, ਉਹ ਓਨਾ ਹੀ ਵੱਡਾ ਸੇਵਾਦਾਰ ਹੈ। ਨੌਕਰਸ਼ਾਹੀ ਦੇ ਇਹਨਾਂ ਵੱਡੇ ਸੇਵਾਦਾਰਾਂ ਨੂੰ ਚਲਾਉਣ ਲਈ ਲੋਕ-ਸ਼ਕਤੀ ਨਾਲ ਚੁਣ ਕੇ ਲਿਆਂਦੇ ਨੁਮਾਇੰਦੇ ਇਨ੍ਹਾਂ ਤੋ ਵੀ ਵੱਡੇ ਸੇਵਾਦਾਰ ਹੁੰਦੇ ਹਨ, ਜੋ ਅਸਲ 'ਚ ਕਾਮੇ, ਕਰਮਚਾਰੀ ਅਤੇ ਮੁਲਾਜਮ, ਕਿਸਾਨ, ਵਪਾਰੀ ਅਤੇ ਆਮ ਜਨਤਾ ਦੀ ਪ੍ਰਤੀਨਿਧਤਾ ਕਰਨ ਲਈ ਪੰਚ ਤੋਂ ਲੈ ਕੇ ਸੰਸਦ ਤੱਕ ਭੇਜੇ ਜਾਂਦੇ ਹਨ, ਪਰ ਅੱਜ ਇਹਨਾਂ ਲੋਕਤੰਤਰੀ ਕਦਰਾਂ-ਕੀਮਤਾਂ ਦੇ ਉਲਟ ਹੋ ਰਿਹਾ ਹੈ। ਕੁਝ ਦਹਾਕਿਆਂ ਤੋ ਲੋਕਤੰਤਰ ਦੇ ਇਸ ਤੰਤਰ ਨੂੰ ਤਿੰਨ-ਤੰਤਰ ਵਿਚ ਸਮਝਿਆ ਜਾ ਰਿਹਾ ਹੈ। ਇਕ 'ਚ ਰਹਿ ਗਏ ਕਿਰਤੀ ਕਾਮੇ, ਕਰਮਚਾਰੀ ਅਤੇ ਮੁਲਾਜ਼ਮ, ਕਿਸਾਨ ਅਤੇ ਛੋਟਾ ਵਪਾਰੀ, ਦੂਜੇ 'ਚ ਉੱਚੀ ਅਤੇ ਵੱਡੀ ਅਫਸਰਸ਼ਾਹੀ ਅਤੇ ਵੱਡੇ ਵਪਾਰੀ, ਤੀਸਰੀ ਚੁਣੀ ਨੁਮਾਇੰਦਗੀ, ਜੋ ਹੈ ਤਾਂ ਲੋਕਾਂ ਦੀ ਅਸਲ ਸੇਵਾਦਾਰੀ, ਪਰ ਹੁਣ ਮਹਿਸੂਸ ਕੀਤੀ ਜਾ ਰਹੀ ਹੈ ਜਗੀਰਦਾਰੀ। ਇਹਨਾਂ ਦਾ ਨੈਕਸਸ (ਗੱਠਜੋੜ) ਹੁਣ ਜਨਤਾ ਨਹੀਂ ਸਰਮਾਏਦਾਰੀ ਹੈ। ਦੁਨੀਆ ਦਾ ਸਭ ਤੋਂ ਵੱਡਾ ਘੋਟਾਲਾ ਕਿਹਾ ਜਾਣ ਵਾਲਾ ਇਲੈਕਟੋਰਲ ਬਾਂਡ ਏਸੇ ਦਾ ਨਤੀਜਾ ਹੈ, ਇਸ ਤੋਂ ਇਲਾਵਾ ਜੀ-ਸਪੈਕਟ੍ਰਮ, ਬੈਂਕ ਘੁਟਾਲੇ, ਕਾਲਾ ਧਨ ਅਤੇ ਹਰ ਤਰ੍ਹਾਂ ਦਾ ਮਾਫੀਆ ਵਰਕ ਏਸੇ ਦਾ ਨਤੀਜਾ ਹੈ।

ਕਾਲੇ ਧਨ ਵਾਲਾ ਪੈਸਾ ਅਤੇ ਦੇਸ਼ ਦੇ ਬਾਹਰ ਬੈਂਕਾਂ 'ਚ ਲਕੋਇਆ ਪੈਸਾ ਵਾਪਸ ਲਿਆ ਕਿ ਲੋਕਾਂ ਵਿਚ ਪੰਦਰਾਂ-ਪੰਦਰਾਂ ਲੱਖ ਰੁਪਏ ਵੰਡਣ ਵਾਲਾ ਜੁਮਲਾ ਤਾਂ ਹੁਣ ਜੁਮਲਿਆਂ ਦੇ ਇਤਿਹਾਸ 'ਚ ਦਰਜ ਹੋ ਗਿਆ ਹੈ, ਹੁਣ ਇਲੈਕਟੋਰਲ ਬਾਂਡ ਦਾ ਦੋ ਨੰਬਰੀ ਪੈਸਾ ਲੋਕਾਂ 'ਚ ਵੰਡਣ ਦਾ ਵਾਅਦਾ ਕੀਤਾ ਜਾ ਸਕਦਾ ਸੀ, ਪਰ ਪਤਾ ਨਹੀ ਇਸ ਘੁਟਾਲੇ 'ਤੇ ਚੁੱਪੀ ਕਿਉਂ ਬਣੀ ਰਹੀ। ਇਸ ਤਰ੍ਹਾਂ ਦੀਆਂ ਘੁਟਾਲੇਬਾਜ਼ੀਆਂ ਨਾਲ ਜਨਤਾ ਦਾ ਧਨ ਲੁੱਟਿਆ ਗਿਆ ਹੋਵੇ, ਸੱਤਾ ਮੋਹ 'ਚ ਜਨਤਾ ਨਾਲ ਧ੍ਰੋਹ ਕੀਤਾ ਜਾਵੇ, ਜਾਤੀ ਭਰਮ 'ਚ ਧਰਮਾਂ ਦੀਆਂ ਵਲਗਣਾਂ ਵਧਾਈਆਂ ਜਾਣ, ਜਗੀਰਦਾਰੀ ਸੋਚ ਨਾਲ ਪੁੱਠੇ ਗੇੜੇ ਵਾਲਾ ਤਸ਼ੱਦਦ ਕਰਨ ਵਾਲਾ ਮਹੌਲ ਬਣਾਇਆ ਜਾ ਰਿਹਾ ਹੋਵੇ, ਤਾਂ ਲੋਕਾਂ ਦਾ ਉਦਾਸ, ਪਰੇਸ਼ਾਨ ਅਤੇ ਸਹਿਮੇ ਹੋਣਾ ਸੁਭਾਵਿਕ ਹੈ। ਨਤੀਜਨ ਪਹਿਲੇ ਪੜਾਅ ਦੀਆਂ ਚੋਣਾਂ ਦੀ ਘਟਦੀ ਵੋਟ ਪ੍ਰਤੀਸ਼ਤ ਵੇਖ ਕੇ ਕਿਆਸ ਲਗਾਇਆ ਜਾ ਰਿਹਾ ਹੈ ਕਿ ਇਸ ਵਾਰ ਵੋਟ ਪ੍ਰਤੀਸ਼ਤ ਪਹਿਲੇ ਦੀ ਤੁਲਨਾ ਕੁਲ ਵੋਟ ਪ੍ਰਤੀਸ਼ਤ ਦਾ 4 ਫੀਸਦੀ ਪ੍ਰਤੀਸ਼ਤ ਤੱਕ ਘਟ ਸਕਦੀ ਹੈ। ਸਾਨੂੰ ਘਰ ਨਾ ਬੈਠ ਕੇ, ਵੋਟਾਂ ਵਿਚ ਵੱਧ-ਚੜ੍ਹ ਕੇ ਭਾਗ ਲੈਣ ਚਾਹੀਦਾ ਹੈ ਅਤੇ ਆਪਣੀ ਵੋਟ ਦਾ ਸਹੀ ਇਸਤੇਮਾਲ ਕਰਕੇ ਉਦਾਸੀਨਤਾ ਵਿਚੋਂ ਨਿਕਲਿਆ ਜਾ ਸਕਦਾ ਹੈ।

**# ਸੰਪਰਕ : 98782-61522**

## ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼

# ਚਾਨਣ ਦਾ ਵਣਜਾਰਾ ਤੁਰ ਗਿਆ ਜਹਾਨੋਂ

**ਦਰਸ਼ਨ ਸਿੰਘ ਪ੍ਰੀਤੀਮਾਨ**

ਖਬਰ ਸੁਣ ਕੇ ਸੱਚ ਨਾ ਆਇਆ ਕੀ, ਸੱਚੀ ਹੈ! ਐਡੀ ਵੱਡੀ ਗੱਲ, ਉਹ ਵੀ ਸਾਹਿਤ ਦੀ ਟੀਸੀ ਦਾ ਬੇਰ, ਮਾਂ-ਬੋਲੀ ਪੰਜਾਬੀ ਦੇ ਲਾਡਲੇ ਸਪੁੱਤਰ ਦੀ ਗੱਲ, ਪਰ ਕੁਝ ਹੀ ਮਿੰਟਾਂ 'ਚ ਯਕੀਨ ਦਾ ਆਉਣਾ ਸੰਭਵ ਸੀ, ਜਦੋਂ ਇਹ ਗੱਲ ਇੱਕ ਦਮ ਅੱਗ ਦੇ ਭਾਂਬੜ ਵਾਂਗ ਪੂਰੀ ਦੁਨੀਆ ਦੇ ਕੋਨੇ-ਕੋਨੇ 'ਚ ਫੈਲ ਗਈ। ਅਨੇਕਾਂ ਪਾਤਰ ਸਾਹਿਬ ਨਾਲ ਜੁੜੀਆਂ ਯਾਦਾਂ ਅੱਖਾਂ ਅੱਗੇ ਦੀ ਭੱਬੂਆਂ ਵਾਂਗ ਚੱਕਰ ਕੱਟਣ ਲੱਗੀਆਂ। ਕਾਪੀ ਤੇ ਪੈੱਨ ਚੁੱਕ ਕੇ ਲਿਖਣ ਲਈ ਮਜਬੂਰ ਹੋ ਗਿਆ, ਪਾਤਰ ਦੀ ਜੀਵਨੀ ਦੇ ਕੁਝ ਅੰਸ਼ ਆਪਣੇ ਹਰਮਨ-ਪਿਆਰੇ ਪਾਠਕਾਂ ਨਾਲ ਸਾਂਝੇ ਕਰਨ ਲਈ।

ਦ੍ਰਿੜ੍ਹ ਇਰਾਦੇ ਨਾਲ ਕੀਤੀ ਸਖ਼ਤ ਮਿਹਨਤ ਇੱਕ ਦਿਨ ਤਾਂ ਰੰਗ ਲਿਆਉਂਦੀ ਹੈ। ਆਸ ਰੱਖ ਕੇ ਮਜ਼ਿਲ ਵੱਲ ਤੁਰਿਆ ਪਾਂਧੀ ਮੰਜ਼ਲ ਪਾਰ ਕਰ ਹੀ ਜਾਂਦਾ ਹੈ। ਕੰਮ ਸ਼ੁਰੂ ਕਰਨ ਤੋਂ ਪਹਿਲਾਂ ਗਿਆਨ ਹੋਣਾ ਜ਼ਰੂਰੀ ਹੈ। ਗਿਆਨ ਬਿਨਾਂ ਕੰਮ ਅਧੂਰਾ ਹੀ ਰਹਿੰਦਾ ਹੈ, ਫਿਰ ਸਾਹਿਤਕਾਰ ਕੋਲ ਤਾਂ ਸ਼ਬਦ ਹੋਣ, ਵਿਧੀ ਹੋਵੇ, ਗੱਲ ਕਹਿਣੀ ਆਉਂਦੀ ਹੋਵੇ ਜੇ ਸਹਿਦ (ਮਿਠਾਸ) ਲਿਖਤ ਵਿੱਚ ਮਿਲ ਜਾਵੇ ਤਾਂ ਸੋਨੇ 'ਤੇ ਸੁਹਾਗਾ ਸਮਝੋ। ਆਪਣੀ ਕਲਾ ਵਿੱਚ ਰਸ ਤੇ ਪਕਿਆਈ ਭਰਨ ਵਾਲੇ ਅੱਜ ਮੈਂ ਉਸ ਸ਼ਖ਼ਸ ਦੀ ਗੱਲ ਕਰਨ ਲੱਗਿਆ ਹਾਂ, ਜਿਨ੍ਹਾਂ ਆਪਣੀ ਕਲਾ ਦੀ ਪੂਰੀ ਦੁਨੀਆ ਵਿੱਚ ਪ੍ਰਸਿੱਧੀ ਖੱਟੀ ਹੈ। ਜਿਹੜਾ ਸਾਹਿਤ ਖੇਤਰ ਵਿੱਚ ਧਰੂ-ਤਾਰੇ ਵਾਂਗ ਚਮਕਿਆ, ਉਹ ਹੈ ਸੁਰਜੀਤ ਪਾਤਰ।

ਸੁਰਜੀਤ ਪਾਤਰ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਪਿੰਡ ਪੱਤੜ ਕਲਾਂ ਵਿਖੇ 14 ਜਨਵਰੀ ਮਾਘੀ ਵਾਲੇ ਦਿਨ 1945 ਨੂੰ ਮਾਤਾ ਗੁਰਬਖ਼ਸ਼ ਕੌਰ ਦੇ ਪੇਟੋਂ, ਪਿਤਾ ਹਰਭਜਨ ਸਿੰਘ ਦੇ ਘਰ ਹੋਇਆ। ਪਾਤਰ ਹੁਰੀਂ ਮਾਪਿਆਂ ਦੀ ਔਲਾਦ ਗਿਣਤੀ ਛੇ ਹੈ, 4 ਭੈਣਾਂ, ਜਿਨ੍ਹਾਂ ਦੇ ਨਾਂਅ ਇਸ ਪ੍ਰਕਾਰ ਹਨ; ਸਵ: ਅਮਰ ਕੌਰ, ਸਵ: ਹਰਬੰਸ ਕੌਰ, ਸਵ: ਜਸਵੰਤ ਕੌਰ ਤੇ ਬਲਬੀਰ ਕੌਰ ਤੇ ਇੱਕ ਭਰਾ ਉਪਕਾਰ ਸਿੰਘ ਹੈ, ਜੋ ਆਪਣੇ ਪਰਵਾਰ ਸਮੇਤ ਨੈਰੋਬੀ ਵਿਖੇ ਰਹਿੰਦਾ ਹੈ। ਸੁਰਜੀਤ ਪਾਤਰ ਦਾ ਵਿਆਹ 1978 ਵਿੱਚ ਭੁਪਿੰਦਰ ਕੌਰ ਨਾਲ ਹੋਇਆ। ਉਨ੍ਹਾਂ ਦੇ ਦੋ ਬੇਟੇ ਹਨ ਮਨਰਾਜ ਪਾਤਰ ਤੇ ਅੰਕੁਰ ਸਿੰਘ ਪਾਤਰ ਤੇ ਨੂੰਹ ਰਾਣੀ ਮਨਰੀਤ ਕੌਰ ਤੇ ਪੋਤਰਾ ਅਵੀਰ ਸਿੰਘ ਪਾਤਰ ਹੈ। ਮਨਰਾਜ ਪਾਤਰ, ਜੋ ਕਿ ਪੰਜਾਬ ਕਾਲਜ ਆਫ਼ ਟੈਕਨੀਕਲ ਬੱਦੋਵਾਲ ਵਿਖੇ ਕੰਪਿਊਟਰ ਲੈਕਚਰਾਰ ਹੈ ਤੇ ਸੰਗੀਤ ਦਾ ਵੀ ਸ਼ੌਕ ਰੱਖਦਾ ਹੈ। ਅੰਕੁਰ ਸਿੰਘ ਪਾਤਰ ਵੈੱਬ ਡਿਜ਼ਾਈਨਰ ਹੈ, ਆਸ਼ਾਪੁਰੀ ਲੁਧਿਆਣਾ ਵਿਖੇ ਰਹਿ ਰਿਹਾ ਹੈ।

ਪਾਤਰ ਨੇ ਆਪਣੇ ਪਿੰਡ ਦੇ ਸਕੂਲ ਤੋਂ ਪ੍ਰਾਇਮਰੀ ਤੱਕ ਦੀ ਪੜ੍ਹਾਈ ਕੀਤੀ ਤੇ ਖਾਲਸਾ ਹਾਈ ਸਕੂਲ ਖਹਿਰਾ ਮੱਝਾ ਤੋਂ ਦਸਵੀਂ ਪਾਸ ਕੀਤੀ ਗ੍ਰੈਜੂਏਸ਼ਨ ਰਣਬੀਰ ਕਾਲਜ ਕਪੂਰਥਲੇ ਤੋਂ, ਐੱਮ. ਏ. ਦੀ ਪੜ੍ਹਾਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਅਤੇ ਪੀ ਐੱਚ ਡੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਕੀਤੀ। ਪਾਤਰ ਸਾਹਿਬ ਨੇ ਆਪਣੇ ਪਿੰਡ ਪੱਤੜ ਕਲਾਂ ਨੂੰ ਆਪਣੇ ਨਾਂਅ ਨਾਲ ਜੋੜ ਲਿਆ, ਪੱਤੜ ਤੋਂ ਪਾਤਰ ਨਾਂਅ ਰੱਖ ਲਿਆ।

ਪਾਤਰ ਨੇ ਕੁਝ ਸਮਾਂ ਯੂਨੀਵਰਸਿਟੀ ਵਿੱਚ ਰਿਸਰਚ ਸਕਾਲਰ ਵਜੋਂ ਕੰਮ ਕੀਤਾ। ਬਾਬਾ ਬੁੱਢਾ ਕਾਲਜ ਬੀੜ ਸਾਹਿਬ ਵੀ ਕੁਝ ਸਮਾਂ ਪੜ੍ਹਾਇਆ, ਫਿਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ ਰਿਸਰਚ ਸਕਾਲਰ ਦੀ ਨੌਕਰੀ ਕੀਤੀ ਅਤੇ ਇੱਥੋਂ ਹੀ ਪੰਜਾਬੀ ਦੇ ਪ੍ਰੋਫੈਸਰ ਦੇ ਤੌਰ 'ਤੇ ਸੇਵਾ-ਮੁਕਤ ਹੋਏ। ਇਸ ਸ਼ਹਿਰ ਲੁਧਿਆਣੇ ਹੀ ਆਪਣੀ ਰਿਹਾਇਸ ਬਣਾਈ।

ਸੁਰਜੀਤ ਪਾਤਰ ਦੀ ਕਲਾ ਦੀ ਛੇਵੇਂ ਦਹਾਕੇ ਦੇ ਮੁੱਢ ਵਿੱਚ ਹੀ ਪਰਖ ਹੋਣੀ ਸ਼ੁਰੂ ਹੋ ਗਈ ਸੀ। ਅਮਿਤੋਜ, ਪ੍ਰੋਫੈਸਰ ਮਨੋਹਰ ਕੌਰ, ਵੀਰ ਸਿੰਘ ਰੰਧਾਵਾ, ਡਾ. ਪ੍ਰੇਮ ਪ੍ਰਕਾਸ਼, ਡਾ. ਹਰਚਰਨ ਸਿੰਘ, ਡਾ. ਰਤਨ ਸਿੰਘ ਜੱਗੀ, ਡਾ. ਸਤਿੰਦਰ ਸਿੰਘ ਨੂਰ, ਨਾਵਲਕਾਰ ਦਲੀਪ ਕੌਰ ਟਿਵਾਣਾ, ਡਾ. ਹਰਕੀਰਤ ਸਿੰਘ, ਰਵਿੰਦਰ ਭੱਠਲ, ਪ੍ਰੋਫੈਸਰ ਪ੍ਰੀਤਮ ਸਿੰਘ, ਨਵਤੇਜ ਭਾਰਤੀ, ਹਰਿੰਦਰ ਸਿੰਘ ਮਹਿਬੂਬ, ਡਾ. ਗੁਰਭਗਤ ਸਿੰਘ, ਡਾ. ਕੁਲਵੰਤ ਸਿੰਘ ਗਰੇਵਾਲ, ਪ੍ਰੋਫੈਸਰ ਮੋਹਨ ਸਿੰਘ, ਡਾ. ਜੋਗਿੰਦਰ ਸਿੰਘ ਕੈਰੋਂ, ਡਾ. ਐੱਸ. ਐੱਸ. ਦੁਸਾਂਝ, ਡਾ. ਸ ਨ ਸੇਵਕ, ਅਜਾਇਬ ਚਿੱਤਰਕਾਰ, ਕੁਲਵੰਤ ਸਿੰਘ ਵਿਰਕ, ਕ੍ਰਿਸ਼ਨ ਅਦੀਬ, ਡਾ. ਸਾਧੂ ਸਿੰਘ ਆਦਿ ਨਾਮਵਰ ਸ਼ਖ਼ਸੀਅਤਾਂ ਨਾਲ ਪਾਤਰ ਦਾ ਸਮੇਂ-ਸਮੇਂ 'ਤੇ ਵਾਹ ਰਿਹਾ।

ਪਹਿਲੀਆਂ ਵਿੱਚ ਕਵੀ ਦੀਆਂ ਰਚਨਾਵਾਂ 'ਆਰਸੀ', 'ਨਾਗਮਣੀ' ਅਤੇ 'ਪ੍ਰੀਤਲੜੀ' ਮੈਗਜ਼ੀਨ 'ਚ ਛਪਦੀਆਂ ਰਹੀਆਂ। ਹੁਣ ਤਾਂ ਕੋਈ ਵੀ ਅਜਿਹਾ ਅਖਬਾਰ ਜਾਂ ਮੈਗਜ਼ੀਨ ਨਹੀਂ ਹੋਣਾ, ਜਿਸ ਵਿੱਚ ਉਨ੍ਹਾ ਦੀਆਂ ਰਚਨਾਵਾਂ ਨਾ ਛਪਦੀਆਂ ਹੋਣ। ਪਹਿਲੀ ਕਿਤਾਬ ਉਨ੍ਹਾਂ ਪ੍ਰਮਿੰਦਰਜੀਤ ਅਤੇ ਜੋਗਿੰਦਰ ਨਾਲ ਮਿਲ ਕੇ 'ਕੋਲਾਜ਼' ਪਾਠਕਾਂ ਦੇ ਰੂ-ਬ-ਰੂ ਕੀਤੀ। 'ਹਵਾ ਵਿੱਚ ਲਿਖੇ ਹਰਫ਼', 'ਬਿਰਖ ਅਰਜ ਕਰੇ', 'ਹਨੇਰੇ ਵਿੱਚ ਸੁਲਗਦੀ ਵਰਣਮਾਲਾ', 'ਲਫ਼ਜ਼ਾਂ ਦੀ ਦਰਗਾਹ', 'ਸੂਰਜ ਮੰਦਰ ਦੀਆਂ ਪੌੜੀਆਂ' ਉਨ੍ਹਾ ਦੀਆਂ ਕਿਤਾਬਾਂ ਹਨ। 'ਸਦੀ ਦੀਆਂ ਤਰਕਾਲਾਂ' ਉਹਨਾ ਦੀ ਸੰਪਾਦਨਾ ਹੇਠ ਛਪੀ ਸੀ। ਪਾਤਰ ਦੀਆਂ ਅਨੁਵਾਦ ਪੁਸਤਕਾਂ 'ਸ਼ਹਿਰ ਮੇਰੇ ਦੀ ਪਾਗਲ ਔਰਤ', ਅੱਗ ਦੇ ਕਲੀਰੇ', 'ਸਈਓ ਨੀ ਮੈਂ ਅੰਤਹੀਣ ਤਰਕਾਲਾਂ' ਅਤੇ 'ਫਿਦਾ' (ਕਾਵਿ-ਨਾਟਕ) ਹਨ।

ਸੁਰਜੀਤ ਪਾਤਰ ਛੇ ਸਾਲ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦਾ ਪ੍ਰਧਾਨ ਰਿਹਾ। ਸੰਨ 2013 ਵਿੱਚ ਪੰਜਾਬ ਸਰਕਾਰ ਨੇ ਉਨ੍ਹਾ ਨੂੰ ਪੰਜਾਬੀ ਸਾਹਿਤ ਅਕੈਡਮੀ ਚੰਡੀਗੜ੍ਹ ਦਾ ਪ੍ਰਧਾਨ ਨਾਮਜ਼ਦ ਕੀਤਾ ਅਤੇ 2013 ਵਿੱਚ ਉਨ੍ਹਾ ਨੂੰ ਗੁਰੂ ਗ੍ਰੰਥ ਸਾਹਿਬ ਵਰਲਡ ਸਿੱਖ ਯੂਨੀਵਰਸਿਟੀ ਫਤਿਹਗੜ੍ਹ ਵਿੱਚ ਵਿਜ਼ਟਿੰਗ ਪ੍ਰੋਫੈਸਰ ਦੇ ਅਹੁਦੇ 'ਤੇ ਨਾਮਜ਼ਦ ਕੀਤਾ ਗਿਆ। ਉਨ੍ਹਾ ਦੇ ਲਿਖੇ ਗੀਤ ਪ੍ਰਸਿੱਧ ਗਾਇਕ 'ਹੰਸ ਰਾਜ ਹੰਸ' ਦੀ ਆਵਾਜ਼ ਵਿੱਚ ਰਿਕਾਰਡ ਹੋਏ ਹਨ।

ਭਾਸ਼ਾ ਵਿਭਾਗ ਪੰਜਾਬ ਦੇ ਸ਼੍ਰੋਮਣੀ ਪੁਰਸਕਾਰ ਨੂੰ ਠੁਕਰਾਉਣ ਵਾਲੇ ਸੁਰਜੀਤ ਪਾਤਰ ਦੀ ਇਨਾਮਾਂ-ਸਨਮਾਨਾਂ ਦੀ ਲੜੀ ਵੀ ਲੰਮੀ ਹੈ, ਜਿਸ ਵਿੱਚ ਵੱਡੇ ਸਨਮਾਨ ਸ਼ਾਮਲ ਹਨ। ਸੰਨ 1993 ਵਿੱਚ 'ਹਨੇਰੇ ਵਿੱਚ ਸੁਲਗਦੀ ਵਰਣਮਾਲਾ' ਲਈ ਸਾਹਿਤ ਅਕਾਦਮੀ ਸਨਮਾਨ, ਸੰਨ 1997 ਵਿੱਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਪੰਜਾਬੀ ਕਵੀ ਸਨਮਾਨ, ਸੰਨ 1999 ਵਿੱਚ ਭਾਰਤੀ ਭਾਸ਼ਾ ਪ੍ਰੀਸ਼ਦ ਕਲਕੱਤਾ ਵੱਲੋਂ ਪੰਚਨਾਦ ਪੁਰਸਕਾਰ, ਸੰਨ 2012 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਡਾਕਟਰ ਆਫ ਫ਼ਿਲਾਸਫ਼ੀ ਆਨਰਜ ਕਾਜ਼ਾ (ਆਨਰੇਰੀ) ਦੀ ਉਪਾਧੀ ਨਾਲ ਸਨਮਾਨਤ, 2012 ਵਿੱਚ ਭਾਰਤ ਦੇ ਸਰਵ-ਉਚ ਰਾਸ਼ਟਰੀ ਸਨਮਾਨਾਂ ਵਿਚੋਂ ਇੱਕ ਪਦਮਸ੍ਰੀ, 'ਲਫ਼ਜ਼ਾਂ ਦੀ ਦਰਗਾਹ' ਲਈ ਸਰਸਵਤੀ ਸਨਮਾਨ ਆਦਿ। ਕਲੱਬਾਂ, ਸਾਹਿਤ ਸਭਾਵਾਂ ਵੱਲੋਂ ਮਿਲੇ ਇਨਾਮਾਂ-ਸਨਮਾਨਾਂ ਦੀ ਤਾਂ ਕੋਈ ਗਿਣਤੀ ਹੀ ਨਹੀਂ। ਵਿਸ਼ਵ ਦੇ ਕਲਾਸਕੀ ਸਾਹਿਤ ਨਾਲ ਮੋਹ ਪਾਉਣ ਵਾਲਾ ਪਾਤਰ ਆਸਟ੍ਰੇਲੀਆ, ਚੀਨ, ਜਰਮਨ, ਕੈਨੇਡਾ, ਇੰਗਲੈਂਡ, ਕੋਲੰਬੀਆ ਅਤੇ ਅਮਰੀਕਾ ਆਦਿ ਦੇਸ਼ਾਂ ਦਾ ਟੂਰ ਵੀ ਲਾ ਆਇਆ ਸੀ। ਬਿਨਾਂ ਉਸਤਾਦ ਦੇ ਧਾਰਿਆਂ ਵੀ ਸ਼ਬਦ ਉਹਨਾ ਨੂੰ ਮਾਲਾ ਦੇ ਮਣਕਿਆਂ ਵਾਂਗ ਪਰੋਣ ਦਾ ਕੁਦਰਤੀ ਵੱਲ ਸੀ। 11 ਮਈ 2024 ਸ਼ਨਿੱਚਰਵਾਰ ਸਾਹਿਤਕ ਖੇਤਰ ਵਿੱਚ ਉਦਾਸੀ ਭਰਿਆ ਦਿਨ ਚੜ੍ਹਿਆ, ਸੁਰਜੀਤ ਪਾਤਰ ਦੇ ਅਚਾਨਕ ਜਹਾਨੋਂ ਤੁਰ ਜਾਣ ਨਾਲ ਪੰਜਾਬ ਅਤੇ ਪੰਜਾਬੀਅਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਜੋ ਕਦੇ ਵੀ ਪੂਰਾ ਹੋਣ ਵਾਲਾ ਨਹੀਂ। ਪਾਤਰ ਸਾਹਿਤਕ ਖੇਤਰ ਦਾ ਚਮਕਦਾ ਧਰੂ ਤਾਰਾ ਸੀ, ਜਿਸ ਦੀ ਰੋਸ਼ਨੀ ਵੱਡੇ ਪੱਧਰ 'ਤੇ ਪਾਠਕ ਵਰਗ ਮਾਣਦਾ ਸੀ ਤੇ ਮਾਣਦਾ ਰਹੇਗਾ। ਭਾਵੇ ਸੁਰਜੀਤ ਪਾਤਰ ਮਾਂ-ਬੋਲੀ ਦਾ ਅਨਮੋਲ ਹੀਰਾ ਅੱਜ ਸਾਡੇ ਵਿਚਕਾਰ ਤਾਂ ਨਹੀਂ ਰਿਹਾ, ਪਰ ਉਨ੍ਹਾ ਦਾ ਕਿਤਾਬਾਂ ਵਿੱਚ ਲਿਖਿਆ ਇੱਕ-ਇੱਕ ਅੱਖਰ ਉਨ੍ਹਾ ਦੀਆਂ ਯਾਦਾ ਨੂੰ ਹਮੇਸ਼ਾ ਤਰੋ-ਤਾਜ਼ਾ ਰੱਖੇਗਾ। ਹਮੇਸ਼ਾ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾ ਦੀਆਂ ਮਾਂ-ਬੋਲੀ ਝੋਲੀ ਪਾਈਆਂ ਕਿਤਾਬਾਂ ਤੋਂ ਸਿੱਖਿਆ ਲੈਂਦੀਆਂ ਰਹਿਣਗੀਆਂ। ਡਾ. ਸੁਰਜੀਤ ਪਾਤਰ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭੋਗ 20 ਮਈ ਸੋਮਵਾਰ (11.30 ਤੋਂ 2.00 ਵਜੇ ਤੱਕ) ਗੁਰਦੁਆਰਾ ਮਾਈ ਬਿਸ਼ਨ ਕੌਰ (ਸ਼ਾਂਤ ਪਾਰਕ) ਆਸ਼ਾ ਪੁਰੀ, ਲੁਧਿਆਣਾ ਵਿਖੇ ਪਾਏ ਜਾਣਗੇ।



**# ਸੰਪਰਕ : 98786-06963**

# ਕਿਸਾਨ ਆਗੂਆਂ ਨੂੰ ਜੇਲ੍ਹੀਂ ਡੱਕਣ ਦਾ ਰੁਝਾਨ ਖਤਰਨਾਕ

**ਨਰਾਇਣ ਦੱਤ**

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਨ ਸੀ ਵੱਲੋਂ ਕਿਸਾਨ ਜਥੇਬੰਦੀਆਂ ਨੂੰ 1 ਜੂਨ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਚੋਣ ਪ੍ਰਚਾਰ ਵਿੱਚ ਵਿਘਨ ਪਾਉਣ ਤੋਂ ਗੁਰੇਜ਼ ਕਰਨ ਵਾਲੇ ਦਿੱਤੇ ਬਿਆਨ ਦੀ ਬੈਂਗਣੀ ਉੱਘੜਨੀ ਸ਼ੁਰੂ ਹੋ ਗਈ ਹੈ। ਸੰਯੁਕਤ ਕਿਸਾਨ ਮੋਰਚਾ ਵਿੱਚ ਸ਼ਾਮਲ ਕਿਸਾਨ ਜਥੇਬੰਦੀ ਭਾਰਤੀ ਕਿਸਾਨ ਯੂਨੀਅਨ ਏਕਤਾ-ਡਕੌਂਦਾ ਦੇ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੂੰ ਫਿਰੋਜ਼ਪੁਰ ਦੀ ਪੁਲਸ ਨੇ ਇੱਕ ਪੁਰਾਣੇ ਕੇਸ ਵਿੱਚ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਹੈ। ਇਹ ਗ੍ਰਿਫ਼ਤਾਰੀ ਉਸ ਸਮੇਂ ਕੀਤੀ ਗਈ, ਜਦੋਂ ਕਿਸਾਨ ਆਪਣੇ ਆਗੂ ਹਰਨੇਕ ਸਿੰਘ ਮਹਿਮਾ ਦੀ ਅਗਵਾਈ 'ਚ ਭਾਜਪਾ ਦੇ ਫਿਰੋਜ਼ਪੁਰ ਲੋਕ ਸਭਾ ਹਲਕੇ ਤੋਂ ਉਮੀਦਵਾਰ ਰਾਣਾ ਗੁਰਮੀਤ ਸਿੰਘ ਸੋਢੀ ਨੂੰ ਸਵਾਲ ਪੁੱਛਣ ਲਈ ਇਕੱਠੇ ਹੋਏ ਸਨ। ਸੈਂਕੜੇ ਕਿਸਾਨਾਂ ਨੂੰ ਵੀ ਦੇਰ ਰਾਤ ਤੱਕ ਪੁੱਜ ਕੇ ਪ੍ਰੇਸ਼ਾਨ ਕੀਤਾ ਗਿਆ। ਗੱਲ ਇੱਥੇ ਹੀ ਨਹੀਂ ਰੁਕੀ, ਸਗੋਂ ਪੁਲਸ ਨੇ ਬੀਤੀ 12 ਮਈ ਨੂੰ ਸਵੇਰੇ 5 ਵਜੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਨੂੰ ਉਸ ਦੇ ਘਰੋਂ ਗ੍ਰਿਫਤਾਰ ਕਰ ਲਿਆ। ਕਿਸਾਨ ਆਗੂਆਂ ਨੂੰ ਗ੍ਰਿਫਤਾਰ ਕਰਨ ਦੀ ਵਜ੍ਹਾ ਤੇ ਰੰਜਿਸ਼ ਇਹ ਹੈ ਕਿ ਸਾਡੇ ਜਥੇਬੰਦਕ ਏਕੇ ਨੇ ਲੋਕਾਂ/ਵੋਟਰਾਂ ਨੂੰ ਚੇਤੰਨ ਕਰ ਦਿੱਤਾ ਹੈ। ਹੁਣ ਜਾਗਰੂਕ ਹੋਏ ਕਿਸਾਨ-ਮਜ਼ਦੂਰ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਚੋਣ ਪ੍ਰਚਾਰ ਸਮੇਂ ਸਵਾਲ ਕਰ ਰਹੇ ਹਨ। ਇਹ ਗੱਲ ਲੋਕਾਂ ਦੀ ਜਮਾਤੀ ਸੋਝੀ ਲਈ ਉਸਾਰੂ ਅਤੇ ਸ਼ੁਭ ਕਦਮ ਹੈ। ਸਿਆਸੀ ਪਾਰਟੀਆਂ ਦੇ ਉਮੀਦਵਾਰ ਚੋਣਾਂ ਸਮੇ ਭੋਲੇ-ਭਾਲੇ ਲੋਕਾਂ ਨਾਲ ਝੂਠੇ ਵਾਅਦੇ ਕਰਕੇ, ਲੋਕਾਂ ਦੀਆਂ ਵੋਟਾਂ ਨਾਲ ਜਿੱਤ ਕੇ ਪਾਰਲੀਮੈਂਟ ਦੇ ਮੈਂਬਰ ਬਣ ਲੋਕਾਂ ਨੂੰ ਵਿਸਾਰ ਦਿੰਦੇ ਹਨ। ਅਜਿਹੀ ਧੋਖੇ ਭਰੀ ਖੇਡ ਸਾਰੀਆਂ ਹੀ ਪਾਰਲੀਮਾਨੀ ਪਾਰਟੀਆਂ 77 ਸਾਲ ਤੋਂ ਖੇਡ ਰਹੀਆਂ ਹਨ।

ਲੋਕ ਸੱਥਾਂ ਵਿੱਚ ਪੁੱਛੇ ਜਾ ਰਹੇ ਸਵਾਲਾਂ ਵਿੱਚ ਮੋਦੀ ਹਕੂਮਤ ਵੱਲੋਂ ਐੱਮ ਐੱਸ ਪੀ, ਸੀ-2+50 ਫੀਸਦੀ ਮੁਨਾਫ਼ਾ ਜੋੜ ਕੇ ਫ਼ਸਲਾਂ ਦੇ ਭਾਅ ਮੁਕੱਰਰ ਕਰਨ, ਹਰ ਸਾਲ ਦੋ ਕਰੋੜ ਨੌਕਰੀਆਂ ਦੇਣ, ਕਾਲਾ ਧਨ ਬਾਹਰੋਂ ਲਿਆ ਕੇ ਹਰ ਭਾਰਤੀ ਦੇ ਖਾਤੇ ਵਿੱਚ 15 ਲੱਖ ਜਮ੍ਹਾਂ ਕਰਨ, ਕਿਸਾਨਾਂ-ਮਜ਼ਦੂਰਾਂ ਦਾ ਕਰਜ਼ਾ ਖਤਮ ਕਰਨ, ਸੰਘਰਸ਼ ਦੌਰਾਨ ਕਿਸਾਨ ਆਗੂਆਂ ਉੱਪਰ ਝੂਠੇ ਪੁਲਸ ਕੇਸ ਵਾਪਸ ਲੈਣ, ਲਖੀਮਪੁਰ ਖੀਰੀ 'ਚ 4 ਕਿਸਾਨਾਂ ਅਤੇ ਇੱਕ ਪੱਤਰਕਾਰ ਦੇ ਕਤਲ ਲਈ ਮੁੱਖ ਸਾਜਿਸ਼ਘਾੜੇ ਅਜੇ ਮਿਸ਼ਰਾ ਟੈਨੀ ਨੂੰ ਮੰਤਰੀ ਮੰਡਲ ਵਿੱਚੋਂ ਖਾਰਜ ਕਰਨ, ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਸੜਕਾਂ ਉੱਤੇ ਕਿੱਲ ਗੱਡਣ, ਅੱਥਰੂ ਗੈਸ ਦੇ ਗੋਲੇ ਛੱਡਣ, ਨੌਜਵਾਨ ਕਿਸਾਨ ਨੂੰ ਗੋਲੀ ਮਾਰ ਕੇ ਸ਼ਹੀਦ ਕਰਨ, 400 ਕਿਸਾਨਾਂ ਨੂੰ ਸਖਤ ਫੱਟੜ ਕਰਨ, ਟਰੈਕਟਰ ਭੰਨਣ, ਮਹਿੰਗਾਈ ਨੂੰ ਨੱਥ ਪਾਉਣ, ਗ਼ਰੀਬ-ਅਮੀਰ ਦਾ ਪਾੜਾ ਖ਼ਤਮ ਕਰਨ, ਘੱਟ-ਗਿਣਤੀ ਮੁਸਲਮ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ, ਪੱਤਰਕਾਰਾਂ, ਬੁੱਧੀਜੀਵੀਆਂ, ਸਮਾਜਕ ਕਾਰਕੁਨਾਂ, ਦਲਿਤ ਚਿੰਤਕਾਂ, ਵਕੀਲਾਂ ਸਮੇਤ ਸੰਘਰਸ਼ਸ਼ੀਲ ਤਬਕਿਆਂ ਨੂੰ ਜਬਰ ਦਾ ਨਿਸ਼ਾਨਾ ਬਣਾਉਣ ਵਰਗੇ ਬੁਨਿਆਦੀ ਮਸਲਿਆਂ ਬਾਰੇ ਸਵਾਲ ਕਰਨਾ ਹਰ ਇਨਸਾਫ਼ਪਸੰਦ ਵਿਅਕਤੀ/ਜਥੇਬੰਦੀ/ਸ਼ਹਿਰੀ ਦਾ ਜਮਹੂਰੀ ਹੱਕ ਹੈ। ਇਸੇ ਹੀ ਤਰ੍ਹਾਂ ਆਮ ਆਦਮੀ ਪਾਰਟੀ ਦੇ ਨੁਮਾਇੰਦਿਆਂ ਨੂੰ ਮੀਂਹ, ਹੜ੍ਹਾਂ, ਗੁਲਾਬੀ ਸੁੰਡੀ ਕਾਰਨ ਬਰਬਾਦ ਹੋਈਆਂ ਫਸਲਾਂ ਦਾ ਮੁਆਵਜਾ, ਕੁੱਲਰੀਆਂ ਜ਼ਮੀਨ ਮਾਲਕ ਕਿਸਾਨਾਂ ਨੂੰ ਆਮ ਆਦਮੀ ਪਾਰਟੀ ਦੀ ਸਿਆਸੀ ਸ਼ਹਿ 'ਤੇ ਪਲ ਰਹੇ ਗੁੰਡਾ ਸਰਗਣੇ ਸਰਪੰਚ ਰਾਜਵੀਰ ਸਿੰਘ ਵੱਲੋਂ ਜਬਰੀ ਉਜਾੜਨ ਅਤੇ ਉਸ ਉੱਪਰ ਕਿਸਾਨਾਂ ਉੱਪਰ ਜਬਰੀ ਜੀਪ ਚੜ੍ਹਾ ਕੇ ਫੱਟੜ ਕਰਨ ਤੋਂ ਬਾਅਦ ਇਰਾਦਾ ਕਤਲ ਦਾ ਪਰਚਾ ਦਰਜ ਹੋਣ ਦੇ ਬਾਵਜੂਦ ਗ੍ਰਿਫ਼ਤਾਰ ਨਾ ਕਰਨ ਦੇ ਸਵਾਲ ਪੁੱਛੇ ਜਾ ਰਹੇ ਹਨ।

ਬਣਦਾ ਤਾਂ ਇਹ ਹੈ ਕਿ ਪਾਰਟੀਆਂ ਵੱਲੋਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਾ ਕਰਨ 'ਤੇ ਮੁੱਖ ਚੋਣ ਕਮਿਸ਼ਨ ਪਾਰਲੀਮੈਂਟ ਮੈਂਬਰ ਦੀ ਮੈਂਬਰਸ਼ਿਪ ਖ਼ਤਮ ਕਰੇ, ਤਾਂ ਜੋ ਅੱਗੇ ਤੋਂ ਕੋਈ ਵੀ ਸਿਆਸੀ ਪਾਰਟੀ ਝੂਠੇ ਵਾਅਦੇ ਨਾ ਕਰੇ। ਸਿਆਸੀ ਪਾਰਟੀਆਂ ਨੂੰ ਲੋਕਾਂ ਵਿੱਚ ਚੋਣ ਮਨੋਰਥ ਪੱਤਰ ਪੇਸ਼ ਕਰਨ ਦਾ ਜਮਹੂਰੀ ਹੱਕ ਹੈ ਤਾਂ ਉਹਨਾਂ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਲੋਕਾਂ ਵੱਲੋਂ ਸੁਆਲ ਕਰਨ, ਜਾਨਣ ਦਾ ਵੀ ਪੂਰਾ ਹੱਕ ਹੈ ਕਿ 77 ਸਾਲ ਤੋਂ ਵਾਅਦਿਆਂ, ਲਾਰਿਆਂ ਤੋਂ ਬਣੇ ਚੋਣ ਜੁਮਲਿਆਂ ਦਾ ਕੀ ਬਣਿਆ? ਪਾਰਟੀਆਂ ਵੱਲੋਂ ਚੋਣਾਂ ਸਮੇਂ ਕੀਤੇ ਵਾਅਦੇ ਪੂਰੇ ਨਾ ਕਰਨਾ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਦੇ ਵਿਰੁੱਧ ਹਨ। ਸੰਯੁਕਤ ਕਿਸਾਨ ਮੋਰਚਾ ਨੇ ਹਰ ਪੱਧਰ ਦੀਆਂ ਆਗੂ ਟੀਮਾਂ ਨੂੰ ਕਾਰਪੋਰੇਟਾਂ ਦੇ ਦਲਾਲ 'ਭਾਜਪਾਈਆਂ ਨੂੰ ਸਵਾਲ ਕਰੋ, ਜਵਾਬਦੇਹ ਬਣਾਓ' ਦੀ ਮੁਹਿੰਮ ਪੂਰੇ ਧੜੱਲੇ ਨਾਲ ਜਾਰੀ ਰੱਖਣ ਦੀ ਜ਼ੋਰਦਾਰ ਅਪੀਲ ਕੀਤੀ ਹੋਈ ਹੈ।

ਹਰਨੇਕ ਸਿੰਘ ਮਹਿਮਾ ਦੀ ਗ੍ਰਿਫ਼ਤਾਰੀ ਸਾਡੇ ਲਈ ਵੱਡਾ ਚੈਲਿੰਜ ਜ਼ਰੂਰ ਹੈ, ਪਰ ਮੋਦੀ ਹਕੂਮਤ ਅਤੇ ਪੰਜਾਬ ਸਰਕਾਰ ਦੇ ਇਸ ਵੱਡੇ ਚੈਲਿੰਜ ਦਾ ਜਥੇਬੰਦਕ ਤਾਕਤ ਰਾਹੀਂ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ। ਹਫਤਾ ਬੀਤ ਜਾਣ ਬਾਅਦ ਵੀ ਹਰਨੇਕ ਸਿੰਘ ਮਹਿਮਾ ਨੂੰ ਹਾਲੇ ਵੀ ਜੇਲ੍ਹ ਵਿੱਚ ਬੰਦ ਰੱਖਿਆ ਹੋਇਆ ਹੈ। ਸਰਕਾਰਾਂ/ਪ੍ਰਸ਼ਾਸਨ ਦੀ ਮਨਸ਼ਾ ਇਹ ਹੈ ਕਿ ਅਜਿਹਾ ਕਰਕੇ ਲੋਕ ਜਥੇਬੰਦੀਆਂ ਨੂੰ ਦਹਿਸ਼ਤਜ਼ਦਾ ਕਰਕੇ ਪਾਰਲੀਮਾਨੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਬਿਨ੍ਹਾਂ ਲੋਕਾਂ ਦੇ ਸਵਾਲ ਕੀਤਿਆਂ ਇੱਕ ਵਾਰ ਫੇਰ ਝੂਠੇ ਲਾਰਿਆਂ/ਵਾਅਦਿਆਂ ਦੀ ਪੰਡ ਦੇ ਆਸਰੇ ਸੱਤਾ ਦੀ ਪੌੜੀ ਚੜ੍ਹਨ ਦਾ ਰਾਹ ਪੱਧਰਾ ਹੋ ਸਕੇ।

ਦੂਜੇ ਪਾਸੇ ਹਾਕਮ ਜਮਾਤੀ ਵਿਰੋਧੀ ਪਾਰਟੀਆਂ ਉੱਚੀ-ਉੱਚੀ ਚੀਕ-ਚਿਹਾੜਾ ਪਾਉਂਦੀਆਂ ਹਨ ਕਿ ਭਾਜਪਾ ਸਰਕਾਰ ਸਿਆਸੀ ਕਿੜ੍ਹਾਂ ਕੱਢਣ ਲਈ ਉਨ੍ਹਾਂ ਦੇ ਆਗੂਆਂ ਨੂੰ ਝੂਠੇ ਕੇਸਾਂ ਵਿਚ ਫਸਾ ਕੇ ਜੇਲ੍ਹੀਂ ਡੱਕ ਰਹੀ ਹੈ। ਉਹ ਕੂਕ-ਕੂਕ ਕੇ ਆਖ ਰਹੇ ਹਨ ਕਿ ਮੋਦੀ ਸਰਕਾਰ ਅਜਿਹਾ ਕਰਕੇ ਲੋਕਤੰਤਰੀ ਜਮਹੂਰੀਅਤ ਦਾ ਕਤਲ ਕਰ ਰਹੀ ਹੈ, ਜਦਕਿ ਹਰਨੇਕ ਸਿੰਘ ਮਹਿਮਾ ਵਰਗੇ ਸੂਬਾਈ ਆਗੂਆਂ ਨੂੰ 8-8 ਸਾਲ ਪੁਰਾਣੇ ਕੇਸਾਂ ਵਿੱਚ, ਹੁਣ ਜਦੋਂ ਲੋਕਾਂ ਲਈ ਇਨ੍ਹਾਂ ਫਸਲੀ ਬਟੇਰਿਆਂ ਨੂੰ ਸਵਾਲ ਪੁੱਛਣ ਦਾ ਢੁਕਵਾਂ ਮੌਕਾ ਹੈ ਤਾਂ ਫੜ੍ਹ ਕੇ ਜੇਲ੍ਹਾਂ ਵਿੱਚ ਸੁੱਟ ਰਹੀ ਹੈ। ਇਸ ਤਰ੍ਹਾਂ ਜੇ ਭਾਜਪਾ ਦਾ ਜਮਹੂਰੀਅਤ ਦਾ ਗਲਾ ਘੁੱਟਣ ਵਾਲਾ ਲੋਕ ਵਿਰੋਧੀ ਕਿਰਦਾਰ ਹੈ ਤਾਂ ਮਾਨ ਸਰਕਾਰ ਦਾ ਕਿਰਦਾਰ ਵੀ ਉਹੋ ਹੀ ਹੈ। ਗੱਲ ਕੀ ਸੱਭੇ ਇੱਕੋ ਥਾਲੀ ਦੇ ਚੱਟੇ ਵੱਟੇ ਹਨ, ਕਿਉਂਕਿ ਸੱਭੇ ਰੰਗਾਂ ਦੇ ਹਾਕਮਾਂ ਨੂੰ ਆਪਣਾ ਡਰ ਸਤਾ ਰਿਹਾ ਹੈ ਕਿ ਇੱਕ ਚਿੰਗਾੜੀ ਸਾਰੇ ਜੰਗਲ ਨੂੰ ਅੱਗ ਲਾ ਸਕਦੀ ਹੈ। ਪੰਜਾਬ ਤੋਂ ਉੱਠੀ ਹਾਕਮਾਂ ਨੂੰ ਸਵਾਲ ਕਰਨ, ਜਵਾਬਦੇਹ ਬਣਾਉਣ ਦੀ ਲਹਿਰ ਸਮੁੱਚੇ ਭਾਰਤ ਦੇ ਕੋਨੇ-ਕੋਨੇ ਵਿੱਚ ਫੈਲ ਕੇ ਇਨ੍ਹਾਂ ਲਈ ਵੱਡਾ ਖਤਰਾ ਬਣ ਸਕਦੀ ਹੈ।

ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਤੋਂ ਪ੍ਰੇਰਨਾ ਹਾਸਲ ਕਰਕੇ ਜਥੇਬੰਦਕ ਤੌਰ 'ਤੇ ਚੇਤੰਨ ਤਬਕੇ ਪੂਰੇ ਧੜੱਲੇ ਨਾਲ ਲੋਕ ਸਭਾ ਚੋਣਾਂ ਦੇ ਉਮੀਦਵਾਰਾਂ ਤੋਂ ਸਵਾਲ ਕਰਨ, ਜਵਾਬਦੇਹ ਬਣਾਉਣ, ਪਰਦਾ ਚਾਕ ਕਰਨ ਤੋਂ ਅੱਗੇ ਚੋਣਾਂ ਦੀ ਧੋਖੇਭਰੀ ਖੇਡ ਤੋਂ ਝਾਕ ਛੱਡਦਿਆਂ ਸੰਘਰਸ਼ਾਂ ਦਾ ਸੂਹਾ ਪਰਚਮ ਬੁਲੰਦ ਰੱਖਣ ਲਈ ਅੱਗੇ ਆਉਣਾ ਜਾਰੀ ਰੱਖਣਗੇ। ਲੋਕਾਂ ਦੀ ਚੇਤਨਾ ਦੇ ਇਸ ਵਿਕਾਸ ਵਿੱਚ ਕਿਸਾਨ ਅੰਦੋਲਨ ਇੱਕ ਅਹਿਮ ਮੋੜ-ਨੁਕਤਾ ਜ਼ਰੂਰ ਸਾਬਤ ਹੋਇਆ ਹੈ, ਜਿਸ ਰਾਹੀਂ ਪੰਜਾਬ ਦੇ ਕਿਰਤੀ ਲੋਕਾਂ ਦੀ ਜਥੇਬੰਦਕ ਚੇਤਨਾ ਨੇ ਇੱਕ ਵੱਡੀ-ਪੁਲਾਂਘ ਭਰੀ ਹੈ। ਦਹਾਕਿਆਂ ਤੋਂ ਇਨਕਲਾਬੀ ਤੇ ਲੋਕ ਪੱਖੀ ਸ਼ਕਤੀਆਂ ਵੱਲੋਂ ਜ਼ਮੀਨੀ ਪੱਧਰ 'ਤੇ ਲੋਕਾਂ ਨੂੰ ਚੇਤਨ ਕਰਨ ਤੇ ਜਥੇਬੰਦ ਕਰਨ ਲਈ ਘਾਲੀ ਜਾ ਰਹੀ ਘਾਲਣਾ ਦੀ ਇਹ ਪ੍ਰਾਪਤੀ ਹੈ। ਕਿਸਾਨ ਅੰਦੋਲਨ ਖੁਦ ਵੀ ਇਸੇ ਲੰਮੀ ਘਾਲਣਾ ਦੀ ਹੀ ਦੇਣ ਸੀ। ਬੀਤੇ ਇਤਿਹਾਸ ਵਿੱਚ ਅਜਿਹਾ ਹੁੰਦਾ ਆਇਆ ਹੈ, ਕੀਤੇ ਕੰਮ ਦੇ ਮਹੱਤਵ ਨੂੰ ਉਭਾਰਨਾ, ਇਸ ਕਰਕੇ ਜ਼ਰੂਰੀ ਹੈ ਕਿਉਂਕਿ ਹਾਲੇ ਬਹੁਤ ਕੁਝ ਕਰਨਾ ਬਾਕੀ ਹੈ। ਲੋਕਾਂ ਦੀ ਲਹਿਰ ਠੀਕ ਦਿਸ਼ਾ ਵਿੱਚ ਅੱਗੇ ਵਧਣ ਦਾ ਬਹੁਤ ਲੰਮਾ ਸਫ਼ਰ ਬਾਕੀ ਹੈ ਤੇ ਉਸ ਅਗਲੇ ਸਫ਼ਰ ਨੇ ਬੀਤੇ ਦਹਾਕਿਆਂ ਦੀ ਉਸੇ ਘਾਲਣਾ ਦੀ ਤਰਜ 'ਤੇ ਅੱਗੇ ਵਧਣਾ ਹੈ। ਉਹਨਾਂ ਸਾਰੀਆਂ ਕੋਸ਼ਿਸ਼ਾਂ ਨੂੰ, ਕੰਮ ਕਰਨ ਦੀਆਂ ਉਹਨਾਂ ਨੀਤੀਆਂ ਨੂੰ, ਉਸ ਰਾਹ ਨੂੰ (ਜਿਸ ਰਾਹ ਤੋਂ ਚੱਲ ਕੇ ਇਹ ਲਹਿਰ ਇਥੋਂ ਤੱਕ ਪਹੁੰਚੀ ਹੈ) ਲੋਕ ਕਿੰਨੀ ਚੰਗੀ ਤਰ੍ਹਾਂ ਗ੍ਰਹਿਣ ਕਰ ਲੈਂਦੇ ਹਨ, ਲਹਿਰ ਦਾ ਅਗਲਾ ਸਫ਼ਰ ਇਸ 'ਤੇ ਨਿਰਭਰ ਕਰਨਾ ਹੈ। ਇਹ ਸਫ਼ਰ ਵਿਗਿਆਨਕ ਸੋਝੀ ਹਾਸਲ ਕਰਨ ਤੋਂ ਬਗੈਰ ਅੱਗੇ ਨਹੀਂ ਵਧਣ ਵਾਲਾ। ਬੀਤੇ ਇਤਿਹਾਸ ਦੀਆਂ ਇਨਕਲਾਬੀ ਲਹਿਰਾਂ ਅੱਜ ਦੇ ਸੰਘਰਸ਼ ਦਾ ਸਿਰਨਾਵਾਂ ਹਨ। ਸਾਡਿਆਂ ਸਮਿਆਂ ਦੇ ਸੰਘਰਸ਼ਾਂ ਨੇ ਭਵਿੱਖ ਦੀ ਇਬਾਰਤ ਲਿਖਣੀ ਹੈ। ਇਸ ਤੋਂ ਵੀ ਵੱਧ ਧਿਆਨ ਮੰਗਦੀ ਗੱਲ ਇਹ ਹੈ ਕਿ ਅਜਿਹਾ ਸਾਰਾ ਕੁਝ ਇਓਂ ਹੀ ਆਪਣੇ ਆਪ ਅੱਗੇ ਨਹੀਂ ਵਧੇਗਾ। ਇਸ ਲਈ ਵਿਗਿਆਨਕ ਵਿਚਾਰਧਾਰਾ ਨੂੰ ਪ੍ਰਣਾਈ ਇਨਕਲਾਬੀ ਜਥੇਬੰਦੀ, ਜਿਸ ਦੀ ਸਪੱਸ਼ਟ ਵਿਚਾਰਧਾਰਾ, ਰਾਜਨੀਤੀ ਅਤੇ ਪ੍ਰੋਗਰਾਮ ਹੋਵੇ, ਦੀ ਅਗਵਾਈ ਹੇਠ ਹੀ ਜਮਾਤੀ ਸੰਘਰਸ਼ ਅੱਗੇ ਵਧੇਗਾ।

**# ਸੰਪਰਕ : 84275-11770**

# ਮੁੱਖ ਮੰਤਰੀ ਦੇ ਚੋਣ ਦੌਰਿਆਂ ਮੌਕੇ ਮੁਲਾਜ਼ਮ ਆਗੂਆਂ ਨੂੰ ਹਿਰਾਸਤ 'ਚ ਲੈਣ ਦੀ ਨਿੰਦਾ

## ਲੋਕ ਸਭਾ ਚੋਣਾਂ 'ਚ ਭਾਜਪਾ ਤੇ 'ਆਪ' ਨੂੰ ਸਿਖਾਵਾਂਗੇ ਸਬਕ : ਪ ਸ ਸ ਫ



**ਲੁਧਿਆਣਾ (ਐੱਮ ਐੱਸ ਭਾਟੀਆ)**-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਦੀ ਸੂਬਾ ਕਮੇਟੀ ਦੀ ਇੱਕ ਮੀਟਿੰਗ ਸਥਾਨਕ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਜਥੇਬੰਦੀ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾਈ ਆਗੂ ਚਰਨ ਸਿੰਘ ਸਰਾਭਾ, ਗੁਰਮੇਲ ਸਿੰਘ ਮੈਲਡੇ, ਜਗਦੀਸ਼ ਸਿੰਘ ਚਾਹਲ, ਪ੍ਰੇਮ ਚਾਵਲਾ, ਮਨਜੀਤ ਸਿੰਘ ਗਿੱਲ, ਅਮਰਜੀਤ ਕੌਰ ਰਣ ਸਿੰਘ ਵਾਲਾ ਸੂਬਾ ਪ੍ਰਧਾਨ, ਬਲਵੀਰ ਕੌਰ ਗਿੱਲ ਜਨਰਲ ਸਕੱਤਰ ਆਲ ਇੰਡੀਆ ਆਸ਼ਾ ਵਰਕਰਜ਼ ਯੂਨੀਅਨ ਪੰਜਾਬ ਨੇ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੇ ਚੋਣ ਦੌਰਿਆਂ ਮੌਕੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਪੰਜਾਬ ਵਿੱਚ ਮਰਜ਼ ਕਰਨ ਦੀ ਮੰਗ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਨੂੰ ਮਿਲਣ ਦੀ ਇੱਛਾ ਪ੍ਰਗਟ ਕਰ ਰਹੇ ਅਧਿਆਪਕਾਂ 'ਤੇ ਮੁਲਾਜ਼ਮਾਂ ਨੂੰ ਪੰਜਾਬ ਪੁਲਸ ਵੱਲੋਂ ਹਿਰਾਸਤ 'ਚ ਲੈਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ।ਆਗੂਆਂ ਨੇ ਕਿਹਾ ਕਿ ਜੇਕਰ ਮੁੱਖ ਮੰਤਰੀ ਪੰਜਾਬ ਦੇ ਚੋਣਾਂ ਸਮੇਂ ਵੀ ਮੁਲਾਜ਼ਮਾਂ ਲਈ ਗੱਲਬਾਤ ਦੇ ਦਰਵਾਜ਼ੇ ਬੰਦ ਹਨ ਤਾਂ ਇਸ ਤੋਂ ਬਾਅਦ ਪੰਜਾਬ ਸਰਕਾਰ ਦਾ ਮੁਲਾਜ਼ਮਾਂ ਪ੍ਰਤੀ ਵਤੀਰਾ ਕਿਹੋ ਜਿਹਾ ਹੋਵੇਗਾ, ਇਸ ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ।ਆਗੂਆਂ ਨੇ ਕਿਹਾ ਕਿ ਪੰਜਾਬ ਦੇ ਮੁਲਾਜ਼ਮ ਤੇ ਪੈਨਸ਼ਨਰ ਇਸ ਸਮੇਂ ਕੇਂਦਰ ਸਰਕਾਰ ਅਤੇ ਬਹੁਤ ਸਾਰੇ ਰਾਜਾਂ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲੋਂ 12 ਫੀਸਦੀ ਡੀ ਏ ਘੱਟ ਪ੍ਰਾਪਤ ਕਰ ਰਹੇ ਹਨ, ਤਨਖਾਹ/ਪੈਨਸ਼ਨ ਰਵੀਜ਼ਨ ਦੇ 66 ਮਹੀਨਿਆਂ ਦੇ ਬਕਾਏ, ਲੀਵ ਇਨਕੈਸ਼ਮੈਂਟ ਤੇ 225 ਮਹੀਨਿਆਂ ਦੇ ਡੀ ਏ ਦੇ ਬਕਾਏ ਦੇਣ ਬਾਰੇ ਭਗਵੰਤ ਮਾਨ ਸਰਕਾਰ ਨੇ ਚੁੱਪ ਧਾਰ ਕੇ ਰੱਖੀ ਹੋਈ ਹੈ।ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਪੈਨਸ਼ਨਰਾਂ ਨੂੰ 2.59 ਦਾ ਗੁਣਾਂਕ ਲਾਗੂ ਨਹੀਂ ਕੀਤਾ ਜਾ ਰਿਹਾ, ਕੱਚੇ, ਠੇਕਾ ਤੇ ਆਊਟ ਸੋਰਸ ਮੁਲਾਜ਼ਮਾਂ ਨੂੰ ਪੱਕਾ ਨਹੀਂ ਕੀਤਾ ਜਾ ਰਿਹਾ ਤੇ ਇਨ੍ਹਾਂ ਮੁਲਾਜ਼ਮਾਂ ਦਾ ਵੱਡੇ ਪੱਧਰ 'ਤੇ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ, ਆਸ਼ਾ ਵਰਕਰਾਂ, ਆਂਗਨਵਾੜੀ ਵਰਕਰਾਂ ਤੇ ਮਿੱਡ ਡੇ ਮੀਲ ਵਰਕਰਾਂ ਨੂੰ ਮੁਲਾਜ਼ਮ ਮੰਨ ਕੇ ਘੱਟੋ ਘੱਟ ਉਜ਼ਰਤ 26000 ਰੁਪਏ ਲਾਗੂ ਨਹੀਂ ਕੀਤੀ ਜਾ ਰਹੀ ਅਤੇ 58 ਸਾਲ ਦੀ ਉਮਰ ਪੂਰੀ ਕਰ ਚੁੱਕੀਆਂ ਆਸ਼ਾ ਵਰਕਰਾਂ ਨੂੰ ਫਾਰਗ ਕਰਕੇ ਖਾਲੀ ਹੱਥ ਘਰ ਤੋਰਿਆ ਜਾ ਰਿਹਾ ਹੈ।

ਆਗੂਆਂ ਨੇ ਇਹ ਵੀ ਦੋਸ਼ ਲਾਇਆ ਕਿ ਕੇਂਦਰ ਦੀ ਮੋਦੀ ਸਰਕਾਰ ਦੇ 10 ਸਾਲਾਂ ਦੇ ਰਾਜ ਭਾਗ ਦੌਰਾਨ ਬੇਰੁਜ਼ਗਾਰੀ ਤੇ ਮਹਿੰਗਾਈ ਸਾਰੀਆਂ ਹੱਦਾਂ ਬੰਨੇ ਪਾਰ ਕਰ ਗਈ ਹੈ, ਹਰ ਸਾਲ 2 ਕਰੋੜ ਨੌਕਰੀਆਂ ਦੇਣ ਦਾ ਵਾਅਦਾ ਜੁਮਲਾ ਸਾਬਿਤ ਹੋਇਆ ਹੈ, ਲੱਖਾਂ ਰੈਗੂਲਰ ਅਸਾਮੀਂ ਖਤਮ ਕਰ ਦਿੱਤੀਆਂ ਹਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਨਹੀਂ ਕੀਤੀ ਜਾ ਰਹੀ, ਇਨਕਮ ਟੈਕਸ ਦੀ ਹੱਦ ਵਿੱਚ ਵਾਧਾ ਨਹੀਂ ਕੀਤਾ ਗਿਆ, ਗਰੀਬੀ-ਅਮੀਰੀ ਦਾ ਆਰਥਿਕ ਪਾੜਾ ਵਧਿਆ ਹੈ, ਲੋਕਤੰਤਰ ਖਤਰੇ ਵਿੱਚ ਹੈ ਤੇ ਦੇਸ ਫਾਸ਼ੀਵਾਦ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਮੀਟਿੰਗ ਨੇ ਸਰਵ ਸੰਮਤੀ ਨਾਲ ਇੱਕ ਮਤਾ ਪਾਸ ਕਰਕੇ ਦੇਸ਼ ਨੂੰ ਫਾਸ਼ੀਵਾਦ ਤੇ ਆਰਥਿਕ ਗੁਲਾਮੀ ਵੱਲ ਧਕੇਲ ਰਹੀ ਤੇ ਸੰਵਿਧਾਨ ਲਈ ਖਤਰਾ ਬਣੀ ਹੋਈ ਭਾਜਪਾ ਅਤੇ ਪੰਜਾਬ ਵਿੱਚ ਅਖੌਤੀ ਇੰਨਕਲਾਬ ਦਾ ਨਾਅਰਾ ਲਾਉਣ ਵਾਲੀ ਹੁਕਮਰਾਨ ਪਾਰਟੀ ਨੂੰ ਲੋਕ ਸਭਾ ਚੋਣਾਂ ਦੌਰਾਨ ਸਬਕ ਸਿਖਾਉਣ ਦਾ ਦ੍ਰਿੜ੍ਹ ਸੰਕਲਪ ਕੀਤਾ ਗਿਆ।

ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ 21 ਮਈ ਨੂੰ ਸੰਯੁਕਤ ਕਿਸਾਨ ਮੋਰਚੇ ਤੇ ਟਰੇਡ ਯੂਨੀਅਨਾਂ ਵੱਲੋਂ ਮੋਦੀ ਸਰਕਾਰ ਵਿਰੁੱਧ ਕੀਤੀ ਜਾਣ ਵਾਲੀ ਰੈਲੀ ਵਿੱਚ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ ਤੇ 25-26 ਮਈ ਨੂੰ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਵੱਲੋਂ ਜ਼ਿਲ੍ਹਾ ਪੱਧਰ 'ਤੇ ਮੀਟਿੰਗਾਂ ਕਰਕੇ ਲੋਕ ਸਭਾ ਚੋਣਾਂ ਸਮੇਂ ਪੰਜਾਬ ਦੇ ਮੁਲਾਜ਼ਮਾਂ, ਪੈਨਸ਼ਨਰਾਂ ਤੇ ਸਕੀਮ ਵਰਕਰਾਂ ਨੂੰ ਵੋਟ ਦੀ ਤਾਕਤ ਦੀ ਵਰਤੋਂ ਕਰਨ ਸਮੇਂ ਨਿਭਾਏ ਜਾਣ ਵਾਲੇ ਮਹੱਤਵਪੂਰਨ ਰੋਲ ਬਾਰੇ ਜਾਗਰੂਕ ਕੀਤਾ ਜਾਵੇਗਾ।ਇਸ ਤੋਂ ਇਲਾਵਾ 17 ਜੂਨ ਨੂੰ ਲੁਧਿਆਣਾ ਵਿਖੇ ਸੂਬਾ ਕਮੇਟੀ ਦੀ ਮਹੱਤਵਪੂਰਨ ਮੀਟਿੰਗ ਕਰਕੇ ਜਥੇਬੰਦੀ ਦੀ ਤਾਕਤ ਨੂੰ ਮਜ਼ਬੂਤ ਕਰਨ ਸਬੰਧੀ ਫੈਸਲੇ ਲਏ ਜਾਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਜਗਮੇਲ ਸਿੰਘ ਪੱਖੋਵਾਲ, ਪ੍ਰਵੀਨ ਕੁਮਾਰ ਲੁਧਿਆਣਾ, ਹੰਸ ਰਾਜ ਦੀਦਾਰਗੜ੍ਹ, ਪ੍ਰਿੰਸੀਪਲ ਨਾਹਰ ਸਿੰਘ, ਚੰਦਨ ਸਿੰਘ ਚੰਡੀਗੜ੍ਹ, ਚਰਨ ਸਿੰਘ ਤਾਜਪੁਰੀ, ਬਲਕਾਰ ਸਿੰਘ ਸਹੋਤਾ, ਜੰਗੀਰ ਸਿੰਘ, ਜੀਤ ਕੌਰ, ਕੁਲਵਿੰਦਰ ਕੌਰ, ਅਮਰਜੀਤ ਕੌਰ, ਨਿਰਮਲ ਕੌਰ, ਵੀਰ ਪਾਲ ਕੌਰ, ਪਰਮਿੰਦਰ ਕੌਰ, ਸੋਨੂੰ ਬਦੋਵਾਲ, ਰਮਨਦੀਪ ਕੌਰ ਆਸ਼ਾ ਵਰਕਰਾਂ ਦੇ ਆਗੂ, ਅਰਵਿੰਦ ਕੁਮਾਰ ਸਾਹਨੇਵਾਲ ਤੇ ਵਿਨੋਦ ਕੁਮਾਰ ਆਦਿ ਸ਼ਾਮਲ ਸਨ।

# ਸਿਵਲ ਹਸਪਤਾਲ ਦਾ ਕਾਰਨਾਮਾ; ਸੱਜੇ ਦੀ ਬਜਾਏ ਖੱਬੇ ਕੰਨ ਦਾ ਕਰ'ਤਾ ਆਪ੍ਰੇਸ਼ਨ



**ਮਲੋਟ (ਗੁਰਮੀਤ ਸਿੰਘ ਮੱਕੜ)** : ਸਥਾਨਕ ਸਿਵਲ ਹਸਪਤਾਲ ਦਾ ਅਜੀਬ ਕਾਰਨਾਮਾ ਉਦੋਂ ਸਾਹਮਣੇ ਆਇਆ, ਜਦੋਂ ਇੱਕ ਪੀੜਤ ਮਹਿਲਾ ਮਰੀਜ਼ ਆਪਣੇ ਪਤੀ ਨਾਲ ਕੰਨ ਦਾ ਆਪ੍ਰੇਸ਼ਨ ਕਰਵਾਉਣ ਸਿਵਲ ਹਸਪਤਾਲ ਆਈ ਤਾਂ ਸਬੰਧਤ ਡਾਕਟਰ ਵੱਲੋਂ ਸੱਜੇ ਕੰਨ ਦੀ ਥਾਂ ਖੱਬੇ ਕੰਨ ਦਾ ਆਪ੍ਰੇਸ਼ਨ ਕਰ ਦਿੱਤਾ, ਜਦਕਿ ਉਕਤ ਮਹਿਲਾ ਦਾ ਖੱਬਾ ਕੰਨ ਬਿਲਕੁੱਲ ਠੀਕ ਸੀ। ਜ਼ਿਕਰਯੋਗ ਹੈ ਕਿ ਡਾਕਟਰ ਵੱਲੋਂ ਗਲਤ ਆਪ੍ਰੇਸ਼ਨ ਕਰਨ ਤੋਂ ਬਾਅਦ ਵੀ 10 ਹਜ਼ਾਰ ਰੁਪਏ ਲਏ ਗਏ, ਜਦਕਿ ਉਕਤ ਪੀੜਤ ਮਹਿਲਾ ਦਾ ਸੱਜਾ ਕੰਨ ਉਸੇ ਤਰ੍ਹਾਂ ਬਿਮਾਰੀ ਤੋਂ ਪੀੜਤ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੀੜਤ ਮਹਿਲਾ ਦੇ ਪਤੀ ਪਰਮਿੰਦਰ ਸਿੰਘ ਵਾਸੀ ਸਰਾਵਾਂ ਨੇ ਦੋਸ਼ ਲਗਾਏ ਕਿ ਉਨ੍ਹਾਂ ਦੀ ਪਤਨੀ ਦੇ ਸੱਜੇ ਕੰਨ ਦੀ ਹੱਡੀ ਖਰਾਬ ਹੋਣ ਕਾਰਨ ਉਹ ਆਪ੍ਰੇਸ਼ਨ ਕਰਵਾਉਣ ਸਿਵਲ ਹਸਪਤਾਲ ਆਏ ਸਨ, ਪ੍ਰੰਤੂ ਸਬੰਧਤ ਡਾਕਟਰ ਵੱਲੋਂ ਸੱਜੇ ਕੰਨ ਦੀ ਜਗ੍ਹਾ ਖੱਬੇ ਕੰਨ ਦਾ ਆਪ੍ਰੇਸ਼ਨ ਕਰ ਦਿੱਤਾ। ਉਨ੍ਹਾ ਦੱਸਿਆ ਕਿ ਜਦੋਂ ਡਾਕਟਰ ਨੂੰ ਸੱਜੇ ਦੀ ਜਗ੍ਹਾ ਖੱਬੇ ਕੰਨ ਦਾ ਆਪ੍ਰੇਸ਼ਨ ਕਰਨ ਬਾਰੇ ਪੁੱਛਿਆ ਤਾਂ ਉਨ੍ਹਾ ਕਿਹਾ ਕਿ ਮਰੀਜ਼ ਦੇ ਖੱਬੇ ਕੰਨ ਦੀ ਵੀ ਹੱਡੀ ਖਰਾਬ ਸੀ, ਜਦਕਿ ਮਰੀਜ਼ ਦਾ ਖੱਬਾ ਕੰਨ ਬਿਲਕੁੱਲ ਤੰਦਰੁਸਤ ਸੀ। ਪੀੜਤ ਮਹਿਲਾ ਦੇ ਪਤੀ ਨੇ ਦੱਸਿਆ ਕਿ ਉਕਤ ਡਾਕਟਰ ਵੱਲੋਂ ਉਸ ਕੋਲੋਂ ਆਪ੍ਰੇਸ਼ਨ ਦੇ 10 ਹਜ਼ਾਰ ਰੁਪਏ ਵੀ ਲਏ ਗਏ, ਜਿਸ ਤੋਂ ਬਾਅਦ ਉਸ ਵੱਲੋਂ ਐੱਸ.ਐੱਮ.ਓ. ਨੂੰ ਇਸ ਸਬੰਧੀ ਸ਼ਿਕਾਇਤ ਕੀਤੀ ਤਾਂ ਐੱਸ.ਐੱਮ.ਓ. ਨੇ ਉਕਤ ਡਾਕਟਰ ਨੂੰ ਬੁਲਾ ਕੇ ਪੈਸੇ ਵਾਪਸ ਕਰਵਾਏ ਗਏ ਅਤੇ ਡਾਕਟਰ ਨੇ ਐੱਸ.ਐੱਮ.ਓ. ਦੇ ਕਮਰੇ ਤੋਂ ਬਾਹਰ ਆਉਂਦੇ ਹੀ ਆਪਣੀ ਗਲਤੀ ਮੰਨਦੇ ਹੋਏ ਉਸ ਨੂੰ ਰਾਜ਼ੀਨਾਮੇ ਦੀ ਵੀ ਗੱਲ ਕਹੀ। ਉਨ੍ਹਾਂ ਦੱਸਿਆ ਕਿ ਕੰਨ ਦਾ ਗਲਤ ਆਪ੍ਰੇਸ਼ਨ ਕਰਨ ਉਪਰੰਤ ਸਾਰੇ ਡਾਕਟਰ ਹੀ ਹਸਪਤਾਲ ਛੱਡ ਕੇ ਚੱਲੇ ਗਏ ਤੇ ਹਸਪਤਾਲ ਵਿੱਚੋਂ ਉਨ੍ਹਾਂ ਨੂੰ ਕੋਈ ਵੀ ਛੁੱਟੀ ਨਹੀਂ ਦੇ ਰਿਹਾ ਤੇ ਹਸਪਤਾਲ ਦਾ ਸਟਾਫ਼ ਇੱਕ ਦੂਜੇ ਕੋਲ ਫਾਈਲ ਹੋਣ ਦੀ ਗੱਲ ਕਹਿ ਰਿਹਾ ਹੈ। ਜਦੋਂ ਇਸ ਸਬੰਧੀ ਉਕਤ ਡਾਕਟਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾ ਕਿਹਾ ਕਿ ਉਨ੍ਹਾਂ ਵੱਲੋਂ ਮਰੀਜ਼ ਦੇ ਸਹੀ ਕੰਨ ਦਾ ਆਪ੍ਰੇਸ਼ਨ ਕੀਤਾ ਹੈ ਤੇ ਮਰੀਜ਼ ਉਨ੍ਹਾਂ ਦੇ ਹਸਪਤਾਲ ਵਿੱਚ ਹੀ ਦਾਖਲ ਹੈ ਅਤੇ ਮਰੀਜ਼ ਬਿਲਕੁੱਲ ਤੰਦਰੁਸਤ ਹੈ।

# ਮਿੱਡ-ਡੇ ਮੀਲ ਵਰਕਰਜ਼ ਯੂਨੀਅਨ ਵੱਲੋਂ ਡੀ ਸੀ ਦਫਤਰ ਅੱਗੇ ਧਰਨਾ

## ਤਹਿਸੀਲਦਾਰ ਨੂੰ ਮੁੱਖ ਮੰਤਰੀ ਪੰਜਾਬ ਦੇ ਨਾਂਅ ਸੌਂਪਿਆ ਮੰਗ ਪੱਤਰ



**ਮਾਨਸਾ (ਆਤਮਾ ਸਿੰਘ ਪਮਾਰ)**-ਮਿੱਡ-ਡੇ ਮੀਲ ਵਰਕਰ ਯੂਨੀਅਨ ਪੰਜਾਬ ਵੱਲੋਂ ਡਿਪਟੀ ਮਾਨਸਾ ਦੇ ਦਫਤਰ ਮੂਹਰੇ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਲੈ ਕੇ ਧਰਨਾ ਦਿੱਤਾ ਗਿਆ।ਧਰਨੇ ਦੌਰਾਨ ਹੀ ਕੁੱਕ ਬੀਬੀਆਂ ਵੱਲੋਂ ਲੋਕ ਸਭਾ ਹਲਕਾ ਬਠਿੰਡਾ ਤੋਂ ਪੰਜਾਬ ਸੋਸ਼ਲਿਸਟ ਅਲਾਇੰਸ ਦੇ ਉਮੀਦਵਾਰ ਭਗਵੰਤ ਸਿੰਘ ਸਮਾਓਂ ਦੀ ਹਮਾਇਤ ਦਾ ਐਲਾਨ ਵੀ ਕੀਤਾ ਗਿਆ ।ਧਰਨੇ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਬੋਹਾ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਨਿੱਕਾ ਸਿੰਘ ਬਹਾਦਰਪੁਰ ਨੇ ਕਿਹਾ ਕਿ ਅੱਜ ਲੋਕ ਸਭਾ ਦੀਆਂ ਚੋਣਾਂ ਸਮੇਂ ਕੋਈ ਵੀ ਸਿਆਸੀ ਪਾਰਟੀ ਕੁੱਕ ਬੀਬੀਆਂ ਦੀ ਤਨਖਾਹ ਵਧਾਉਣ ਲਈ ਜ਼ੁਬਾਨ ਤੱਕ ਨਹੀਂ ਖੋਲ੍ਹ ਰਹੀ। ਆਮ ਦਿਨਾਂ 'ਚ ਬੋਲਣਾ ਤਾਂ ਦੂਰ ਦੀ ਗੱਲ ਰਹੀ।ਪਿਛਲੀਆਂ ਚੋਣਾਂ ਸਮੇਂ ਚੋਣ ਅਮਲੇ ਦਾ ਦੋ-ਦੋ ਵਾਰ ਦਿਨ ਖਾਣਾ ਬਣਾਉਂਦੀਆਂ ਹਨ, ਪਰ ਕੁੱਕ ਬੀਬੀਆਂ ਨੂੰ ਚੋਣਾਂ ਦੌਰਾਨ ਕੋਈ ਵੀ ਮਿਹਨਤਾਨਾ ਨਹੀਂ ਦਿੱਤਾ ਗਿਆ।100 ਤੋਂ ਲੈ ਕੇ 500 ਤੱਕ ਗਿਣਤੀ ਬੱਚਿਆਂ ਦਾ ਖਾਣਾ 20 ਸਾਲ ਤੋਂ ਕੜਕਦੀ ਧੁੱਪ ਦੇ ਵਿੱਚ ਬਣਾਉਂਦੀਆਂ ਹਨ, ਜਦੋਂ ਕਿ ਦੂਜੇ ਪਾਸੇ ਮੁਲਾਜ਼ਮਾਂ ਤੇ ਅਫ਼ਸਰਾਂ ਦੀਆਂ ਤਨਖਾਹਾਂ 50 ਹਜ਼ਾਰ ਤੋਂ ਲੈ ਕੇ ਲੱਖਾਂ ਰੁਪਏ ਤੱਕ ਦਿੱਤੀਆਂ ਜਾ ਰਹੀਆਂ ਹਨ।ਆਗੂਆਂ ਨੇ ਦੋਸ਼ ਲਾਇਆ ਕਿ ਮਾਨ ਸਰਕਾਰ ਕੁੱਕ ਬੀਬੀਆਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦੇ ਰਹੀ।ਉਨ੍ਹਾਂ ਕਿਹਾ ਕਿ ਕੁੱਕ ਬੀਬੀਆਂ ਨੂੰ ਰੋਜ਼ਾਨਾ 100 ਰੁਪਏ ਦਿਹਾੜੀ ਤੋਂ ਬਿਨਾਂ ਹੋਰ ਕੋਈ ਸਹੂਲਤ ਨਹੀਂ ਮਿਲਦੀ।ਇਸ ਸਮੇਂ ਆਗੂਆਂ ਨੇ ਮੰਗ ਕੀਤੀ ਕਿ ਕੁੱਕ ਬੀਬੀਆਂ ਨੂੰ ਚੋਣਾਂ ਦੌਰਾਨ ਦੋ-ਦੋ ਦਿਨ ਕੀਤੀ ਡਿਊਟੀ ਦਾ ਮਿਹਨਤਾਨਾਂ ਵੱਖਰੇ ਤੌਰ 'ਤੇ ਪਿਛਲੇ ਬਕਾਏ ਸਮੇਤ ਦਿੱਤਾ ਜਾਵੇ।ਮਾਨਯੋਗ ਸੁਪਰੀਮ ਕੋਰਟ ਦੇ 26 ਅਕਤੂਬਰ 2016 ਦੇ ਫੈਸਲੇ ਤਹਿਤ ਸਕੂਲਾਂ ਵਿੱਚ ਕੰਮ ਕਰਦੀਆਂ ਮਿੱਡ-ਡੇ ਮੀਲ ਕੁੱਕ ਬੀਬੀਆਂ ਨੂੰ ਘੱਟੋ ਘੱਟ 18 ਹਜ਼ਾਰ ਰੁਪਏ ਮਹੀਨਾ ਤਨਖਾਹ ਦਿੱਤੀ ਜਾਵੇ।ਮਿੱਡ-ਡੇ ਮੀਲ ਮੀਲ ਵਰਕਰਾਂ ਦੇ ਈ ਐੱਸ ਆਈ ਕਾਰਡ ਬਣਾਏ ਜਾਣ।ਸਾਰੀਆਂ ਕੁੱਕ ਬੀਬੀਆਂ ਦੇ ਦੁਰਘਟਨਾ ਤੇ ਸਿਹਤ ਬੀਮਾ ਯੋਜਨਾ ਤਹਿਤ ਕਾਰਡ ਬਣਾਏ ਜਾਣ।ਸਮੇਤ ਹੋਰ ਮੰਗਾਂ ਜਲਦੀ ਲਾਗੂ ਕੀਤੀਆਂ ਜਾਣ।ਧਰਨੇ ਦੌਰਾਨ ਹੀ ਨਾਇਬ ਤਹਿਸੀਲਦਾਰ ਨੂੰ ਸਰਕਾਰ ਦੇ ਨਾ ਮੰਗ ਪੱਤਰ ਵੀ ਸੌਂਪਿਆ ਗਿਆ।ਇਸ ਸਮੇਂ ਜ਼ਿਲ੍ਹਾ ਆਗੂ ਜਸਵਿੰਦਰ ਕੌਰ ਗਾਮੀਵਾਲਾ, ਗੁਰਮੀਤ ਕੌਰ ਝੰਡੂਕੇ, ਕ੍ਰਿਸ਼ਨਾ ਦੇਵੀ ਹਕਮਵਾਲਾ, ਜਸਵਿੰਦਰ ਕੌਰ ਮੰਘਾਣੀਆਂ, ਅੱਕੀ ਕੌਰ ਕੁਲਾਣਾ, ਸੁਨੀਤਾ ਕੌਰ ਭੀਖੀ ਆਦਿ ਮਿੱਡ-ਡੇ ਮੀਲ ਵਰਕਰ ਤੇ ਆਗੂ ਸ਼ਾਮਲ ਸਨ।

## ਕਾਤਰਾਂ

### ਇਕਬਾਲ ਝੂੰਦਾਂ ਦੀ ਚੋਣ ਮੁਹਿੰਮ ਸਿਖਰਾਂ 'ਤੇ : ਸੰਘਰੇੜੀ

**ਸੰਗਰੂਰ (ਪ੍ਰਵੀਨ ਸਿੰਘ)**-ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸ੍ਰ. ਇਕਬਾਲ ਸਿੰਘ ਝੂੰਦਾਂ ਦੀ ਚੋਣ ਮੁਹਿੰਮ ਸਿਖਰਾਂ 'ਤੇ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਸਿੰਘ ਸੰਘਰੇੜੀ ਨੇ ਸ਼ਹਿਰ ਦੇ ਨਾਭਾ ਗੇਟ ਵਿਖੇ ਡੋਰ ਟੂ ਡੋਰ ਜਾ ਕੇ ਸ੍ਰ. ਇਕਬਾਲ ਸਿੰਘ ਝੂੰਦਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ।ਉਨ੍ਹਾ ਕਿਹਾ ਕਿ ਲੋਕ ਅਕਾਲੀ ਸਰਕਾਰ ਵੱਲੋਂ ਕੀਤੇ ਗਏ ਕੰਮਾਂ ਨੂੰ ਅੱਜ ਵੀ ਯਾਦ ਕਰਦੇ ਨੇ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੱਲੋਂ ਜਾਰੀ ਕੀਤੀਆਂ ਗਈਆਂ ਸਹੂਲਤਾਂ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਬੰਦ ਕਰਨ ਤੁਲੀ ਹੋਈ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਭੁਪਿੰਦਰ ਸਿੰਘ ਸਿੱਧੂ, ਸ਼ੇਰ ਸਿੰਘ ਬਾਲੇਵਾਲ, ਜਤਿੰਦਰ ਸਿੰਘ ਵਿੱਕੀ ਕੋਚ, ਨਰੇਸ਼ ਕੁਮਾਰ ਸਾਬਕਾ ਪ੍ਰਿੰਸੀਪਲ, ਅਮਰੀਕ ਸਿੰਘ ਗੋਰਾ, ਅਮਰੀਕ ਸਿੰਘ ਹਥਨ ਤੇ ਬਲਵਿੰਦਰ ਸਿੰਘ ਬੀਰ ਕਲਾਂ ਮੌਜੂਦ ਸਨ।

### 'ਆਪ' ਉਮੀਦਵਾਰ ਦੇ ਹੱਕ 'ਚ ਡੋਰ-ਟੂ-ਡੋਰ ਪ੍ਰਚਾਰ



**ਮੱਖੂ (ਰਛਪਾਲ ਸਿੰਘ ਸੰਧੂ)** : ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਲਾਲਜੀਤ ਸਿੰਘ ਭੁੱਲਰ ਦੇ ਹੱਕ ਵਿੱਚ ਵਿਧਾਨ ਸਭਾ ਹਲਕਾ ਜ਼ੀਰਾ ਦੇ ਬਲਾਕ ਮੱਖੂ 'ਚ ਵੱਖ ਵੱਖ ਵਾਰਡਾਂ ਵਿੱਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ ਦੀ ਅਗਵਾਈ ਵਿੱਚ 'ਆਪ' ਆਗੂਆਂ ਤੇ ਵਰਕਰਾਂ ਵੱਲੋਂ ਡੋਰ-ਟੂ-ਡੋਰ ਪ੍ਰਚਾਰ ਦੌਰਾਨ ਘਰੋਂ ਘਰੀਂ ਜਾ ਕੇ ਲੋਕਾਂ ਨੂੰ ਆਮ ਆਦਮੀ ਪਾਰਟੀ ਦੇ ਉਮੀਦਵਾਰ ਲਾਲਜੀਤ ਸਿੰਘ ਭੁੱਲਰ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਗਈ।ਇਸ ਮੌਕੇ ਨਰਿੰਦਰ ਕਟਾਰੀਆ ਨੇ ਕਿਹਾ ਕਿ ਡੋਰ-ਟੂ-ਡੋਰ ਪ੍ਰਚਾਰ ਦੌਰਾਨ ਲੋਕਾਂ ਦਾ ਭਾਰੀ ਸਮਰਥਨ ਮਿਲ ਰਿਹਾ ਹੈ।ਇਸ ਮੌਕੇ ਨਗਰ ਪੰਚਾਇਤ ਮੱਖੂ ਦੇ ਸਾਬਕਾ ਪ੍ਰਧਾਨ ਵਰਿੰਦਰ ਠੁਕਰਾਲ, ਸਾਬਕਾ ਐੱਮ ਸੀ ਡਾ. ਰਜੀਵ ਅਹੂਜਾ ਰਵੀ, ਬਲਵੀਰ ਲਹਿਰਾ, ਗਿਸ਼ੂ ਖੁਰਾਣਾ, ਬਲਾਕ ਪ੍ਰਧਾਨ ਸੌਰਵ ਅਹੂਜਾ, ਬਲਾਕ ਪ੍ਰਧਾਨ ਸੰਦੀਪ ਠੁਕਰਾਲ, ਬਲਾਕ ਪ੍ਰਧਾਨ ਸ਼ੋਸ਼ਲ ਮੀਡੀਆ ਅਜੇ ਕੰਧਾਰੀ, ਬਲਾਕ ਪ੍ਰਧਾਨ ਸ਼ੋਸ਼ਲ ਮੀਡੀਆ ਭੀਮ ਠੁਕਰਾਲ, ਵਪਾਰ ਸੈੱਲ ਜ਼ਿਲ੍ਹਾ ਫਿਰੋਜ਼ਪੁਰ ਦੇ ਜੁਆਇੰਟ ਸਕੱਤਰ ਸਾਜਨ ਸਿਕਰੀ ਆਦਿ ਹਾਜ਼ਰ ਸਨ।

### ਹਸਪਤਾਲ ਦੀ ਪਾਰਕ 'ਚੋਂ ਕਾਰ ਚੋਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਫਿਰੋਜ਼ਪੁਰ ਵਿਖੇ ਅਨਿਲ ਬਾਗੀ ਹਸਪਤਾਲ ਦੇ ਬਾਹਰ ਗਣਪਤੀ ਡਰੈੱਸ ਦੇ ਬਾਹਰ ਪਾਰਕ ਵਿੱਚੋਂ ਇੱਕ ਕਾਰ ਕਰੋਲਾ ਚੋਰੀ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮਨਪ੍ਰੀਤ ਸਿੰਘ ਪੁੱਤਰ ਜਸਬੀਰ ਸਿੰਘ ਵਾਸੀ ਸ੍ਰੀ ਵਾਲ ਸੈਦਾਂ ਨੇ ਦੱਸਿਆ ਕਿ ਉਸ ਦੀ ਕਾਰ ਕਰੋਲਾ ਨੰਬਰ ਡੀਐੱਲ 3 ਸੀਈਡੀ 2353 ਅਨਿਲ ਬਾਗੀ ਹਸਪਤਾਲ ਫਿਰੋਜ਼ਪੁਰ ਦੇ ਬਾਹਰ ਗਣਪਤੀ ਡਰੈੱਸ ਦੇ ਬਾਹਰ ਪਾਰਕ ਕੀਤੀ ਸੀ, ਜਿਸ ਨੂੰ ਕੋਈ ਅਣਪਛਾਤਾ ਵਿਅਕਤੀ ਚੋਰੀ ਕਰਕੇ ਲੈ ਗਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਨਰੇਸ਼ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਰਾਣਾ ਸੋਢੀ ਦੀ ਆਮਦ 'ਤੇ ਖੋਖਰ 'ਚ ਜ਼ੋਰਦਾਰ ਵਿਰੋਧ ਪ੍ਰਦਰਸ਼ਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਸੰਯੁਕਤ ਕਿਸਾਨ ਮੋਰਚੇ ਤੇ ਵੱਖ ਵੱਖ ਜਥੇਬੰਦੀਆਂ ਵੱਲੋਂ ਦੇਸ਼ ਅੰਦਰ ਹਾਸ਼ੀਵਾਦੀ ਫਾਸ਼ੀਵਾਦੀ ਤਾਨਾਸ਼ਾਹੀ ਸਥਾਪਤ ਸਥਾਪਤ ਕਰਨ ਦੀ ਖਾਹਿਸ਼ ਰੱਖਣ ਵਾਲੀ ਭਾਜਪਾ ਹਕੂਮਤ ਦਾ ਵਿਰੋਧ ਕਰਨ ਦਾ ਸੱਦਾ ਦਿੱਤਾ ਗਿਆ ਹੈ। ਇਸੇ ਤਹਿਤ ਪਿੰਡ ਖੋਖਰ ਵਿਖੇ ਬੀਤੇ ਦਿਨ ਫਿਰੋਜ਼ਪੁਰ ਤੋਂ ਭਾਜਪਾ ਦੇ ਉਮੀਦਵਾਰ ਗੁਰਮੀਤ ਸਿੰਘ ਰਾਣਾ ਸੋਢੀ ਨੇ ਚੋਣ ਪ੍ਰਚਾਰ ਕਰਨ ਲਈ ਗੁਰਦੁਆਰਾ ਬਾਬਾ ਜੀਵਨ ਸਿੰਘ ਵਿਖੇ ਇਕੱਠ ਰੱਖਿਆ ਸੀ, ਜਿਸ ਦਾ ਪਤਾ ਲੱਗਣ 'ਤੇ ਨੌਜਵਾਨ ਭਾਰਤ ਸਭਾ ਤੇ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਇਸ ਦਾ ਜ਼ੋਰਦਾਰ ਵਿਰੋਧ ਕਰਨ ਦਾ ਫੈਸਲਾ ਕੀਤਾ ਗਿਆ, ਜਿਸ ਕਰਕੇ ਭਾਜਪਾ ਨੂੰ ਗੁਰਦੁਆਰਾ ਬਾਬਾ ਜੀਵਨ ਸਿੰਘ ਵਿਖੇ ਰੱਖਿਆ ਪ੍ਰੋਗਰਾਮ ਬਦਲਣਾ ਪਿਆ, ਜਿਉਂ ਹੀ ਭਾਜਪਾ ਦੇ ਆਗੂ ਪੁਸ਼ਪਿੰਦਰ ਭੰਡਾਰੀ, ਗੋਰਾ ਪਠੇਲਾ ਆਦਿ ਆਪਣੀ ਟੀਮ ਸਮੇਤ ਖੋਖਰ ਵਿੱਚ ਐਂਟਰ ਹੋਣ ਲੱਗੇ ਤਾਂ ਦੋਵੇਂ ਜਥੇਬੰਦੀਆਂ ਦੀ ਅਗਵਾਈ ਵਿੱਚ ਮਜ਼ਦੂਰਾਂ ਤੇ ਨੌਜਵਾਨਾਂ ਨੇ ਪਿੰਡ ਦੀ ਐਂਟਰੀ 'ਤੇ ਇਕੱਠੇ ਹੋ ਕੇ ਭਾਜਪਾ ਖਿਲਾਫ ਨਾਅਰੇਬਾਜ਼ੀ ਕੀਤੀ ਅਤੇ ਉਨ੍ਹਾਂ ਨੂੰ ਚੋਣ ਪ੍ਰਚਾਰ ਵਿਚਾਲੇ ਛੱਡ ਕੇ ਵਾਪਸ ਮੁੜਨਾ ਪਿਆ।

ਪ੍ਰੈੱਸ ਬਿਆਨ ਜਾਰੀ ਕਰਦਿਆਂ ਨੌਜਵਾਨ ਭਾਰਤ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਖੋਖਰ ਜ਼ਿਲ੍ਹਾ ਮੀਤ ਪ੍ਰਧਾਨ ਮਹਾਸ਼ਾ ਸਿੰਘ ਸਮਾਗ ਤੇ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਵੀਰਪਾਲ ਕੌਰ, ਸਤਪਾਲ ਸਿੰਘ, ਗੁਰਮੇਲ ਸਿੰਘ ਨੇ ਕਿਹਾ ਕਿ ਭਾਜਪਾ ਆਰ ਐੱਸ ਐੱਸ ਦਾ ਰਾਜਨੀਤਕ ਵਿੰਗ ਹੈ ਤੇ ਆਰ ਐੱਸ ਐੱਸ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦੀ ਹੈ ਅਤੇ ਇਹ ਬਾਬਾ ਸਾਹਿਬ ਡਾਕਟਰ ਅੰਬੇਡਕਰ ਸਾਹਿਬ ਜੀ ਦੁਆਰਾ ਬਣਾਏ ਗਏ ਸੰਵਿਧਾਨ ਨੂੰ ਬਦਲ ਕੇ ਇੱਥੇ ਮਨੂੰ ਸਮ੍ਰਿਤੀ ਨੂੰ ਆਪਣਾ ਸੰਵਿਧਾਨ ਬਣਾਉਣਾ ਚਾਹੁੰਦੀ ਹੈ ਅਤੇ ਦੇਸ਼ ਦੇ ਦਲਿਤਾਂ ਨੂੰ ਹਜ਼ਾਰਾਂ ਸਾਲ ਪਿੱਛੇ ਦੀ ਗੁਲਾਮੀ ਵੱਲ ਧੱਕਣਾ ਚਾਹੁੰਦੀ ਹੈ। ਉਨ੍ਹਾ ਕਿਹਾ ਕਿ ਬੀਜੇਪੀ ਸਰਕਾਰ ਨੇ ਮਜ਼ਦੂਰਾਂ ਲਈ ਬਣਾਏ ਕਿਰਤ ਨੂੰ ਭੰਗ ਕਰਕੇ ਚਾਰ ਲੇਬਰ ਕੋਡ ਬਣਾ ਦਿੱਤੇ ਗਏ ਹਨ, ਜਿਸ ਕਰਕੇ ਮਜ਼ਦੂਰਾਂ ਦੀ ਦਿਹਾੜੀ 12 ਘੰਟੇ ਕਰਨ ਦਾ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਹੈ, ਅਗਨੀ ਵੀਰ ਯੋਜਨਾ ਲਿਆ ਕੇ ਨੌਜਵਾਨਾਂ ਦਾ ਰੁਜ਼ਗਾਰ ਖੋਹਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਜਿੱਥੇ ਭਾਜਪਾ ਕਿਸਾਨਾਂ ਖਿਲਾਫ ਹੈ, ਉੱਥੇ ਮਜ਼ਦੂਰਾਂ, ਨੌਜਵਾਨਾਂ, ਦੁਕਾਨਦਾਰਾਂ ਤੇ ਛੋਟੇ ਕਾਰੋਬਾਰੀਆਂ ਨੂੰ ਖਤਮ ਕਰਕੇ ਸਭ ਕੁਝ ਕਾਰਪੋਰੇਟ ਘਰਾਣਿਆਂ ਨੂੰ ਲੁਟਾਉਣਾ ਚਾਹੁੰਦੀ ਹੈ ਅਤੇ ਧਰਮ ਜਾਤ ਦੇ ਨਾਂਅ 'ਤੇ ਫਿਰਕੂ ਜ਼ਹਿਰੀਲੀ ਰਾਜਨੀਤੀ ਖੇਡ ਰਹੀ ਹੈ, ਜਿਸ ਕਰਕੇ ਭਾਜਪਾ ਨੂੰ ਹਰਾਉਣਾ ਬੇਹੱਦ ਜ਼ਰੂਰੀ ਹੈ। ਆਗੂਆਂ ਨੇ ਕਿਹਾ ਕਿ ਜ਼ੋਰਦਾਰ ਵਿਰੋਧ ਦੇ ਚਲਦਿਆਂ ਭਾਜਪਾ ਆਗੂਆਂ ਨੂੰ ਆਪਣਾ ਪ੍ਰੋਗਰਾਮ ਵਿਚਾਲੇ ਛੱਡ ਕੇ ਵਾਪਸ ਪਰਤਣਾ ਪਿਆ ਤੇ ਅੱਗੇ ਵੀ ਜਥੇਬੰਦੀ ਵੱਲੋਂ ਭਾਜਪਾ ਦਾ ਵਿਰੋਧ ਜਾਰੀ ਰਹੇਗਾ।

# ਹਲਕੇ ਦੀ ਖੁਸ਼ਹਾਲੀ ਲਈ ਸਿਮਰਨਜੀਤ ਮਾਨ ਦਾ ਸਾਥ ਦਿਓ : ਗੀਤਇੰਦਰ ਕੌਰ



**ਸੰਗਰੂਰ (ਪ੍ਰਵੀਨ ਸਿੰਘ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਲੋਕ ਸਭਾ ਹਲਕਾ ਸੰਗਰੂਰ ਤੋਂ ਪਾਰਟੀ ਦੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਦੀ ਧਰਮਪਤਨੀ ਬੀਬੀ ਗੀਤਇੰਦਰ ਕੌਰ ਮਾਨ ਨੇ ਬੀਤੀ ਦੇਰ ਸ਼ਾਮ ਸੰਗਰੂਰ ਦੇ ਬਾਬਾ ਬੰਦਾ ਸਿੰਘ ਬਹਾਦਰ ਨਗਰ, ਪੁਲਸ ਲਾਈਨ, ਹਰਗੋਬਿੰਦਪੁਰਾ, ਸੰਤ ਅਤਰ ਸਿੰਘ ਨਗਰ ਸਮੇਤ ਵੱਖ-ਵੱਖ ਮੁਹੱਲਿਆਂ ਵਿੱਚ ਚੋਣ ਪ੍ਰਚਾਰ ਕਰਦਿਆਂ ਹਲਕੇ ਦੀ ਖੁਸ਼ਹਾਲੀ ਲਈ ਚੋਣਾਂ ਵਿੱਚ ਸ੍ਰ. ਸਿਮਰਨਜੀਤ ਸਿੰਘ ਮਾਨ ਦਾ ਸਾਥ ਦੇਣ ਦੀ ਅਪੀਲ ਕੀਤੀ।

ਵੱਖ-ਵੱਖ ਮੁਹੱਲਿਆਂ ਵਿੱਚ ਚੋਣ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਬੀਬੀ ਮਾਨ ਨੇ ਕਿਹਾ ਕਿ ਸ. ਸਿਮਰਨਜੀਤ ਸਿੰਘ ਮਾਨ ਨੇ ਹਮੇਸ਼ਾ ਜੋ ਕਿਹਾ, ਉਹ ਕਰਕੇ ਵਿਖਾਇਆ ਹੈ।ਸ੍ਰ. ਮਾਨ ਨੇ ਜ਼ਿਮਨੀ ਚੋਣ ਜਿੱਤਣ ਮਗਰੋਂ ਪਿਛਲੇ ਦੋ ਸਾਲਾਂ ਵਿੱਚ ਹਲਕੇ ਦੀ ਬਿਹਤਰੀ ਲਈ ਉਹ ਕੰਮ ਕਰਕੇ ਵਿਖਾਏ ਹਨ, ਜੋ ਇਸ ਤੋਂ ਪਹਿਲਾਂ ਵਾਲੇ ਐੱਮ.ਪੀ. ਨਹੀਂ ਕਰ ਸਕੇ।ਬਿਨਾਂ ਪੱਖਪਾਤ ਤੋਂ ਐੱਮ. ਪੀ. ਕੋਟੇ ਤਹਿਤ ਮਿਲੀ ਕਰੀਬ ਦਸ ਕਰੋੜ ਰੁਪਏ ਦੀ ਗ੍ਰਾਂਟ ਨੂੰ ਬਿਨਾਂ ਦੇਰੀ ਤੇ ਬਿਨਾਂ ਪੱਖਪਾਤ ਤੋਂ ਸਾਰੇ ਵਰਗਾਂ ਦੀ ਭਲਾਈ ਲਈ ਖਰਚ ਕੀਤਾ ਹੈ।ਅਨੇਕਾਂ ਵੱਡੇ ਪ੍ਰੋਜੈਕਟ ਕੇਂਦਰ ਤੋਂ ਮਨਜ਼ੂਰ ਕਰਵਾਏ ਹਨ।ਇਸ ਮੌਕੇ ਸ਼ਹਿਰੀ ਪ੍ਰਧਾਨ ਸੁਖਵਿੰਦਰ ਸਿੰਘ, ਮੀਤ ਪ੍ਰਧਾਨ ਹਰਪ੍ਰੀਤ ਸਿੰਘ, ਗੁਰਵਿੰਦਰ ਸਿੰਘ ਬੱਬੀ, ਗੁਰਮੀਤ ਸਿੰਘ, ਬੀਬੀ ਹਰਪਾਲ ਕੌਰ, ਅਮਨਪ੍ਰੀਤ ਕੌਰ ਸਮੇਤ ਹੋਰ ਆਗੂ ਤੇ ਵਰਕਰ ਹਾਜ਼ਰ ਸਨ।

# ਪਹਿਲੀ ਨੂੰ ਵਿਰੋਧੀਆਂ ਦਾ 'ਝਾੜੂ' ਨਾਲ ਸਫ਼ਾਇਆ ਹੋਣਾ ਤੈਅ : ਉਂਕਾਰ ਸਿੱਧੂ

**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਲੋਕ ਸਭਾ ਹਲਕਾ ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਮੀਤ ਹੇਅਰ ਦੇ ਹੱਕ ਵਿੱਚ ਸਥਾਨਕ ਸ਼ਹਿਰ ਦੇ ਵਾਰਡ ਨੰਬਰ 8 ਰਚਨਾ ਬਸਤੀ ਵਿਖੇ ਕਰਵਾਏ ਚੋਣ ਜਲਸੇ ਨੂੰ ਮੁੱਖ ਮੰਤਰੀ ਪੰਜਾਬ ਦੇ ਓ.ਐੱਸ.ਡੀ. ਪ੍ਰੋਫੈਸਰ ਉਂਕਾਰ ਸਿੰਘ ਸਿੱਧੂ, ਪੰਜਾਬ ਕਨਵੇਅਰ ਦੇ ਚੇਅਰਮੈਨ ਸਤਿੰਦਰ ਸਿੰਘ ਚੱਠਾ, ਪੰਜਾਬ ਵਕਫ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਤੇ ਮੁੱਖ ਮੰਤਰੀ ਕੈਂਪ ਦਫ਼ਤਰ ਧੂਰੀ ਦੇ ਇੰਚਾਰਜ ਅੰਮ੍ਰਿਤ ਬਰਾੜ ਅਤੇ ਕੌਂਸਲਰ ਪੁਸ਼ਪਿੰਦਰ ਸ਼ਰਮਾ ਨੇ ਸੰਬੋਧਨ ਕੀਤਾ।



'ਆਪ' ਆਗੂ ਗੋਬਿੰਦ ਲੋਹਟ ਤੇ ਸੋਨੂੰ ਬਾਦੜ ਦੀ ਅਗਵਾਈ ਹੇਠ ਕਰਵਾਏ ਇਸ ਵਿਸ਼ਾਲ ਚੋਣ ਜਲਸੇ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਪੰਜਾਬ ਦੇ ਓ.ਐੱਸ.ਡੀ. ਪ੍ਰੋਫੈਸਰ ਉਂਕਾਰ ਸਿੰਘ ਸਿੱਧੂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਦੋ ਸਾਲਾਂ ਦੇ ਕੰਮਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਆਪਣੇ ਕੰਮ ਦੇ ਆਧਾਰ 'ਤੇ ਵੋਟਾਂ ਮੰਗ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਪਿਛਲੇ ਦੋ ਸਾਲਾਂ ਵਿੱਚ 43000 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ, 90 ਫ਼ੀਸਦੀ ਘਰਾਂ ਨੂੰ ਬਿਜਲੀ ਦੇ ਬਿੱਲ ਜ਼ੀਰੋ ਆ ਰਹੇ ਹਨ। 830 ਮੁਹੱਲਾ ਕਲੀਨਿਕ ਖੋਲ੍ਹੇ ਤੇ ਸਕੂਲ ਆਫ਼ ਐਮੀਨੈਂਸ ਬਣਾਏ।ਇਸ ਦੇ ਨਾਲ ਹੀ ਕਿਸਾਨਾਂ ਨੂੰ ਦਿਨ ਦੇ ਸਮੇਂ ਖੇਤੀ ਲਈ ਬਿਨਾਂ ਕੱਟ ਤੋਂ ਲੋੜੀਂਦੀ ਬਿਜਲੀ ਦਿੱਤੀ ਤੇ 59 ਫ਼ੀਸਦੀ ਖੇਤਾਂ ਨੂੰ ਨਹਿਰੀ ਪਾਣੀ ਪਹੁੰਚਾਇਆ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਪੰਜਾਬ ਵਿੱਚ 16 ਟੋਲ ਪਲਾਜ਼ੇ ਬੰਦ ਕਰ ਦਿੱਤੇ ਹਨ ਤੇ ਹੁਣ ਇਸ ਨਾਲ ਪੰਜਾਬੀਆਂ ਨੂੰ ਰੋਜ਼ਾਨਾ 60 ਲੱਖ ਰੁਪਏ ਦੀ ਬੱਚਤ ਹੁੰਦੀ ਹੈ।

# ਪਹਿਲੀ ਵਾਰ ਵੋਟ ਪਾਉਣ ਵਾਲੇ ਵੋਟਰ ਬੋਲੇ; ਪਟਿਆਲਾ ਬਣੇ ਸਮਾਰਟ ਤੇ ਹੈਰੀਟੇਜ ਸਿਟੀ

## ਅਕਾਲੀ ਉਮੀਦਵਾਰ ਪਟਿਆਲਾ ਦੇ ਸੈਂਕੜੇ ਫਸਟ ਟਾਈਮ ਵੋਟਰਾਂ ਨਾਲ ਹੋਏ ਰੂਬਰੂ



**ਰਾਜਪੁਰਾ (ਰਮੇਸ਼ ਕਟਾਰੀਆ)**-ਪੰਜਾਬ ਵਿੱਚ ਪਹਿਲੀ ਜੂਨ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੌਰਾਨ ਪਟਿਆਲਾ ਲੋਕ ਸਭਾ ਹਲਕੇ ਦੇ ਫਸਟ ਟਾਈਮ ਵੋਟਰਾਂ ਦੀ ਭੂਮਿਕਾ ਅਹਿਮ ਹੈ।ਇਸ ਦੀ ਮਹੱਤਤਾ ਨੂੰ ਸਮਝਦਿਆਂ ਪਹਿਲੀ ਵਾਰ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐੱਨ. ਕੇ. ਸ਼ਰਮਾ ਪਟਿਆਲਾ ਦੇ ਨੌਜਵਾਨ ਵੋਟਰਾਂ ਨਾਲ ਰੂਬਰੂ ਹੋਏ, ਜਿਸ ਵਿੱਚ ਨੌਜਵਾਨਾਂ ਨੇ ਸ਼ਰਮਾ ਨੂੰ ਖੁੱਲ੍ਹ ਕੇ ਸਵਾਲ ਕੀਤੇ ਤੇ ਸ਼ਰਮਾ ਨੇ ਵੀ ਉਨ੍ਹਾਂ ਦੇ ਬਾਖ਼ੂਬੀ ਜਵਾਬ ਦਿੱਤੇ।ਪਟਿਆਲਾ ਵਿੱਚ ਇਹ ਪਹਿਲੀ ਵਾਰ ਹੈ ਕਿ ਚੋਣ ਲੜ ਰਹੇ ਉਮੀਦਵਾਰ ਨੇ ਫਸਟ ਟਾਈਮ ਵੋਟਰਾਂ ਨਾਲ ਮੁਲਾਕਾਤ ਕੀਤੀ ਹੈ।

'ਨੌਜਵਾਨਾਂ ਦੇ ਸਵਾਲ-ਐੱਨ. ਕੇ. ਸ਼ਰਮਾ ਦੇ ਜਵਾਬ' ਨਾਮਕ ਪ੍ਰੋਗਰਾਮ ਦੌਰਾਨ ਸ਼ਹਿਰ ਦੇ ਵੱਖ-ਵੱਖ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਬੱਚਿਆਂ ਨੇ ਸਾਂਸਦ ਉਮੀਦਵਾਰ ਨੂੰ ਸਵਾਲ ਪੁੱਛੇ।ਜ਼ਿਆਦਾਤਰ ਬੱਚਿਆਂ ਨੇ ਪਟਿਆਲਾ ਦੀ ਤੁਲਨਾ ਮੁਹਾਲੀ ਨਾਲ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸ਼ਹਿਰ ਨੂੰ ਸਮਾਰਟ ਤੇ ਹੈਰੀਟੇਜ ਸਿਟੀ ਬਣਨਾ ਚਾਹੀਦਾ।ਜਦੋਂ ਸੂਬੇ ਦੇ ਹੋਰ ਸ਼ਹਿਰ ਇੰਨੀ ਤਰੱਕੀ ਕਰ ਸਕਦੇ ਹਨ ਤਾਂ ਪਟਿਆਲਾ ਕਿਉਂ ਨਹੀਂ?

ਇੱਕ ਨੌਜਵਾਨ ਨੇ ਜਦੋਂ ਕਰਜ਼ ਵਧਣ ਦਾ ਸਵਾਲ ਪੁੱਛਿਆ ਤਾਂ ਸ਼ਰਮਾ ਨੇ ਕਿਹਾ ਕਿ ਕਰਜ਼ਾ ਵਧਾਉਣ ਨਾਲੋਂ ਵੱਧ ਜ਼ਰੂਰੀ ਹੈ ਆਮਦਨ ਤੇ ਆਮਦਨ ਦੇ ਸਰੋਤਾਂ ਨੂੰ ਵਧਾਉਣਾ।ਪਿਛਲੇ 7 ਸਾਲਾਂ ਤੋਂ ਪੰਜਾਬ 'ਤੇ ਕਰਜ਼ਾ ਵਧਦਾ ਜਾ ਰਿਹਾ ਹੈ, ਪਰ ਲੋਕਾਂ ਦੀ ਆਮਦਨ ਦੇ ਸਰੋਤ ਨਹੀਂ ਵਧ ਰਹੇ ਹਨ।ਇੱਕ ਵਿਦਿਆਰਥਣ ਨੇ ਜਦੋਂ ਸ਼ਰਮਾ ਨੂੰ ਉਨ੍ਹਾਂ ਦੇ ਵਿਜ਼ਨ ਬਾਰੇ ਪੁੱਛਿਆ ਤਾਂ ਅਕਾਲੀ ਦਲ ਦੇ ਉਮੀਦਵਾਰ ਨੇ ਕਿਹਾ ਕਿ ਪਟਿਆਲਾ ਵਿੱਚ ਸੈਰ-ਸਪਾਟੇ ਦੀਆਂ ਅਥਾਹ ਸੰਭਾਵਨਾਵਾਂ ਹਨ।ਉਹ ਸੰਸਦ ਮੈਂਬਰ ਬਣਨ ਤੋਂ ਬਾਅਦ ਇਸ ਸ਼ਹਿਰ ਨੂੰ ਹੈਰੀਟੇਜ ਸਿਟੀ ਵਜੋਂ ਵਿਕਸਤ ਕਰਨਗੇ, ਜਿਸ ਨਾਲ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਵਧਣਗੇ।ਘਨੌਰ ਦੇ ਵਸਨੀਕ ਇੱਕ ਨੌਜਵਾਨ ਨੇ ਇਸ ਗੱਲ 'ਤੇ ਅਫ਼ਸੋਸ ਪ੍ਰਗਟਾਇਆ ਕਿ ਪਟਿਆਲਾ ਅਨਪਲਾਨਡ ਸਿਟੀ ਹੈ ਤੇ ਇੱਕ ਸੰਸਦ ਮੈਂਬਰ ਇਸ ਵਿੱਚ ਕੀ ਕਰ ਸਕਦਾ ਹੈ।ਸ਼ਰਮਾ ਨੇ ਜਵਾਬ ਦਿੱਤਾ ਕਿ ਜੇਕਰ ਸੰਸਦ ਮੈਂਬਰਾਂ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਵਿੱਚ ਤਾਲਮੇਲ ਹੋਵੇ ਤਾਂ ਮਾਸਟਰ ਪਲਾਨ ਬਣਾ ਕੇ ਵਿਕਾਸ ਕੀਤਾ ਜਾ ਸਕਦਾ ਹੈ।ਇਸ 'ਤੇ ਬੱਚਿਆਂ ਨੇ ਖੂਬ ਤਾੜੀਆਂ ਵਜਾਈਆਂ।

ਇੱਕ ਵਿਦਿਆਰਥਣ ਨੇ ਬੱਸਾਂ ਦੀ ਸਮੱਸਿਆ, ਸਿਟੀ ਬੱਸ ਸੇਵਾ ਤੇ ਬੱਸ ਅੱਡਾ ਸ਼ਹਿਰ ਤੋਂ ਦੂਰ ਹੋਣ ਦਾ ਮੁੱਦਾ ਉਠਾਇਆ।ਪ੍ਰੋਗਰਾਮ ਵਿੱਚ ਹਾਜ਼ਰ ਕਾਲਜ ਦੇ ਵਿਦਿਆਰਥੀਆਂ ਨੇ ਆਪਣੇ ਸੁਪਨਿਆਂ ਦਾ ਸ਼ਹਿਰ ਪਟਿਆਲਾ ਕਿਹੋ ਜਿਹਾ ਹੋਣਾ ਚਾਹੀਦਾ ਹੈ, ਇਸ ਸਬੰਧੀ ਆਪਣੇ-ਆਪਣੇ ਵਿਚਾਰ ਪ੍ਰਗਟ ਕੀਤੇ।ਕਰੀਬ ਦੋ ਘੰਟੇ ਤੱਕ ਚੱਲੇ ਇਸ ਪ੍ਰੋਗਰਾਮ ਵਿੱਚ ਜਿੱਥੇ ਸੈਂਕੜੇ ਵਿਦਿਆਰਥੀਆਂ ਨੇ ਭਾਗ ਲਿਆ, ਉੱਥੇ 35 ਵਿਦਿਆਰਥੀਆਂ ਨੇ ਸਵਾਲ ਵੀ ਪੁੱਛੇ।

# ਸਰਕਾਰੀ ਕੰਨਿਆ ਸਕੂਲ 'ਚ ਬਲਾਕ ਪੱਧਰੀ ਪ੍ਰਤਿਭਾ ਖੋਜ ਮੁਕਾਬਲੇ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਛੀਵਾੜਾ ਸਾਹਿਬ ਵਿਖੇ ਬਲਾਕ ਪੱਧਰੀ ਪ੍ਰਤਿਭਾ ਖੋਜ ਮੁਕਾਬਲੇ ਕਰਵਾਏ ਗਏ।ਇਸ ਵਿੱਚ ਮਾਛੀਵਾੜਾ ਬਲਾਕ 1 ਤੇ 2 ਦੇ ਤਕਰੀਬਨ 15 ਸਕੂਲ ਦੇ ਵਿਦਿਆਰਥੀਆਂ ਨੇ ਭਾਗ ਲਿਆ, ਜਿਸ ਵਿੱਚ ਨਾਟਕ, ਭਾਸ਼ਣ, ਗੀਤ ਗਾਇਨ, ਪੇਂਟਿੰਗ, ਚਿੱਤਰ ਕਲਾ, ਸੋਲੋ ਡਾਂਸ, ਕਲੇ ਮਾਡਲਿੰਗ, ਕਵਿਤਾ ਆਦਿ ਮੁਕਾਬਲੇ ਕਰਵਾਏ ਗਏ।ਇਹ ਮੁਕਾਬਲੇ ਸਕੂਲ ਦੇ ਇੰਚਾਰਜ ਹਰਦੀਪ ਕੌਰ ਤੇ ਬਲਾਕ ਕੌਂਸਲਰ ਰਾਜੇਸ਼ ਕੁਮਾਰ ਸਕੂਲ ਦੇ ਗਾਈਡੈਂਸ ਅਤੇ ਕੌਂਸਲਿੰਗ ਇੰਚਾਰਜ ਰਾਜੇਸ਼ ਕੁਮਾਰ ਦੀ ਯੋਗ ਅਗਵਾਈ ਹੇਠ ਕਰਵਾਏ ਗਏ, ਜਿਸ ਵਿੱਚ ਵੱਖ-ਵੱਖ ਸਕੂਲਾਂ ਨੇ ਹਿੱਸਾ ਲਿਆ ਅਤੇ ਪੁਜ਼ੀਸ਼ਨਾਂ ਹਾਸਲ ਕੀਤੀਆਂ।ਇਨ੍ਹਾਂ ਮੁਕਾਬਲਿਆਂ ਵਿੱਚ ਕੰਨਿਆ ਸਕੂਲ ਨੇ ਨਾਟਕ ਵਿੱਚ ਪਹਿਲਾ ਸਥਾਨ, ਡਾਂਸ ਤੇ ਕਲੇ ਮਾਡਲਿੰਗ ਵਿੱਚ ਦੂਸਰਾ ਸਥਾਨ, ਗੀਤ ਗਾਇਨ ਮੁਕਾਬਲੇ ਵਿੱਚ ਤੀਸਰਾ ਸਥਾਨ ਹਾਸਲ ਕੀਤਾ।ਸਕੂਲ ਦੇ ਇੰਚਾਰਜ ਹਰਦੀਪ ਕੌਰ ਵੱਲੋਂ ਸਮੂਹ ਸਕੂਲਾਂ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਵਧਾਈ ਦੇ ਪਾਤਰ ਦੱਸਿਆ ਗਿਆ, ਜਿਨ੍ਹਾਂ ਨੇ ਅੱਜ ਦੇ ਇਸ ਦਿਨ ਨੂੰ ਯਾਦਗਾਰ ਬਣਾਇਆ ਅਤੇ ਨਾਲ ਹੀ ਪੁਜ਼ੀਸ਼ਨਾਂ ਲੈਣ ਵਾਲੇ ਵਿਦਿਆਰਥੀਆਂ ਨੂੰ ਪ੍ਰਸੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਨਾਲ ਹੀ ਕੰਨਿਆ ਸਕੂਲ ਦੇ ਸਮੂਹ ਸਟਾਫ ਦਾ ਪ੍ਰਬੰਧ ਕਰਨ ਲਈ ਧੰਨਵਾਦ ਕੀਤਾ ਗਿਆ।

# ਜੀਤਮਹਿੰਦਰ ਸਿੱਧੂ ਦੇ ਹੱਕ 'ਚ ਪਤਨੀ ਨੇ ਪ੍ਰਚਾਰ ਮੁਹਿੰਮ ਭਖਾਈ

**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)**-ਲੋਕ ਸਭਾ ਹਲਕਾ ਬਠਿੰਡਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਜੀਤਮਹਿੰਦਰ ਸਿੰਘ ਸਿੱਧੂ ਦੇ ਹੱਕ ਵਿੱਚ ਪ੍ਰਚਾਰ ਮੁਹਿੰਮ ਨੂੰ ਤੇਜ਼ ਕਰਦਿਆਂ ਉਨ੍ਹਾਂ ਦੀ ਧਰਮ ਪਤਨੀ ਨਿਮਰਤ ਕੌਰ ਸਿੱਧੂ ਨੇ ਹਲਕਾ ਭੁੱਚੋ ਮੰਡੀ ਦੇ ਦੌਰੇ ਦੌਰਾਨ ਲਹਿਰਾ ਮੁਹੱਬਤ ਵਿਖੇ ਇਕੱਠ ਨੂੰ ਸੰਬੋਧਨ ਕਰਦਿਆਂ ਆਉਂਦੀਆਂ ਪਾਰਲੀਮੈਂਟ ਚੋਣਾਂ ਵਿੱਚ ਬੜੀ ਹੀ ਸਮਝ ਨਾਲ ਸਹੀ ਉਮੀਦਵਾਰ ਨੂੰ ਵੋਟ ਪਾਉਣ ਦੀ ਅਪੀਲ ਕੀਤੀ। ਉਨ੍ਹਾ ਕਿਹਾ ਕਿ ਕਾਂਗਰਸ ਪਾਰਟੀ ਹੀ ਅਜਿਹੀ ਪਾਰਟੀ ਹੈ, ਜਿਸ ਨੇ ਹਮੇਸ਼ਾ ਹੀ ਦੇਸ਼ ਦੇ ਵਿਕਾਸ ਦੀ ਨੀਂਹ ਰੱਖੀ। ਜਦੋਂ ਵੀ ਜਨ ਭਲਾਈ ਨੀਤੀਆਂ ਆਈਆਂ ਤਾਂ ਉਹ ਕਾਂਗਰਸ ਹੀ ਲੈ ਕੇ ਆਈ ਹੈ। ਉਨ੍ਹਾ ਕਿਹਾ ਕਿ ਅਕਾਲੀ ਦਲ ਬਾਦਲ ਨੂੰ ਵੋਟ ਦੇਣਾ ਤਾਂ ਟੇਡੇ ਢੰਗ ਨਾਲ ਭਾਜਪਾ ਨੂੰ ਵੋਟ ਪਾਉਣ ਦੇ ਬਰਾਬਰ ਹੈ। ਪਹਿਲਾਂ ਵੀ ਇਹ ਦੋਨੋਂ ਪਾਰਟੀਆਂ ਇਕੱਠੀਆਂ ਸੀ, ਵੋਟਾਂ ਤੋਂ ਬਾਅਦ ਵੀ ਇਹ ਇਕੱਠੇ ਹੋ ਜਾਣਗੇ। ਆਮ ਆਦਮੀ ਪਾਰਟੀ ਦੀ ਗੱਲ ਕਰਦਿਆਂ ਕਿਹਾ ਕਿ ਇਸ ਨੇ ਕਿਸਾਨਾਂ, ਮੁਲਾਜ਼ਮਾਂ ਸਮੇਤ ਸਾਰੇ ਹੀ ਵਰਗਾਂ ਨਾਲ ਧੋਖਾ ਕੀਤਾ ਹੈ। ਕੀਤੇ ਸਾਰੇ ਵਾਅਦੇ ਫੇਲ੍ਹ ਹੋਏ ਹਨ।



ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਸਹੀ ਪਾਰਟੀ ਕਾਂਗਰਸ ਨੂੰ ਵੋਟ ਪਾਓ। ਕਾਂਗਰਸ ਪਾਰਟੀ ਤੁਹਾਡੇ ਨਾਲ ਹਮੇਸ਼ਾ ਖੜ੍ਹੀ ਰਹੀ ਹੈ, ਅੱਗੋਂ ਵੀ ਖੜੇਗੀ। ਇਸ ਮੌਕੇ ਉਨ੍ਹਾਂ ਨਾਲ ਜੀਵਨਜੋਤ ਕੌਰ ਭੱਟੀ, ਕਰਮਜੀਤ ਕੌਰ ਤਲਵੰਡੀ, ਰੁਪਿੰਦਰ ਸਿੰਘ ਕੋਟਭਾਈ, ਨਰਿੰਦਰ ਸਿੰਘ ਭੁਲੇਰੀਆ, ਸੁਖਵੀਰ ਸਿੰਘ ਸਮਰਾ, ਲਹਿਰਾ ਮੁਹੱਬਤ ਤੋਂ ਕੌਂਸਲਰਜ਼ ਮੁਖਤਿਆਰ ਸਿੰਘ, ਗੁਰਸੇਵਕ ਸਿੰਘ ਤੇ ਪ੍ਰੀਤਮ ਸਿੰਘ, ਸਾਬਕਾ ਕੌਂਸਲਰ ਜਗਦੇਵ ਸਿੰਘ, ਅਤੇ ਲਖਦੀਪ ਲੱਖੀ ਸਮੇਤ ਹੋਰ ਵਰਕਰ ਤੇ ਪਿੰਡ ਵਾਸੀ ਮੌਜੂਦ ਸਨ।

# ਛੋਟਾ ਹਾਥੀ ਤੇ ਕੈਂਟਰ ਦੀ ਟੱਕਰ 'ਚ ਇੱਕ ਦੀ ਮੌਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਥਾਣਾ ਕੁੱਲਗੜ੍ਹੀ ਅਧੀਨ ਆਉਂਦੇ ਪਿੰਡ ਸਾਂਦੇ ਹਾਸ਼ਮ ਵਿਖੇ ਛੋਟਾ ਹਾਥੀ ਤੇ ਕੈਂਟਰ ਦੀ ਟੱਕਰ ਵਿੱਚ ਇੱਕ ਵਿਅਕਤੀ ਦੀ ਮੌਤ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਪੁਲਸ ਨੇ ਕੈਂਟਰ ਚਾਲਕ ਖਿਲਾਫ ਹਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਹਰਕੀਰਤ ਸਿੰਘ ਪੁੱਤਰ ਅੰਗਰੇਜ਼ ਸਿੰਘ ਵਾਸੀ ਪਿੰਡ ਫੈਰੋਕੇ ਨੇ ਦੱਸਿਆ ਕਿ ਉਸ ਦਾ ਪਿਤਾ ਅੰਗਰੇਜ਼ ਸਿੰਘ (52) ਸਾਲ ਪੁੱਤਰ ਸੋਹਣ ਲਾਲ, ਜੋ ਛੋਟਾ ਹਾਥੀ ਨੰਬਰ ਪੀਬੀ 02 ਸੀਸੀ 5018 'ਤੇ ਸਵਾਰ ਹੋ ਕੇ ਜ਼ੀਰਾ ਰੋਡ 'ਤੇ ਜਾ ਰਿਹਾ ਸੀ, ਜਦ ਉਹ ਪਿੰਡ ਸਾਂਦੇ ਹਾਸ਼ਮ ਪਾਸ ਪੁੱਜਾ ਤਾਂ ਮੁਲਜ਼ਮ ਗੁਰਵਿੰਦਰ ਸਿੰਘ ਪੁੱਤਰ ਕਰਨ ਸਿੰਘ ਵਾਸੀ ਗੰਗਾਨਗਰ (ਰਾਜਸਥਾਨ) ਡਰਾਈਵਰ ਕੈਂਟਰ ਨੰਬਰ ਆਰਜੇ 13 ਜੀਐੱਮ 2748 ਨੇ ਕੈਂਟਰ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਕਤ ਛੋਟਾ ਹਾਥੀ ਵਿੱਚ ਮਾਰਿਆ। ਇਸ ਹਾਦਸੇ ਵਿੱਚ ਉਸ ਦੇ ਪਿਤਾ ਅੰਗਰੇਜ਼ ਸਿੰਘ ਦੇ ਕਾਫੀ ਸੱਟਾਂ ਲੱਗ ਗਈਆਂ, ਜਿਸ ਕਰਕੇ ਮੌਕੇ 'ਤੇ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਰਵੀ ਸ਼ੰਕਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਕੈਂਟਰ ਚਾਲਕ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਸੰਯੁਕਤ ਕਿਸਾਨ ਮੋਰਚਾ ਨੇ ਹੰਸ ਰਾਜ ਹੰਸ ਦੀ ਗਲਤ ਸ਼ਬਦਾਵਲੀ ਖਿਲਾਫ ਡੀ ਸੀ ਨੂੰ ਸੌਂਪਿਆ ਮੰਗ ਪੱਤਰ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਫ਼ਰੀਦਕੋਟ ਦੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਸੂਬਾ ਪ੍ਰਧਾਨ ਬਿੰਦਰ ਸਿੰਘ ਗੋਲੇਵਾਲਾ ਕੌਮੀ ਕਿਸਾਨ ਯੂਨੀਅਨ, ਸੂਬਾ ਮੀਤ ਪ੍ਰਧਾਨ ਬਖਤੌਰ ਸਿੰਘ ਸਾਦਿਕ ਬੀਕੇਯੂ ਮਾਲਵਾ, ਸ਼ਮਸ਼ੇਰ ਸਿੰਘ ਕਿੰਗਰਾ ਸੂਬਾ ਜਨਰਲ ਸਕੱਤਰ ਕੌਮੀ ਕਿਸਾਨ ਯੂਨੀਅਨ, ਭੁਪਿੰਦਰ ਸਿੰਘ ਔਲਖ ਜ਼ਿਲ੍ਹਾ ਪ੍ਰਧਾਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਫਰੀਦਕੋਟ, ਜਸਪਾਲ ਸਿੰਘ ਨੰਗਲ ਜ਼ਿਲ੍ਹਾ ਪ੍ਰਧਾਨ ਬੀਕੇਯੂ ਉਗਰਾਹਾਂ, ਰਾਜਬੀਰ ਸਿੰਘ ਗਿੱਲ ਸੰਧਵਾਂ ਸਕੱਤਰ ਜਨਰਲ ਬੀਕੇਯੂ ਕਾਦੀਆਂ, ਜਸਕਰਨ ਸਿੰਘ ਜ਼ਿਲ੍ਹਾ ਪ੍ਰਧਾਨ ਬੀਕੇਯੂ ਡਕੌਂਦਾ ਧਨੇਰ, ਜਗਸੀਰ ਸਿੰਘ ਸੰਧੂ ਜ਼ਿਲ੍ਹਾ ਪ੍ਰਧਾਨ ਬੀਕੇਯੂ ਮਾਲਵਾ, ਸੁਰਜੀਤ ਸਿੰਘ ਹਰੀਏਵਾਲਾ ਜ਼ਿਲ੍ਹਾ ਪ੍ਰਧਾਨ ਬੀਕੇਯੂ ਲੱਖੋਵਾਲ, ਨਾਇਬ ਸਿੰਘ ਬਲਾਕ ਪ੍ਰਧਾਨ ਜੈਤੋ ਕਿਰਤੀ ਕਿਸਾਨ ਯੂਨੀਅਨ, ਕਾਮਰੇਡ ਦਲੀਪ ਸਿੰਘ ਕਿਸਾਨ ਆਗੂ, ਸੁਖਜਿੰਦਰ ਸਿੰਘ ਤੁੰਬੜਭੰਨ ਜ਼ਿਲ੍ਹਾ ਪ੍ਰਧਾਨ ਕੁੱਲ ਹਿੰਦ ਕਿਸਾਨ ਸਭਾ, ਹਰਦੇਵ ਸਿੰਘ ਜ਼ਿਲ੍ਹਾ ਮੀਤ ਪ੍ਰਧਾਨ ਬੀਕੇਯੂ ਡਕੌਂਦਾ ਬੁਰਜ ਗਿੱਲ, ਬਲਵਿੰਦਰ ਸਿੰਘ ਧੂੜਕੋਟ ਜ਼ਿਲ੍ਹਾ ਪ੍ਰਚਾਰ ਸਕੱਤਰ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ, ਜਸਵੰਤ ਸਿੰਘ ਕੰਮੇਆਣਾ ਜ਼ਿਲ੍ਹਾ ਮੀਤ ਪ੍ਰਧਾਨ ਬੀਕੇਯੂ ਕਾਦੀਆਂ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਫਰੀਦਕੋਟ ਨੂੰ ਮੰਗ ਪੱਤਰ ਸੌਂਪਿਆ ਗਿਆ, ਜਿਸ ਵਿੱਚ ਮੰਗ ਕੀਤੀ ਗਈ ਕੇ ਪਿਛਲੇ ਦਿਨੀਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਹੰਸ ਰਾਜ ਹੰਸ ਨੇ ਕਿਸਾਨਾਂ ਖਿਲਾਫ ਕਾਫੀ ਕੂੜ ਪ੍ਰਚਾਰ ਕੀਤਾ, ਜਿਸ ਪਿੱਛੇ ਭਾਜਪਾ ਦੀ ਵੱਡੀ ਸਾਜ਼ਿਸ਼ ਹੈ, ਪੰਜਾਬ ਨੂੰ ਜਾਤੀਵਾਦ 'ਚ ਵੰਡ ਕੇ ਵੋਟ ਬਟੋਰਨਾ ਚਾਹੁੰਦੇ ਹਨ, ਭਾਜਪਾ ਨੂੰ ਇਨ੍ਹਾਂ ਮਨਸੂਬਿਆਂ ਵਿੱਚ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਫ਼ਰੀਦਕੋਟ ਮੰਗ ਕਰਦਾ ਹੈ ਕਿ ਭਾਜਪਾ ਦੇ ਉਮੀਦਵਾਰ ਹੰਸ ਰਾਜ ਹੰਸ 'ਤੇ ਕਰੜੀ ਕਾਰਵਾਈ ਕੀਤੀ ਜਾਵੇ ਅਤੇ ਹੰਸ ਰਾਜ ਹੰਸ ਦੇ ਭਾਸ਼ਣ ਨੂੰ ਮੁੱਖ ਰੱਖਦਿਆਂ ਐੱਫ਼ ਆਈ ਆਰ ਦਰਜ ਕੀਤੀ ਜਾਵੇ ਅਤੇ ਨਾਮਜ਼ਦਗੀ ਰੱਦ ਕੀਤੀ ਜਾਵੇ, ਜੇਕਰ ਜ਼ਿਲ੍ਹਾ ਪ੍ਰਸ਼ਾਸਨ ਤੇ ਚੋਣ ਕਮਿਸ਼ਨ ਵੱਲੋਂ ਹੰਸ ਰਾਜ ਹੰਸ ਉਪਰ ਕਾਰਵਾਈ ਨਹੀਂ ਕੀਤੀ ਜਾਂਦੀ ਤਾਂ ਸੰਯੁਕਤ ਕਿਸਾਨ ਮੋਰਚਾ ਵੱਡਾ ਸੰਘਰਸ਼ ਕਰਨ ਲਈ ਮਜਬੂਰ ਹੋਵਾਂਗਾ ਅਤੇ ਉਸ ਦਾ ਜ਼ੁੰਮੇਵਾਰ ਜ਼ਿਲ੍ਹਾ ਪ੍ਰਸ਼ਾਸਨ ਤੇ ਚੋਣ ਕਮਿਸ਼ਨ ਹੋਵੇਗਾ।

# ਉੱਘੇ ਸਮਾਜਸੇਵੀ ਡਾ. ਢਿੱਲੋਂ ਨੂੰ ਸਦਮਾ, ਪਿਤਾ ਦਾ ਦੇਹਾਂਤ



**ਕੋਟਕਪੂਰਾ (ਰਛਪਾਲ ਭੁੱਲਰ)** : ਗੁੱਡ ਮੌਰਨਿੰਗ ਵੈੱਲਫੇਅਰ ਕਲੱਬ ਦੇ ਪ੍ਰਧਾਨ, ਨਰਸਿੰਗ ਟ੍ਰੇਨਿੰਗ ਇੰਸਟੀਚਿਊਟ ਐਸੋਸੀਏਸ਼ਨ ਪੰਜਾਬ ਦੇ ਚੇਅਰਮੈਨ ਤੇ ਵੱਖ-ਵੱਖ ਦੇਸ਼ ਪੱਧਰੀ ਸੰਸਥਾਵਾਂ/ਜਥੇਬੰਦੀਆਂ ਦੀ ਅਗਵਾਈ ਕਰਨ ਵਾਲੇ ਉੱਘੇ ਸਮਾਜਸੇਵੀ ਡਾ. ਮਨਜੀਤ ਸਿੰਘ ਢਿੱਲੋਂ ਨੂੰ ਉਸ ਵੇਲੇ ਡੂੰਘਾ ਸਦਮਾ ਲੱਗਾ, ਜਦ, ਉਨ੍ਹਾਂ ਦੇ ਸਤਿਕਾਰਤ ਪਿਤਾ ਬਲਕਾਰ ਸਿੰਘ ਢਿੱਲੋਂ (82) ਕੁਝ ਦਿਨਾਂ ਦੀ ਬਿਮਾਰੀ ਦੇ ਚੱਲਦਿਆਂ ਸਦੀਵੀ ਵਿਛੋੜਾ ਦੇ ਗਏ।ਉਨ੍ਹਾਂ ਦੇ ਅੰਤਿਮ ਸੰਸਕਾਰ ਮੌਕੇ ਉਨ੍ਹਾਂ ਦੇ ਜੱਦੀ ਪਿੰਡ ਸੁਰਸਿੰਘ ਵਾਲਾ ਵਿਖੇ ਵੱਡੀ ਗਿਣਤੀ ਵਿੱਚ ਰਾਜਨੀਤਕ ਤੇ ਗੈਰ-ਸਿਆਸੀ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ।ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਵੱਲੋਂ ਉਨ੍ਹਾਂ ਦੇ ਛੋਟੇ ਭਰਾ ਐਡਵੋਕੇਟ ਬੀਰਇੰਦਰ ਸਿੰਘ ਤੇ ਰਿਸ਼ਤੇਦਾਰ ਸੁਖਦੇਵ ਸਿੰਘ ਲੋਹਕਾ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।ਗੁੱਡ ਮੌਰਨਿੰਗ ਕਲੱਬ ਵਲੋਂ ਵਿਨੋਦ ਬਾਂਸਲ (ਪੱਪੂ ਲਹੌਰੀਆ), ਡਾ. ਰਵਿੰਦਰਪਾਲ ਕੋਛੜ, ਸੁਰਿੰਦਰ ਸਿੰਘ ਸਦਿਉੜਾ, ਰਜਿੰਦਰ ਸਿੰਘ ਸਰਾਂ, ਗੁਰਦੀਪ ਸਿੰਘ ਮੈਨੇਜਰ, ਦਲਜਿੰਦਰ ਸਿੰਘ ਸੰਧੂ, ਬਿੱਟਾ ਠੇਕੇਦਾਰ, ਗੁਰਿੰਦਰ ਸਿੰਘ ਮਹਿੰਦੀਰੱਤਾ, ਜਸਕਰਨ ਸਿੰਘ ਭੱਟੀ, ਬਲਵੀਰ ਸਿੰਘ ਤੱਗੜ, ਸਰਨ ਕੁਮਾਰ, ਓਮ ਪ੍ਰਕਾਸ਼ ਗੁਪਤਾ ਆਦਿ ਹਾਜ਼ਰ ਸਨ। ਬਾਬਾ ਫਰੀਦ ਨਰਸਿੰਗ ਕਾਲਜ ਵੱਲੋਂ ਐੱਮ. ਡੀ. ਆਰ. ਕੇ. ਮਿੱਢਾ, ਅੰਕਿਤ ਮਿੱਢਾ, ਪ੍ਰਿੰਸੀਪਲ ਮੈਡਮ ਡਾ. ਗੁਰਜੀਤ ਕੌਰ ਸਮੇਤ ਸਮੂਹ ਸਟਾਫ ਨੇ ਡਾ. ਢਿੱਲੋਂ ਦੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ।ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਚੇਚੇ ਤੌਰ 'ਤੇ ਜਥੇਬੰਦੀ ਵਲੋਂ ਪੁੱਜੇ ਸੂਬਾਈ ਪ੍ਰਧਾਨ ਗੁਰਦਿਆਲ ਸਿੰਘ ਬੁੱਟਰ, ਪੁਨੀਤਇੰਦਰ ਬਾਵਾ, ਇੰਦਰਪਾਲ ਸਿੰਘ, ਰਸ਼ਮਿੰਦਰ ਸਿੰਘ ਚਹਿਲ ਸਮੇਤ ਹਰਪ੍ਰੀਤ ਸਿੰਘ ਚਾਨਾ ਪ੍ਰਧਾਨ ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਕੋਟਕਪੂਰਾ ਨੇ ਆਪਣੀ ਜਥੇਬੰਦੀ ਵੱਲੋਂ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

# 'ਆਪ' ਉਮੀਦਵਾਰ ਡਾਕਟਰ ਬਲਬੀਰ ਸਿੰਘ ਦੇ ਹੱਕ 'ਚ ਚੋਣ ਸਭਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਲੋਕ ਸਭਾ ਹਲਕਾ ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾਕਟਰ ਬਲਬੀਰ ਸਿੰਘ ਦੇ ਹੱਕ ਵਿੱਚ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦੀ ਅਗਵਾਈ ਵਿੱਚ ਅਨਾਜ ਮੰਡੀ ਵਿਖੇ ਕਰਵਾਈ ਗਈ ਚੋਣ ਸਭਾ ਨੂੰ ਪੰਜਾਬ ਮੰਡੀਕਰਨ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਸੰਬੋਧਨ ਕੀਤਾ।

ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਆਪ ਆਗੂ ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਲੋਕ ਸਭਾ ਚੋਣਾਂ ਦੇਸ਼ ਤੇ ਸੰਵਿਧਾਨ ਨੂੰ ਬਚਾਉਣ ਲਈ ਹਨ।ਭਗਵੰਤ ਮਾਨ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ 43,000 ਨੌਕਰੀਆਂ ਦੋ ਸਾਲਾਂ 'ਚ ਦਿੱਤੀਆਂ, ਨਹਿਰੀ ਪਾਣੀ ਟੇਲਾਂ ਤੱਕ ਪਹੁੰਚਣਾ ਸ਼ੁਰੂ ਹੋਇਆ।ਸਾਰੇ ਪਰਿਵਾਰਾਂ ਦਾ 600 ਯੂਨਿਟ ਬਿਜਲੀ ਪਹਿਲੀ ਸਾਲ ਲਾਗੂ ਕੀਤੀ, ਔਰਤਾਂ ਨੂੰ ਮੁਫ਼ਤ ਬੱਸ ਸਫ਼ਰ ਜਾਰੀ ਰੱਖਿਆ ਅਤੇ ਇੱਕ ਵਿਧਾਇਕ ਇੱਕ ਪੈਨਸ਼ਨ ਵਰਗੇ ਕਾਨੂੰਨ ਲਾਗੂ ਕਰਕੇ ਸਰਕਾਰ ਉੱਤੇ ਪੈਂਦਾ ਵਾਧੂ ਬੋਝ ਬੰਦ ਕੀਤਾ।ਪੁਰਾਣੀਆਂ ਸਰਕਾਰਾਂ ਵਾਲੇ ਬਹੁਤ ਰੌਲਾ ਪਾਉਂਦੇ ਸੀ ਕਿ ਬਿਜਲੀ ਸਰਪਲਸ ਕਰਾਂਗੇ, ਪਾਕਿਸਤਾਨ ਨੂੰ ਬਿਜਲੀ ਵੇਚਾਂਗੇ, ਪਰ ਅੰਦਰ ਖਾਤੇ ਵੱਡੇ ਸਮਝੌਤੇ ਕਰਕੇ ਸੂਬੇ ਦੀ ਆਰਥਿਕਤਾ ਨਿੱਜੀ ਕੰਪਨੀਆਂ ਨੂੰ ਲੁਟਾ ਕੇ ਆਪਣੀਆਂ ਹਿੱਸੇਦਾਰੀਆਂ ਪੱਕੀਆਂ ਕਰ ਲਈਆਂ, ਜਿਸ ਦਾ ਵਿਆਜ ਹਰ ਮਹੀਨੇ ਪੰਜਾਬ ਸਰਕਾਰ ਨੂੰ ਭਰਨਾ ਪੈ ਰਿਹਾ ਹੈ।ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਆਪ ਉਮੀਦਵਾਰ ਡਾਕਟਰ ਬਲਵੀਰ ਸਿੰਘ ਨੂੰ ਵੋਟਾਂ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਸੂਬੇ ਦਾ ਇੱਕ ਐੱਮ ਪੀ ਭਗਵੰਤ ਮਾਨ ਜਦੋਂ ਬੋਲਦਾ ਸੀ ਤਾਂ ਸਾਰਾ ਦੇਸ਼ ਧਿਆਨ ਨਾਲ ਸੁਣਦਾ ਸੀ, ਹੁਣ ਜਦੋਂ ਸੂਬੇ ਵਿੱਚੋਂ ਗਏ 13 ਮੈਂਬਰ ਪਾਰਲੀਮੈਂਟ ਲੋਕਾਂ ਦੀ ਆਵਾਜ਼ ਬੁਲੰਦ ਕਰਨਗੇ ਤਾਂ ਉੱਤੇ ਸੂਬੇ ਨੂੰ ਪੂਰਾ ਮਾਣ ਹੋਵੇਗਾ ਤੇ ਸੂਬੇ ਦੀਆਂ ਸਮੱਸਿਆਵਾਂ ਹੱਲ ਜਲਦੀ ਹੋਣਗੀਆਂ।ਉਨ੍ਹਾਂ ਆੜ੍ਹਤੀਆਂ ਤੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਪਾਤੜਾਂ ਵਿੱਚ ਨਵੀਂ ਅਨਾਜ ਮੰਡੀ ਬਣਾ ਕੇ ਹੀ ਉਹ ਅਗਲੀਆਂ ਵਿਧਾਨ ਸਭਾ ਲਈ ਵੋਟਾਂ ਲੈਣ ਆਉਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਗਰ ਕੌਂਸਲ ਪਾਤੜਾਂ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਸੋਨੀ ਜਲੂਰ, ਸਾਬਕਾ ਪ੍ਰਧਾਨ ਪ੍ਰੇਮ ਚੰਦ ਗੁਪਤਾ, ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਸੁਰਿੰਦਰ ਕੁਮਾਰ ਪੈਂਦ, ਜਰਨਲ ਸਕੱਤਰ ਤੇਜਪਾਲ ਸ਼ਰਮਾ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

20- May Page - 6.qxd 5/19/2024 10:37 PM Page 1



## ਗੋਲਡ ਮੈਡਲ ਜੇਤੂ ਰਜਵੰਤ ਕੌਰ ਦਾ ਰੰਧਾਵਾ ਵੱਲੋਂ ਮਾਣ-ਸਨਮਾਨ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਸਰਹੱਦੀ ਕਸਬਾ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਠੇਠਰਕੇ ਦੀ ਜੰਮਪਲ ਧੀ ਰਜਵੰਤ ਕੌਰ ਪੁੱਤਰੀ ਗੁਰਨਾਮ ਸਿੰਘ ਜਿਸ ਨੇ ਪਿਛਲੇ ਦਿਨੀਂ ਨਿਊਜ਼ੀਲੈਂਡ ਪ੍ਰੋਫੈਸ਼ਨਲ ਬਾਕਸਿੰਗ 60 ਕਿੱਲੋ ਮੁਕਾਬਲਿਆਂ ਵਿੱਚ ਗੋਲਡ ਮੈਡਲ ਜਿੱਤਿਆ ਸੀ, ਦੇ ਘਰ ਆਮ ਆਦਮੀ ਪਾਰਟੀ ਡੇਰਾ ਬਾਬਾ ਨਾਨਕ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਆਪਣੇ ਸਾਥੀਆਂ ਸਮੇਤ ਪਿੰਡ ਠੇਠਰਕੇ ਵਿਖੇ ਪੁਹੰਚੇ ।ਇਸ ਮੌਕੇ ਗੁਰਦੀਪ ਸਿੰਘ ਰੰਧਾਵਾ ਵੱਲੋਂ ਖਿਡਾਰਨ ਰਜਵੰਤ ਕੌਰ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਗਿਆ ਅਤੇ ਉਨ੍ਹਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਉ ਸਾਹਿਬ ਤੇ ਦੋਸ਼ਾਲਾ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ । ਇਸ ਮੌਕੇ ਰੰਧਾਵਾ ਨੇ ਰਜਵੰਤ ਕੌਰ ਦੇ ਪਰਿਵਾਰ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਰਜਵੰਤ ਕੌਰ ਨੇ ਗੋਲਡ ਮੈਡਲ ਜਿੱਤ ਕੇ ਜਿੱਥੇ ਉਸ ਨੇ ਭਾਰਤ, ਪੰਜਾਬ ਦੇ ਨਾਲ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਉਥੇ ਇਸ ਧੀ ਨੇ ਆਪਣੇ ਇਲਾਕੇ ਦਾ ਨਾਮ ਵੀ ਰੌਸ਼ਨ ਕੀਤਾ ਹੈ, ਜੋ ਸਾਡੇ ਲਈ ਬੜੇ ਮਾਣ ਵਾਲੀ ਗੱਲ ਹੈ ।ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਹਰਜੀਤ ਸਿੰਘ ਠੇਠਰਕੇ, ਰਾਜੇਸ਼ ਕੁਮਾਰ ਬਿੱਟਾ ਮਹਾਜਨ, ਪੀਏ ਲਵਪ੍ਰੀਤ ਸਿੰਘ, ਸ਼ੁਭਕਰਨ ਸਿੰਘ ਠੇਠਰਕੇ, ਗੁਰਨਾਮ ਸਿੰਘ, ਦਿਦਾਰ ਸਿੰਘ, ਜਗਜੀਤ ਸਿੰਘ ਠੇਠਰਕੇ, ਬਘੇਲ ਸਿੰਘ, ਹਰਜਿੰਦਰ ਸਿੰਘ, ਦਲਜੀਤ ਸਿੰਘ, ਸਤਨਾਮ ਸਿੰਘ ਪਲਵਾਨ ਆਦਿ ਹਾਜ਼ਰ ਸਨ ।

## ਪੰਜਾਬ ਨੂੰ ਖੁਸ਼ਹਾਲ ਬਣਾਉਣਾ ਹੀ ਸ਼੍ਰੋਮਣੀ ਅਕਾਲੀ ਦਲ ਦਾ ਇਕੋ-ਇਕ ਏਜੰਡਾ-ਸੁਖਬੀਰ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ, ਹਨੀ)**-ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਅੱਗੇ ਹੋ ਕੇ ਲੜਾਈ ਲੜੀ ਹੈ ਜਦਕਿ ਬਾਕੀ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਦਿੱਲੀਓਂ ਹੁਕਮ ਆਉਂਦੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਪਾਰਟੀ ਦੇ ਉਮੀਦਵਾਰ ਪ੍ਰੋ: ਵਿਰਸਾ ਸਿੰਘ ਵਲਟੋਹਾ ਦੇ ਹੱਕ ਵਿੱਚ ਸੁਲਤਾਨਪੁਰ ਲੋਧੀ ਵਿਖੇ ਰੈਲੀ ਨੂੰ ਸੰਬੋਧਨ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਪੰਜਾਬ ਨੂੰ ਖੁਸ਼ਹਾਲ ਬਣਾਉਣਾ ਹੀ ਸ਼੍ਰੋਮਣੀ ਅਕਾਲੀ ਦਲ ਦਾ ਇੱਕੋ ਇਕ ਏਜੰਡਾ ਹੈ। ਉਹਨਾਂ ਕਿਹਾ ਕਿ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵਿਰੁੱਧ ਸਮੁੱਚੇ ਸੂਬੇ ਦੀ ਜਨਤਾ ਵਿਚ ਗੁੱਸੇ ਦੀ ਲਹਿਰ ਹੈ ਕਿਉਂਕਿ ਆਮ ਆਦਮੀ ਪਾਰਟੀ ਵੱਲੋਂ ਕੋਈ ਵੀ ਗਰੰਟੀ ਨੂੰ ਅਜੇ ਤੱਕ ਪੂਰਾ ਨਹੀਂ ਕੀਤਾ ਗਿਆ ਅਤੇ ਚੱਲ ਰਹੀਆਂ ਲੋਕ ਭਲਾਈ ਸਕੀਮਾਂ ਤੋਂ ਵੀ ਸੂਬੇ ਦੇ ਲੋਕ ਵਾਂਝੇ ਬੈਠੇ ਹਨ ਜਿਸ ਕਰਕੇ ਦੁਬਾਰਾ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਉਡੀਕ ਰਹੇ ਹਨ ਜਿਨਾਂ ਨੇ ਲੰਮਾ ਸਮਾਂ ਲੋਕਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕੀਤੀਆਂ ਸਨ। ਹੁਣ ਪੰਜਾਬ ਵਿੱਚ ਲੋਕ ਆਪਣੀ ਮਾਂ ਪਾਰਟੀ ਅਕਾਲੀ ਦਲ ਨੂੰ ਭੁਲਦੇ ਜਾ ਰਹੇ ਹਨ। ਉਹਨਾਂ ਸਮੁੱਚੇ ਹਲਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪ੍ਰੋਫੈਸਰ ਵਲਟੋਹਾ ਨੂੰ ਵੋਟਾਂ ਪਾ ਕੇ ਭਾਰੀ ਬਹੁਮਤ ਨਾਲ ਜਿਤਾ ਕੇ ਲੋਕ ਸਭਾ ਵਿੱਚ ਭੇਜੋ ਤਾਂ ਜੋ ਪੰਜਾਬ ਦੇ ਲੋਕ ਮੁੱਦਿਆਂ ਨੂੰ ਉਠਾਇਆ ਜਾ ਸਕੇ। ਇਸ ਮੌਕੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਅਕਾਲੀ ਦਲ ਦੇ ਉਮੀਦਵਾਰ ਪ੍ਰੋ: ਵਿਰਸਾ ਸਿੰਘ ਵਲਟੋਹਾ ਨੇ ਵੀ ਆਪਣੇ ਸੰਬੋਧਨ ਵਿੱਚ ਸਮੂਹ ਹਲਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ 1 ਜੂਨ ਨੂੰ ਤੱਕੜੀ ਦੇ ਚੋਣ ਨਿਸ਼ਾਨ ਤੇ ਮੋਹਰਾਂ ਲਾ ਕੇ ਉਹਨਾਂ ਨੂੰ ਕਾਮਯਾਬ ਬਣਾਇਆ ਜਾਵੇ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਚੋਣ ਰੈਲੀ ਨੂੰ ਸੰਬੋਧਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਚੇਅਰਮੈਨ ਜਥੇਦਾਰ ਜਰਨੈਲ ਸਿੰਘ ਵਾਹਦ, ਐਸਜੀਪੀਸੀ ਮੈਂਬਰ ਬੀਬੀ ਗੁਰਪ੍ਰੀਤ ਕੌਰ ਰੂਹੀ ਤੇ ਜਥੇਦਾਰ ਜਰਨੈਲ ਸਿੰਘ ਡੋਗਰਾਂਵਾਲਾ, ਇੰਜੀ: ਸਵਰਨ ਸਿੰਘ ਮੈਂਬਰ ਪੀਏਸੀ ਅਕਾਲੀ ਦਲ, ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਨਾਨਕਪੁਰ, ਐਡਵੋਕੇਟ ਪਰਮਜੀਤ ਸਿੰਘ ਕੋਆਰਡੀਨੇਟਰ ਹਲਕਾ ਸੁਲਤਾਨਪੁਰ ਲੋਧੀ, ਐਸਜੀਪੀਸੀ ਦੇ ਸਾਬਕਾ ਸਕੱਤਰ ਮਹਿੰਦਰ ਸਿੰਘ ਆਹਲੀ, ਸੇਵਾ ਮੁਕਤ ਮੈਨੇਜਰ ਜਰਨੈਲ ਸਿੰਘ ਬੂਲੇ, ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਸੁਰਜੀਤ ਸਿੰਘ ਢਿੱਲੋ, ਐਸਸੀ ਵਿੰਗ ਦੇ ਜਿਲਾ ਪ੍ਰਧਾਨ ਕੁਲਦੀਪ ਸਿੰਘ ਬੂਲੇ, ਦਿਲਬਾਗ ਸਿੰਘ ਗਿੱਲ ਐਮ ਡੀ ਗਿੱਲ ਆਟੋਜ਼, ਯੂਥ ਅਕਾਲੀ ਦਲ ਦੇ ਬਲਾਕ ਪ੍ਰਧਾਨ ਮਨਜੀਤ ਸਿੰਘ ਗੋਲਡੀ, ਨੰਬਰਦਾਰ ਜੋਗਾ ਸਿੰਘ ਕਾਲੇਵਾਲ, ਕਮਲਜੀਤ ਸਿੰਘ ਹੈਬਤਪੁਰ ,ਬਲਬੀਰ ਸਿੰਘ ਗਾਜੀਪੁਰ, ਸਾਬਕਾ ਚੇਅਰਮੈਨ ਪੀਏਡੀਬੀ ਅਵਤਾਰ ਸਿੰਘ ਮੀਰੇ, ਅਕਾਲੀ ਦਲ ਦੇ ਪੀਏਸੀ ਮੈਂਬਰ ਗੁਰਜੰਟ ਸਿੰਘ ਸੰਧੂ, ਜਥੇਦਾਰ ਗੁਰਦਿਆਲ ਸਿੰਘ ਖਾਲਸਾ, ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਮੀਤ ਮੈਨੇਜਰ ਗੁਰਪ੍ਰੀਤ ਸਿੰਘ ਫੱਤੂਢੀਂਗਾ, ਜਥੇਦਾਰ ਦਰਬਾਰਾ ਸਿੰਘ ਵਿਰਦੀ, ਸਤਨਾਮ ਸਿੰਘ ਰਾਮੇ, ਬਲਜੀਤ ਸਿੰਘ ਬੱਲੀ, ਸਾਬਕਾ ਸੰਮਤੀ ਮੈਂਬਰ ਸੁਖਦੇਵ ਸਿੰਘ ਲਾਡੀ, ਭੁਪਿੰਦਰ ਸਿੰਘ ਖਿੰਡਾ, ਮਲਕੀਤ ਸਿੰਘ ਚੰਦੀ, ਸੁਖਚੈਨ ਸਿੰਘ ਮਨਿਆਲਾ, ਬੀਬੀ ਸਤਵੰਤ ਕੌਰ ਜੰਮੂ, ਭਜਨ ਸਿੰਘ ਫੌਜੀ ਕਲੋਨੀ, ਮਨਜੀਤ ਸਿੰਘ ਜੰਮੂ, ਜਥੇਦਾਰ ਭਗਵਾਨ ਸਿੰਘ ਮੈਰੀਪੁਰ, ਬਲਬੀਰ ਸਿੰਘ ਬੀਰਾ ਸੈਦਪੁਰ ਆਦਿ ਵੀ ਹਾਜ਼ਰ ਸਨ।




## ਚਰਨਜੀਤ ਸਿੰਘ ਵਾਲੀਆ ਦੀ ਤੀਜੀ ਬਰਸੀ 'ਤੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ

**ਸ੍ਰੀ ਅਨੰਦਪੁਰ ਸਾਹਿਬ, (ਅਰਵਿੰਦਰ ਸਿੰਘ ਬਿੰਦੀ)**— ਚਰਨਜੀਤ ਸਿੰਘ ਵਾਲੀਆ ਇਕ ਉੱਘੇ ਸਮਾਜ ਸੇਵੀ ਸਨ ਜਿਹਨਾਂ ਨੇ ਆਪਣੇ ਜੀਵਨ ਵਿੱਚ ਬਹੁਤ ਸਾਰੇ ਨੇਕੀ ਦੇ ਕੰਮ ਕੀਤੇ। ਉਹ ਇੱਕ ਚੰਗੇ ਸਿੱਖਿਆ ਸ਼ਾਸਤ੍ਰੀ ਸਨ।ਉਹ ਮਾਤਾ ਸਾਹਿਬ ਕੌਰ ਕਾਲਜ ਮੋਹਾਲੀ ਅਤੇ ਡਾ. ਦਿਆਲ ਸਿੰਘ ਮੈਮੋਰੀਅਲ ਸਕੂਲ ਆਫ ਨਰਸਿੰਗ ਦੇ ਸੰਸਥਾਪਕ ਸਨ। ਉਨ੍ਹਾਂ ਨੇ ਨਰਸਿੰਗ ਦੀ ਪੜ੍ਹਾਈ ਨੂੰ ਉਤਸ਼ਹਿਤ ਕਰਨ ਲਈ ਕਈ ਉਪਰਾਲੇ ਕੀਤੇ। ਉਹ ਆਪਣੇ ਜੀਵਨ ਦੇ ਅੰਤਿਮ ਸਮੇਂ ਤੱਕ ਪੰਜਾਬ ਨਰਸਿੰਗ ਕਾਲਜ ਐਸੋਸੀਏਸ਼ਨ ਦੇ ਪ੍ਰਧਾਨ ਰਹੇ। ਉਹ ਜੁਆਇੰਟ ਐਸੋਸੀਏਸ਼ਨ ਆਫ ਕਾਲਜਿਜ਼ ਦੇ ਸਰਪ੍ਰਸਤ ਵੀ ਰਹੇ। ਉਹ ਨਵਾਬ ਜੱਸਾ ਸਿੰਘ ਆਹਲੂਵਾਲੀਆ ਚੈਰੀਟੇਬਲ ਟਰੱਸਟ ਦੇ ਵੀ ਸਰਪ੍ਰਸਤ ਸਨ। ਉਹਨਾਂ ਦੀਆਂ ਕੋਸ਼ਿਸ਼ਾਂ ਸਦਕਾ ਹੀ ਪੰਜਾਬ ਸਰਕਾਰ ਨੇ ਸ. ਜੱਸਾ ਸਿੰਘ ਆਹਲੂਵਾਲੀਆ ਦੇ ਜਨਮ ਦਿਹਾੜੇ ਦੀ ਛੁੱਟੀ ਦਾ ਐਲਾਨ ਕੀਤਾ। ਐਸਜੀਪੀਸੀ ਨੇ ਵੀ ਸ. ਜੱਸਾ ਸਿੰਘ ਆਹਲੂਵਾਲੀਆ ਦੇ ਜਨਮ ਦਿਹਾੜੇ ਨੂੰ ਨਾਨਕਸ਼ਾਹੀ ਕੈਲੰਡਰ ਵਿੱਚ ਸ਼ਾਮਿਲ ਕੀਤਾ।ਉਹ ਪੰਜਾਬੀ ਫਿਲਮ ਪ੍ਰੋਡਿਊਸਰ ਐਸੋਸੀਏਸ਼ਨ ਦੇ ਵੀ ਪ੍ਰਧਾਨ ਰਹੇ। ਉਹਨਾਂ ਨੇ ਸਮਾਜ ਨੂੰ ਸੇਧ ਦੇਣ ਵਾਲੀਆਂ ਦੋ ਫਿਲਮਾਂ ਦਾ ਵੀ ਨਿਰਮਾਣ ਕਰਵਾਇਆ। ਸਨਿੱਚਰਵਾਰ ਮਾਤਾ ਸਾਹਿਬ ਕੌਰ ਕਾਲਜ ਆਫ ਨਰਸਿੰਗ ਮੋਹਾਲੀ ਵਿਖੇ ਚਰਨਜੀਤ ਸਿੰਘ ਵਾਲੀਆ ਦੀ ਤੀਜੀ ਬਰਸੀ ਦੇ ਮੌਕੇ 'ਤੇ ਕਾਲਜ ਦੇ ਗੁਰਦੁਆਰਾ ਸਾਹਿਬ ਵਿੱਚ ਸ਼੍ਰੀ ਸਹਿਜ ਪਾਠ ਦੇ ਭੋਗ ਪਾਏ ਗਏ।ਕਾਲਜ ਦੀਆਂ ਵਿਦਿਆਰਥਣਾਂ ਨੇ ਕੀਰਤਨ ਕੀਤਾ। ਕਾਲਜ ਦੇ ਪ੍ਰਿੰਸੀਪਲ ਨੇ ਵਿਦਿਆਰਥਣਾਂ ਨੂੰ ਵਾਲੀਆ ਦੇ ਜੀਵਨ ਅਤੇ ਪ੍ਰਾਪਤੀਆਂ ਬਾਰੇ ਜਾਣੂੰ ਕਰਵਾਇਆ।ਅੰਤ ਵਿੱਚ ਕਾਲਜ ਦੇ ਸਾਰੇ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੂੰ ਲੰਗਰ ਛਕਾਇਆ ਗਿਆ।



## ਸੀ ਪੀ ਆਈ ਤੇ ਸੀ ਪੀ ਆਈ ਐੱਮ ਵੱਲੋਂ ਸਿੰਗਲਾ ਦੀ ਡਟ ਕੇ ਮਦਦ ਕਰਨ ਦਾ ਫੈਸਲਾ



**ਨੰਗਲ, (ਸੁਰਜੀਤ ਢੇਰ)**- ਅਨਾਜ ਮੰਡੀ ਰੂਪਨਗਰ ਵਿਖੇ ਸੀਪੀਆਈ ਦੇ ਦਫ਼ਤਰ ਵਿੱਚ ਦੋਵੇਂ ਕਮਿਊਨਿਸਟ ਪਾਰਟੀਆਂ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਕਾਮਰੇਡ ਦਵਿੰਦਰ ਕੁਮਾਰ ਨੰਗਲੀ ਅਤੇ ਕਾਮਰੇਡ ਸੁਰਜੀਤ ਸਿੰਘ ਢੇਰ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ ਹਲਕਾ ਆਨੰਦਪੁਰ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਵਿਜੇ ਇੰਦਰ ਸਿੰਗਲਾ ਸਾਬਕਾ ਸਪੀਕਰ ਰਾਣਾ ਕੇ ਪੀ ਸਿੰਘ ਅਤੇ ਕਾਂਗਰਸੀ ਆਗੂ ਸੁਖਵਿੰਦਰ ਸਿੰਘ ਵਿਸਕੀ ਅਤੇ ਹੋਰ ਸਾਥੀਆਂ ਸਮੇਤ ਪਹੁੰਚੇ ਅਤੇ ਦੋਹਾਂ ਕਮਿਊਨਿਸਟ ਪਾਰਟੀਆਂ ਤੋਂ ਸਮਰਥਨ ਦੀ ਮੰਗ ਕੀਤੀ। ਦੋਹਾਂ ਕਮਿਊਨਿਸਟ ਪਾਰਟੀਆਂ ਨੇ ਆਪਣੀ ਸੂਬਾ ਲੀਡਰਸ਼ਿਪ ਦੀ ਸੇਧ ਜਿਸ ਵਿੱਚ ਕਾਮਰੇਡ ਸੁਰਜੀਤ ਸਿੰਘ ਢੇਰ, ਕਾਮਰੇਡ ਦਵਿੰਦਰ ਨੰਗਲੀ ਨੇ ਕਿਹਾ ਹੈ ਕਿ ਪੰਜਾਬ ਦੀਆਂ ਚਾਰ ਸੀਟਾਂ ਜਿਨ੍ਹਾਂ 'ਤੇ ਕਮਿਊਨਿਸਟ ਪਾਰਟੀਆਂ ਚੋਣ ਲੜ ਰਹੀਆਂ ਹਨ, ਨੂੰ ਛੱਡ ਕੇ ਬਾਕੀ ਦੀਆਂ ਨੌਂ ਸੀਟਾਂ 'ਤੇ ਕਾਂਗਰਸ ਦੇ ਉਮੀਦਵਾਰਾਂ ਦੀ ਡੱਟ ਕੇ ਹਮਾਇਤ ਕੀਤੀ ਜਾਵੇ, ਇਸ ਤਹਿਤ ਦੋਵੇਂ ਕਮਿਊਨਿਸਟ ਪਾਰਟੀਆਂ ਤਹਿਸੀਲ ਪੱਧਰ ਤੇ ਤਾਲਮੇਲ ਕਰਕੇ ਕਾਂਗਰਸ ਪਾਰਟੀ ਦੇ ਉਮੀਦਵਾਰ ਵਿਜੇ ਇੰਦਰ ਸਿੰਗਲਾ ਦੀ ਜਿੱਤ ਯਕੀਨੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੀਆਂ ਤਾਂ ਜੋ ਪੰਜਾਬ ਵਿੱਚ ਅਤੇ ਪੂਰੇ ਭਾਰਤ ਵਿੱਚ ਫਿਰਕਾਪ੍ਰਸਤੀ ਅਤੇ ਕਾਰਪੋਰੇਟ ਦੇ ਗੱਠਜੋੜ ਨੂੰ ਹਰਾਇਆ ਜਾ ਸਕੇ ਅਤੇ ਦੇਸ਼ ਵਿੱਚ ਫਿਰਕੂ ਇਕਸੁਰਤਾ ਕਾਇਮ ਕਰਕੇ ਸੰਵਿਧਾਨ ਦੀ ਰੱਖਿਆ ਕੀਤੀ ਜਾ ਸਕੇ ਜਿਸ 'ਤੇ ਮੋਦੀ ਸਰਕਾਰ ਲਗਾਤਾਰ ਸੱਟ ਮਾਰ ਕੇ ਫਿਰਕੂ ਸਦਭਾਵਨਾ ਅਤੇ ਸੰਵਿਧਾਨਕ ਹੱਕਾਂ ਅਤੇ ਸੰਸਥਾਵਾਂ ਨੂੰ ਕਮਜ਼ੋਰ ਕਰ ਕੇ ਦੇਸ਼ ਦੇ ਸਾਹਮਣੇ ਗੰਭੀਰ ਸੰਕਟ ਖੜ੍ਹਾ ਕਰ ਰਹੀ ਹੈ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਕਾਮਰੇਡ ਪਵਨ ਕੁਮਾਰ ਚੱਕ ਕਰਮਾਂ ਤਹਿਸੀਲ ਸਕੱਤਰ ਸੀਪੀਆਈ ਐਮ ਰੂਪਨਗਰ, ਕਾਮਰੇਡ ਸੁਖਵੀਰ ਸਿੰਘ ਸੁੱਖਾ ਤਹਿਸੀਲ ਸਕੱਤਰ ਸੀਪੀਆਈ ਰੂਪਨਗਰ,ਸਰਵ ਸਾਥੀ ਕਾਕਾ ਰਾਮ ਮੋਰਿੰਡਾ, ਬਜਿੰਦਰ ਪੰਡਿਤ,ਹਰੀ ਚੰਦ ਗੋਹਲਣੀ, ਜਸਵਿੰਦਰ ਸਿੰਘ ਢੇਰ, ਗੁਰਨਾਮ ਸਿੰਘ ਔਲਖ, ਤਰਲੋਚਨ ਸਿੰਘ ਹੁਸੈਨਪੁਰ, ਰਜਨੀ ਬਾਲਾ,ਉਮਾ ਦੇਵੀ ਸਾਬਕਾ ਸਰਪੰਚ ਚੱਕ ਕਰਮਾਂ,ਨੇਹਾ ਰਾਜਪੂਤ, ਰਣਜੀਤ ਸਰਥਲੀ, ਨਰਿੰਦਰ ਸ਼ਰਮਾ, ਰਾਮ ਪਾਲ ਤਾਰਾਪੁਰ, ਭਗਤ ਸਿੰਘ ਬਿੱਕੋਂ, ਹਰਵੰਤ ਸਿੰਘ, ਰਜਿੰਦਰ ਸਿੰਘ ਅਲੀਪੁਰ,ਏਟਕ ਆਗੂ ਕਾਮਰੇਡ ਨਰਿੰਦਰ ਸਿੰਘ ਸੈਣੀ, ਪਿਆਰਾ ਸਿੰਘ ਭੁੱਲਰ, ਸੁਸ਼ੀਲ ਕੁਮਾਰ, ਕੇਵਲ ਸ਼ਰਮਾ, ਗੁਲਜ਼ਾਰੀ ਲਾਲ ਆਦਿ ਕਾਮਰੇਡ ਹਾਜ਼ਰ ਸਨ।

## ਜ਼ੀਰਾ ਦੇ ਰੋਡ ਸ਼ੋਅ ਦਾ ਪਿੰਡ ਖੁਜਾਲਾ ਵਿਖੇ ਸ਼ਾਨਦਾਰ ਸਵਾਗਤ



**ਮੱਤੇਵਾਲ (ਦਵਿੰਦਰ ਸਿੰਘ ਤਰਸਿੱਕਾ)**- ਲੋਕ ਸਭਾ ਹਲਕਾ ਤਰਨ ਤਾਰਨ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਵੱਲੋਂ ਕੱਢੇ ਗਏ ਰੋਡ ਸ਼ੋਅ ਦਾ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਖਜਾਲਾ ਵਿਖੇ ਬਲਾਕ ਤਰਸਿੱਕਾ ਕਾਂਗਰਸ ਪ੍ਰਧਾਨ ਪਲਵਿੰਦਰ ਸਿੰਘ ਖੁਜਾਲਾ ਦੀ ਅਗਵਾਈ ਵਿੱਚ ਸਮੂਹ ਕਾਂਗਰਸੀ ਆਗੂਆਂ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਇਕੱਠ ਨੂੰ ਸੰਬੋਧਨ ਕਦਿਆਂ ਕੁਲਬੀਰ ਸਿੰਘ ਜ਼ੀਰਾ ਨੇ ਕਿਹਾ ਕਿ ਪੂਰੇ ਦੇਸ਼ ਵਿੱਚ ਕਾਂਗਰਸ ਪਾਰਟੀ ਦੀ ਲਹਿਰ ਚੱਲ ਰਹੀ ਹੈ ਅਤੇ ਪੂਰਾ ਦੇਸ਼ ਕਾਂਗਰਸ ਪਾਰਟੀ ਦੇ ਮੈਨੀਫੈਸਟੋ ਨੂੰ ਦੇਖ ਕੇ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਤਤਪਰ ਹੈ। ਇਸ ਲਈ ਉਨਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਤੁਸੀਂ ਪੰਜੇ ਦੇ ਬਟਨ ਨੂੰ ਨੱਪ ਕੇ ਕਾਂਗਰਸ ਪਾਰਟੀ ਦੇ ਹੱਥ ਮਜਬੂਤ ਕਰੋ ਤਾਂ ਜੋ ਉਹ ਤੁਹਾਡੀਆਂ ਮੁਸ਼ਕਲਾਵਾਂ ਨੂੰ ਹੱਲ ਕਰ ਸਕਣ। ਤੁਸੀਂ ਪਿਛਲੇ 10 ਸਾਲਾਂ ਵਿੱਚ ਮੋਦੀ ਸਰਕਾਰ ਦੀਆਂ ਅਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਦੇਖ ਚੁੱਕੇ ਹੋ ਜਿਨ੍ਹਾਂ ਨੇ ਫੋਕੇ ਲਾਰਿਆਂ ਤੋਂ ਇਲਾਵਾ ਕੁਝ ਨਹੀਂ ਕੀਤਾ ਸਗੋਂ ਇਨ੍ਹਾਂ ਦੋਵਾਂ ਵੱਲੋਂ ਹੀ ਕਾਂਗਰਸ ਪਾਰਟੀ ਦੇ ਬਣਾਏ ਪ੍ਰੋਗਰਾਮਾਂ ਨੂੰ ਅੱਗੇ ਵਧਾਉਂਦਿਆਂ ਉਨ੍ਹਾਂ ਵਿੱਚ ਵੀ ਤਰੁਟੀਆਂ ਪੈਦਾ ਕਰ ਦਿੱਤੀਆਂ ਹਨ। ਸੋ ਕਾਂਗਰਸ ਪਾਰਟੀ ਨੂੰ ਵੋਟ ਪਾ ਕੇ ਸੱਤਾ ਵਿੱਚ ਲਿਆਓ ਤਾਂ ਜੋ ਤੁਹਾਡੇ ਨਾਲ ਰਾਹੁਲ ਗਾਂਧੀ ਵੱਲੋਂ ਦਿੱਤੀਆਂ ਗਈਆਂ ਗਰੰਟੀਆਂ ਨੂੰ ਪੂਰਾ ਕੀਤਾ ਜਾ ਸਕੇ। ਇਸ ਮੌਕੇ ਸਰਪੰਚ ਬਲਵਿੰਦਰ ਸਿੰਘ, ਬਖਸ਼ੀ ਰਾਮ ਮੈਂਬਰ ਪੰਚਾਇਤ, ਮਨਦੀਪ ਸਿੰਘ ਸੋਨੀ, ਮੈਂਬਰ ਪੰਚਾਇਤ ਸਿਕੰਦਰ ਸਿੰਘ,ਅਜੀਤ ਸਿੰਘ ਮੈਂਬਰ,ਸੋਨਾ ਸਿੰਘ ਮੈਂਬਰ, ਕਵਲਜੀਤ ਸਿੰਘ ਮੈਂਬਰ, ਸੱਜਣ ਸਿੰਘ ਲੇਹਲ, ਬਲਦੇਵ ਸਿੰਘ ਛੀਨਾ, ਸਰਵਣ ਸਿੰਘ ਖੁਜਾਲਾ, ਹਰਜੀਤ ਸਿੰਘ ਫੌਜੀ, ਚਰਨਜੀਤ ਸਿੰਘ ਮੈਂਬਰ ਜੋਗਿੰਦਰ ਸਿੰਘ ਪਰਜਾਪਤ ਦਲੀਪ ਸਿੰਘ ਆਦਿ ਵੀ ਹਾਜ਼ਰ ਸਨ।

## 'ਆਪ' ਦਾ ਔਰਤਾਂ ਪ੍ਰਤੀ ਨਜ਼ਰੀਆ ਹੋਇਆ ਬੇਨਕਾਬ : ਖੁਰਾਣਾ, ਚੰਦੀ



**ਫਗਵਾੜਾ, (ਡਾ. ਰਮਨ)**- ਸ਼੍ਰੋਮਣੀ ਅਕਾਲੀ ਦਲ (ਬ) ਦੀ ਇਕ ਹੰਗਾਮੀ ਮੀਟਿੰਗ ਹਲਕਾ ਸ਼ਹਿਰੀ ਇੰਚਾਰਜ ਰਣਜੀਤ ਸਿੰਘ ਖੁਰਾਣਾ ਅਤੇ ਦਿਹਾਤੀ ਹਲਕਾ ਇੰਚਾਰਜ ਰਾਜਿੰਦਰ ਸਿੰਘ ਚੰਦੀ ਦੀ ਅਗਵਾਈ ਹੇਠ ਪਾਰਟੀ ਦੇ ਚੋਣ ਦਫਤਰ ਵਿਖੇ ਹੋਈ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਕੋਠੀ 'ਚ ਆਪ ਪਾਰਟੀ ਦੀ ਰਾਜ ਸਭਾ ਮੈਂਬਰ ਅਤੇ ਦਿੱਲੀ ਮਹਿਲਾ ਆਯੋਗ ਦੀ ਸਾਬਕਾ ਚੇਅਰਪਰਸਨ ਸਵਾਤੀ ਮਾਲੀਵਾਲ ਨਾਲ ਹੋਈ ਕੁੱਟਮਾਰ ਦੀ ਸਖ਼ਤ ਨਿਖੇਦੀ ਕੀਤੀ ਗਈ। ਹਲਕਾ ਇੰਚਾਰਜ ਖੁਰਾਣਾ ਅਤੇ ਚੰਦੀ ਨੇ ਕਿਹਾ ਕਿ ਇਸ ਘਟਨਾ ਨੇ ਔਰਤਾਂ ਪ੍ਰਤੀ 'ਆਪ' ਪਾਰਟੀ ਦਾ ਚਿਹਰਾ ਬੇਨਕਾਬ ਕਰ ਦਿੱਤਾ ਹੈ। ਇਸ ਤਰ੍ਹਾਂ ਦੀ ਘਿਣਾਉਣੀ ਹਰਕਤ ਕਰਨ ਵਾਲੀ ਪਾਰਟੀ ਤੋਂ ਸਮੂਹ ਔਰਤਾਂ ਨੂੰ ਸਚੇਤ ਰਹਿਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਜਦੋਂ ਇੰਨੇ ਵੱਡੇ ਰਸੂਖ ਵਾਲੀ ਮਹਿਲਾ ਨਾਲ ਦਿੱਲੀ ਦੇ ਸੀ.ਐਮ. ਹਾਉਸ ਵਿਚ ਅਜਿਹਾ ਤਸ਼ੱਦਦ ਹੋ ਸਕਦਾ ਹੈ ਤਾਂ ਇਸ ਗੱਲ ਦਾ ਅੰਦਾਜਾ ਲਗਾਉਣਾ ਮੁਸ਼ਕਲ ਨਹੀਂ ਕਿ ਇਕ ਆਮ ਔਰਤ ਬਾਰੇ ਇਸ ਪਾਰਟੀ ਦੇ ਆਗੂਆਂ ਦਾ ਨਜ਼ਰੀਆ ਕਿਸ ਤਰ੍ਹਾਂ ਦਾ ਹੋਵੇਗਾ। ਇਸ ਮੌਕੇ ਹੋਰਨਾਂ ਅਕਾਲੀ ਆਗੂਆਂ ਨੇ ਵੀ ਘਟਨਾ ਦੀ ਸਖ਼ਤ ਨਖੇਦੀ ਕਰਦਿਆਂ ਕਿਹਾ ਕਿ ਜਿਸ ਪੀ.ਏ. ਉੱਪਰ ਕੁੱਟਮਾਰ ਕਰਨ ਦਾ ਦੋਸ਼ ਹੈ, ਉਹ ਹੁਣ ਵੀ ਅਰਵਿੰਦ ਕੇਜਰੀਵਾਲ ਦੇ ਨਾਲ ਨਜ਼ਰ ਆਉਂਦਾ ਹੈ। ਜਿਸ ਤੋਂ ਸਾਫ ਹੈ ਕਿ ਉਸਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪੂਰੀ ਸ਼ਹਿ ਪ੍ਰਾਪਤ ਹੈ ਅਤੇ ਸੀ.ਐਮ. ਕੇਜਰੀਵਾਲ ਦੇ ਇਸ਼ਾਰੇ 'ਤੇ ਹੀ ਸਵਾਤੀ ਮਾਲੀਵਾਲ ਨਾਲ ਕੁੱਟਮਾਰ ਨੂੰ ਅੰਜਾਮ ਦਿੱਤਾ ਗਿਆ ਹੈ। ਅਕਾਲੀ ਆਗੂਆਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਆਪ ਪਾਰਟੀ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਵਲੋਂ ਘਟਨਾ ਦੀ ਨਿਖੇਦੀ ਨਾ ਕੀਤੇ ਜਾਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਿਆ ਕਰਦਿਆਂ ਸਵਾਤੀ ਮਾਲੀਵਾਲ ਨਾਲ ਪੂਰਨ ਇਨਸਾਫ ਦੀ ਦਿੱਲੀ ਪੁਲਸ ਤੋਂ ਮੰਗ ਕੀਤੀ ਹੈ। ਇਸ ਮੌਕੇ ਸਤਨਾਮ ਸਿੰਘ ਅਰਸ਼ੀ, ਬਲਜਿੰਦਰ ਸਿੰਘ ਠੇਕੇਦਾਰ, ਹਰਵਿੰਦਰ ਸਿੰਘ ਲਵਲੀ, ਬਲਜੀਤ ਸਿੰਘ ਵਾਲੀਆਂ, ਸਰਨਜੀਤ ਸਿੰਘ ਅਟਵਾਲ, ਗੁਰਦੀਪ ਸਿੰਘ ਖੇੜਾ, ਸਤਵਿੰਦਰ ਸਿੰਘ ਘੁੰਮਣ, ਦਫ਼ਤਰ ਇੰਚਾਰਜ ਬਹਾਦਰ ਸਿੰਘ ਸੰਗਤਪੁਰ, ਗੁਰਦਿਆਲ ਸਿੰਘ ਲੱਖਪੁਰ, ਅਵਤਾਰ ਸਿੰਘ ਮੰਗੀ, ਝਿਰਮਰ ਸਿੰਘ ਭਿੰਡਰ, ਹਰਦੀਪ ਸਿੰਘ ਬੇਦੀ, ਜਸਵੀਰ ਸਿੰਘ ਟਿੱਬੀ ਹਾਜ਼ਰ ਸਨ।

## ਚੋਰ ਸਾਮਾਨ ਸਮੇਤ ਕਾਬੂ, ਭੇਜਿਆ ਜੇਲ੍ਹ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**- ਐੱਸਐੱਚਓ ਜੰਡਿਆਲਾ ਗੁਰੂ, ਡੀਐੱਸਪੀ ਜੰਡਿਆਲਾ ਗੁਰੂ ਤੇ ਹੋਰ ਪੁਲਸ ਦੇ ਉੱਚ ਅਧਿਕਾਰੀਆਂ ਦੀਆਂ ਹਦਾਇਤਾਂ ਨੂੰ ਮੱਦੇਨਜ਼ਰ ਰੱਖਦਿਆਂ ਹੋਇਆਂ ਇਲਾਕੇ ਵਿੱਚ ਗਲਤ ਅਨਸਰਾਂ ਦੇ ਖਿਲਾਫ ਵਿੱਢੀ ਗਈ ਮੁਹਿੰਮ ਤਹਿਤ ਪੁਲਸ ਚੌਂਕੀ ਗਹਿਰੀ ਮੰਡੀ ਦੇ ਇੰਚਾਰਜ ਹਰਜਿੰਦਰ ਸਿੰਘ ਬੱਲ ਤੇ ਉਨ੍ਹਾਂ ਦੀ ਪੁਲਸ ਪਾਰਟੀ ਨੇ ਤਿੰਨ ਚੋਰਾਂ, ਜਿਨ੍ਹਾਂ ਨੇ ਕਾਲੂ ਸ਼ਾਹ ਦੇ ਸ਼ੈਲਰ ਤੋਂ ਚੋਰੀ ਕੀਤੀ ਸੀ, ਨੂੰ ਲਗਾਏ ਗਏ ਇੱਕ ਨਾਕੇ ਦੌਰਾਨ ਚੋਰੀ ਦੇ ਸਮਾਨ ਸਮੇਤ ਗ੍ਰਿਫਤਾਰ ਕਰ ਲਿਆ ਹੈ।ਇਸ ਸਬੰਧੀ ਚੌਂਕੀ ਇੰਚਾਰਜ ਹਰਜਿੰਦਰ ਸਿੰਘ ਬੱਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪਕੜੇ ਗਏ ਚੋਰਾਂ ਵਿੱਚ ਸੁਖਵਿੰਦਰ ਸਿੰਘ ਸਾਹਬਾ, ਤਲਵਿੰਦਰ ਸਿੰਘ ਬੰਟੀ, ਗੁਰਪ੍ਰੀਤ ਸਿੰਘ ਗੋਪੀ ਨੂੰ ਚੋਰੀ ਦੇ ਸਾਮਾਨ ਸਮੇਤ ਪਕੜ ਕੇ ਜੇਲ੍ਹ ਭੇਜ ਦਿੱਤਾ ਤੇ ਚੌਥਾ ਚੋਰ ਅਜੇ ਪੁਲਸ ਦੀ ਪਕੜ ਤੋਂ ਬਾਹਰ ਹੈ।ਇਸ ਮੌਕੇ ਗੁਰਦਿਆਲ ਸਿੰਘ, ਏਐਸਆਈ ਸਰਦੂਲ ਸਿੰਘ, ਸਰਵਣ ਸਿੰਘ ਆਦਿ ਹਾਜ਼ਰ ਸਨ।

## ਫੈਕਟਰੀ ਵਰਕਰਾਂ ਨੂੰ ਵੋਟ ਪਾਉਣ ਦਾ ਸੁਨੇਹਾ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਜ਼ਿਲ੍ਹਾ ਚੋਣ ਦਫ਼ਤਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਆਮ ਜਨਤਾ ਨੂੰ ਲੋਕ ਸਭਾ ਚੋਣਾਂ ਲਈ ਵੋਟ ਪਾਉਣ ਦੇ ਸੁਨੇਹੇ ਲੈ ਕੇ ਸਵੀਪ ਟੀਮ ਵੱਲੋਂ ਲਗਾਤਾਰ ਕੋਸ਼ਿਸ਼ਾਂ ਜਾਰੀ ਹਨ।ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਨਿਰਦੇਸ਼ਾਂ ਮੁਤਾਬਕ ਐਤਵਾਰ ਜ਼ਿਲ੍ਹਾ ਨੋਡਲ ਅਫਸਰ ਸਵੀਪ ਪ੍ਰੋ. ਗੁਰਬਖਸ਼ੀਸ਼ ਸਿੰਘ ਅਨਟਾਲ ਅਤੇ ਚੋਣ ਤਹਿਸੀਲਦਾਰ ਸੰਜੇ ਕੁਮਾਰ ਵੱਲੋਂ ਇੰਡਸਟਰੀਅਲ ਏਰੀਆ ਸੈਕਟਰ 82 ਦੇ ਫੈਕਟਰੀ ਦੇ ਕਾਮਿਆਂ ਨਾਲ ਮੁਲਾਕਾਤ ਕਰਕੇ 1 ਜੂਨ ਨੂੰ ਵੋਟ ਪਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਜ਼ਿਲ੍ਹਾ ਨੋਡਲ ਅਫਸਰ ਸਵੀਪ ਪ੍ਰੋ. ਅਨਟਾਲ ਨੇ ਕਿਹਾ ਕਿ ਜਿਸ ਤਰ੍ਹਾਂ ਉਦਯੋਗਿਕ ਇਕਾਈਆਂ ਤੁਹਾਡੇ ਯਤਨਾਂ ਨਾਲ ਅੱਗੇ ਵਧ ਰਹੀਆਂ ਹਨ, ਆਓ! ਆਪਣੀ ਇੱਕ-ਇੱਕ ਵੋਟ ਪਾ ਕੇ ਲੋਕਤੰਤਰ ਨੂੰ ਮਜ਼ਬੂਤ ਕਰੀਏ। ਇਸ ਮੌਕੇ ਸਮੂਹ ਕਿਰਤੀਆਂ ਨੇ ਵੋਟ ਪਾਉਣ ਲਈ ਸਹੁੰ ਵੀ ਚੁੱਕੀ। ਚੋਣ ਦਫ਼ਤਰ ਵੱਲੋਂ ਇਸ ਮੌਕੇ ਕਾਮਿਆਂ ਨੂੰ ਟੋਪੀਆਂ ਅਤੇ ਛੱਲੇ ਵੀ ਵੰਡੇ ਗਏ। ਚੋਣ ਕਾਨੂੰਗੋ ਸੁਰਿੰਦਰ ਬੱਤਰਾ ਦੀ ਅਗਵਾਈ ਵਿਚ ਪਿੱਕ-ਅੱਪ ਵੈਨਾਂ ਉਪਰ ਸਟਿੱਕਰ ਵੀ ਚਿਪਕਾਏ ਗਏ।

## ਲੋਕ ਸਭਾ ਚੋਣਾਂ ਦੌਰਾਨ ਡਿਊਟੀ ਨਿਭਾਉਣ ਵਾਲੇ ਪੋਲਿੰਗ ਸਟਾਫ ਨੂੰ ਚੋਣ ਪ੍ਰਕਿਰਿਆ ਦੀ ਟ੍ਰੇਨਿੰਗ



**ਜਲੰਧਰ (ਨ ਜ਼ ਸ)**- ਅਮਨਪ੍ਰੀਤ ਸਿੰਘ, ਸਹਾਇਕ ਰਿਟਰਨਿੰਗ ਅਫ਼ਸਰ ਲੋਕ ਸਭਾ ਚੋਣਾਂ 04-ਜਲੰਧਰ ਅਤੇ ਵਿਧਾਨ ਸਭਾ ਹਲਕਾ 037-ਜਲੰਧਰ ਕੈਂਟ ਵਲੋਂ 19 ਮਈ ਨੂੰ ਏ.ਪੀ.ਜੇ ਕਾਲਜ ਆਫ ਫਾਈਨ ਆਰਟਸ, ਜਲੰਧਰ ਵਿਖੇ ਪੋਲਿੰਗ ਪਾਰਟੀਆਂ ਨੂੰ ਦੂਸਰੀ ਰਿਹਰਸਲ ਕਰਵਾਈ ਗਈ। ਜ਼ਿਲ੍ਹਾ ਚੋਣ ਅਫਸਰ, ਜਲੰਧਰ ਜਦੀਆਂ ਹਦਾਇਤਾਂ ਅਨੁਸਾਰ ਇਹ ਰਿਹਰਸਲ ਦੋ ਸ਼ਿਫਟਾਂ ਵਿੱਚ ਸਵੇਰੇ 09:00 ਵਜੇ ਅਤੇ ਬਾਅਦ ਦੁਪਹਿਰ 1:00 ਵਿੱਚ ਸੈਕਟਰ ਅਫਸਰ ਵਿਧਾਨ ਸਭਾ ਹਲਕਾ 037 ਜਲੰਧਰ ਕੈਂਟ ਵੱਲੋਂ ਕਰਵਾਈ ਗਈ। ਇਸ ਟ੍ਰੇਨਿੰਗ ਵਿੱਚ ਪੋਲਿੰਗ ਪਾਰਟੀਆਂ ਨੂੰ ਈ.ਵੀ.ਮਸ਼ੀਨ /ਵੀ.ਵੀ.ਪੈਟ ਦੀ ਹੈਂਡ ਟੂ ਹੈਂਡ ਟ੍ਰੇਨਿੰਗ, ਪੋਲਿੰਗ ਡੇ ਵਾਲੇ ਦਿਨ ਪੋਲਿੰਗ ਪਾਰਟੀ ਵੱਲੋਂ ਭਰੇ ਜਾਣ ਵਾਲੇ ਫਾਰਮਾਂ ਦੀ ਜਾਣਕਾਰੀ ਦਿੱਤੀ ਗਈ।ਸਹਾਇਕ ਰਿਟਰਨਿੰਗ ਅਫ਼ਸਰ, ਜਲੰਧਰ ਕੈਂਟ ਅਮਨਪ੍ਰੀਤ ਸਿੰਘ ਵਲੋਂ ਵੀ ਚੋਣਾਂ ਸਬੰਧੀ ਜਾਣਕਾਰੀ ਨੂੰ ਪੋਲਿੰਗ ਸਟਾਫ ਨਾਲ ਸਾਂਝਾ ਕੀਤਾ ਗਿਆ ਅਤੇ ਭਾਰਤੀ ਚੋਣ ਕਮਿਸ਼ਨ ਵਲੋਂ ਜਾਰੀ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨ ਲਈ ਜ਼ਰੂਰੀ ਹਦਾਇਤਾਂ ਜਾਰੀ ਕੀਤੀਆਂ ਗਈਆਂ। ਇਸ ਰਿਹਰਸਲ ਦੌਰਾਨ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਹੀਟ ਵੈਵ ਤੋਂ ਬਚਣ ਲਈ ਪੋਲਿੰਗ ਪਾਰਟੀਆਂ ਲਈ ਪਾਣੀ, ਠੰਢੀ ਛਬੀਲ ਦਾ ਵੀ ਇੰਤਜ਼ਾਮ ਕੀਤਾ ਗਿਆ ਅਤੇ ਹੀਟ ਵੈਵ ਕਾਰਨ ਕਿਸੇ ਵੀ ਤਰ੍ਹਾਂ ਦੀ ਅਨਸੁਖਾਵੀ ਦੁਰਘਟਨਾਂ ਤੋਂ ਬਚਣ ਲਈ ਡਾ. ਵਿਜੈ ਦੀ ਅਗਵਾਈ ਵਿੱਚ ਮੈਡੀਕਲ ਟੀਮ ਵੀ ਹਾਜ਼ਰ ਸੀ। ਟ੍ਰੇਨਿੰਗ ਦੇ ਅੰਤ ਵਿੱਚ ਅਮਨਪ੍ਰੀਤ ਸਿੰਘ, ਸਹਾਇਕ ਰਿਟਰਨਿੰਗ ਅਫ਼ਸਰ ਜਲੰਧਰ ਕੈਂਟ ਵਲੋਂ ਪੋਲਿੰਗ ਪਾਰਟੀਆਂ ਨੂੰ ਦੱਸਿਆ ਗਿਆ ਕਿ ਜੇਕਰ ਕੋਈ ਵੀ ਈ.ਵੀ.ਮਸ਼ੀਨ / ਵੀ.ਵੀ.ਪੈਟ ਦੀ ਹੈਂਡ ਟੂ ਹੈਂਡ ਟ੍ਰੇਨਿੰਗ ਲੈਣਾ ਚਾਹੁੰਦਾ ਹੈ ਤਾਂ ਉਹ ਸਰਕਾਰੀ ਕਾਲਜ ਆਫ ਐਜੂਕੇਸ਼ਨ, ਲਾਡੋਵਾਲੀ ਰੋਡ ਜਲੰਧਰ ਵਿਖੇ ਸਵੇਰੇ 10 ਵਜੇ ਤੋਂ ਦੁਪਿਹਰ 3 ਵਜੇ ਤੱਕ ਅਸੈਂਬਲੀ ਲੈਵਲ ਮਾਸਟਰ ਟ੍ਰੇਨਰ ਵਿਧਾਨ ਸਭਾ ਹਲਕਾ 037, ਜਲੰਧਰ ਕੈਂਟ ਤੋਂ ਟ੍ਰੇਨਿੰਗ ਪ੍ਰਾਪਤ ਕਰ ਸਕਦਾ ਹੈ। ਇਸ ਮੌਕੇ ਗੁਰਪ੍ਰੀਤ ਸਿੰਘ ਭੁੱਲਰ, ਸਹਾਇਕ ਰਿਟਰਨਿੰਗ ਅਫਸਰ-2, ਵਿਸ਼ਾਲ ਗੋਇਲ, ਅਸਿਸਟੈਂਟ ਰਿਜਨਲ ਟ੍ਰਾਂਸਪੋਰਟ ਅਫਸਰ, ਜਲੰਧਰ ਹਾਜ਼ਰ ਸਨ।

## ਮੁਕੇਰੀਆਂ 'ਚ ਸਾਬਕਾ ਕਾਂਗਰਸੀ ਸਰਪੰਚ ਤੇ ਵਰਕਰ ਆਮ ਆਦਮੀ ਪਾਰਟੀ 'ਚ ਸ਼ਾਮਲ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਆਮ ਆਦਮੀ ਪਾਰਟੀ ਦੇ ਲੋਕ ਸਭਾ ਉਮੀਦਵਾਰ ਡਾ. ਰਾਜ ਕੁਮਾਰ ਚੱਬੇਵਾਲ ਦੀ ਚੋਣ ਮੁਹਿੰਮ ਨੂੰ ਉਸ ਸਮੇਂ ਭਾਰੀ ਹੁਲਾਰਾ ਮਿਲਿਆ ਜਦੋਂ ਮੁਕੇਰੀਆਂ ਦੇ ਪਿੰਡ ਮਾਖਾ ਦੇ ਸਾਬਕਾ ਸਰਪੰਚ ਵਿਪਨ ਕੁਮਾਰ ਆਪਣੇ ਦਰਜਨਾਂ ਸਾਥੀਆਂ ਸਮੇਤ 'ਆਪ' 'ਚ ਸ਼ਾਮਲ ਹੋ ਗਏ। ਵਿਪਨ ਕੁਮਾਰ ਨੇ ਡਾ. ਰਾਜ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਆਪਣਾ ਸਮਰਥਨ ਪ੍ਰਗਟ ਕੀਤਾ ਅਤੇ ਫਿਰ ਆਪ ਆਗੂ ਡਾ. ਜਤਿੰਦਰ ਕੁਮਾਰ ਦੀ ਅਗਵਾਈ 'ਚ ਆਪਣੇ ਕਾਂਗਰਸੀ ਵਰਕਰਾਂ ਸਮੇਤ ਆਪ 'ਚ ਸ਼ਾਮਲ ਹੋ ਗਏ। ਇਸ ਮੌਕੇ ਵਿਪਨ ਕੁਮਾਰ ਨੇ ਕਿਹਾ ਕਿ ਉਹ ਕਾਂਗਰਸ ਵਿੱਚ ਚੱਲ ਰਹੇ ਅੰਦਰੂਨੀ ਕਲੇਸ਼ ਤੋਂ ਬੇਹੱਦ ਨਿਰਾਸ਼ ਹਨ ਅਤੇ ਉਹ ਸ਼ੁਰੂ ਤੋਂ ਹੀ ਡਾ. ਰਾਜ ਦੇ ਫੈਨ ਰਹੇ ਹਨ। ਇਸੇ ਕਰਕੇ ਉਹ ਆਪਣੇ ਹਲਕੇ ਚੱਬੇਵਾਲ ਵਿੱਚ ਡਾ. ਰਾਜ ਵੱਲੋਂ ਕੀਤੇ ਕੰਮਾਂ ਅਤੇ ਉਪਰਾਲਿਆਂ ਦੀ ਨਿੱਜੀ ਤੌਰ 'ਤੇ ਪ੍ਰਸੰਸਾ ਕਰਦੇ ਹਨ। ਜਿਸ ਕਾਰਨ ਉਨ੍ਹਾਂ ਡਾ. ਰਾਜ ਦੇ ਸਮਰਥਨ 'ਚ ਆਪ 'ਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ।ਵਿਪਨ ਕੁਮਾਰ ਦੇ ਨਾਲ ਕਾਂਗਰਸ ਨੂੰ ਅਲਵਿਦਾ ਕਹਿ ਕੇ ਆਪ 'ਚ ਸ਼ਾਮਲ ਹੋਣ ਵਾਲੇ ਕਾਂਗਰਸੀ ਵਰਕਰਾਂ 'ਚ ਪੰਚ ਦਇਆ ਰਾਮ ਅਤੇ ਸੁਰਿੰਦਰ, ਸਾਬਕਾ ਪੰਚ ਤਿਲਕ ਰਾਜਾ, ਰਜਿੰਦਰ ਸਿੰਘ, ਸਤਪਾਲ, ਅਸ਼ੋਕ ਕੁਮਾਰ, ਮਦਨ ਲਾਲ, ਰਾਮ ਚੰਦ, ਸੁਰਿੰਦਰ ਕੁਮਾਰ, ਸੋਨੂੰ, ਕੁਲਵੀਰ ਸਿੰਘ, ਗੋਪੀ, ਜਸਵੀਰ ਸਿੰਘ, ਸੋਨੀ ਕੁਮਾਰ, ਪਵਨ ਕੁਮਾਰ, ਮਹਿੰਦਰ ਲਾਲ ਆਦਿ ਸ਼ਾਮਲ ਸਨ।ਇਸ ਮੌਕੇ ਆਪ ਆਗੂ ਡਾ. ਜਤਿੰਦਰ ਕੁਮਾਰ ਸਮੇਤ ਉਨ੍ਹਾਂ ਦੀ ਟੀਮ ਦੇ ਅਹਿਮ ਮੈਂਬਰ ਗੁਰਦੀਪ ਸਿੰਘ, ਮਾਸਟਰ ਚਮਨ, ਰਘੁਵੀਰ ਸਿੰਘ ਅਤੇ ਹੈਪੀ ਹਾਜ਼ਰ ਸਨ । ਉਨ੍ਹਾਂ ਸਾਰਿਆਂ ਨੇ ਆਪ ਪਰਵਾਰ ਵਿਚ ਨਵੇਂ ਮੈਂਬਰਾਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਹਰ ਬਣਦਾ ਮਾਨ-ਸਨਮਾਨ ਦੇਣ ਦਾ ਵਾਅਦਾ ਕੀਤਾ।



## ਜਨਮ ਦਿਨ ਮੁਬਾਰਕ



ਅਰਦਮਨ ਸਿੰਘ ਉਭੀ (ਜਲੰਧਰ)





### COURT NOTICE

(U/o 5 Rule 20 CPC)
(Succession Case)
In The Court of Amit Malhan
Additional Civil Judge,
(Senior Division) Amritsar
CNR No. PBAS02-001831-2024
Next Date : 20.08.2024

Rajesh Kapoor S/o Late Shri Radha Raman Kapoor, R/o 5, Sant Avenue, Near Dr. Daljeet Singh Eye Hospital, Mall Road, Amritsar and others.

Vs.

General Public & Others

Application U/S 372 of the indian Succession Act for the grant of Succession Certificate with respect to estates of deceased sh. Radha Raman Kapoor who died on 26/06/2022.

Notice to : General Public

In above titled case, the defendant (s)/respondent (s) could not be served. It is ordered that defendant (s) respondant (s) should appear in person or through counsel on 20.08.2024 at 10:00 A.M.

For details logon to https://highcourtchd.gov.in/?trs=district_notice&district=Amritsar

Additional Civil Judge, (Senior Division) Amritsar

Dated this day 15-05-2024





### (Format C-1)

(for candidate to publish in Newspapers.TV)

Declaration about criminal cases
(As per the judgment dated 25th September, 2018, of Hon'ble Supreme Court in WP (Civil) No.536 of 201 (Public Interest Foundation & Ors. Vs. Union of India & Anr.)

Name and address of candidate: Surinder Kamboj
H.No.268, Ward No.1, Near New Bus Stand Jalalabad (W)
Tehsil Jalalabad (w) Distt. Fazilka (Punjab)

Name of political party: Bahujan Samaj Party
Name of Election:.. General Election to House of People 2024
• Name of Constituency: 10-Ferozepur Parlimentary Constituency

1, Surinder kamboj a candidate for the above mentioned election, declare for public information the following details about my criminal antecedents:

(A) Pending criminal cases

| Sr. No. | Name of Court | Case No. and dated | Status of case(s) | Section(s) of Acts concerned and brief description of offence(s) |
|---|---|---|---|---|
| 1. | Not Applicable | FIR No. 98 Dated 20.06.1998 PS City Jalalabad | Not Applicable | U/S 332,353,452,186 IPC |
| 2 | Not Applicable | FIR No.260 Dated 27.12.2010, PS City-1, Abohar | Not Applicable | U/S 420,406 IPC |
| 3 | Not Applicable | FIR No.56 Dated 09.07.2015 PS Nya Gao, Mohali | Not Applicable | U/S 406,420,467,468,471 IPC |
| 4 | Not Applicable | FIR No.11 Dated 01.09.2016 PS, SAS Nagar Mohali | Not Applicable | U/S 7/13 (2) PC Act |
| 5 | Not Applicable | FIR No.79 Dated 02.07.2015 PS City Jalalabad (W) | Not Applicable | U/S 420,120-B IPC |
| 6 | In the Court of Shri Hem Amrit Mahi, SDJM Jalalabad | FIR No.71 Dated 21.04.2023 PS City Jalalabad (W) | Defence evidence | U/S 384,389,34 IPC |

(B) Details about cases of conviction for criminal offences

| Sr.No | Name of Court & date (s) of Order(s) | Description of Office(s) & punishment imposed Maximum Punishment Imposed | Maximum Punishment Imposed |
|---|---|---|---|
| 1 | Not Applicable | Not Applicable | Not Applicable |
| 2 | Not Applicable | Not Applicable | Not Applicable |
| 3 | Not Applicable | Not Applicable | Not Applicable |
| 4 | Not Applicable | Not Applicable | Not Applicable |
| 5 | Not Applicable | Not Applicable | Not Applicable |
| 6 | Not Applicable | Not Applicable | Not Applicable |

In the case of Election to Council of States or Election to Lagislative Council by MLA's mention the Election concerned in place of name of Constituency.

Date: 19/05/24 Signature of Candidate





## ਕਲਾਸੀਫਾਈਡ ਇਸ਼ਤਿਹਾਰ

### Change of Name

I Vipin Aggarwal S/o Balwant Rai R/o H. No. 99 Gali no. 2, Kamal Vihar,Jalandhar- 144001, Punjab, have changed my name from Vipin Aggarwal to Vipan Aggarwal , belongs to same person.

I Hemant Agarwal s/o Vipan Aggarwal R/o H. No. 9, Moti Bagh, Ladhewali Road, Block-A, PO Chogitti, Jalandhar-144009, Punjab, have changed my name from Hemant Agarwal to Hemant Aggarwal , belongs to same person.

I Kanwaljeet Kaur wife of Balbir Singh resident of h no. 1432, Gali Naian Wali, Jandiala Guru Distt Amritsar have changed my name from Kanwaljeet Kaur to Kawaljit Kaur.

I Neha W/O Amandeep Singh V.P.O. Talwandi Madho Teh. Shahkot Dt. Jalandhar Have Changed My Name From Neha To Neha Jalaf. All Conserned Note.

I, Jobanpreet Singh S/o Satnam Singh R/o Vill: Riali Khurd Po. Riali Kalan Teh-Batala (Gurdaspur) have changed my name from Jobanpreet Singh to Singh Jobanpreet.

I, Sonia w/o Anil Kumar Juneja r/o 113, Seth Hukam Chand Colony, Jalandhar have changed my name to Sonia Juneja, after marriage. All Please Note.

I, Ravneet Kaur w/o Jaskaran Singh r/o Vill.Mansurpur, Po.Bara Pind, Phillaur, Jalandhar have changed my name Ravneet as given name and Kaur as Surname. All Please Note.

I, Gulbagh Singh Sandhu S/o Jaswant Singh R/o H.No. 80, Paschim Vihar, Near Vill Chak Jinda, Jalandhar, Punjab-144004 have changed my name from Gulbagh Singh Sandhu to Gulbag Singh. All Please Note.

### Change of Name

I, Palak Kharbanda w/o Rohit Kumar r/o H.No. WD- 56, Ali Mohalla, Near Bazar Sheikhan, Jalandhar have changed my name to Palak. All Please Note.

I, hitherto known as Ritu Nanddra D/o Acharaj Lal W/o Jeevan Kumar Malhotra R/o H.No.46, Modern Colony, Jalandhar, Punjab-144001 have changed my name and shall hereafter be known as Ritu.

I, Dharmjot S/o Nirmal Kumar R/o H.No. 160, Shastri Nagar, Jalandhar declare that Dharmjot and Dharmjot Thapa is one and the same person. All Please Note. anpreet Singh to Singh Jobanpreet.

I, Tarlok Chand Badhan (ਤਰਲੋਕ ਚੰਦ ਬੱਧਨ) S/o Gulzari Lal R/o Village Lidhran, Distt, Jalandhar, Punjab have changed my name from Tarlok Chand Badhan (ਤਰਲੋਕ ਚੰਦ ਬੱਧਨ) to Tarlok Chand Badhan (ਤਰਲੋਕ ਚੰਦ ਬੱਧਣ)।

I, Keshav Badhan (ਕੇਸ਼ਵ ਬੱਧਨ) S/o Tarlok Chand Badhan R/o Village Lidhran, Distt, Jalandhar, Punjab have changed my name from Keshav Badhan (ਕੇਸ਼ਵ ਬੱਧਨ) to Keshav Badhan. (ਕੇਸ਼ਵ ਬੱਧਣ)।

I, Jaswinder Singh S/o Balvir Chand R/o VPO Begowal, Tehsil Bholath, District Kapurthala, Punjab, have changed my name from Jaswinder Singh to Singh Jaswinder (Surname as Singh). All note.

I, Aman Atwal S/O Arun R/O Lohar Sukha Singh, Partapura, Lohar, Po. Lohar Partapura, Distt.Jalandhar, Punjab have changed my name from Aman to Aman Atwal. All note.

I, Nitika Sharma W/O Gaurav Nagpal R/O H.No 40, Lane no-3, Mithapur Road, New Raja Garden, Punjab-144022 have changed my name from Nitika Sharma to Nikita Nagpal(after marriage). All note.

### Change of Name

I, Dinesh s/o Brij Mohan Sharma r/o 991, Gali Devi Wali Joura Pipal, Kucha Gujra Wala, Amritsar, Punjab have changed my name to Dinesh Sharma. All Please Note.

I, Rohit Kumar Kharbanda s/o Harbans Lal r/o WD-56, Ali Mohalla, Near Bazar Sheikhan, Jalandhar have changed my name to Rohit Kumar. All Please Note.

I, Sarbjit Kaur w/o Paramjit Singh r/o 60-A, Lawrence Road, Amritsar, Punjab have changed the spelling of my name to Sarabjit Kaur. All Please Note.

I, Parmjit Singh s/o Balbir Singh r/o 60-A, Lawrence Road, Amritsar, Punjab have changed the spelling of my name to Paramjit Singh. All Please Note.

### ਨਾਂਅ ਦੀ ਬਦਲੀ

ਮੈਂ, ਜਗਸੀਰ ਸਿੰਘ ਸਰਾਓ ਪੁੱਤਰ ਜੀਤ ਸਿੰਘ, ਪਿੰਡ ਬੱਬਨਪੁਰ (ਸੰਗਰੂਰ) ਨੇ ਆਪਣੀ ਲੜਕੀ ਅਰਸ਼ਦੀਪ ਕੌਰ ਸਰਾਓ ਦਾ ਨਾਮ ਬਦਲ ਕੇ ਅਰਸ਼ਦੀਪ ਕੌਰ ਰੱਖ ਲਿਆ ਹੈ।

ਮੈਂ, Sarabjeet Singh Sidhu alias Sarbjit Singh ਪੁੱਤਰ ਹਰਪਾਲ ਸਿੰਘ, ਪਿੰਡ ਕੱਕੜਵਾਲ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ Sarbjeet Singh ਰੱਖ ਲਿਆ ਹੈ।

ਮੈਂ, Balwinder Kaur ਕੌਰ ਪਤਨੀ ਸਰਬਜੀਤ ਸਿੰਘ, ਪਿੰਡ ਕੱਕੜਵਾਲ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ Balvinder Kaur ਰੱਖ ਲਿਆ ਹੈ।

### ਬੇਦਖਲੀ ਨੋਟਿਸ

ਮੈਂ ਰਾਜੂ ਪੁੱਤਰ ਲਾਲ ਮਸੀਹ ਵਾਸੀ ਪਿੰਡ ਲੱਖੂਵਾਲ ਤਹਿਸੀਲ ਅਜਨਾਲਾ ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾ ਕਿ ਮੇਰਾ ਲੜਕਾ ਲਵਜੀਤ ਮਸੀਹ (ਕੁਆਰਾ) ਮੇਰੇ ਕਹਿਣੇ ਤੋ ਬਾਹਰ ਹੈ, ਤੇ ਗਲਤ ਸੰਗਤ ਵਿਚ ਪੈ ਗਿਆ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋ ਬੇਦਖਲ ਕਰਦਾ ਹਾਂ। ਇਸ ਨਾਲ ਕਿਸੇ ਵੀ ਕਿਸਮ ਦਾ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਅਸੀਂ, ਰਜਿੰਦਰ ਕੁਮਾਰ ਪੁੱਤਰ ਮਦਨ ਲਾਲ ਅਤੇ ਰੋਸ਼ਨੀ ਪਤਨੀ ਰਜਿੰਦਰ ਕੁਮਾਰ ਵਾਸੀ ਸੰਤ ਨਗਰ, ਵੇਰਕਾ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਨਿਤਿਨ ਅਤੇ ਉਸਦੀ ਪਤਨੀ ਮੀਨੂੰ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਆਪਣੇ ਬੇਟੇ ਨਿਤਿਨ ਅਤੇ ਉਸਦੀ ਪਤਨੀ ਮੀਨੂੰ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹ ਅਪਨੇ ਲੈਣ-ਦੇਣ, ਚੰਗੇ-ਮਾੜੇ, ਨਫੇ-ਨੁਕਸਾਨ, ਕਾਨੂੰਨੀ, ਗ਼ੈਰ-ਕਾਨੂੰਨੀ ਕੰਮ ਲਈ ਖੁਦ ਜ਼ਿੰਮੇਵਾਰ ਹੋਣਗੇ। ਸੰਬੰਧਤ ਨੋਟ ਕਰਨ।

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

20-MAY-PAGE-7.qxd 5/19/2024 10:27 PM Page 1



# ਸੀ ਪੀ ਆਈ ਵੱਲੋਂ ਲੋਕਾਂ ਨੂੰ ਸ੍ਰੀ ਗੰਗਾਨਗਰ ਤੋਂ ਚੰਡੀਗੜ੍ਹ ਰੇਲ ਚਲਾਉਣ ਦਾ ਮੁੱਦਾ ਉਮੀਦਵਾਰ ਅੱਗੇ ਉਠਾਉਣ ਦਾ ਸੱਦਾ

## ਕਾਂਗਰਸ ਤੇ ਅਕਾਲੀ ਦਲ ਦੇ ਉਮੀਦਵਾਰਾਂ ਨੇ ਇਸ ਮੁੱਦੇ ਨੂੰ ਹੱਲ ਕਰਨ ਦਾ ਦਿਵਾਇਆ ਭਰੋਸਾ




**ਜਲਾਲਾਬਾਦ (ਪਰਮਜੀਤ ਢਾਬਾਂ)**-ਦੇਸ਼ ਤੇ ਸੂਬੇ ਵਿੱਚ ਪੰਜ ਸਾਲਾਂ ਬਾਅਦ ਹੁੰਦੀਆਂ ਲੋਕ ਸਭਾ ਤੇ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਕੁਝ ਲੋਕਾਂ ਵੱਲੋਂ ਵਕਤੀ ਮੁੱਦਿਆਂ ਨੂੰ ਹੀ ਉਭਾਰ ਕੇ ਸੀਮਤ ਕਰ ਦਿੱਤਾ ਜਾਂਦਾ ਹੈ, ਪ੍ਰੰਤੂ ਸਮਾਜ ਦੇ ਚੇਤਨ ਲੋਕਾਂ ਵੱਲੋਂ ਸਮਾਜ ਦੇ ਭਲੇ ਭਾਵ ਸਰਬੱਤ ਦੇ ਭਲੇ ਲਈ ਮੁੱਦੇ ਚੁੱਕੇ ਜਾਂਦੇ ਹਨ।ਇਸੇ ਤਰ੍ਹਾਂ ਹੀ ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਜ਼ਿਲ੍ਹਾ ਫਾਜ਼ਿਲਕਾ ਦੇ ਆਗੂਆਂ ਵੱਲੋਂ ਹੋਣ ਜਾ ਰਹੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਜਿੱਥੇ ਆਮ ਲੋਕਾਂ ਦੇ ਰੁਜ਼ਗਾਰ, ਸਿੱਖਿਆ ਤੇ ਇਲਾਜ ਲਈ ਮੁੱਦੇ ਚੁੱਕੇ ਜਾ ਰਹੇ ਹਨ, ਉਥੇ ਹੀ ਹੁਣ ਉਨ੍ਹਾਂ ਵੱਲੋਂ ਲੋਕ ਸਭਾ ਹਲਕਾ ਫਿਰੋਜ਼ਪੁਰ ਦੇ ਉਮੀਦਵਾਰਾਂ ਕੋਲ ਹਲਕੇ ਦੇ ਵੋਟਰਾਂ ਭਾਵ ਲੋਕਾਂ ਨੂੰ ਸ੍ਰੀ ਗੰਗਾਨਗਰ ਤੋਂ ਚੰਡੀਗੜ੍ਹ ਤੱਕ ਰੇਲ ਚਲਾਉਣ ਦੇ ਮੁੱਦੇ ਨੂੰ ਮੁੱਖ ਮੁੱਦਾ ਬਣਾ ਕੇ ਚੁੱਕਣ ਦਾ ਸੱਦਾ ਦਿੱਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਹੰਸ ਰਾਜ ਗੋਲਡਨ, ਮੀਤ ਸਕੱਤਰ ਕਾਮਰੇਡ ਸੁਰਿੰਦਰ ਢੰਡੀਆਂ, ਸ਼ੁਬੇਗ ਝੰਗੜਭੈਣੀ, ਨਰਿੰਦਰ ਢਾਬਾਂ ਤੇ ਹੋਰ ਕਮਿਊਨਿਸਟ ਆਗੂਆਂ ਨੇ ਦੱਸਿਆ ਕਿ ਇਹ ਮੰਗ ਆਮ ਤੇ ਮੱਧ ਵਰਗ ਦੇ ਲੋਕਾਂ ਦੀ ਮੰਗ ਹੈ, ਕਿਉਂਕਿ ਬੱਸ ਮਾਫੀਆ ਵੱਲੋਂ ਇਸ ਰੇਲ ਨੂੰ ਪਿਛਲੇ ਲੰਬੇ ਸਮੇਂ ਤੋਂ ਨਹੀਂ ਚੱਲਣ ਦਿੱਤਾ ਜਾ ਰਿਹਾ।ਉਨ੍ਹਾਂ ਕਿਹਾ ਕਿ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ ਤੇ ਇੱਥੇ ਜਾਣ ਲਈ ਹਰ ਵਰਗ ਦੇ ਲੋਕਾਂ ਨੂੰ ਜ਼ਰੂਰਤ ਹੈ।ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀਆਂ, ਪੀ ਜੀ ਆਈ ਦੇ ਮਰੀਜ਼ਾਂ, ਪੰਜਾਬ ਐਂਡ ਹਰਿਆਣਾ ਹਾਈ ਕੋਰਟ ਦੇ ਕੰਮ-ਕਾਜ ਨਾਲ ਸੰਬੰਧਤ ਵਕੀਲਾਂ ਤੇ ਆਮ ਲੋਕਾਂ ਤੋਂ ਇਲਾਵਾ ਕਿਸਾਨਾਂ, ਵਪਾਰੀਆਂ ਤੇ ਮੁਲਾਜ਼ਮਾਂ ਨੂੰ 400 ਕਿਲੋਮੀਟਰ ਤੱਕ ਸਫਰ ਤੈਅ ਕਰਨਾ ਪੈਂਦਾ ਹੈ।ਸ੍ਰੀ ਗੰਗਾਨਗਰ ਤੋਂ ਚੰਡੀਗੜ੍ਹ ਤੱਕ ਰੇਲ ਨਾ ਚੱਲਣ ਕਰਕੇ ਆਮ ਲੋਕਾਂ ਵਾਸਤੇ ਸਫਰ ਕਰਕੇ ਭਾਰੀ ਆਰਥਿਕ ਬੋਝ ਉਠਾਉਣਾ ਪੈਂਦਾ ਹੈ।ਉਨ੍ਹਾਂ ਜਿੱਥੇ ਆਮ ਲੋਕਾਂ ਨੂੰ ਇਸ ਮੁੱਦੇ ਨੂੰ ਉਠਾਉਣ ਦੀ ਮੰਗ ਕੀਤੀ, ਨਾਲ ਹੀ ਚੋਣ ਲੜ ਰਹੇ ਹਰ ਪਾਰਟੀ ਦੇ ਉਮੀਦਵਾਰਾਂ ਨੂੰ ਸਵਾਲ ਕਰਦਿਆਂ ਕਿਹਾ ਕਿ ਉਹ ਇਸ ਮੁੱਦੇ ਨੂੰ ਕਿਸ ਤਰ੍ਹਾਂ ਹੱਲ ਕਰਨਗੇ, ਲੋਕ-ਕਚਹਿਰੀ ਵਿੱਚ ਆਪਣਾ ਪੱਖ ਸਪੱਸ਼ਟ ਕਰਨ। ਇਸ ਸੰਬੰਧੀ ਜਦੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸ਼ੇਰ ਸਿੰਘ ਘੁਬਾਇਆ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾ ਕਿਹਾ ਕਿ ਉਨ੍ਹਾ ਪਹਿਲਾਂ ਵੀ ਇਸ ਮੁੱਦੇ ਨੂੰ ਪਾਰਲੀਮੈਂਟ ਵਿੱਚ ਉਠਾਇਆ ਹੈ ਤੇ ਹੁਣ ਫਿਰ ਕੇਂਦਰ ਵਿੱਚ ਇੰਡੀਆ ਗੱਠਜੋੜ ਦੀ ਸਰਕਾਰ ਬਣਨ 'ਤੇ ਪਹਿਲ ਦੇ ਆਧਾਰ 'ਤੇ ਸ੍ਰੀ ਗੰਗਾਨਗਰ ਤੋਂ ਚੰਡੀਗੜ੍ਹ ਟ੍ਰੇਨ ਚਲਾਉਣ ਲਈ ਇਸ ਮੁੱਦੇ ਨੂੰ ਲੋਕ ਸਭਾ ਵਿੱਚ ਪਾਸ ਕਰਵਾਇਆ ਜਾਵੇਗਾ। ਇਸ ਸੰਬੰਧੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਨਰਦੇਵ ਸਿੰਘ ਬੌਬੀ ਮਾਨ ਦਾ ਕਹਿਣਾ ਹੈ ਕਿ ਇਹ ਮੁੱਦਾ ਲੋਕਾਂ ਦਾ ਮੁੱਖ ਮੁੱਦਾ ਹੈ ਅਤੇ ਇਸ ਨੂੰ ਹੱਲ ਕਰਵਾਉਣ ਲਈ ਉਹ ਜੀ-ਜਾਨ ਲਗਾ ਦੇਣਗੇ।

# ਸੀਵਰੇਜ ਦੀ ਸਮੱਸਿਆ ਨੂੰ ਲੈ ਕੇ ਧਰਨਾ ਤੇ ਭੁੱਖ ਹੜਤਾਲ ਜਾਰੀ

## ਪ੍ਰਸ਼ਾਸਨ ਖਾਮੋਸ਼, ਮੁੱਖ ਮੰਤਰੀ ਤੋਂ ਦਖਲ ਦੀ ਮੰਗ

**ਮਾਨਸਾ (ਆਤਮਾ ਸਿੰਘ ਪਮਾਰ)**-ਲਗਾਤਾਰ 18 ਦਿਨਾਂ ਤੋਂ ਮਾਨਸਾ ਸ਼ਹਿਰ ਵਿਚਲੀ ਸੀਵਰੇਜ ਪਾਣੀ ਦੇ ਥਾਂ ਥਾਂ 'ਤੇ ਓਵਰ ਫਲੋਅ ਦੀ ਸਮੱਸਿਆ ਦੇ ਪੱਕੇ ਹੱਲ ਲਈ ਵੋਆਇਸ ਆਫ ਮਾਨਸਾ ਤੇ ਹੋਰ ਸਮਾਜਿਕ ਸੰਸਥਾਵਾਂ ਵੱਲੋਂ ਲਗਾਏ ਗਏ ਧਰਨੇ ਵਿੱਚ ਸੀਨੀਅਰ ਸਿਟੀਜ਼ਨ ਆਗੂ ਬਿੱਕਰ ਸਿੰਘ ਮੰਘਾਣੀਆਂ, ਗੁਰਦੇਵ ਸਿੰਘ ਘੁਮਾਣ, ਜਗਦੀਪ ਤੋਤੀ ਮਾਨਸ਼ਾਹੀਆ, ਓਮ ਪ੍ਰਕਾਸ ਵਾਰਡ ਤੇ ਲੋਕ ਇਨਸਾਫ ਪਾਰਟੀ ਆਗੂ ਮਨਜੀਤ ਸਿੰਘ ਮੀਹਾਂ ਭੁੱਖ ਹੜਤਾਲ 'ਤੇ ਬੈਠੇ।ਵੱਖ ਵੱਖ ਪਾਰਟੀਆਂ ਤੇ ਸਮਾਜਿਕ ਸੰਸਥਾਵਾਂ ਦੇ ਆਗੂਆਂ ਵੱਲੋਂ ਇੱਕ ਸੁਰ ਵਿੱਚ ਮੁੱਖ ਮੰਤਰੀ ਪੰਜਾਬ ਨੂੰ ਆਪਣੇ ਪਿੰਡ ਦੇ ਨੇੜਲੇ ਜ਼ਿਲ੍ਹੇ ਦੀ ਸਭ ਤੋਂ ਵੱਡੀ ਸਮੱਸਿਆ ਲਈ ਨਿੱਜੀ ਦਖਲ ਦੇਣ ਦੀ ਅਪੀਲ ਕੀਤੀ ਤਾਂ ਜੋ ਲੋਕਾਂ ਨੂੰ ਕੁਝ ਰਾਹਤ ਮਹਿਸੂਸ ਹੋ ਸਕੇ। ਭੁੱਖ ਹੜਤਾਲ ਦੀ ਸ਼ੁਰੂਆਤ ਕਰਦਿਆਂ ਬਿੱਕਰ ਸਿੰਘ ਮਘਾਣੀਆਂ ਨੇ ਕਿਹਾ ਕਿ ਜਿੱਥੇ ਸਮਾਜ ਵਿੱਚ ਸੀਨੀਅਰ ਸਿਟੀਜ਼ਨ ਦਾ ਆਦਰ ਕੀਤਾ ਜਾਂਦਾ ਹੈ, ਉਥੇ ਮਾਨਸਾ ਵਿੱਚ ਸੀਨੀਅਰ ਸਿਟੀਜ਼ਨ ਮੈਂਬਰ ਸੀਵਰੇਜ ਦੀ ਸਮੱਸਿਆ ਹੱਲ ਕਰਾਉਣ ਲਈ ਧਰਨੇ 'ਤੇ ਬੈਠ ਹਨ, ਜਿਸ ਲਈ ਪ੍ਰਸ਼ਾਸਨ ਦੀ ਨਲਾਇਕੀ ਹੀ ਜ਼ਿੰਮੇਵਾਰ ਹੈ।ਸਾਬਕਾ ਕੌਂਸਲਰ ਜਤਿੰਦਰ ਆਗਰਾ ਨੇ ਕਿਹਾ ਕਿ ਪ੍ਰਸ਼ਾਸਨ ਦੀ ਲਾਪ੍ਰਵਾਹੀ ਕਾਰਨ ਹੀ ਸ਼ਹਿਰ ਦੀਆਂ ਬਹੁਤ ਸਾਰੀਆਂ ਸੜਕਾਂ ਤੇ ਗਲੀਆਂ ਵਿੱਚ ਸੀਵਰੇਜ ਦਾ ਪਾਣੀ ਫਿਰਦਾ ਹੈ ਤੇ ਜੇਕਰ ਇਸ ਦਾ ਹੱਲ ਬਾਰਿਸ਼ ਦੇ ਮੌਸਮ ਤੋਂ ਪਹਿਲਾਂ ਨਾ ਹੋਇਆ ਤਾਂ ਭਿਆਨਕ ਬੀਮਾਰੀਆਂ ਕਰਕੇ ਜਾਨੀ ਤੇ ਮਾਲੀ ਨੁਕਸਾਨ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ। ਉਨ੍ਹਾਂ ਸ਼ਹਿਰ ਵਾਸੀਆਂ ਨਾਲ ਵਿਚਾਰ ਚਰਚਾ ਕਰਕੇ ਸ਼ਹਿਰ ਦੇ ਬਾਜ਼ਾਰ ਬੰਦ ਕਰਨ ਲਈ ਵੀ ਸਭ ਨੂੰ ਅੱਗੇ ਆਉਣ ਲਈ ਕਿਹਾ ਤਾਂ ਜੋ ਸਮੱਸਿਆ ਦੇ ਪੱਕੇ ਹੱਲ ਤੋਂ ਟਾਲਾ ਵੱਟ ਰਹੇ ਪ੍ਰਸ਼ਾਸਨ ਨੂੰ ਜਗਾਇਆ ਜਾ ਸਕੇ।ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਬਲਵਿੰਦਰ ਸਿੰਘ ਕਾਕਾ ਨੇ ਕਿਹਾ ਕਿ ਜੇਕਰ ਸੀਵਜ ਮਸਲੇ ਦਾ ਹੱਲ ਹਫਤੇ ਵਿੱਚ ਨਹੀਂ ਹੁੰਦਾ ਹੈ ਤਾਂ ਉਨ੍ਹਾਂ ਵੱਲੋਂ ਹਾਈਕੋਰਟ ਦਾ ਰੁਖ਼ ਕੀਤਾ ਜਾਵੇਗਾ।ਉਨ੍ਹਾਂ ਸਾਰੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਸ਼ਹਿਰ ਦੇ ਨੁਕਸਾਨ ਲਈ ਜ਼ਿੰਮੇਵਾਰ ਲੋਕਾਂ ਨੂੰ ਲੋਕਾਂ ਦੀ ਕਚਹਿਰੀ ਵਿੱਚ ਲਿਆਉਣ ਦੀ ਲੋੜ ਹੈ ਅਤੇ ਜੇਕਰ ਇਸ ਲਈ ਵੋਟਾਂ ਵਿੱਚ ਕੋਈ ਉਮੀਦਵਾਰ ਪਸੰਦ ਨਹੀਂ ਹੈ ਤਾਂ ਨੋਟਾ ਦੀ ਚੋਣ ਕੀਤੀ ਜਾਵੇ ਤਾਂ ਲੋਕ ਰੋਹ ਦਾ ਪਤਾ ਸਭ ਸਿਆਸੀ ਧਿਰਾਂ ਨੂੰ ਲੱਗ ਜਾਵੇਗਾ।

ਇਸ ਮੌਕੇ ਕਾਮਰੇਡ ਕ੍ਰਿਸ਼ਨ ਚੌਹਾਨ ਨੇ ਸੀਵਰੇਜ ਦੇ ਸੰਘਰਸ਼ ਵਿੱਚ ਸ਼ਾਮਲ ਹੁੰਦਿਆਂ ਕਿਹਾ ਕਿ ਇਹ ਸਿਆਸੀ ਸਫਾਂ ਤੋਂ ਉੱਪਰ ਉੱਠ ਕੇ ਹਰੇਕ ਸ਼ਹਿਰੀ ਦਾ ਬੁਨਿਆਦੀ ਹੱਕਾਂ ਦਾ ਮਸਲਾ ਹੈ ਤੇ ਲੋਕ ਇਸ ਦੇ ਹੱਲ ਲਈ ਇਕਜੁੱਟ ਹਨ।ਸ਼ਾਮ ਨੂੰ ਭੁੱਖ ਹੜਤਾਲ ਖੁੱਲ੍ਹਵਾਉਣ ਸਮੇਂ ਬੋਲਦਿਆਂ ਡਾ. ਜਨਕ ਰਾਜ ਸਿੰਗਲਾ ਨੇ ਪ੍ਰਸ਼ਾਸਨ ਦੇ ਰੁੱਖ 'ਤੇ ਨਰਾਜ਼ਗੀ ਪ੍ਰਗਟ ਕਰਦਿਆਂ ਕਿਹਾ ਕਿ ਇਸ ਨਾਲ ਲੋਕਾਂ ਨੂੰ ਮਜਬੂਰ ਹੋ ਧਰਨੇ ਨੂੰ ਸ਼ਹਿਰ ਬੰਦ ਕਰਨ ਜਾਂ ਕੁਝ ਹੋਰ ਕਰਨ ਲਈ ਤਿਆਰ ਹੋਣਾ ਪਵੇਗਾ।ਉਨ੍ਹਾ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਸੰਭਾਵੀ ਮਾਨਸਾ ਦੌਰੇ ਦੌਰਾਨ ਮਾਨਸਾ ਦੇ ਲੋਕਾਂ ਲਈ ਇਸ ਸਮੱਸਿਆ ਦੇ ਹੱਲ ਲਈ ਕੋਈ ਕਦਮ ਚੁੱਕਣ ਦਾ ਐਲਾਨ ਕਰਨਾ ਚਾਹੀਦਾ ਹੈ।ਇਸ ਮੌਕੇ ਸੇਠੀ ਸਿੰਘ ਸਰਾਂ, ਨਰਿੰਦਰ ਸ਼ਰਮਾ, ਸਰਜੀਵਨ ਸਰਾਂ, ਡਾ. ਲਖਵਿੰਦਰ ਸਿੰਘ ਮੂਸਾ, ਲਾਭ ਸਿੰਘ, ਪਾਲਾ ਰਾਮ ਤੇ ਹੋਰ ਪਤਵੰਤੇ ਮੌਜੂਦ ਸਨ।



## ਕਾਤਰਾਂ

### ਅਜ਼ਾਦ ਉਮੀਦਵਾਰ ਸਰਬਜੀਤ ਸਿੰਘ ਵੱਲੋਂ ਤੂਫਾਨੀ ਦੌਰਾ



**ਦੋਦਾ (ਵਕੀਲ ਬਰਾੜ)**-ਲੋਕ ਸਭਾ ਹਲਕਾ ਫਰੀਦਕੋਟ ਤੋਂ ਅਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਸਰਬਜੀਤ ਸਿੰਘ ਮਲੋਆ ਖਾਲਸਾ ਵਿਧਾਨ ਸਭਾ ਹਲਕਾ ਗਿੱਦੜਬਾਹਾ ਦੇ ਪਿੰਡ ਹਰੀਕੇ ਕਲਾਂ, ਸੂਰੇਵਾਲਾ, ਵਾੜਾ ਕ੍ਰਿਸ਼ਨਪੁਰਾ, ਮੱਲਣ, ਕੋਟਲੀ, ਧੂਲਕੋਟ, ਕਾਉਣੀ, ਦੋਦਾ, ਸੁਖਨਾ ਅਬਲੂ, ਬੁੱਟਰ ਸ਼ਰੀਹ, ਭਲਾਈਆਣਾ, ਸਾਹਿਬ ਚੰਦ, ਕੋਟਭਾਈ, ਗਿੱਦੜਬਾਹਾ, ਹੁਸਨਰ, ਕੁਰਾਈਵਾਲਾ ਤੇ ਵਾਦੀਆਂ ਵਿਖੇ ਤੂਫਾਨੀ ਦੌਰਾ ਕੀਤਾ ਅਤੇ ਲੋਕਾਂ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ। ਇਸ ਦੌਰਾਨ ਲੋਕਾਂ ਵਿੱਚ ਉਨ੍ਹਾਂ ਦੇ ਵਿਚਾਰ ਸੁਨਣ ਲਈ ਭਾਰੀ ਉਤਸ਼ਾਹ ਪਾਇਆ ਗਿਆ ਅਤੇ ਬਹੁਤ ਸਾਰੇ ਲੋਕਾਂ ਨੇ ਹਮਾਇਤ ਦਾ ਭਰੋਸਾ ਵੀ ਦਿੱਤਾ।

### ਵਿਜ਼ਨ ਦੀ ਵਿਦਿਆਰਥਣ ਨੇ ਪੀ ਟੀ ਈ 'ਚੋਂ 61 ਸਕੋਰ ਲਏ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਮੁੱਖ ਬੱਸ ਸਟੈਂਡ ਵਿਖੇ ਸਥਿਤ ਇਲਾਕੇ ਦੀ ਨਾਮਵਰ ਸੰਸਥਾ ਵਿਜ਼ਨ ਐਜੂਕੇਸ਼ਨ ਐਂਡ ਇਮੀਗ੍ਰੇਸ਼ਨ ਦੇ ਡਾਇਰੈਕਟਰ ਯਾਦਵਿੰਦਰ ਸਿੰਘ ਬਰਾੜ, ਇਕਬਾਲ ਸਿੰਘ ਢਿੱਲੋਂ ਤੇ ਨੰਦ ਸਿੰਘ ਬਰਾੜ ਨੇ ਦੱਸਿਆ ਕਿ ਹਰਵਿੰਦਰ ਕੌਰ ਪੁੱਤਰੀ ਜਗਦੇਵ ਸਿੰਘ ਵਾਸੀ ਸਮਾਧ ਭਾਈ ਨੇ ਪੀਟੀਈ ਵਿੱਚੋਂ ਓਵਰਆਲ 61 ਸਕੋਰ ਪ੍ਰਾਪਤ ਕਰਕੇ ਆਪਣਾ ਤੇ ਇਸ ਸੰਸਥਾ ਦਾ ਨਾਂ ਰੋਸ਼ਨ ਕੀਤਾ ਹੈ।ਇਸ ਮੌਕੇ ਪ੍ਰਬੰਧਕਾਂ ਨੇ ਵਿਦਿਆਰਥਣ ਤੇ ਪਰਿਵਾਰ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੱਸਿਆ ਕਿ ਇਥੋਂ ਆਈਲਸ ਦੀ ਤਿਆਰੀ ਆਧੁਨਿਕ ਤੇ ਮਾਹਿਰ ਅਧਿਆਪਕਾਂ ਦੁਆਰਾ ਕਰਵਾਈ ਜਾਂਦੀ ਹੈ ਤਾਂ ਜੋ ਵਿਦਿਆਰਥੀ ਵਧੀਆ ਬੈਂਡ ਸਕੋਰ ਹਾਸਲ ਕਰ ਸਕਣ।

### ਸਕਾਊਟ ਐਂਡ ਗਾਇਡਜ਼ ਕੈਂਪ ਸੰਪੰਨ

**ਬਰੇਟਾ (ਰੀਤਵਾਲ)**-ਵਿਦਿਆਰਥੀਆਂ 'ਚ ਆਤਮ ਵਿਸ਼ਵਾਸ, ਅਗਵਾਈ ਕਰਨ ਦੇ ਗੁਣ ਤੇ ਜ਼ਿੰਮੇਵਾਰ ਬਣ ਕੇ ਸਮਾਜਸੇਵਾ ਲਈ ਆਪਣੇ ਆਪ ਨੂੰ ਸਮਰਪਿਤ ਕਰਨ ਦੀ ਭਾਵਨਾ ਨਾਲ 3 ਰੋਜ਼ਾ ਸਕਾਊਟ ਐਂਡ ਗਾਇਡਜ਼ ਦਾ ਤਰਿੱਤਿਆ ਸੋਪਾਲ ਟੈਸਟਿੰਗ ਕੈਂਪ ਗਰੀਨਲੈਂਡ ਸਕੂਲ ਦੇ ਵਿਹੜੇ 'ਚ ਲਗਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੂੰ ਵੱਖ ਵੱਖ ਕਿਸਮ ਦੀਆਂ ਸਕਾਊਟ ਗਤੀਵਿਧੀਆਂ ਝੰਡਾ ਗੀਤ, ਸਕਾਊਟ ਪ੍ਰਾਰਥਨਾ, ਖੱਬਾ ਹੱਥ ਮਿਲਾਉਣਾ, ਸੈਲਿਊਟ ਤੇ ਵੱਖ ਵੱਖ ਤਰ੍ਹਾਂ ਦੀਆਂ ਗੰਢਾਂ ਰੀਫਨੌਟ, ਕਲੋਵਿਚ ਸ਼ੀਟ ਬੈਂਡ ਤੋਂ ਇਲਾਵਾ ਫਾਸਟ ਏਡ ਵਿੱਚ ਵੱਖ ਵੱਖ ਤਰ੍ਹਾਂ ਦੀਆਂ ਪੱਟੀਆਂ ਬੰਨ੍ਹਣਾ ਤੇ ਬਣਾਵਟੀ ਸਟਰੈਚਰ ਆਦਿ ਬਾਰੇ ਦੱਸਿਆ ਗਿਆ। ਕੈਂਪ ਦੌਰਾਨ ਵਿਦਿਆਰਥੀਆਂ ਨੂੰ ਪੈਟਰੋਲ ਕੌਰਨਰ ਨਿਰੀਖਣ, ਪੈਟਰੋਲ ਮੀਟਿੰਗ ਟਰੂੱਪ ਇੰਨ ਕੌਂਸਲ, ਪੈਟਰੋਲ ਟੈਸਟਿੰਗ ਆਦਿ ਕੰਮ ਸਿਖਾਏ ਗਏ। ਕੈਂਪ ਦੌਰਾਨ ਡੀ ਓ ਸੀ ਮਾਨਸਾ ਦਰਸ਼ਨ ਸਿੰਘ ਨੇ ਆਪਣੇ ਆਪ ਨੂੰ ਸਮਰਪਿਤ ਕਰਨ ਲਈ ਵਿਦਿਆਰਥੀਆਂ ਨੂੰ ਤਿਆਰ ਕੀਤਾ। ਟ੍ਰੇਨਿੰਗ ਇੰਚਾਰਜ ਤੋਂ ਇਲਾਵਾ ਮਾ. ਰਾਮ ਸਿੰਘ, ਵਾਇਸ ਪ੍ਰਿੰਸੀਪਲ ਨੀਰਜ ਵਰਮਾ, ਰਾਜਿੰਦਰ ਬੇਸਿਕ ਹੌਲਦਾਰ ਆਦਿ ਮੌਜੂਦ ਸਨ। ਸਕੂਲ ਦੀ ਪ੍ਰਿੰਸੀਪਲ ਉਰਮਿਲ ਜੈਨ ਨੇ ਵਿਦਿਆਰਥੀਆਂ ਨੂੰ ਦੇਸ਼ ਦੇ ਚੰਗੇ ਨਾਗਰਿਕ ਬਣਨ ਲਈ ਪ੍ਰੇਰਿਤ ਕੀਤਾ।

### ਵਾਹਨ ਖੜੇ ਕਰਨ ਨੂੰ ਲੈ ਕੇ ਮਾਂ-ਪੁੱਤ ਦੀ ਕੁੱਟਮਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਪਿੰਡ ਸ਼ਾਮਪੁਰ ਵਿਖੇ ਗਲੀ ਵਿੱਚ ਆਟੋ ਰਿਕਸ਼ਾ ਤੇ ਮੋਟਰਸਾਈਕਲ ਖੜਾ ਕਰਨ ਨੂੰ ਲੈ ਕੇ ਹੋਈ ਤਕਰਾਰ ਦੌਰਾਨ ਮਾਂ-ਪੁੱਤ ਦੀ ਹੋਈ ਕਥਿਤ ਕੁੱਟਮਾਰ ਦੇ ਮਾਮਲੇ 'ਚ ਬਡਾਲੀ ਆਲਾ ਸਿੰਘ ਪੁਲਸ ਵੱਲੋਂ ਦੋ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਜਾਣਕਾਰੀ ਅਨੁਸਾਰ ਯਾਦਵਿੰਦਰ ਸਿੰਘ ਵਾਸੀ ਪਿੰਡ ਸ਼ਾਮਪੁਰ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਗਲੀ 'ਚ ਆਟੋ ਰਿਕਸ਼ਾ ਤੇ ਮੋਟਰਸਾਈਕਲ ਖੜਾ ਕਰਨ ਨੂੰ ਲੈ ਕੇ 15 ਮਈ ਨੂੰ ਉਨ੍ਹਾਂ ਦੀ ਹਰਜੀਤ ਸਿੰਘ ਤੇ ਹਰਪ੍ਰੀਤ ਸਿੰਘ ਉਰਫ ਰਾਜੂ ਨਾਲ ਤਕਰਾਰਬਾਜ਼ੀ ਹੋ ਗਈ, ਜਿਸ ਦੀ ਰੰਜਿਸ਼ ਵਜੋਂ ਉਕਤ ਵਿਅਕਤੀਆਂ ਨੇ ਉਸ ਦੀ ਤੇ ਉਸ ਦੀ ਮਾਤਾ ਕਰਨੈਲ ਕੌਰ ਦੀ ਡੰਡਿਆਂ ਨਾਲ ਕੁੱਟਮਾਰ ਕੀਤੀ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਹਰਜੀਤ ਸਿੰਘ ਤੇ ਹਰਪ੍ਰੀਤ ਸਿੰਘ ਉਰਫ ਰਾਜੂ ਵਾਸੀਆਨ ਪਿੰਡ ਸ਼ਾਮਪੁਰ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਬਡਾਲੀ ਆਲਾ ਸਿੰਘ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਸਿੱਖਿਆ ਬੋਰਡ ਵੱਲੋਂ ਲਗਾਏ ਭਾਰੀ ਜੁਰਮਾਨੇ ਦਾ ਡੀ ਟੀ ਐੱਫ਼ ਵੱਲੋਂ ਵਿਰੋਧ

**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਸਕੂਲ ਸਿੱਖਿਆ ਬੋਰਡ ਅੱਜਕੱਲ੍ਹ ਲੁੱਟ ਦਾ ਅੱਡਾ ਬਣ ਚੁੱਕਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਦੀ ਅਗਵਾਈ ਵਿੱਚ ਡੀ ਟੀ ਐੱਫ਼ ਦੇ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਾਰੀ ਪੱਤਰ ਅਨੁਸਾਰ ਨੌਵੀਂ ਤੇ ਗਿਆਰਵੀਂ ਦਾ ਨਤੀਜਾ ਬੋਰਡ ਦੀ ਸਾਈਟ 'ਤੇ ਅੱਪਡੇਟ ਕਰਨ ਲਈ 30 ਅਪ੍ਰੈਲ 2024 ਸੀ, ਇਸ ਸਮੇਂ ਦਾਖਲਾ ਕੰਪੇਨ, ਨਿਲਪ, ਮਿਸ਼ਨ ਸਮਰੱਥ, ਹੋਰ ਵੱਖ-ਵੱਖ ਤਰ੍ਹਾਂ ਦੇ ਕੰਮਾਂ ਵਿੱਚ ਅਧਿਆਪਕਾਂ ਨੂੰ ਉਲਝਾਇਆ ਹੋਇਆ ਸੀ। ਇਸ ਦੇ ਨਾਲ ਹੀ ਬੋਰਡ ਦੀ ਵੈੱਬਸਾਈਟ ਨਾ ਚੱਲਣ ਕਰਕੇ ਸਮੱਸਿਆ ਬਣੀ ਰਹਿੰਦੀ ਸੀ। ਹੁਣ ਬੋਰਡ ਨੇ 31 ਮਈ ਤੱਕ ਨਤੀਜਾ ਅੱਪਡੇਟ ਕਰਨ ਦੀ ਲੇਟ ਫੀਸ 500 ਰੁਪਏ ਪ੍ਰਤੀ ਵਿਦਿਆਰਥੀ ਲਗਾ ਦਿੱਤੀ ਹੈ, ਜੋ ਕਿ ਸਰਾਸਰ ਧੱਕਾ ਹੈ। ਡੀ ਟੀ ਐੱਫ਼ ਦੇ ਸੀਨੀਅਰ ਆਗੂਆਂ ਗੁਰਤੇਜ ਉੱਭਾ, ਗੁਰਬਚਨ ਹੀਰੇਵਾਲਾ ਤੇ ਰਾਜਵਿੰਦਰ ਬੈਹਣੀਵਾਲ ਨੇ ਦੱਸਿਆ ਕਿ ਬੋਰਡ ਪਹਿਲਾਂ ਵੀ ਗਾਹੇ ਵਗਾਹੇ ਵਿਦਿਆਰਥੀਆਂ 'ਤੇ ਮੋਟੇ ਜੁਰਮਾਨੇ ਲਗਾਉਂਦਾ ਰਹਿੰਦਾ ਹੈ। ਅਧਿਆਪਕ ਆਗੂਆਂ ਨਿਧਾਨ ਸਿੰਘ, ਹਰਫੂਲ ਸਿੰਘ, ਤਰਸੇਮ ਸਿੰਘ, ਸ਼ਿੰਗਾਰਾ ਸਿੰਘ, ਰਾਜਿੰਦਰ ਪਾਲ ਨੇ ਕਿਹਾ ਕਿ ਬੋਰਡ ਬਿਨਾਂ ਕਿਸੇ ਲੇਟ ਫੀਸ ਤੋਂ ਨਤੀਜਾ ਅੱਪਡੇਟ ਕਰਨ ਦਾ ਮੌਕਾ ਦੇਵੇ ਤੇ ਇਸ ਦੀ ਆਖਰੀ ਮਿਤੀ ਵੀ ਵਧਾਈ ਜਾਵੇ, ਕਿਉਂਕਿ ਅਧਿਆਪਕ ਚੋਣ ਡਿਊਟੀਆਂ ਵਿੱਚ ਉਲਝੇ ਹੋਏ ਹਨ। ਇਸ ਮੌਕੇ ਗੁਰਬਚਨ ਹੀਰੇਵਾਲਾ, ਚਰਨਪਾਲ ਸਿੰਘ, ਜਸਵਿੰਦਰ ਹਾਕਮਵਾਲਾ, ਗੁਰਦੀਪ ਝੰਡੂਕੇ, ਸੁਖਚੈਨ ਸੇਖੋਂ, ਜਗਦੇਵ ਸਿੰਘ, ਮੱਘਰ ਸਿੰਘ, ਜਗਪਾਲ ਸਿੰਘ, ਅਮ੍ਰਿਤਪਾਲ ਸਿੰਘ, ਕੁਲਵਿੰਦਰ ਜੋਗਾ, ਅਮਨਦੀਪ ਕੌਰ, ਬੇਅੰਤ ਕੌਰ, ਰੇਨੂੰ ਬਾਲਾ, ਅਮਰਪ੍ਰੀਤ ਕੌਰ, ਮਨਵੀਰ ਕੌਰ, ਗੁਰਜੀਤ ਮਾਨਸਾ ਆਦਿ ਅਧਿਆਪਕ ਆਗੂ ਹਾਜ਼ਰ ਸਨ।

# ਵੋਟ ਪਾਰਟੀਆਂ ਦੇ ਮਗਰ ਲੱਗਣ ਦੀ ਥਾਂ ਸਾਂਝੇ ਸੰਘਰਸ਼ਾਂ ਦੇ ਰਾਹ ਪੈਣ ਦਾ ਹੋਕਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ /ਪੂਜਾ )**-ਚੋਣਾਂ ਤੋਂ ਝਾਕ ਮੁਕਾ ਕੇ ਸਾਂਝੇ ਸੰਘਰਸ਼ਾਂ ਦਾ ਰਾਹ ਬੁਲੰਦ ਕਰਨ ਲਈ ਦੋ ਦਰਜਨ ਦੇ ਕਰੀਬ ਜਥੇਬੰਦੀਆਂ ਵੱਲੋਂ 26 ਮਈ ਨੂੰ ਦਾਣਾ ਮੰਡੀ ਬਰਨਾਲਾ ਵਿਖੇ ਕੀਤੀ ਜਾ ਰਹੀ ਸੂਬਾ ਪੱਧਰੀ ਲੋਕ ਸੰਗਰਾਮ ਰੈਲੀ ਦੀਆਂ ਤਿਆਰੀਆਂ ਸਬੰਧੀ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਮੁਕਤਸਰ ਬਲਾਕ ਦੇ ਭਾਗਸਰ ਵਿੱਚ ਮੀਟਿੰਗ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਬਲਾਕ ਪ੍ਰਧਾਨ ਕਾਕਾ ਸਿੰਘ ਖੁੰਡੇ ਹਲਾਲ ਤੇ ਅਮਰੀਕ ਸਿੰਘ ਭਾਗਸਰ ਨੇ ਕਰਦਿਆਂ ਕਿਹਾ ਕਿ ਅਸਲ ਵਿੱਚ ਸਭਨਾਂ ਚੋਣ ਪਾਰਟੀਆਂ ਦੀ ਵਿਚਾਰਧਾਰਾ 'ਚ ਕੋਈ ਫਰਕ ਨਹੀਂ ਹੈ ਤੇ ਇਨ੍ਹਾਂ ਦੀ ਲੜਾਈ ਸਿਰਫ ਸੱਤਾ 'ਤੇ ਕਾਬਜ਼ ਹੋਣ ਲਈ ਹੀ ਹੈ। ਉਨ੍ਹਾਂ ਕਿਹਾ ਕਿ ਸਭੇ ਪਾਰਟੀ ਵੱਡੇ ਜਾਗੀਰਦਾਰਾਂ ਤੇ ਸਰਮਾਏਦਾਰਾਂ ਨੂੰ ਮਾਲਾਮਾਲ ਕਰਨ ਵਾਲੀਆਂ ਨੀਤੀਆਂ ਬਣਾ ਤੇ ਲਾਗੂ ਕਰ ਰਹੀਆਂ ਹਨ। ਇਸ ਕਰਕੇ ਕਿਰਤੀ ਵਰਗ ਦੀ ਆਰਥਿਕ ਤੇ ਸਮਾਜਿਕ ਦਸ਼ਾ ਦਿਨੋ ਦਿਨ ਨਿੱਘਰਦੀ ਜਾ ਰਹੀ ਹੈ ਪਰ ਕਾਰਪੋਰੇਟ ਘਰਾਣਿਆਂ ਦੀ ਆਮਦਨ ਅਸਮਾਨ ਛੂਹ ਰਹੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਗਰੀਬ ਲੋਕਾਂ ਦੇ ਅਸਲ ਮੁੱਦੇ ਚੋਣ ਪ੍ਰਚਾਰ 'ਚੋਂ ਗਾਇਬ ਹਨ। ਇੱਕ ਦੂਜੇ ਦੀ ਕਿਰਦਾਰਕੁਸ਼ੀ ਤੇ ਹਲਕੀ ਟਿੱਚਰ ਬਾਜ਼ੀ ਰਾਹੀਂ ਹੀ ਡੰਗ ਸਾਰਿਆਂ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਖੇਤ ਮਜ਼ਦੂਰਾਂ, ਕਿਸਾਨਾਂ ਤੇ ਹੋਰਨਾਂ ਕਿਰਤੀ ਲੋਕਾਂ ਦੀ ਵੁੱਕਤ ਤੇ ਪੁੱਗਤ ਲਈ ਜ਼ਮੀਨੀ ਸੁਧਾਰ ਲਾਗੂ ਕਰਨ, ਸੂਦਖੋਰੀ ਧੰਦੇ ਨੂੰ ਨੱਥ ਪਾਉਣ, ਕਰਜ਼ਾ ਮੁਆਫ਼ੀ, ਮਜ਼ਦੂਰ ਕਿਸਾਨ ਪੱਖੀ ਖੇਤੀ ਨੀਤੀ ਲਿਆਉਣ, ਬੇਰੁਜ਼ਗਾਰੀ ਫੈਲਾਉਣ ਵਾਲੀਆਂ ਨਿੱਜੀਕਰਨ, ਉਦਾਰੀਕਰਨ ਤੇ ਸੰਸਾਰੀਕਰਨ ਦੀਆਂ ਨੀਤੀਆਂ ਰੱਦ ਕਰਨ, ਲੇਬਰ ਕੋਡ ਤੇ ਕਾਲੇ ਕਾਨੂੰਨ ਰੱਦ ਕਰਨ, ਐਮ ਐਸ ਪੀ ਦੀ ਸੰਵਿਧਾਨਕ ਗਾਰੰਟੀ ਤੇ ਸਰਵਜਨਕ ਜਨਤਕ ਵੰਡ ਪ੍ਰਣਾਲੀ ਲਾਗੂ ਕਰਨ ਵਰਗੇ ਕਦਮ ਚੁੱਕਣ ਦੀ ਜ਼ਰੂਰਤ ਹੈ ਜਿਨ੍ਹਾਂ ਨੂੰ ਚੋਣ ਮੈਦਾਨ 'ਚ ਉੱਤਰੀਆਂ ਪਾਰਟੀਆਂ ਛੋਹਣ ਲਈ ਵੀ ਤਿਆਰ ਨਹੀਂ। ਉਨ੍ਹਾਂ ਕਿਹਾ ਕਿ ਕਿਰਤੀ ਵਰਗ ਨੂੰ ਚੇਤੰਨ ਅਤੇ ਜਥੇਬੰਦ ਹੋ ਕੇ ਆਪਣੇ ਹੱਕ ਆਪ ਲੈਣੇ ਪੈਣੇ ਹਨ। ਮੀਟਿੰਗ ਵਿੱਚ ਸ਼ਾਮਲ ਮਜ਼ਦੂਰਾਂ ਨੇ 26 ਮਈ ਦੀ ਬਰਨਾਲਾ ਲੋਕ ਸੰਗਰਾਮ ਰੈਲੀ ਵਿੱਚ ਵੱਡੀ ਗਿਣਤੀ ਸ਼ਾਮਲ ਹੋ ਕੇ ਸੰਘਰਸ਼ਾਂ ਵਾਲੀ ਤਾਕਤ ਦਾ ਥੰਮ੍ਹ ਮਜ਼ਬੂਤ ਕਰਨ ਦਾ ਭਰੋਸਾ ਦਿਵਾਇਆ।

# ਰਾਮ ਸਿੰਘ ਪੱਪੀ ਤੇ ਪਰਮਜੀਤ ਸਿੰਘ ਬਰਾੜ ਜ਼ਿਲ੍ਹਾ ਮੀਤ ਪ੍ਰਧਾਨ ਨਿਯੁਕਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਥਾਨਕ ਅਬੋਹਰ ਰੋਡ 'ਤੇ ਸੀਨੀਅਰ ਅਕਾਲੀ ਆਗੂ ਟੇਕ ਚੰਦ ਬੱਤਰਾ ਦੇ ਗ੍ਰਹਿ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਦੀ ਭਰਵੀਂ ਮੀਟਿੰਗ ਹੋਈ, ਜਿਸ ਵਿੱਚ ਸਾਬਕਾ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਵਰਦੇਵ ਸਿੰਘ ਨੋਨੀ ਮਾਨ ਹਲਕਾ ਇੰਚਾਰਜ ਗੁਰੂਹਰਸਹਾਏ, ਜ਼ਿਲ੍ਹਾ ਪ੍ਰਧਾਨ ਮਨਜਿੰਦਰ ਸਿੰਘ ਬਿੱਟੂ, ਜਨਰਲ ਕੌਂਸਲ ਮੈਂਬਰ ਜਗਵੰਤ ਸਿੰਘ ਲੰਬੀਢਾਬ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਲੋਕ ਸਭਾ ਚੋਣਾਂ ਲਈ ਸਾਬਕਾ ਵਿਧਾਇਕ ਰੋਜ਼ੀ ਬਰਕੰਦੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਦੀ ਅਪੀਲ ਕੀਤੀ। ਇਸ ਦੌਰਾਨ ਵਰਦੇਵ ਸਿੰਘ ਨੋਨੀ ਮਾਨ ਹਲਕਾ ਇੰਚਾਰਜ ਗੁਰੂਹਰਸਹਾਏ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ। ਜ਼ਿਲ੍ਹਾ ਪ੍ਰਧਾਨ ਮਨਜਿੰਦਰ ਸਿੰਘ ਬਿੱਟੂ ਨੇ ਕਿਹਾ ਕਿ ਪੰਜਾਬ ਨੂੰ ਵਿਕਾਸ ਦੀਆਂ ਲੀਹਾਂ 'ਤੇ ਕੇਵਲ ਅਕਾਲੀ ਦਲ ਦੀ ਸਰਕਾਰ ਹੀ ਲਿਆ ਸਕਦਾ ਹੈ। ਇਸ ਦੌਰਾਨ ਸੀਨੀਅਰ ਅਕਾਲੀ ਆਗੂ ਰਾਮ ਸਿੰਘ ਪੱਪੀ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਜ਼ਿਲ੍ਹਾ ਮੀਤ ਪ੍ਰਧਾਨ ਦਾ ਨਿਯੁਕਤੀ ਪੱਤਰ ਵੀ ਸੌਂਪਿਆ ਗਿਆ। ਦੂਜੇ ਪਾਸੇ ਵਾਰਡ ਨੰਬਰ 12 'ਚ ਸੀਨੀਅਰ ਅਕਾਲੀ ਆਗੂ ਪਰਮਜੀਤ ਸਿੰਘ ਬਰਾੜ ਦੇ ਗ੍ਰਹਿ ਵਿਖੇ ਅਕਾਲੀ ਵਰਕਰਾਂ ਦੀ ਨੁੱਕੜ ਮੀਟਿੰਗ ਕੀਤੀ ਗਈ ਜਿਥੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਸਿੰਘ ਬਿੱਟੂ ਵੱਲੋਂ ਪਰਮਜੀਤ ਸਿੰਘ ਬਰਾੜ ਨੂੰ ਜ਼ਿਲ੍ਹਾ ਮੀਤ ਪ੍ਰਧਾਨ ਦਾ ਨਿਯੁਕਤੀ ਪੱਤਰ ਸੌਂਪਿਆ ਗਿਆ। ਇਸ ਦੌਰਾਨ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਪੱਪੀ ਅਤੇ ਬਰਾੜ ਨੇ ਕਿਹਾ ਕਿ ਪਾਰਟੀ ਵਲੋਂ ਮਿਲੀ ਜ਼ਿੰਮੇਵਾਰੀ ਨੂੰ ਇਮਾਨਦਾਰੀ ਅਤੇ ਪੂਰੀ ਤਨਦੇਹੀ ਨਾਲ ਨਿਭਾ ਕੇ ਪਾਰਟੀ ਦਾ ਸੁਨੇਹਾ ਘਰ ਘਰ ਤੱਕ ਪਹੁੰਚਾਇਆ ਜਾਵੇਗਾ। ਇਸ ਮੌਕੇ ਚਰਨਜੀਤ ਸਿੰਘ ਸੱਕਾਂਵਾਲੀ, ਜਗਮੀਤ ਸਿੰਘ ਜੱਗੀ ਸਰਕਲ ਪ੍ਰਧਾਨ, ਅਮਰੀਕ ਸਿੰਘ, ਵਿਜੈ ਰੁਪਾਣਾ, ਗੋਲਾ ਸੋਢੀ, ਛਿੰਦਰਪਾਲ, ਭਗਵਾਨ ਦਾਸ, ਰਾਜ ਕੁਮਾਰ, ਹਰਪਾਲ ਸਿੰਘ, ਸ਼ਿਵਰਾਜ ਬਰਾੜ ਆਦਿ ਹਾਜ਼ਰ ਸਨ।

# ਆਜ਼ਾਦੀ ਤੋਂ ਬਾਅਦ ਹਰੇਕ ਖੇਤਰ 'ਚ ਹੋਈ ਬੇਮਿਸਾਲ ਤਰੱਕੀ ਕਾਂਗਰਸ ਦੀ ਦੇਣ : ਖਾਰਾ

## ਸੰਵਿਧਾਨ ਬਚਾਉਣ ਵਾਸਤੇ ਕਾਂਗਰਸ ਉਮੀਦਵਾਰਾਂ ਨੂੰ ਜਿਤਾਉਣਾ ਸਮੇਂ ਦੀ ਮੁੱਖ ਲੋੜ



**ਮਮਦੋਟ, (ਜਸਬੀਰ ਸਿੰਘ ਕੰਬੋਜ)**-ਜਦ ਦੇਸ਼ ਆਜ਼ਾਦ ਹੋਇਆ ਤਾਂ ਆਪਣੇ ਨਾਗਰਿਕਾਂ ਦੀ ਮੁੱਖ ਲੋੜ ਪੂਰੀ ਕਰਨ ਵਾਸਤੇ ਅਨਾਜ ਵੀ ਬਾਹਰੋਂ ਮੰਗਵਾਉਣਾ ਪੈਂਦਾ ਸੀ, ਪਰ ਆਜ਼ਾਦੀ ਤੋਂ ਬਾਅਦ ਕਾਂਗਰਸ ਪਾਰਟੀ ਦੀਆਂ ਬਣੀਆਂ ਸਰਕਾਰਾਂ ਨੇ ਦੇਸ਼ ਨੂੰ ਆਤਮ ਨਿਰਭਰ ਹੀ ਨਹੀਂ ਕੀਤਾ, ਸਗੋਂ ਹੁਣ ਦੇਸ਼ ਵਿੱਚ ਪੈਦਾ ਹੋਇਆ ਅੰਨ ਭਾਰਤ ਬਾਹਰ ਭੇਜਣ ਦੀ ਵੀ ਸਮਰਥਾ ਰੱਖਦਾ ਹੈ। ਇਸ ਗੱਲ ਦਾ ਪ੍ਰਗਟਾਵਾ ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸ਼ੇਰ ਸਿੰਘ ਘੁਬਾਇਆ ਦੇ ਹੱਕ ਵਿੱਚ ਕੀਤੀਆਂ ਜਾ ਰਹੀਆਂ ਮੀਟਿੰਗਾਂ ਸਮੇਂ ਗੁਰਬਚਨ ਸਿੰਘ ਖਾਰਾ ਸਾਬਕਾ ਵਾਈਸ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ ਨੇ ਆਪਣੇ ਸੰਬੋਧਨ ਦੌਰਾਨ ਕੀਤਾ। ਉਨ੍ਹਾ ਕਿਹਾ ਕਿ ਇਹ ਕਾਂਗਰਸ ਪਾਰਟੀ ਹੀ ਸੀ, ਜਿਸ ਦੀ ਸਰਕਾਰ ਸਮੇਂ ਇੱਕ ਪੰਜਾਬੀ ਸਿੱਖ ਡਾਕਟਰ ਮਨਮੋਹਨ ਸਿੰਘ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਬਣਨ ਦਾ ਸੁਭਾਗ ਪ੍ਰਾਪਤ ਹੋਇਆ ਤੇ ਇੱਕ ਮੁਸਲਮ ਡਾਕਟਰ ਏਪੀਜੇ ਅਬਦੁਲ ਕਲਾਮ ਨੂੰ ਰਾਸ਼ਟਰਪਤੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਉਨ੍ਹਾ ਕਿਹਾ ਕਿ ਭਾਜਪਾ ਦੇਸ਼ ਵਿੱਚ ਗਾਹੇ-ਬਗਾਹੇ ਹਿੰਦੂਤਵ ਦਾ ਅਜੰਡਾ ਲਾਗੂ ਕਰਨਾ ਚਾਹੁੰਦੀ ਹੈ, ਜਿਸ ਕਰਕੇ ਸੰਵਿਧਾਨ ਬਚਾਉਣ ਵਾਸਤੇ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਉਣਾ ਸਮੇਂ ਦੀ ਮੁੱਖ ਲੋੜ ਹੈ।ਇਸ ਮੌਕੇ ਉਨ੍ਹਾਂ ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸ਼ੇਰ ਸਿੰਘ ਘੁਬਾਇਆ ਦੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਹਰਪਾਲ ਸਿੰਘ ਨੀਟਾ ਸੋਢੀ, ਤੇਜ ਬੀਰ ਸਿੰਘ ਖਾਰਾ ਜ਼ਿਲ੍ਹਾ ਯੂਥ ਸਕੱਤਰ, ਗੁਰਭੇਜ ਸਿੰਘ ਸਰਪੰਚ ਕਾਲਾ ਟਿੱਬਾ, ਬਾਜ ਸਿੰਘ ਐੱਮ ਸੀ, ਪੁਸ਼ਪਿੰਦਰ ਸਿੰਘ ਸੰਧੂ ਸਾਹਣ ਕੇ, ਕਿੱਕਰ ਸਿੰਘ ਪ੍ਰਧਾਨ ਕੋਆਪ੍ਰੇਟਿਵ ਸੁਸਾਇਟੀ ਸਮੇਤ ਵੱਡੀ ਗਿਣਤੀ 'ਚ ਪਾਰਟੀ ਵਰਕਰ ਤੇ ਅਹੁਦੇਦਾਰ ਹਾਜ਼ਰ ਸਨ।

# ਜੀ. ਹੋਲੀ ਹਾਰਟ ਸਕੂਲ 'ਚ ਹੋਣਹਾਰ ਵਿਦਿਆਰਥੀ ਸਨਮਾਨਤ




**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)**-ਜੀ ਹੋਲੀ ਹਾਰਟ ਪਬਲਿਕ ਸਕੂਲ ਮਹਿਲ ਕਲਾਂ ਵਿੱਚ ਜਮਾਤ ਦਸਵੀਂ ਤੇ ਬਾਰਵੀਂ ਵਿੱਚੋਂ 80 ਫ਼ੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।ਇਸ ਸਨਮਾਨ ਸਮਾਰੋਹ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਪ੍ਰਬੰਧਕਾਂ ਨੇ ਐਲਾਨ ਕੀਤਾ ਕਿ 90 ਫ਼ੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਨ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੱਤੀ ਜਾਵੇਗੀ।ਵਿਦਿਆਰਥੀਆਂ ਦੇ ਮਾਪਿਆਂ ਨੇ ਸਕੂਲ ਦੇ ਸਮੁੱਚੇ ਪ੍ਰਬੰਧ ਤੇ ਤਜਰਬੇਕਾਰ ਸਟਾਫ਼ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਸ਼ਾਨਦਾਰ ਨਤੀਜੇ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਸਖ਼ਤ ਮਿਹਨਤ ਕਾਰਨ ਆਏ ਹਨ।ਪ੍ਰਬੰਧਕੀ ਕਮੇਟੀ ਦੇ ਮੈਨੇਜਿੰਗ ਡਾਇਰੈਕਟਰ ਸੁਸ਼ੀਲ ਗੋਇਲ, ਡਾਇਰੈਕਟਰ ਰਾਕੇਸ਼ ਬਾਂਸਲ, ਪ੍ਰਿੰਸੀਪਲ ਗੁਰਪ੍ਰੀਤ ਕੌਰ, ਵਾਈਸ ਪ੍ਰਿੰਸੀਪਲ ਪੂਜਾ ਸ਼ਰਮਾ ਵੱਲੋਂ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਗਈ।ਐੱਮ. ਡੀ. ਸੁਸ਼ੀਲ ਗੋਇਲ ਨੇ ਦੱਸਿਆ ਕਿ ਸਾਡੀ ਸੰਸਥਾ ਵਿਦਿਆਰਥੀਆਂ ਦੇ ਭਵਿੱਖ ਨੂੰ ਚੰਗਾ ਬਣਾਉਣ ਲਈ ਹਰ ਸੰਭਵ ਕਦਮ ਚੁੱਕ ਰਹੀ ਹੈ ਅਤੇ ਉੱਚੀਆਂ ਬੁਲੰਦੀਆਂ ਸਰ ਕਰਨ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਹਮੇਸ਼ਾ ਜਾਰੀ ਰਹੇਗੀ।

# ਡਾ. ਬਲਬੀਰ ਸਿੰਘ ਤੇ ਦੇਵ ਮਾਨ ਨੇ ਕੀਤਾ ਭਾਦਸੋਂ 'ਚ ਚੋਣ ਦਫਤਰ ਦਾ ਉਦਘਾਟਨ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਵਿੱਚ ਲੋਕ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਅਖਾੜਾ ਲਗਾਤਾਰ ਭਖਦਾ ਜਾ ਰਿਹਾ ਹੈ, ਜਿਸ ਦੇ ਤਹਿਤ ਨਾਭਾ ਦੀ ਸਭ ਤਹਿਸੀਲ ਭਾਦਸੋਂ ਵਿਖੇ ਆਮ ਪਾਰਟੀ ਦੇ ਲੋਕ ਸਭਾ ਪਟਿਆਲਾ ਤੋਂ ਉਮੀਦਵਾਰ ਡਾਕਟਰ ਬਲਬੀਰ ਸਿੰਘ ਵੱਲੋਂ ਦਫਤਰ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਡਾਕਟਰ ਬਲਵੀਰ ਸਿੰਘ ਨੇ ਕਿਹਾ ਕਿ ਲੋਕਾਂ ਦਾ ਬਹੁਤ ਵੱਡਾ ਹੁੰਗਾਰਾ ਮਿਲ ਰਿਹਾ ਤੇ ਅਸੀਂ ਭਾਰੀ ਬਹੁੱਮਤ ਨਾਲ ਜਿੱਤ ਪ੍ਰਾਪਤ ਕਰਾਂਗੇ। ਡਾਕਟਰ ਬਲਵੀਰ ਨੇ ਕਿਹਾ ਕਿ ਬੀਜੇਪੀ ਦਾ ਪੰਜਾਬ ਵਿੱਚ ਕੋਈ ਆਧਾਰ ਨਹੀਂ, ਭਾਵੇਂ ਨਰਿੰਦਰ ਮੋਦੀ ਪੰਜਾਬ ਵਿੱਚ ਜਿੰਨੀਆਂ ਮਰਜ਼ੀਆਂ ਰੈਲੀਆਂ ਕਰ ਲਵੇ। ਇਸ ਮੌਕੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵਮਾਨ ਨੇ ਕਿਹਾ ਕਿ ਨਾਭਾ ਹਲਕੇ ਵਿੱਚ ਭਾਰੀ ਉਤਸ਼ਾਹ ਮਿਲ ਰਿਹਾ ਹੈ ਤੇ ਭਾਦਸੋਂ ਹਲਕਾ ਕਾਂਗਰਸ ਦਾ ਗੜ੍ਹ ਸੀ ਤੇ ਇੱਥੇ ਆਮ ਪਾਰਟੀ ਦੀ ਬੱਲੇ ਬੱਲੇ ਹੈ।ਇਸ ਮੌਕੇ ਉਨ੍ਹਾਂ ਨਾਲ ਇੰਦਰਜੀਤ ਸਿੰਘ ਸੰਧੂ ਵਾਇਸ ਚੇਅਰਮੈਨ, ਵਾਤਾਵਰਨ ਪ੍ਰੇਮੀ ਤੇ ਸੀਨੀਅਰ ਆਗੂ ਗੁਲਾਬ ਮਾਨ, ਗੁਰਦੀਪ ਸਿੰਘ ਦੀਪਾ ਰਾਮਗੜ੍ਹ ਚੇਅਰਮੈਨ, ਗੁਰਦੀਪ ਸਿੰਘ ਟਿਵਾਣਾ, ਰੁਪਿੰਦਰ ਸਿੰਘ ਭਾਦਸੋਂ ਪ੍ਰਧਾਨ ਟਰੱਕ ਯੂਨੀਅਨ, ਨਰਿੰਦਰ ਜੋਸੀ ਸਮਾਜ ਸੇਵਕ, ਕਮਲ ਭਾਦਸੋਂ ਬਲਾਕ ਪ੍ਰਧਾਨ, ਵਿੱਕੀ ਭਾਦਸੋਂ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਹੁਦੇਦਾਰ ਤੇ ਵਲੰਟੀਅਰ ਮੌਜੂਦ ਸਨ।

# ਆਈ ਐੱਸ ਐੱਫ ਕਾਲਜ 'ਚ ਗੈੱਸਟ ਲੈਕਚਰ ਕਰਾਇਆ

**ਮੋਗਾ (ਇਕਬਾਲ ਸਿੰਘ ਖਹਿਰਾ)**-ਸੂਬੇ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਆਈ ਐੱਸ ਐੱਫ ਕਾਲਜ ਆਫ਼ ਫਾਰਮੇਸੀ ਵਿਖੇ ਰਚਨਾਤਮਕਤਾ ਤੇ ਨਵੀਨਤਾ ਬਾਰੇ ਗੈਸਟ ਲੈਕਚਰ ਕੀਤਾ ਗਿਆ। ਸੰਸਥਾ ਦੇ ਡਾਇਰੈਕਟਰ ਡਾ. ਜੀ. ਡੀ. ਗੁਪਤਾ ਨੇ ਦੱਸਿਆ ਕਿ ਰਾਸ਼ਟਰੀ ਟੈਕਨਾਲੋਜੀ ਦਿਵਸ ਨੂੰ ਮੁੱਖ ਰੱਖਦੇ ਹੋਏ ਆਈ.ਆਈ.ਸੀ. ਵੱਲੋਂ ਕ੍ਰਿਏਟੀਵਿਟੀ ਤੇ ਇਨੋਵੇਸ਼ਨ ਵਿਸ਼ੇ 'ਤੇ ਗੈਸਟ ਲੈਕਚਰ ਕੀਤਾ ਗਿਆ, ਜਿਸ ਵਿੱਚ ਡਾ: ਸੁਰੇਸ਼ ਟੇਰੇਜਾ ਪ੍ਰੋਫ਼ੈਸਰ ਤੇ ਹੈੱਡ ਸੈਂਟਰਲ ਯੂਨੀਵਰਸਿਟੀ ਬਠਿੰਡਾ, ਡਾ: ਰਾਜ ਕੁਮਾਰ ਸਾਇੰਟਿਸਟ ਅਤੇ ਡਾ: ਅਜੇ ਕੁਸ਼ਵਾਹਾ ਨੇ ਵਿਦਿਆਰਥੀਆਂ ਨੂੰ ਭਾਰਤ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦੇ ਨਾਲ-ਨਾਲ ਮੁੱਢਲੇ ਵਿਗਿਆਨ, ਤਕਨਾਲੋਜੀ ਤੇ ਨਵੀਨਤਾ ਬਾਰੇ ਚਾਨਣਾ ਪਾਇਆ। ਸੰਸਥਾ ਦੇ ਡਾਇਰੈਕਟਰ ਡਾ: ਜੀ. ਡੀ. ਗੁਪਤਾ ਨੇ ਸਾਰਿਆਂ ਦਾ ਸਨਮਾਨ ਕਰਦੇ ਹੋਏ ਅਜਿਹੇ ਲੈਕਚਰ ਜਾਰੀ ਰੱਖਣ 'ਤੇ ਜ਼ੋਰ ਦਿੱਤਾ। ਪ੍ਰੋਗਰਾਮ ਦਾ ਸੰਚਾਲਨ ਡਾ: ਸੰਤ ਕੁਮਾਰ ਵਰਮਾ ਨੇ ਕੀਤਾ। ਇਸ ਮੌਕੇ ਆਈ.ਆਈ.ਸੀ. ਕੋਆਰਡੀਨੇਟਰ ਡਾ: ਮਨੀਸ਼ ਕੁਮਾਰ ਨੇ ਕੀਤਾ। ਇਸ ਗੈਸਟ ਲੈਕਚਰ ਦੇ ਸਫਲ ਆਯੋਜਨ 'ਤੇ ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ, ਸਕੱਤਰ ਇੰਜੀ. ਜਨੇਸ਼ ਗਰਗ, ਡਾ: ਮੁਸਕਾਨ ਗਰਗ, ਡਾ: ਜੀ. ਡੀ. ਗੁਪਤਾ, ਆਈ.ਐੱਸ.ਐੱਫ.ਸੀ.ਪੀ.ਆਰ. ਦੇ ਪ੍ਰਿੰਸੀਪਲ ਡਾ. ਆਰ. ਕੇ. ਨਾਰੰਗ ਨੇ ਵਧਾਈ ਦਿੱਤੀ।

# ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ 'ਚ ਭਾਸ਼ਣ ਮੁਕਾਬਲੇ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਘਾ ਪੁਰਾਣਾ ਇਲਾਕੇ ਦੀ ਇਕੋ ਇਕ ਨਾਮਵਰ ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਜੋ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਦੇ ਮਾਨਸਿਕ ਅਤੇ ਬੌਧਿਕ ਵਿਕਾਸ ਲਈ ਹਮੇਸ਼ਾ ਵਚਨਬੱਧ ਹੈ, ਵਿਖੇ ਚੇਅਰਮੈਨ ਗੁਰਦੇਵ ਸਿੰਘ ਅਤੇ ਪ੍ਰਿੰਸੀਪਲ ਅਤੇ ਡਾਇਰੈਕਟਰ ਸੰਦੀਪ ਮਹਿਤਾ ਦੀ ਯੋਗ ਅਗਵਾਈ 'ਚ ਗਿਆਰਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਪੰਜਾਬੀ ਅਤੇ ਅੰਗਰੇਜ਼ੀ ਵਿਸ਼ੇ ਲਈ ਭਾਸ਼ਣ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਮੁਕਾਬਲਿਆਂ ਦਾ ਮੰਤਵ ਵਿਦਿਆਰਥੀਆਂ ਦੀ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ 'ਤੇ ਪਕੜ ਮਜ਼ਬੂਤ ਕਰਨਾ ਅਤੇ ਵਿਦਿਆਰਥੀਆਂ ਵਿੱਚ ਇੱਕ ਚੰਗਾ ਬੁਲਾਰਾ ਬਣਨਾ, ਕਿਸੇ ਵਿਸ਼ੇ ਲਈ ਭਾਸ਼ਣ ਯੋਗਤਾ ਲਈ ਵਿਸ਼ਾਲ ਸ਼ਬਦ ਭੰਡਾਰ ਦੀ ਚੋਣ ਆਦਿ ਕਰਨਾ ਸੀ। ਗਿਆਰਵੀ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਕੁਝ ਚਲੰਤ ਮਸਲੇ ਜਿਵੇਂ ਸੋਸ਼ਲ ਮੀਡੀਆ ਦੇ ਲਾਭ ਤੇ ਹਾਨੀਆਂ, ਨਾਰੀ ਸ਼ਕਤੀ, ਭਾਰਤੀ ਸੰਵਿਧਾਨ ਅਤੇ ਚੋਣਾਂ, ਵਿਦਿਆਰਥੀ ਦੀ ਜ਼ਿੰਦਗੀ ਵਿੱਚ ਕਿਤਾਬਾਂ ਦਾ ਮਹੱਤਵ ਅਤੇ ਵਿਦਿਆਰਥੀ ਜੀਵਨ ਵਿੱਚ ਖੇਡਾਂ ਦੇ ਮਹੱਤਵ ਆਦਿ ਵਿਸ਼ਿਆਂ ਦੀ ਚੋਣ ਕੀਤੀ ਗਈ ਤਾਂ ਜੋ ਵਿਦਿਆਰਥੀ ਪੜ੍ਹਾਈ ਦੇ ਨਾਲ-ਨਾਲ ਸਮਾਜਿਕ ਗਤੀਵਿਧੀਆਂ ਬਾਰੇ ਵੀ ਜਾਗੂਰਕ ਰਹਿਣ। ਇਨ੍ਹਾਂ ਮੁਕਾਬਲਿਆਂ 'ਚ 20 ਦੇ ਲੱਗਭੱਗ ਵਿਦਿਆਰਥੀਆਂ ਨੇ ਭਾਗ ਲਿਆ। ਜਿਨ੍ਹਾਂ ਵਿੱਚ ਸ਼ਨਾਇਆ ਮਹਿਤਾ ਨੇ ਪਹਿਲਾ, ਮੁਸਕਾਨ ਆਹੂਜਾ ਨੇ ਦੂਸਰਾ, ਗੁਰਵੀਰ ਕੌਰ ਅਤੇ ਸੁਮਨਦੀਪ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਚੇਅਰਮੈਨ ਗੁਰਦੇਵ ਸਿੰਘ, ਪ੍ਰਿੰਸੀਪਲ ਅਤੇ ਡਾਇਰੈਕਟਰ ਸੰਦੀਪ ਮਹਿਤਾ, ਕੋਆਰਡੀਨੇਟਰ ਮੁਕੇਸ਼ ਅਰੋੜਾ, ਕੋਆਰਡੀਨੇਟਰ ਦੀਪਿਕਾ ਮਨਚੰਦਾ, ਐਡਵੋਕੇਟ ਰਾਜਾ ਸਿੰਘ ਅਤੇ ਖੁਸ਼ਪ੍ਰੀਤ ਕੌਰ ਵੱਲੋਂ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਇਸ ਮੁਕਾਬਲੇ 'ਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਵੀ ਸਨਮਾਨਤ ਕੀਤਾ ਗਿਆ। ਜੱਜਮੈਂਟ ਦੀ ਭੂਮਿਕਾ ਮੈਡਮ ਹਰਮੀਤ ਕੌਰ ਅਤੇ ਰਜਨੀ ਵਰਮਾ ਵੱਲੋਂ ਨਿਭਾਈ ਗਈ। ਸਟੇਜ ਸੰਚਾਲਨ ਦੀ ਭੂਮਿਕਾ ਮੈਡਮ ਅਲਕਾ ਨੇ ਨਿਭਾਈ।

# 24 ਨੂੰ ਛੱਡੋ, 27 'ਚ ਵੀ ਭਾਜਪਾ ਦੀ ਸਰਕਾਰ ਬਣਨੀ ਤੈਅ : ਰਾਣਾ ਸੋਢੀ



**ਮਲੋਟ (ਗੁਰਮੀਤ ਸਿੰਘ ਮੱਕੜ)** : ਲੋਕ ਸਭਾ ਦੀਆਂ ਚੋਣਾਂ ਨੂੰ ਲੈ ਕੇ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਉਮੀਦਵਾਰਾਂ ਵੱਲੋਂ ਚੋਣ ਪ੍ਰਚਾਰ ਤੇਜ਼ ਕੀਤਾ ਹੋਇਆ ਹੈ, ਇਸ ਦੇ ਚੱਲਦੇ ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਭਾਜਪਾ ਦੇ ਉਮੀਦਵਾਰ ਰਾਣਾ ਗੁਰਮੀਤ ਸਿੰਘ ਸੋਢੀ ਨੇ ਮਲੋਟ ਹਲਕੇ ਦੇ ਪਿੰਡਾਂ ਤੇ ਸ਼ਹਿਰ ਦਾ ਦੌਰਾ ਕੀਤਾ ਅਤੇ ਵੋਟਰਾਂ ਨੂੰ ਲਾਮਬੰਦ ਕੀਤਾ। ਇਸ ਮੌਕੇ ਮਲੋਟ ਸ਼ਹਿਰ ਦੇ ਦੌਰੇ ਦੌਰਾਨ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਰਾਣਾ ਗੁਰਮੀਤ ਸਿੰਘ ਸੋਢੀ ਨੇ ਕਿਹਾ ਕਿ ਭਾਜਪਾ ਨੂੰ ਪੰਜਾਬ ਵਿਚ ਇੱਕ ਵਧੀਆ ਹੁੰਗਾਰਾ ਮਿਲ ਰਿਹਾ ਹੈ ਤੇ 2027 ਵਿੱਚ ਵੀ ਪੰਜਾਬ 'ਚ ਭਾਜਪਾ ਸਰਕਾਰ ਬਣਨੀ ਤੈਅ ਹੈ। ਅੱਜ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੇ ਚੋਣ ਮਨੋਰਥ ਪੱਤਰ ਵਿੱਚ ਪੰਜਾਬ ਦੇ ਹਿੱਤਾਂ ਦੀ ਗੱਲ ਕਰਨ ਦੇ ਪੁੱਛੇ ਸਵਾਲ ਦੇ ਜਵਾਬ ਵਿੱਚ ਉਨ੍ਹਾ ਕਿਹਾ ਕਿ ਪਹਿਲਾਂ ਅਕਾਲੀ ਦਲ ਕਿੱਥੇ ਗਿਆ। ਭਾਜਪਾ ਉਮੀਦਵਾਰਾਂ ਦਾ ਕਿਸਾਨਾਂ ਵੱਲੋਂ ਵਿਰੋਧ ਕੀਤੇ ਜਾਣ 'ਤੇ ਉਨ੍ਹਾ ਕਿਹਾ ਕਿ ਕਿਸਾਨ ਵਿਰੋਧ ਨਹੀਂ ਕਰ ਰਹੇ, ਵਿਰੋਧ ਕਰਨ ਵਾਲੇ ਦੂਜੀਆਂ ਪਾਰਟੀਆਂ ਦੇ ਕਰਿੰਦੇ ਹਨ। ਇਹ ਲੋਕ ਆਮ ਆਦਮੀ ਪਾਰਟੀ ਜਾਂ ਕਾਂਗਰਸ ਦਾ ਵਿਰੋਧ ਕਿਉਂ ਨਹੀਂ ਕਰ ਰਹੇ, ਇਸ ਤੋਂ ਪਤਾ ਲੱਗਦਾ ਹੈ ਕਿ ਇਹ ਇੱਕ ਸਾਜ਼ਿਸ਼ ਹੈ। ਇਸ ਮੌਕੇ ਮਾਨ ਸਿੰਘ ਮੱਕੜ, ਸੁਰਿੰਦਰਪਾਲ ਸਿੰਘ ਮੱਕੜ, ਗੁਰੂ ਰਾਮਦਾਸ ਕਾਲਜ ਦੇ ਚੇਅਰਮੈਨ ਮਨਪ੍ਰੀਤ ਸਿੰਘ ਮੱਕੜ, ਪੁਸ਼ਪਿੰਦਰ ਸਿੰਘ ਮੱਕੜ ਆਦਿ ਵੱਡੀ ਗਿਣਤੀ ਵਿੱਚ ਭਾਜਪਾ ਆਗੂ ਤੇ ਵਰਕਰ ਹਾਜ਼ਰ ਸਨ।

# ਜ਼ਿਲ੍ਹਾ ਮੀਤ ਪ੍ਰਧਾਨ ਸਣੇ 11 ਦੀ ਮੈਂਬਰਸ਼ਿਪ ਖਾਰਜ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਰਜਿ. 31 ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਮੀਟਿੰਗ ਕੀਤੀ ਗਈ।ਇਸ ਮੌਕੇ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਤੋਂ ਸੂਬਾ ਪ੍ਰਚਾਰ ਸਕੱਤਰ ਤੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਭੱਟੀ, ਜ਼ਿਲ੍ਹਾ ਜਨਰਲ ਸਕੱਤਰ ਸੁਰਜੀਤ ਸਿੰਘ ਤੱਖੀ, ਜ਼ਿਲ੍ਹਾ ਪ੍ਰੈੱਸ ਸਕੱਤਰ ਬਿਕਰਮ ਸਿੰਘ ਕਪੂਰ, ਸੌਰਵ ਮਿਗਲਾਨੀ, ਜ਼ਿਲ੍ਹਾ ਪ੍ਰਚਾਰ ਸਕੱਤਰ ਤਰਲੋਕ ਸਿੰਘ ਤੇ ਗੁਰਦੇਵ ਸਿੰਘ ਨੇ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਦੇ ਕੁਝ ਸਾਥੀ ਜਥੇਬੰਦੀ ਦੇ ਉਲਟ ਗਤੀਵਿਧੀਆਂ ਕਰ ਰਹੇ ਹਨ ਤੇ ਜਥੇਬੰਦੀ ਦੇ ਵਰਕਰਾਂ ਨੂੰ ਤੋੜ ਰਹੇ ਹਨ।ਇਸ ਲਈ ਜਥੇਬੰਦੀ ਵੱਲੋਂ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਜਥੇਬੰਦੀ ਦੇ ਜ਼ਿਲ੍ਹਾ ਮੀਤ ਪ੍ਰਧਾਨ ਜਸਬੀਰ ਸਿੰਘ ਕਾਲਾ, ਗਗਨਦੀਪ ਸਿੰਘ, ਗੁਰਮੀਤ ਸਿੰਘ, ਨਿਰਮਲ ਸਿੰਘ, ਪਨਦੀਪ ਸਿੰਘ ਧੀਰਾ, ਹਰਪਾਲ ਸਿੰਘ, ਸੁਖਜੀਤ ਸਿੰਘ, ਲਵਜੀਤ ਸਿੰਘ, ਸੰਦੀਪ ਸਿੰਘ, ਰਾਜਵਿੰਦਰ ਸਿੰਘ ਤੇ ਸ਼ਮਸ਼ੇਰ ਸਿੰਘ ਦੀ ਮੁਢਲੀ ਮੈਂਬਰਸ਼ਿਪ ਖ਼ਾਰਜ ਕਰ ਦਿੱਤੀ ਗਈ ਹੈ ਅਤੇ ਇਹ ਫੈਸਲਾ ਲਿਆ ਗਿਆ ਕਿ ਇਨ੍ਹਾਂ ਸਾਥੀਆਂ ਦਾ ਹੁਣ ਜਥੇਬੰਦੀ ਨਾਲ ਕੋਈ ਵੀ ਲੈਣ-ਦੇਣ ਨਹੀਂ ਕੀਤਾ ਜਾਵੇਗਾ।

# ਕਿਸਾਨੀ, ਕਮਜ਼ੋਰ ਵਰਗਾਂ, ਵਪਾਰ ਤੇ ਉਦਯੋਗ ਬਚਾਉਣ ਲਈ ਅਕਾਲੀ ਦਲ ਦੀ ਹਮਾਇਤ ਕਰੋ : ਹਰਸਿਮਰਤ ਬਾਦਲ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸਾਬਕਾ ਕੇਂਦਰੀ ਮੰਤਰੀ ਤੇ ਬਠਿੰਡਾ ਦੇ ਐੱਮ ਪੀ ਹਰਸਿਮਰਤ ਕੌਰ ਬਾਦਲ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਕਿਸਾਨੀ ਨੂੰ ਬਚਾਉਣ, ਕਮਜ਼ੋਰ ਵਰਗਾਂ ਦੀ ਮਦਦ ਅਤੇ ਵਪਾਰ ਤੇ ਉਦਯੋਗ ਨੂੰ ਉਤਸ਼ਾਹਤ ਕਰਨ ਵਾਸਤੇ ਸ਼੍ਰੋਮਣੀ ਅਕਾਲੀ ਦਲ ਦੀ ਹਮਾਇਤ ਕਰੋ।ਬੀਬੀ ਬਾਦਲ ਨੇ ਕਿਹਾ ਕਿ ਇਸੇ ਤਰੀਕੇ ਸਾਰੀਆਂ ਸਮਾਜ ਭਲਾਈ ਸਕੀਮਾਂ ਵਿੱਚ ਵੀ ਕਟੌਤੀ ਕਰ ਦਿੱਤੀ ਗਈ ਹੈ।ਕਾਂਗਰਸ ਸਰਕਾਰ ਨੇ ਅਕਾਲੀ ਦਲ ਦੀ ਸਰਕਾਰ ਵੇਲੇ ਦਿੱਤੀ ਜਾਂਦੀ 30 ਕਿੱਲੋ ਕਣਕ ਘਟਾ ਕੇ 15 ਕਿੱਲੋ ਕਰ ਦਿੱਤੀ ਸੀ ਤੇ ਹੁਣ ਆਪ ਨੇ ਘਟਾ ਕੇ 5 ਕਿੱਲੋ ਆਟਾ ਕਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਇਸੇ ਤਰੀਕੇ ਸ਼ਗਨ ਤੇ ਲੜਕੀਆਂ ਲਈ ਮੁਫਤ ਸਾਈਕਲ ਯੋਜਨਾ ਬੰਦ ਹੀ ਕਰ ਦਿੱਤੀ ਗਈ ਹੈ ਤੇ ਬੁਢਾਪਾ ਪੈਨਸ਼ਨ ਤੇ ਆਟਾ ਦਾਲ ਸਕੀਮ ਵਿੱਚੋਂ ਹਜ਼ਾਰਾਂ ਲਾਭਪਾਤਰੀਆਂ ਦੇ ਨਾਂਅ ਕੱਟ ਦਿੱਤੇ ਗਏ ਹਨ।

ਬਠਿੰਡਾ ਦੇ ਐੱਮ ਪੀ ਨੇ ਕਿਹਾ ਕਿ ਵਪਾਰ ਤੇ ਉਦਯੋਗ ਵੀ ਪਿਛਲੇ ਸੱਤ ਸਾਲਾਂ ਵਿੱਚ ਪ੍ਰਭਾਵਤ ਹੋਏ ਹਨ।ਉਨ੍ਹਾ ਕਿਹਾ ਕਿ ਕਾਨੂੰਨ ਵਿਵਸਥਾ ਕੰਟਰੋਲ ਤੋਂ ਬਾਹਰ ਹੈ।ਉਨ੍ਹਾਂ ਕਿਹਾ ਕਿ ਗੈਂਗਸਟਰ ਮਨਮਰਜ਼ੀਆਂ ਚਲਾ ਰਹੇ ਹਨ।ਫਿਰੌਤੀਆਂ ਸਿਖ਼ਰਾਂ 'ਤੇ ਹਨ।ਇਸ ਕਾਰਨ ਸੂਬੇ ਵਿੱਚ ਕੋਈ ਨਵਾਂ ਨਿਵੇਸ਼ ਨਹੀਂ ਹੋ ਰਿਹਾ ਤੇ ਪੰਜਾਬ ਤੋਂ ਉਦਯੋਗਪਤੀ ਉੱਤਰ ਪ੍ਰਦੇਸ਼ ਤੇ ਹੋਰ ਰਾਜਾਂ ਵਿੱਚ ਹਿਜਰਤ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਇਸ ਕਾਰਨ ਬੇਰੋਜ਼ਗਾਰੀ ਵਿੱਚ ਚੋਖਾ ਵਾਧਾ ਹੋਇਆ ਹੈ।

ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਕਾਲੀ ਦਲ 'ਤੇ ਵਿਸ਼ਵਾਸ ਪ੍ਰਗਟ ਕਰਨ ਤੇ ਤੁਹਾਨੂੰ ਭਰੋਸਾ ਦੁਆਉਂਦੇ ਹਾਂ ਕਿ ਅਸੀਂ ਨਸ਼ੇ ਵੀ ਖਤਮ ਕਰਾਂਗੇ ਤੇ ਪੰਜਾਬ ਵਿੱਚੋਂ ਗੈਂਗਸਟਰ ਵੀ ਖਤਮ ਕਰਾਂਗੇ। ਉਨ੍ਹਾ ਕਿਹਾ ਕਿ ਅਕਾਲੀ ਦਲ ਸੂਬੇ ਦੇ ਹਿੱਤਾਂ ਦੀ ਰਾਖੀ ਵਾਸਤੇ ਵਚਨਬੱਧ ਹੈ, ਜਦੋਂਕਿ ਕੌਮੀ ਪਾਰਟੀਆਂ ਅਜਿਹਾ ਨਹੀਂ ਕਰਦੀਆਂ।ਉਨ੍ਹਾ ਕਿਹਾ ਕਿ ਪੰਜਾਬ ਦੇ ਚੰਗੇ ਭਵਿੱਖ ਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਬਿਹਤਰ ਭਵਿੱਖ ਲਈ ਤੁਸੀਂ ਆਪਣੀ ਖੇਤਰੀ ਪਾਰਟੀ 'ਤੇ ਵਿਸ਼ਵਾਸ ਕਰੋ।

# ਮਾਤਾ ਗੁਜਰੀ ਕਾਲਜ 'ਚ ਫ਼ੋਟੋਗ੍ਰਾਫ਼ੀ ਤੇ ਵੀਡੀਓਗ੍ਰਾਫੀ ਵਰਕਸ਼ਾਪ




**ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਪੱਤਰਕਾਰੀ ਤੇ ਜਨਸੰਚਾਰ ਵਿਭਾਗ ਵੱਲੋਂ ਇੱਕ ਹਫ਼ਤੇ ਦੀ ਫ਼ੋਟੋਗ੍ਰਾਫ਼ੀ ਤੇ ਵੀਡੀਓਗ੍ਰਾਫੀ ਵਰਕਸ਼ਾਪ ਸਫ਼ਲਤਾਪੂਰਵਕ ਸੰਪੰਨ ਹੋ ਗਈ।ਇਸ ਵਰਕਸ਼ਾਪ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਉੱਘੇ ਪੱਤਰਕਾਰ ਤੇ ਯੂਟਿਊਬਰ ਸ੍ਰ. ਨਰਿੰਦਰ ਸਿੰਘ ਕਲੇਰ ਤੇ ਅਡੋਬ ਸਰਟੀਫਾਈਡ ਟਿਊਟਰ ਸ੍ਰੀ ਵਿਕਰਮ ਧੀਮਾਨ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਵਰਕਸ਼ਾਪ ਵਿੱਚ ਲਗਭਗ 35 ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।

ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਪੱਤਰਕਾਰੀ ਵਿਭਾਗ ਦੇ ਇਸ ਉਸਾਰੂ ਉਪਰਾਲੇ ਦੀ ਸ਼ਲਾਘਾ ਕਰਦਿਆਂ ਤੇ ਵਰਕਸ਼ਾਪ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸ਼ੁਭ-ਕਾਮਨਾਵਾਂ ਦਿੰਦਿਆਂ ਕਿਹਾ ਕਿ ਵਰਕਸ਼ਾਪ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਫ਼ੋਟੋਗ੍ਰਾਫ਼ੀ ਤੇ ਵੀਡੀਓਗ੍ਰਾਫੀ ਦੇ ਵੱਖ-ਵੱਖ ਮਹੱਤਵਪੂਰਨ ਪਹਿਲੂਆਂ ਬਾਰੇ ਜਾਨਣ ਦਾ ਅਵਸਰ ਮਿਲਿਆ, ਜੋ ਵਿਦਿਆਰਥੀਆਂ ਦੇ ਸੰਚਾਰ ਹੁਨਰ ਤੇ ਸ਼ਖ਼ਸੀਅਤ ਵਿਕਾਸ ਲਈ ਲਾਹੇਵੰਦ ਸਾਬਿਤ ਹੋਵੇਗਾ।

ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਰਕਸ਼ਾਪ ਦੌਰਾਨ ਵਿਦਿਆਰਥੀਆਂ ਨੂੰ ਫ਼ੋਟੋਗ੍ਰਾਫ਼ੀ, ਵੀਡੀਓਗ੍ਰਾਫੀ, ਫੋਟੋ ਤੇ ਵੀਡੀਓ ਸੰਪਾਦਨ ਦੀ ਬੁਨਿਆਦੀ ਪ੍ਰਕਿਰਿਆ ਬਾਰੇ ਜਾਣੂ ਕਰਵਾਇਆ ਗਿਆ ਅਤੇ ਉਨ੍ਹਾਂ ਦੀ ਕਲਾਤਮਕ ਤੇ ਰਚਨਾਤਮਕ ਪ੍ਰਤਿਭਾ ਨੂੰ ਹੋਰ ਨਿਖਾਰਨ ਲਈ ਵਿਹਾਰਕ ਸਿਖਲਾਈ ਵੀ ਪ੍ਰਦਾਨ ਕੀਤੀ ਗਈ।ਵਿਦਿਆਰਥੀਆਂ ਨੂੰ ਪ੍ਰੈਕਟੀਕਲ ਟ੍ਰੇਨਿੰਗ ਦਿੰਦਿਆਂ ਨਰਿੰਦਰ ਸਿੰਘ ਕਲੇਰ ਤੇ ਵਿਕਰਮ ਧੀਮਾਨ ਨੇ ਵਿਦਿਆਰਥੀਆਂ ਨੂੰ ਜਿੱਥੇ ਫ਼ੋਟੋਗ੍ਰਾਫ਼ੀ ਤੇ ਵੀਡੀਓਗ੍ਰਾਫੀ ਦੇ ਵੱਖ-ਵੱਖ ਵਿਹਾਰਕ, ਨੈਤਿਕ ਤੇ ਤਕਨੀਕੀ ਪਹਿਲੂਆਂ ਬਾਰੇ ਦੱਸਿਆ, ਉਥੇ ਨਾਲ ਹੀ ਗ੍ਰਾਫਿਕ ਡਿਜ਼ਾਇਨਿੰਗ, ਲੋਗੋ ਡਿਜ਼ਾਈਨਿੰਗ, ਪੋਸਟਰ ਡਿਜ਼ਾਈਨਿੰਗ, ਥੰਬਨੇਲ ਡਿਜ਼ਾਈਨਿੰਗ, ਬ੍ਰਾਂਡਿੰਗ, ਯੂਟਿਊਬ ਟ੍ਰੇਨਿੰਗ ਆਦਿ ਵਿਸ਼ਿਆਂ ਸਬੰਧੀ ਅਹਿਮ ਜਾਣਕਾਰੀ ਪ੍ਰਦਾਨ ਕੀਤੀ।ਪੱਤਰਕਾਰੀ ਵਿਭਾਗ ਦੇ ਮੁਖੀ ਪ੍ਰੋ. ਹਰਗੁਣਪ੍ਰੀਤ ਸਿੰਘ ਨੇ ਕਾਲਜ ਪ੍ਰਿੰਸੀਪਲ, ਵਾਈਸ ਪ੍ਰਿੰਸੀਪਲ ਅਤੇ ਵਿਸ਼ੇਸ਼ ਮਹਿਮਾਨਾਂ ਦਾ ਧੰਨਵਾਦ ਕੀਤਾ।ਪੱਤਰਕਾਰੀ ਵਿਭਾਗ ਦੇ ਪ੍ਰੋ. ਦਿਲਰਾਜ ਸਿੰਘ, ਪ੍ਰੋ. ਭਗਵੰਤ ਸਿੰਘ ਤੇ ਪ੍ਰੋ. ਬਲਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਫ਼ੋਟੋ ਐਡੀਟਿੰਗ ਤੇ ਵੀਡੀਓ ਐਡੀਟਿੰਗ ਦੇ ਵੱਖ-ਵੱਖ ਤਕਨੀਕੀ ਪਹਿਲੂਆਂ ਬਾਰੇ ਜਾਣਕਾਰੀ ਦਿੱਤੀ।ਸਮਾਗਮ ਦੇ ਅਖੀਰ ਵਿੱਚ ਵਿਦਿਆਰਥੀਆਂ ਨੇ ਵਰਕਸ਼ਾਪ ਸਬੰਧੀ ਆਪਣਾ ਸਕਾਰਾਤਮਕ ਤਜਰਬਾ ਤੇ ਪ੍ਰਤੀਕਿਰਿਆ ਸਾਂਝੀ ਕੀਤੀ।ਇਸ ਮਗਰੋਂ ਵਰਕਸ਼ਾਪ ਵਿੱਚ ਭਾਗ ਲੈਣ ਵਾਲੇ ਸਭ ਵਿਦਿਆਰਥੀਆਂ ਨੂੰ ਸਰਟੀਫਿਕੇਟ ਪ੍ਰਦਾਨ ਕਰਕੇ ਸਨਮਾਨਤ ਕੀਤਾ ਗਿਆ।

# ਵਣ ਵਿਭਾਗ ਦੀ ਜਗ੍ਹਾ 'ਚੋਂ ਮਿੱਟੀ ਪੁੱਟਣ ਦੇ ਦੋਸ਼ 'ਚ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਜੰਗਲਾਤ ਵਿਭਾਗ ਦੇ ਇੱਕ ਅਧਿਕਾਰੀ ਦੀ ਸ਼ਿਕਾਇਤ 'ਤੇ ਚੁੰਨੀ ਪੁਲਸ ਵੱਲੋਂ ਦੋ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਵਾਏ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਵਣ ਰੇਂਜ ਅਫਸਰ ਖਮਾਣੋਂ ਵੱਲੋਂ ਪੁਲਸ ਨੂੰ ਦਿੱਤੀ ਗਈ ਸ਼ਿਕਾਇਤ 'ਚ ਦੋਸ਼ ਲਗਾਏ ਗਏ ਸਨ ਕਿ ਸੁੱਖਾ ਸਿੰਘ ਤੇ ਗੁਰਸੇਵਕ ਸਿੰਘ ਵੱਲੋਂ ਐੱਸ.ਵਾਈ.ਐੱਲ. ਨਹਿਰ ਨੇੜੇ ਪਿੰਡ ਪਵਾਲਾ ਵਿਖੇ ਪੈਂਦੀ ਵਣ ਸਟਰਿੱਪ ਵਿੱਚੋਂ ਮਿਤੀ 26/2/24 ਤੇ 8/4/24 ਨੂੰ ਜੇ.ਸੀ.ਬੀ. ਮਸ਼ੀਨ ਦੀ ਮੱਦਦ ਨਾਲ ਚੋਰੀ ਮਿੱਟੀ ਪੁੱਟ ਕੇ ਆਪਣੇ ਪਲਾਂਟ 'ਚ ਡੰਪ ਕੀਤੀ ਗਈ।ਸ਼ਿਕਾਇਤਕਰਤਾ ਨੇ ਦੋਸ਼ ਲਗਾਏ ਕਿ ਮਿੱਟੀ ਪੁੱਟਣ ਸਮੇਂ ਉੱਥੇ ਲੱਗੇ ਵੱਖ-ਵੱਖ ਕਿਸਮ ਦੇ ਦੋ ਦਰੱਖਤ ਵੀ ਪੁੱਟ ਕੇ ਸਰਕਾਰੀ ਸੰਪਤੀ ਨੂੰ ਨੁਕਸਾਨ ਪਹੁੰਚਾਇਆ ਗਿਆ।ਵਣ ਰੇਂਜ ਅਫ਼ਸਰ ਦੀ ਸ਼ਿਕਾਇਤ 'ਤੇ ਥਾਣਾ ਬਡਾਲੀ ਆਲਾ ਸਿੰਘ ਵਿਖੇ ਸੁੱਖਾ ਸਿੰਘ ਵਾਸੀ ਪਿੰਡ ਮਾਣਕਪੁਰ (ਪਟਿਆਲਾ) ਤੇ ਗੁਰਸੇਵਕ ਸਿੰਘ ਵਾਸੀ ਪਿੰਡ ਪਵਾਲਾ ਵਿਰੁੱਧ ਮੁਕੱਦਮਾ ਦਰਜ ਕਰਵਾ ਕੇ ਚੁੰਨੀ ਕਲਾਂ ਚੌਕੀ ਦੇ ਇੰਚਾਰਜ ਸਬ-ਇੰਸਪੈਕਟਰ ਜਗੀਰ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਦੇਸ਼ ਦੀ ਅਰਥ-ਵਿਵਸਥਾ 'ਚ ਟਰੱਕ ਓਪਰੇਟਰ ਭਾਈਚਾਰੇ ਦੀ ਅਹਿਮ ਭੂਮਿਕਾ : ਪ੍ਰੋ. ਚੰਦੂਮਾਜਰਾ



**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**—ਲੋਕ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਹਲਕੇ ਦੇ ਪਿੰਡ ਮੱਸੇਵਾਲ, ਬਾਸੋਵਾਲ, ਅਟਾਰੀ ਆਦਿ ਦਰਜਨਾਂ ਪਿੰਡਾਂ ਵਿੱਚ ਭਰਵੀਆਂ ਚੋਣ ਮੀਟਿੰਗਾਂ ਨੂੰ ਸੰਬੋਧਨ ਕੀਤਾ। ਇਸ ਦੌਰਾਨ ਹਲਕਾ ਸ੍ਰੀ ਆਨੰਦਪੁਰ ਸਾਹਿਬ ਦੇ ਟਰੱਕ ਓਪਰੇਟਰ ਭਾਈਚਾਰੇ ਵਲੋਂ ਰੱਖੀ ਭਰਵੀਂ ਰੈਲੀ ਵਿੱਚ ਉਨ੍ਹਾਂ ਪ੍ਰੋ. ਚੰਦੂਮਾਜਰਾ ਨੂੰ ਲੋਕ ਸਭਾ ਚੋਣਾਂ ਵਿੱਚ ਪੂਰਨ ਸਮਰਥਨ ਦੇਣ ਦਾ ਅਹਿਦ ਲਿਆ। ਇਸ ਮੌਕੇ ਟਰੱਕ ਯੂਨੀਅਨ ਦੇ ਪ੍ਰਧਾਨ ਬਲਵੀਰ ਸਿੰਘ ਵੀਰ, ਨਾਜਰ ਸਿੰਘ ਸ਼ਾਹਪੁਰ ਸਮੇਤ ਸਮੁੱਚੇ ਟਰੱਕ ਓਪਰੇਟਰਾਂ ਨੇ ਐਲਾਨ ਕੀਤਾ ਕਿ ਉਹ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਹਿਮਾਇਤ ਕਰਨਗੇ। ਉਨ੍ਹਾਂ ਆਖਿਆ ਕਿ ਪ੍ਰੋ. ਚੰਦੂਮਾਜਰਾ ਹਮੇਸ਼ਾ ਹੀ ਔਖੇ ਸਮੇਂ ਟਰੱਕ ਭਾਈਚਾਰੇ ਨਾਲ ਖੜ੍ਹੇ ਹਨ, ਜਿਸ ਕਰਕੇ ਅੱਜ ਸਮੁੱਚੇ ਟਰੱਕ ਭਾਈਚਾਰੇ ਦੇ ਨੁਮਾਇੰਦਿਆਂ ਉਨ੍ਹਾਂ ਨਾਲ ਖੜ੍ਹਨਾ ਚਾਹੀਦਾ ਹੈ। ਇਸ ਮੌਕੇ ਪ੍ਰੋ. ਚੰਦੂਮਾਜਰਾ ਨੇ ਆਖਿਆ ਕਿ ਦੇਸ਼ ਦੀ ਅਰਥ ਵਿਵਸਥਾ ਵਿੱਚ ਟਰੱਕ ਓਪਰੇਟਰ ਭਾਈਚਾਰੇ ਦਾ ਅਹਿਮ ਰੋਲ ਹੈ। ਉਨ੍ਹਾਂ ਆਖਿਆ ਕਿ ਖੇਤੀਬਾੜੀ, ਵਪਾਰ ਅਤੇ ਹੋਰ ਸਹਾਇਕ ਧੰਦਿਆ ਆਦਿ ਵਿੱਚ ਟਰੱਕ ਭਾਈਚਾਰੇ ਦਾ ਰੋਲ ਰੀੜ ਦੀ ਹੱਡੀ ਵਾਂਗ ਹੁੰਦਾ ਹੈ।ਸ਼੍ਰੋਮਣੀ ਅਕਾਲੀ ਦਲ ਵਲੋਂ ਹਮੇਸ਼ਾਂ ਹੀ ਟਰੱਕ ਭਾਈਚਾਰੇ ਦੀਆਂ ਮੁਸ਼ਕਿਲਾਂ ਨੂੰ ਸਮੇਂ-ਸਮੇਂ 'ਤੇ ਹੱਲ ਕਰਵਾਇਆ ਗਿਆ। ਹੋਣਗੇ।ਇਸ ਮੌਕੇ ਐਸਜੀਪੀਸੀ ਮੈਂਬਰ ਅਮਰਜੀਤ ਸਿੰਘ ਚਾਵਲਾ, ਜ਼ਿਲ੍ਹਾ ਪ੍ਰਧਾਨ ਗੁਰਿੰਦਰ ਸਿੰਘ ਗੋਗੀ, ਇਸਤਰੀ ਅਕਾਲੀ ਦਲ ਦੇ ਪ੍ਰਧਾਨ ਬੀਬੀ ਕੁਲਵਿੰਦਰ ਕੌਰ, ਟਰੱਕ ਯੂਨੀਅਨ ਦੇ ਪ੍ਰਧਾਨ ਬਲਵੀਰ ਸਿੰਘ ਬੀਰ, ਅਮਰੀਕ ਸਿੰਘ, ਸਰਕਲ ਪ੍ਰਧਾਨ ਕੁਲਵਿੰਦਰ ਸਿੰਘ, ਡਾ. ਖੁਸ਼ਹਾਲ ਸਿੰਘ, ਮਨਜੀਤ ਸਿੰਘ ਸਾਬਕਾ ਸਰਪੰਚ ਬਾਸੋਵਾਲ, ਕੁਲਦੀਪ ਸਿੰਘ, ਬਾਬਾ ਬਲਦੇਵ ਸਿੰਘ, ਮਹਿੰਦਰ ਸਿੰਘ, ਨਿਰਮਲ ਸਿੰਘ ਮਝੇੜ, ਨਾਜਰ ਸਿੰਘ ਸ਼ਾਹਪੁਰ, ਮਨਜੀਤ ਸਿੰਘ ਕੀਰਤਪੁਰ ਸਾਹਿਬ , ਸੇਵਾ ਸਿੰਘ ਸੈਕਟਰੀ, ਹਰਪਾਲ ਸਿੰਘ, ਸੁਭਾਸ਼ ਸਿੰਘ, ਮਨਜਿੰਦਰ ਸਿੰਘ ਬਰਾੜ , ਦਲਜੀਤ ਸਿੰਘ, ਦਿਲਜੀਤ ਕੌਰ , ਅਰਜੁਨ ਸਿੰਘ ਬਾਸੋਵਾਲ, ਗੁਰਮੀਤ ਸਿੰਘ, ਜੈਮਲ ਸਿੰਘ, ਬੱਲਮ ਸਿੰਘ ,ਮਨਦੀਪ ਸਿੰਘ, ਹਰਪਾਲ ਸਿੰਘ,ਸੁਰਜੀਤ ਸਿੰਘ, ਕਿਰਪਾਲ ਸਿੰਘ, ਮੁਕੇਸ਼ ਕਪੂਰ,ਰੁਪਿੰਦਰ ਸਿੰਘ, ਸਰਬਣ ਸਿੰਘ, ਜੱਸਾ ਬੱਗਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਰਕਰ ਅਤੇ ਅਹੁਦੇਦਾਰ ਸ਼ਾਮਲ ਸਨ।

# ਗੁਰੂ ਰਵਿਦਾਸ ਦੀ ਕ੍ਰਾਂਤੀਕਾਰੀ ਬਾਣੀ 'ਤੇ ਅਮਲ ਹੀ ਸਰਬੱਤ ਦਾ ਭਲਾ : ਸੰਤ ਸਤਵਿੰਦਰ ਹੀਰਾ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ )** ਇਤਿਹਾਸਕ ਅਸਥਾਨ ਸ੍ਰੀ ਚਰਨਛੋਹ ਗੰਗਾ ਖੁਰਾਲਗੜ ਸਾਹਿਬ ਦੇ ਸੰਗਤਾਂ ਨੂੰ ਦਰਸ਼ਨ ਕਰਵਾਉਣ ਲਈ 10 ਬੱਸਾਂ ਦਾ ਕਾਫਲਾ ਮੁਹੱਲਾ ਅਬਾਦਪੁਰਾ, ਤਿਲਕ ਨਗਰ,ਟਾਵਰ ਇੰਨਕਲੇਵ ਤੋਂ ਲੈ ਕੇ ਆਉਣ ਵਾਲੇ ਵਿਪਨ ਕੁਮਾਰ ਸਾਬਕਾ ਕੌਂਸਲਰ ਨਗਰ ਨਿਗਮ ਜਲੰਧਰ ਦੇ ਗ੍ਰਹਿ ਵਿਖੇ ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.)ਭਾਰਤ ਸ੍ਰੀਮਤੀ ਪੂਨਮ ਹੀਰਾ ਵਿਸ਼ੇਸ਼ ਤੌਰ 'ਤੇ ਪਧਾਰੇ ਅਤੇ ਸੰਗਤਾਂ ਨੂੰ ਸਤਿਸੰਗ ਰਾਹੀਂ ਗੁਰੂ ਬਾਣੀ ਅਤੇ ਇਤਿਹਾਸ ਨਾਲ ਜੋੜਿਆ। ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਸੱਚੇ ਮੰਨ ਨਾਲ ਕੀਤੀ ਸੇਵਾ ਨਾਲ ਸੰਸਾਰ ਅੰਦਰ ਸ਼ੋਭਾ ਤੇ ਵਡਿਆਈ ਮਿਲਦੀ ਹੈ। ਉਨਾਂ ਕਿਹਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਕ੍ਰਾਂਤੀਕਾਰੀ ਬਾਣੀ ਪੜਨ,ਵਿਚਾਰਨ ਅਤੇ ਅਮਲ ਕਰਨ ਨਾਲ ਸੰਸਾਰ ਦਾ ਭਲਾ ਹੋ ਸਕਦਾ ਹੈ। ਅੱਜ ਸਾਇੰਸ ਅਤੇ ਕਮਪਿਊਟਰ ਦਾ ਯੁੱਗ ਹੈ ਪਰ ਅੱਜ ਵੀ ਅਨਪੜ੍ਹਤਾ ਕਾਰਨ ਬਹੁਤ ਲੋਕ ਕਰਮਕਾਂਡਾਂ,ਵਹਿਮਾਂ ਭਰਮਾਂ, ਜਾਤਾਂ ਪਾਤਾਂ ਵਿਚ ਫਸੇ ਹੋਏ ਹਨ। ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਹਾਨ ਕਥਨ ਅਨੁਸਾਰ 'ਹਰਿ ਸੋ ਹੀਰਾ ਛਾਡ ਕੇ ਕਰਿਹ ਆਨ ਕਿ ਆਸ' ਭਾਵ ਹੀਰੇ ਵਰਗਾ ਵਡਮੁੱਲਾ ਹਰੀ ਪ੍ਰਮੇਸ਼ਰ ਦਾ ਨਾਮ ਛੱਡ ਕੇ ਹੋਰ ਵਿਕਾਰ ਵਸਤਾਂ ਦੇ ਮਗਰ ਭਜਣ ਨਾਲ ਇਹ ਜੀਵਨ ਵੀ ਵਿਕਾਰ ਚਲਾ ਜਾਵੇਗਾ। ਉਸ ਹਰੀ ਪ੍ਰਮੇਸ਼ਰ ਦਾ ਨਾਮ ਹੀ ਜੀਵਨ ਨੂੰ ਭਵਸਾਗਰ ਤੋਂ ਪਾਰ ਕਰੇਗਾ। ਉਨਾਂ ਕਿਹਾ ਨਾਮ ਦਾ ਭਾਵ ਹੈ ਗਿਆਨ ਜੋ ਕਿ ਹਰ ਮਨੁੱਖ ਲਈ ਜਰੂਰੀ ਹੈ,ਨਹੀਂ ਤਾਂ ਅਗਿਆਨਤਾ ਦੇ ਹਨੇਰੇ ਵਿਚ ਮਨੁੱਖ ਗੁਲਾਮੀ ਦਾ ਜੀਵਨ ਬਸਰ ਕਰਦਾ ਹੈ। ਸਤਿਗੁਰੂ ਰਵਿਦਾਸ ਜੀ ਦੇ ਮਹਾਨ ਕਥਨ ਅਨੁਸਾਰ 'ਸਤਿਸੰਗਤ ਮਿਲਿ ਰਹੀਏ ਮਾਧੋ ਜੈਸੇ ਮਧੁਪ ਮਖੀਰਾ' ਭਾਵ ਸਮਾਜ ਨੂੰ ਆਪਣੇ ਮੌਲਿਕ ਹੱਕਾਂ ਲਈ ਮਧੁ ਮੁਖੀਆਂ ਵਾਂਗ ਇਕ ਪਲੇਟਫਾਰਮ 'ਤੇ ਇਕੱਠੇ ਹੋ ਕੇ ਸੰਘਰਸ਼ ਕਰਦੇ ਰਹਿਣਾ ਚਾਹੀਦਾ ਹੈ ਤਾਂ ਹੀ ਗੁਰੂਆਂ ਰਹਿਬਰਾਂ ਵਲੋਂ ਸਖਤ ਸੰਘਰਸ਼ ਵਿਚੋਂ ਲੈ ਕੇ ਦਿੱਤੇ ਮਾਨਵ ਅਧਿਕਾਰਾਂ ਨੂੰ ਕਾਇਮ ਦਾਇਮ ਰੱਖ ਸਕਦੇ ਹਾਂ। ਉਨ੍ਹਾਂ ਭਾਰਤ ਦੀਆਂ ਸਮੂਹ ਸੰਗਤਾਂ ਨੂੰ ਵਿਸ਼ੇਸ਼ ਤੌਰ 'ਤੇ ਆਦਿ ਧਰਮੀ ਸੰਗਤਾਂ ਨੂੰ ਇਕ ਸੁਨੇਹਾ ਦਿੱਤਾ ਕਿ ਬਾਬਾ ਸਾਹਿਬ ਅੰਬੇਡਕਰ ਨੇ ਮਹਾਨ ਸੰਘਰਸ਼ ਤੋਂ ਬਾਦ ਵੋਟ ਦਾ ਅਧਿਕਾਰ ਲੈ ਕੇ ਦਿੱਤਾ ਸੀ ਜਿਸਦਾ ਸਹੀ ਇਸਤੇਮਾਲ ਕਰਕੇ ਤੁਸੀਂ ਆਉਣ ਵਾਲੀਆਂ ਨਸਲਾਂ ਦਾ ਭਵਿੱਖ ਸਵਾਰ ਸਕਦੇ ਹੋ,ਇਸ ਲਈ ਪਹਿਲੀ ਜੂਨ ਨੂੰ ਛੋਟੇ ਮੋਟੇ ਲਾਲਚਾਂ ਵਿਚ ਫਸਕੇ ਵੋਟ ਖਰਾਬ ਨਾ ਕਰਿਓ ਬਲਕਿ ਆਪਣੇ ਬੱਚਿਆਂ ਦਾ ਭਵਿੱਖ ਦੇਖ ਕੇ ਵੋਟ ਜਰੂਰ ਪਾਇਓ। ਇਸ ਮੌਕੇ ਸਮਾਜ ਸੇਵਿਕਾ ਗੀਟਾ ਬੈਂਸ, ਕਮਲਾ ਰਾਣੀ, ਬਿੰਦਰ ਕੌਰ,ਸੀਮਾ, ਪ੍ਰੀਤੀ ਭਾਟੀਆ, ਕਲਾਸੀਕਲ ਸਿੰਗਰ ਮਹਿਕ ਬੈਂਸ ਸਟੇਟ ਐਵਾਰਡ ਜੇਤੂ, ਭਵਿਕਾ, ਜੀਆਂ, ਕਸ਼ਮੀਰੀ ਲਾਲ, ਬਿੱਟੂ ਕਰਿਆਨੇ ਵਾਲੇ, ਅਵੀ ਬੈਸ, ਪਾਰਸ ਬੈਸ, ਕੁਲਵੰਤ ਕਰਮਵੀਰ ਵੀ ਹਾਜਰ ਸਨ।

# ਜੀ ਟੀ ਯੂ ਵੱਲੋਂ ਗਰਮੀ ਦੇ ਮੱਦੇਨਜ਼ਰ ਸਕੂਲਾਂ 'ਚ ਜਲਦ ਛੁੱਟੀਆਂ ਕਰਨ ਦੀ ਮੰਗ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਸੂਬੇ ਵਿੱਚ ਪੈ ਰਹੀ ਰਿਕਾਰਡ ਤੋੜ ਗਰਮੀ ਦੇ ਕਾਰਨ ਆਮ ਵਿਅਕਤੀ ਨੂੰ ਹੀਟ ਵੇਵ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੌਸਮ ਵਿਭਾਗ ਵੱਲੋਂ ਵੀ ਸੂਬੇ ਵਿੱਚ ਆਉਂਦੇ ਕੁੱਝ ਦਿਨਾਂ ਵਿੱਚ ਭਾਰੀ ਗਰਮੀ ਪੈਣ ਦੀ ਜਾਣਕਾਰੀ ਦਿੱਤੀ ਜਾ ਚੁੱਕੀ ਹੈ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਇਕਾਈ ਹੁਸ਼ਿਆਰਪੁਰ ਦੇ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਜਸਵੀਰ ਤਲਵਾੜਾ ਵੱਲੋਂ ਪੈ ਰਹੀ ਅੱਤ ਦੀ ਗਰਮੀ ਕਾਰਨ ਵਿੱਦਿਆਰਥੀਆਂ ਨੂੰ ਆ ਰਹੀਆਂ ਮੁਸ਼ਕਲਾਂ ਕਾਰਨ ਪੰਜਾਬ ਸਰਕਾਰ ਤੋਂ ਸੂਬੇ ਦੇ ਸਾਰੇ ਸਕੂਲਾਂ ਵਿੱਚ ਗਰਮੀਆਂ ਦੀਆਂ ਛੁੱਟੀਆਂ ਜਲਦ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਕਾਰਨ ਸਕੂਲਾਂ ਵਿੱਚ ਜ਼ਿਆਦਾਤਰ ਸਟਾਫ਼ ਦੀ ਡਿਊਟੀ ਚੋਣ ਪ੍ਰੀਕਿਰੀਆ ਵਿੱਚ ਲੱਗੀ ਹੋਣ ਕਾਰਨ ਸਟਾਫ਼ ਦੀ ਕਮੀ ਦੇ ਚਲਦਿਆਂ ਸਕੂਲਾਂ ਨੂੰ ਪਹਿਲਾਂ ਹੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਪੰਜਾਬ ਸਰਕਾਰ ਨੂੰ ਵਿੱਦਿਆਰਥੀਆਂ ਦੀ ਸਿਹਤ ਦਾ ਧਿਆਨ ਰੱਖਦੇ ਹੋਏ ਸਕੂਲਾਂ ਵਿੱਚ ਜਲਦ ਛੁੱਟੀਆਂ ਕਰ ਦੇਣੀਆਂ ਚਾਹੀਦੀਆਂ ਹਨ। ਇਸ ਮੌਕੇ ਅਧਿਆਪਕ ਆਗੂ ਲੈਕਚਰਾਰ ਅਮਰ ਸਿੰਘ, ਪ੍ਰਿਤਪਾਲ ਸਿੰਘ ਚੌਟਾਲਾ, ਸੁਨੀਲ ਸ਼ਰਮਾ,ਲੈਕਚਰਾਰ ਹਰਵਿੰਦਰ ਸਿੰਘ,ਲੈਕਚਰਾਰ ਉਪਿੰਦਰ ਸਿੰਘ, ਸੰਜੀਵ ਧੂਤ, ਵਿਕਾਸ ਸ਼ਰਮਾ ਨਸਰਾਲਾ, ਪ੍ਰਿੰਸ ਗੜ੍ਹਦੀਵਾਲ, ਵਰਿੰਦਰ ਵਿੱਕੀ,ਸੰਦੀਪ ਸ਼ਰਮਾ, ਰਾਜ ਕੁਮਾਰ, ਲੈਕਚਰਾਰ ਪ੍ਰਭਜੋਤ ਸਿੰਘ, ਰਣਵੀਰ ਠਾਕੁਰ, ਸਚਿਨ ਕੁਮਾਰ, ਦਵਿੰਦਰ ਸਿੰਘ ਹਾਜ਼ਰ ਸਨ।

# ਸੜਕ ਦੁਰਘਟਨਾ 'ਚ ਜ਼ਖਮੀ ਦੀ ਤੁਰੰਤ ਮਦਦ ਕੀਤੀ ਜਾਵੇ-ਅਰੋੜਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਭਾਰਤ ਵਿਕਾਸ ਪਰਿਸ਼ਦ ਦੇ ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਦੋਂ ਕੋਈ ਵਿਅਕਤੀ ਸੜਕ ਦੁਰਘਟਨਾ ਵਿੱਚ ਜ਼ਖਮੀ ਹੋ ਜਾਂਦਾ ਹੈ ਤਾਂ ਉਸ ਤੀ ਤੁਰੰਤ ਸਹਾਇਤਾ ਲਈ ਅੱਗੇ ਆਉਣਾ ਚਾਹੀਦਾ ਹੈ, ਜਿਸ ਨਾਲ ਕਈ ਜ਼ਿੰਦਗੀਆਂ ਨੂੰ ਬਚਾਇਆ ਜਾ ਸਕਦਾ ਹੈ। ਕਈ ਵਾਰ ਦੇਖਣ ਵਿੱਚ ਆਉਂਦਾ ਹੈ ਕਿ ਕੁਝ ਲੋਕ ਮਦਦ ਕਰਨ ਦੀ ਬਜਾਏ ਵੀਡਿਓ ਬਣਾਉਣੀ ਸ਼ੁਰੂ ਕਰ ਦਿੰਦੇ ਹਨ ਜੋ ਸਰਾਸਰ ਗਲਤ ਹੈ। ਹਰੇਕ ਇਨਸਾਨ ਨੂੰ ਚਾਹੀਦਾ ਹੈ ਕਿ ਇਨਸਾਨੀਅਤ ਨੂੰ ਅੱਗੇ ਰੱਖਦੇ ਹੋਏ ਮਦਦ ਲਈ ਅੱਗੇ ਆਉਣ। ਬੇਸ਼ੱਕ ਲੋਕਾਂ ਦੇ ਦਿਲਾਂ ਵਿੱਚ ਪੁਲਸ ਕਾਰਵਾਈ ਅਤੇ ਸਵਾਲ ਜਵਾਬ ਦਾ ਡਰ ਬਣਿਆ ਰਹਿੰਦਾ ਹੈ। ਜਿਸ ਦੇ ਕਾਰਨ ਹਾਦਸੇ ਵਿੱਚ ਜ਼ਖਮੀ ਮਦਦ ਨਾ ਮਿਲਣ ਦੇ ਕਾਰਨ ਜਾਨ ਤੋਂ ਹੱਥ ਧੋ ਬੈਠਦੇ ਹਨ।ਅਰੋੜਾ ਨੇ ਕਿਹਾ ਕਿ ਮਾਣਯੋਗ ਸੁਪਰੀਮ ਕੋਰਟ ਦੇ ਨਿਯਮਾਂ ਦੀ ਜਾਣਕਾਰੀ ਲੋਕਾਂ ਨੂੰ ਦੇਣ ਦੇ ਲਈ ਭਾਰਤ ਵਿਕਾਸ ਪਰਿਸ਼ਦ ਜਲਦੀ ਹੀ ਜਾਗਰੂਕਤਾ ਕੈਂਪ ਦਾ ਆਯੋਜਨ ਕਰੇਗੀ ਤਾਂ ਕਿ ਲੋਕਾਂ ਦੇ ਦਿਲਾਂ ਵਿੱਚ ਬੈਠੇ ਹੋਏ ਡਰ ਨੂੰ ਦੂਰ ਕੀਤਾ ਜਾ ਸਕੇ ਅਤੇ ਹਾਦਸੇ ਵਿੱਚ ਜ਼ਖਮੀ ਲੋਕਾਂ ਦੀ ਸਮੇਂ 'ਤੇ ਮਦਦ ਹੋ ਸਕੇ।

# ਬਲੱਡ ਬੈਂਕ ਵਿਖੇ ਲਗਾਇਆ ਫ੍ਰੀ ਆਯੂਰਵੈਦਿਕ ਮੈਡੀਕਲ ਕੈਂਪ



**ਫਗਵਾੜਾ ( ਡਾ. ਰਮਨ, ਢੱਡਾ )** ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਲਾਈਫ ਕੇਅਰ ਆਯੂਰਵੈਦਿਕਸ ਕੰਪਨੀ (ਰਾਜਸਥਾਨ) ਦੇ ਸਹਿਯੋਗ ਨਾਲ ਫ੍ਰੀ ਆਯੂਰਵੈਦਿਕ ਮੈਡੀਕਲ ਕੈਂਪ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਦੇਖ-ਰੇਖ ਹੇਠ ਲਗਾਇਆ ਗਿਆ। ਜਿਸ ਵਿਚ ਰਾਜਸਥਾਨ ਤੋਂ ਆਏ ਵੈਦ ਨਵੀਨ ਨਾਗਪਾਲ ਅਤੇ ਫਗਵਾੜਾ ਦੇ ਵੈਦ ਸ਼ਾਮ ਅਰੋੜਾ ਤੇ ਤਰੁਨ ਅਰੋੜਾ ਵਲੋਂ 75 ਮਰੀਜਾਂ ਦਾ ਚੈਕਅੱਪ ਕਰਕੇ ਪੇਟ ਗੈਸ, ਕਬਜ, ਜੋੜਾਂ ਦਾ ਦਰਦ, ਕਫ, ਦਮਾ, ਅਲਰਜੀ ਤੇ ਸ਼ੂਗਰ ਆਦਿ ਬਿਮਾਰੀਆਂ ਦਾ ਇਲਾਜ ਕੀਤਾ ਗਿਆ। ਮਰੀਜਾਂ ਨੂੰ 10 ਦਿਨਾਂ ਦੀ ਦਵਾਈ ਫ੍ਰੀ ਦਿੱਤੀ ਗਈ। ਨਾਲ ਹੀ ਹਦਾਇਤ ਕੀਤੀ ਗਈ ਕਿ ਹੋਰ ਦਵਾਈ ਦੀ ਲੋੜ ਮਹਿਸੂਸ ਹੋਣ 'ਤੇ ਸ਼ੇਖੂਪੁਰੀਆਂ ਦੀ ਹੱਟੀ ਤੋਂ ਬਹੁਤ ਘੱਟ ਰੇਟ 'ਤੇ ਲਈ ਜਾ ਸਕਦੀ ਹੈ। ਕੈਂਪ ਦੌਰਾਨ ਹਾਜਰੀਨ ਨੂੰ ਆਯੁਰਵੈਦਿਕ ਇਲਾਜ ਪ੍ਰਣਾਲੀ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਇਸ ਮੌਕੇ ਮੋਹਨ ਲਾਲ ਤਨੇਜਾ, ਕ੍ਰਿਸ਼ਨ ਕੁਮਾਰ, ਗੁਲਸ਼ਨ ਕਪੂਰ, ਗੁਲਾਬ ਸਿੰਘ ਠਾਕੁਰ, ਰਮਨ ਨਹਿਰਾ ਆਦਿ ਹਾਜਰ ਸਨ।

# 'ਆਪ' ਤੇ ਕਾਂਗਰਸ ਇੱਕੋ ਥਾਲੀ ਦੇ ਚੱਟੇ-ਵੱਟੇ : ਡਾ : ਸ਼ਰਮਾ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**—ਸ੍ਰੀ ਆਨੰਦਪੁਰ ਸਾਹਿਬ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਡਾ: ਸੁਭਾਸ਼ ਸ਼ਰਮਾ ਨੇ ਪੰਜਾਬੀਆਂ ਨੂੰ ਆਮ ਆਦਮੀ ਪਾਰਟੀ ਅਤੇ ਕਾਂਗਰਸ ਤੋਂ ਸੁਚੇਤ ਕਰਦਿਆਂ ਕਿਹਾ ਹੈ ਕਿ ਇਹ ਦੋਵੇਂ ਪਾਰਟੀਆਂ ਇੱਕੋ ਥਾਲੀ ਦੇ ਚੱਟੇ-ਵੱਟੇ ਹਨ, ਜੋ ਪੰਜਾਬ ਦੀ ਭਲਾਈ ਲਈ ਨਹੀਂ ਸਗੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੋਦੀ ਨੂੰ ਰੋਕਣ ਅਤੇ ਆਪਣੇ ਭ੍ਰਿਸ਼ਟਾਚਾਰ ਨੂੰ ਛੁਪਾਉਣ ਦੇ ਮਕਸਦ ਨਾਲ ਇਕੱਠੇ ਹੋਏ ਹਨ। ਇੱਥੇ ਕਰਵਾਏ ਗਏ ਬੁੱਧੀਜੀਵੀ ਸੰਮੇਲਨ ਨੂੰ ਸੰਬੋਧਨ ਕਰਦਿਆਂ ਡਾ: ਸ਼ਰਮਾ ਨੇ ਕਿਹਾ ਕਿ ਪੰਜਾਬ 'ਚ 'ਆਪ' ਅਤੇ ਕਾਂਗਰਸ ਦੋਸਤਾਨਾ ਮੈਚ ਖੇਡ ਰਹੀਆਂ ਹਨ ਜਦਕਿ ਦਿੱਲੀ, ਹਰਿਆਣਾ ਅਤੇ ਚੰਡੀਗੜ੍ਹ 'ਚ ਆਪਸ 'ਚ ਇਕੱਠੇ ਹਨ ।ਕਾਂਗਰਸ 'ਤੇ ਹਮਲਾ ਕਰਦਿਆਂ ਡਾ: ਸ਼ਰਮਾ ਨੇ ਕਿਹਾ ਕਿ ਪਿਛਲੇ ਚਾਰ ਦਿਨਾਂ ਤੋਂ 'ਆਪ' ਸੰਸਦ ਮੈਂਬਰ ਸਵਾਤੀ ਮਾਲੀਵਾਲ ਦੇ ਨਾਲ ਕੇਜਰੀਵਾਲ ਦੇ ਘਰ ਹੋਈ ਬਦਸਲੂਕੀ ਦਾ ਮਾਮਲਾ ਪੂਰੇ ਦੇਸ਼ 'ਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਪਰ ਰਾਹੁਲ ਗਾਂਧੀ ਅਤੇ ਪੰਜਾਬ ਕਾਂਗਰਸ ਦੇ ਕਿਸੇ ਵੀ ਆਗੂ ਨੇ ਇਸ ਮੁੱਦੇ 'ਤੇ ਕੋਈ ਟਿਪਣੀ ਨਹੀਂ ਕਿੱਤੀ ।ਹੈਰਾਨੀ ਦੀ ਗੱਲ ਹੈ ਕਿ ਉੱਤਰ ਪ੍ਰਦੇਸ਼ 'ਚ ਔਰਤਾਂ ਦੇ ਮੁੱਦੇ 'ਤੇ ਮਾਰਚ ਕੱਢਣ ਵਾਲੀ ਗਾਂਧੀ ਪਰਵਾਰ ਦੀ ਬੇਟੀ ਪ੍ਰਿਅੰਕਾ ਵੀ ਇਸ ਗੰਭੀਰ ਮੁੱਦੇ 'ਤੇ ਚੁੱਪ ਹੈ।

ਨਵਾਂਸ਼ਹਿਰ ਵਿੱਚ ਕਈ ਥਾਵਾਂ 'ਤੇ ਹੋਈਆਂ ਚੋਣ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਡਾ: ਸ਼ਰਮਾ ਨੇ ਕਿਹਾ ਕਿ ਅੱਜ ਪੰਜਾਬ ਵਿੱਚ ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਵਿੱਚ ਵੀ ਲੋਕ ਮੋਦੀ ਦਾ ਸਮਰਥਨ ਕਰ ਰਹੇ ਹਨ ਕਿਉਂਕਿ ਹਰ ਕੋਈ ਉਹਨਾਂ ਦੇ ਕੰਮਾਂ ਤੋਂ ਬਹੁਤ ਪ੍ਰਭਾਵਿਤ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਯਤਨਾਂ ਸਦਕਾ ਹੀ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਿਆ ਹੈ ਅਤੇ ਦਸਵੇਂ ਸਿੱਖ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਯਾਦ ਵਿੱਚ ਪੂਰਾ ਦੇਸ਼ 26 ਦਸੰਬਰ ਨੂੰ ਵੀਰ ਬਾਲ ਦਿਵਸ ਵਜੋਂ ਮਨਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਕਿਸੇ ਭਾਰਤੀ ਪ੍ਰਧਾਨ ਮੰਤਰੀ ਵੱਲੋਂ ਸਿੱਖ ਕੌਮ ਨੂੰ ਇੰਨਾ ਮਾਣ-ਸਨਮਾਨ ਦਿੱਤਾ ਗਿਆ ਹੈ। ਕਿਸਾਨਾਂ ਦੇ ਮੁੱਦੇ 'ਤੇ ਬੋਲਦਿਆਂ ਡਾ: ਸੁਭਾਸ਼ ਸ਼ਰਮਾ ਨੇ ਕਿਹਾ ਕਿ ਮੋਦੀ ਸਰਕਾਰ ਨੇ ਕਿਸਾਨਾਂ ਲਈ ਸਭ ਤੋਂ ਵੱਧ ਕੰਮ ਕੀਤੇ ਹਨ, ਜਿਸ ਵਿਚ ਐਮਐਸਪੀ ਵਿਚ ਆਉਣ ਵਾਲੀਆਂ ਫ਼ਸਲਾਂ ਦੀ ਗਿਣਤੀ ਤਿੰਨ ਤੋਂ ਵਧਾ ਕੇ ਪੰਜ ਕਰ ਦਿੱਤੀ ਗਈ ਹੈ । ਇਸ ਤੋਂ ਇਲਾਵਾ ਮੋਦੀ ਸਰਕਾਰ ਦੇਸ਼ ਦੇ ਸਾਰੇ ਕਿਸਾਨਾਂ ਨੂੰ ਹਰ ਸਾਲ 6-6 ਹਜ਼ਾਰ ਰੁਪਏ ਦੇ ਰਹੀ ਹੈ। ਉਨ੍ਹਾਂ ਪੰਜਾਬ ਦੇ ਕਿਸਾਨ ਭਰਾਵਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਭੋਲੇ-ਭਾਲੇ ਕਿਸਾਨਾਂ ਦੇ ਜਜ਼ਬਾਤਾਂ ਨਾਲ ਖੇਡ ਕੇ ਉਨ੍ਹਾਂ ਨੂੰ ਮੋਦੀ ਅਤੇ ਭਾਜਪਾ ਵਿਰੁੱਧ ਭੜਕਾ ਰਹੀਆਂ ਹਨ । ਉਨ੍ਹਾਂ ਕਿਹਾ ਕਿ ਇਸ ਵਾਰ ਕਿਸਾਨ ਦੂਜੀਆਂ ਪਾਰਟੀਆਂ ਦਾ ਸਾਥ ਦੇਣ ਦੀ ਬਜਾਏ ਭਾਜਪਾ ਦਾ ਸਾਥ ਦੇਣ ਤਾਂ ਜੋ ਪੰਜਾਬ ਖੇਤੀਬਾੜੀ ਵਿੱਚ ਤੇਜ਼ੀ ਨਾਲ ਤਰੱਕੀ ਕਰ ਸਕੇ। ਇਸ ਮੌਕੇ ਪੁਨਕ ਮਾਣਿਕ, ਅਸ਼ਵਨੀ ਬਲੱਗਣ, ਮਨੋਜ ਕੰਡਾ, ਵਿਨੋਦ ਭਾਰਦਵਾਜ, ਸੁਰਿੰਦਰ ਸਰੀਨ ਅਕਸ਼ੇ ਤੇਜਪਾਲ, ਹਾਜਰ ਸਨ।

# ਸਾਹਿਤ ਸਭਾ ਬਹਿਰਾਮਪੁਰ ਬੇਟ ਨੇ ਪਾਠਕ ਬੱਚੇ ਸਨਮਾਨੇ



**ਸ੍ਰੀ ਚਮਕੌਰ ਸਾਹਿਬ(ਗੁਰਵਿੰਦਰਪਾਲ ਸਿੰਘ ਬੌਬੀ)**- ਬੱਚਿਆਂ ਨੂੰ ਸਾਹਿਤਕ ਪੁਸਤਕਾਂ ਪੜ੍ਹਨ ਦੀ ਚੇਟਕ ਲਗਾਉਂਣ ਦੇ ਉਪਰਾਲੇ ਹਿੱਤ ਸਾਹਿਤ ਸਭਾ ਬਹਿਰਾਮਪੁਰ ਬੇਟ ਦੀਆਂ ਕੋਸ਼ਿਸ਼ਾਂ ਨੂੰ ਬੂਰ ਪੈਣ ਲੱਗਾ ਹੈ। ਸਭਾ ਦੇ ਪ੍ਰਧਾਨ ਹਰਨਾਮ ਸਿੰਘ ਡੱਲਾ ਨੇ ਦੱਸਿਆ ਕਿ ਸ੍ਰੀ ਗੁਰੂ ਰਾਮ ਰਾਏ ਪਬਲਿਕ ਸਕੂਲ ਬਹਿਰਾਮਪੁਰ ਬੇਟ ਦੇ ਪ੍ਰਿੰਸੀਪਲ ਜਗਮੋਹਣ ਸਿੰਘ ਅਤੇ ਸਟਾਫ ਵਲੋਂ ਇਸ ਕਾਰਜ ਲਈ ਪੂਰਨ ਸਹਿਯੋਗ ਦਿੱਤਾ ਗਿਆ। ਸਕੂਲ ਦੇ ਵਾਇਸ ਪ੍ਰਿੰਸੀਪਲ ਯਾਕੂਬ ਅਲੀ ਦੀ ਪ੍ਰੇਰਨਾ ਨਾਲ ਬੱਚਿਆਂ ਨੇ ਪੁਸਤਕ ਪ੍ਰਦਰਸ਼ਨੀ ਵਿੱਚੋਂ 150 ਪੁਸਤਕਾਂ ਪੜ੍ਹਨ ਲਈ ਲਈਆਂ ਸਨ । ਇਨ੍ਹਾਂ ਪੁਸਤਕਾਂ ਵਿੱਚੋਂ ਕਵਿਤਾਵਾਂ, ਕਹਾਣੀਆਂ, ਲੇਖ ਅਤੇ ਮਿਆਰੀ ਰਸਾਲਿਆਂ ਨੂੰ ਪੜ੍ਹ ਕੇ ਬੱਚਿਆਂ ਵਲੋਂ ਉਨ੍ਹਾਂ ਉੱਤੇ ਪਏ ਨੈਤਿਕ ਪ੍ਰਭਾਵ ਅਤੇ ਟਿਪਣੀਆਂ ਕੀਤੀਆਂ ਗਈਆਂ ਸਨ। ਇਨ੍ਹਾਂ ਟਿਪਣੀਆਂ ਨੂੰ ਪੜ੍ਹ ਕੇ ਬਾਲ ਸਾਹਿਤਕਾਰ ਸੁਰਿੰਦਰ ਸਿੰਘ ਰਸੂਲਪੁਰ ਨੇ ਬੱਚਿਆਂ ਨੂੰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਦੇ ਕੇ ਸਰਟੀਫਿਕੇਟਾਂ ਸਮੇਤ ਸਨਮਾਨਿਤ ਕੀਤਾ ।ਡੱਲਾ ਨੇ ਦੱਸਿਆ ਕਿ ਸੱਤਵੀਂ ਤੋਂ ਲੈ ਕੇ ਦਸਵੀਂ ਜਮਾਤ ਦੇ 12 ਬੱਚਿਆਂ ਨੂੰ ਵਧੀਆ ਪਾਠਕ ਦਾ ਦਰਜਾ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਸਕੂਲ ਦੇ ਸਾਰੇ ਬੱਚਿਆਂ ਵਿੱਚੋਂ ਚਾਰ ਬੱਚੇ ਹਰਸ਼ਵੀਰ ਕੌਰ , ਜਸਮੀਤ ਕੌਰ , ਪਰੀ ਅਤੇ ਸੁਖਮਨ ਕ੍ਰਮਵਾਰ ਪਹਿਲਾ, ਦੂਜਾ ਤੀਜਾ ਅਤੇ ਚੌਥਾਂ ਸਥਾਨ ਹਾਸਲ ਕੀਤਾ । ਹਰਨਾਮ ਸਿੰਘ ਡੱਲਾ ਨੇ ਸਕੂਲ ਦੇ ਪ੍ਰਿੰਸੀਪਲ ਜਗਮੋਹਣ ਸਿੰਘ ਅਤੇ ਸਮੂਹ ਸਟਾਫ ਵਲੋਂ ਦਿੱਤੇ ਗਏ ਸਹਿਯੋਗ ਲਈ ਹਾਰਦਿਕ ਧੰਨਵਾਦ ਕੀਤਾ ।

# ਗੋਲਡੀ ਨਾਹਰ ਬਣੇ ਕਨਵੀਨਰ



**ਫਿਲੌਰ (ਨਿਰਮਲ)**- ਭਾਰਤੀ ਜਨਤਾ ਪਾਰਟੀ ਦੇ ਕਾਰਜਕਰਨੀ ਮੈਂਬਰ ਪੰਜਾਬ ਗੋਲਡੀ ਨਾਹਰ ਨੂੰ ਵਿਧਾਨ ਸਭਾ ਹਲਕਾ ਫਿਲੌਰ ਦਾ ਕਨਵੀਨਰ ਥਾਪਿਆ ਗਿਆ। ਉਨ੍ਹਾਂ ਨੇ ਭਾਰਤੀ ਜਨਤਾ ਪਾਰਟੀ ਦੀ ਸਮੂਹ ਲੀਡਰਸ਼ਿਪ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਤਨ ਮਨ ਨਾਲ ਪਾਰਟੀ ਦੀ ਸੇਵਾ ਕਰਨਗੇ ਅਤੇ ਪਾਰਟੀ ਦੀ ਹੋਰ ਮਜਬੂਤੀ ਲਈ ਵਰਕਰਾਂ ਤੇ ਆਗੂਆਂ ਨੂੰ ਨਾਲ ਲੈਕੇ ਦਿਨ- ਰਾਤ ਮਿਹਨਤ ਕਰਨਗੇ।

# ਪੀ ਸੀ ਐੱਮ ਐੱਸ ਡੀ ਕਾਲਜ ਵੱਲੋਂ ਇਮੋਸ਼ਨਲ ਇੰਟੈਲੀਜੈਂਸ 'ਤੇ ਵਰਕਸ਼ਾਪ

**ਜਲੰਧਰ ( ਇਕਬਾਲ ਸਿੰਘ ਉੱਭੀ )** ਪੀ.ਸੀ.ਐਮ.ਐਸ.ਡੀ ਕਾਲਜ ਫਾਰ ਵੂਮੈਨ ਦੇ ਬੀ.ਏ. ਬੀ.ਐੱਡ.ਵਿਭਾਗ ਨੇ 'ਰੋਲ ਲਾਈਫ ਵਿੱਚ ਭਾਵਨਾਤਮਕ ਬੁੱਧੀ ਦੀ ਭੂਮਿਕਾ' ਵਿਸ਼ੇ 'ਤੇ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ। ਇਸ ਵਰਕਸ਼ਾਪ ਦਾ ਉਦੇਸ਼ ਵਿਦਿਆਰਥੀਆਂ ਨੂੰ ਸਾਡੇ ਜੀਵਨ ਵਿੱਚ ਭਾਵਨਾਤਮਕ ਬੁੱਧੀ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਸੀ। ਵਰਕਸ਼ਾਪ ਨੇ ਵਿਦਿਆਰਥੀਆਂ ਨੂੰ ਉਹਨਾਂ ਦੀ ਭਾਵਨਾਤਮਕ ਸੂਝ ਨੂੰ ਵਧਾਉਣ, ਦੂਜਿਆਂ ਨਾਲ ਜੁੜਨ ਵਿੱਚ ਉਹਨਾਂ ਦੀ ਭਾਵਨਾਤਮਕ ਬੁੱਧੀ ਦੇ ਪ੍ਰਭਾਵ ਨੂੰ ਪਛਾਣਨ, ਅਤੇ ਹਮਦਰਦੀ ਬਣਾਈ ਰੱਖਣ ਦਾ ਅਭਿਆਸ ਕਰਨ ਵਿੱਚ ਮਦਦ ਕੀਤੀ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕ ਕਮੇਟੀ ਦੇ ਮੈਂਬਰਾਂ ਅਤੇ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਨੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਅਜਿਹੀ ਵਰਕਸ਼ਾਪ ਆਯੋਜਿਤ ਕਰਨ ਲਈ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਕ੍ਰਿਸ਼ੀ ਵਿਗਿਆਨ ਕੇਂਦਰ 'ਚ ਬੱਕਰੀ ਪਾਲਣ ਸਿਖਲਾਈ ਕੋਰਸ ਲਗਾਇਆ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਕ੍ਰਿਸ਼ੀ ਵਿਗਿਆਨ ਕੇਂਦਰ ਨੂਰਮਹਿਲ ਵਿਚ ਬੱਕਰੀ ਪਾਲਣ ਦਾ ਸਿਖਲਾਈ ਕੋਰਸ ਲਗਾਇਆ ਗਿਆ। ਇਸ ਸਿਖਲਾਈ ਕੋਰਸ ਵਿਚ 33 ਸਿਖਿਆਰਥੀਆਂ ਨੇ ਹਿੱਸਾ ਲਿਆ। ਕੋਰਸ ਦੇ ਸੰਚਾਲਕ ਡਾ. ਰੋਹਿਤ ਕੁਮਾਰ ਨੇ ਸਿਖਿਆਰਥੀਆਂ ਨੂੰ ਬੱਕਰੀ ਦੇ ਰੱਖ ਰਖਾ ਬਾਰੇ ਜਾਗਰੂਕ ਕੀਤਾ।ਇਸ ਵਿਚ ਉਨ੍ਹਾਂ ਨੇ ਬੱਕਰੀ ਪਾਲਣ ਦੀਆਂ ਵਿਧੀਆਂ, ਉਸ ਦੀ ਨਸਲ ਸੁਧਾਰ, ਬੱਕਰੀਆਂ ਦਾ ਸੈਂਤ ਖੁਰ ਅਤੇ ਬੱਕਰੀਆਂ ਦੀਆਂ ਹੋਣ ਵਾਲੀਆਂ ਬਿਮਾਰੀਆਂ ਸੰਬੰਧੀ ਜਾਣਕਾਰੀ ਦਿੱਤੀ। ਕੋਰਸ ਦੇ ਨਿਰਦੇਸ਼ਕ ਡਾ. ਸੰਜੀਵ ਕੁਮਾਰ ਕਟਾਰੀਆ ਨੇ ਸਿਖਿਆਰਥੀਆਂ ਨਾਲ ਵਿਚਾਰ ਵਟਾਂਦਰਾ ਕੀਤਾ ਤੇ ਉਨ੍ਹਾਂ ਨੂੰ ਆਮਦਨ ਵਧਾਉਣ ਲਈ ਬੱਕਰੀ ਪਾਲਣ ਦੀ ਮਹੱਤਤਾ ਬਾਰੇ ਦੱਸਿਆ। ਡਾ. ਬਲਵੀਰ ਕੌਰ ਨੇ ਬਾਗਵਾਨੀ ਸੰਬੰਧੀ, ਡਾ. ਪ੍ਰਭਜੀਤ ਕੌਰ ਨੇ ਚਾਰੇ ਵਾਲੀਆਂ ਫਸਲਾਂ ਸੰਬੰਧੀ, ਇੰਜੀਨੀਅਰ ਰੁਪਿੰਦਰ ਚੰਦੇਲ ਨੇ ਚਾਰਾ ਕੱਟਣ ਵਾਲੀਆਂ ਮਸ਼ੀਨਾਂ ਬਾਰੇ ਦੱਸਿਆ। ਡਾ. ਰੋਹਿਤ ਗੁਪਤਾ ਨੇ ਆਏ ਹੋਏ ਕਿਸਾਨਾਂ, ਕਿਸਾਨ ਬੀਬੀਆਂ ਨੂੰ ਬੱਕਰੀ ਪਾਲਣ ਦੀਆਂ ਜ਼ਰੂਰੀ ਗਤੀਵਿਧੀਆਂ ਬਾਰੇ ਦੱਸਿਆ।

# ਇਪਟਾ ਦੇ 81ਵੇਂ ਸਥਾਪਨਾ ਦਿਵਸ 'ਤੇ 'ਖੋਹੀਆਂ ਰੰਬੀਆਂ' ਤੇ 'ਮੈਂ ਤੇ ਜਾਣਾ ਕਨੇਡਾ' ਦਾ ਹੋਵੇਗਾ ਮੰਚਣ

**ਮੋਹਾਲੀ, ( ਗੁਰਜੀਤ ਬਿੱਲਾ)**-ਇਪਟਾ ਪੰਜਾਬ ਵੱਲੋਂ ਅਜ਼ਾਦ ਰੰਗਮੰਚ ਕਲਾ ਭਵਨ, ਫਗਵਾੜਾ ਦੇ ਸਹਿਯੋਗ ਨਾਲ 25 ਮਈ, ਸ਼ਨਿਚਰਵਾਰ ਨੂੰ ਸ਼ਾਮ 6 ਵਜੇ ਅਜ਼ਾਦ ਰੰਗਮੰਚ ਭਵਨ ਫਗਵਾੜਾ ਵਿਖੇ ਆਯੋਜਿਤ ਇਪਟਾ ਕਾਰਕੁਨ ਅਤੇ ਲੋਕ-ਗਾਇਕ ਅਮਰਜੀਤ ਗੁਰਦਾਸਪੁਰੀ ਨੂੰ ਸਮਰਪਿਤ ਇਪਟਾ ਦੇ 81ਵੇਂ ਸਥਾਪਨਾ ਦਿਵਸ ਮੌਕੇ ਇਪਟਾ ਦੇ ਮੁੱਢਲੇ ਕਾਰਕੁਨ ਪੰਜਾਬੀ ਰੰਗਮੰਚ ਦੇ ਮੁੱਖ-ਮੰਤਰੀ ਜੋਗਿੰਦਰ ਬਾਹਰਲਾ ਦਾ ਓਪੇਰਾ 'ਖੋਹੀਆ ਰੰਬੀਆਂ' ਅਤੇ ਪਾਲੀ ਭੁਪਿੰਦਰ ਦਾ ਲਿਖਿਆ ਅਤੇ ਇੰਦਰਜੀਤ ਪਾਲ ਦੀ ਨਿਰਦੇਸ਼ਨਾ ਹੇਠ 'ਮੈਂ ਤਾਂ ਜਾਣਾ ਕਨੇਡਾ' ਦੇ ਮੰਚਣ ਤੋਂ ਇਲਾਵਾ ਬਿਰਧ ਆਸ਼ਰਮ ਵਿਚ ਗੁੰਮਨਾਮੀ ਦੀ ਜ਼ਿੰਦਗੀ ਬਸਰ ਕਰ ਰਹੀ ਅਪਣੇ ਸਮਿਆਂ ਦੀ ਪ੍ਰਸਿੱਧ ਲੋਕ-ਗਾਇਕਾ ਚੰਦਰ ਕਾਂਤਾ ਕਪੂਰ ਦਾ ਸਨਮਾਨ ਅਤੇ ਗਾਇਕੀ ਵੀ ਹੋਵੇਗੀ। ਇਪਟਾ ਕੱਲ੍ਹ, ਅੱਜ ਤੇ ਭਲਕ ਬਾਰੇ ਗੱਲ ਕਰਨ ਲਈ ਮੁੱਖ ਵਕਤਾ ਵੱਜੋਂ ਚਿੰਤਕ ਤੇ ਨਾਟਕਰਮੀ ਡਾ. ਕੁਲਦੀਪ ਸਿੰਘ ਦੀਪ ਸ਼ਿਰਕਤ ਕਰਨਗੇ।ਇਹ ਜਾਣਕਾਰੀ ਦਿੰਦੇ ਇਪਟਾ, ਪੰਜਾਬ ਦੇ ਪ੍ਰਧਾਨ ਨਾਟਕਰਮੀ ਸੰਜੀਵਨ ਸਿੰਘ ਅਤੇ ਜਨਰਲ ਸਕੱਤਰ ਰੰਗਕਰਮੀ ਇੰਦਰਜੀਤ ਰੂਪੋਵਾਲੀ ਦੱਸਿਆ ਕਿ ਇਪਟਾ ਦੇ 81ਵੇਂ ਸਥਾਪਨਾ ਦਿਵਸ ਦੀ ਪ੍ਰਧਾਨਗੀ ਨਾਟਕਕਾਰ ਅਤੇ ਨਾਟ-ਨਿਰਦੇਸ਼ਕ ਡਾ. ਦਵਿੰਦਰ ਕੁਮਾਰ ਕਰਨਗੇ।ਮੁੱਖ-ਮਹਿਮਾਨ ਸ੍ਰੀਮਤੀ ਜਸਪ੍ਰੀਤ ਕੌਰ, ਜ਼ਿਲਾ ਭਾਸ਼ਾ ਅਫਸਰ, ਕਪੂਰਥਲਾ ਅਤੇ ਵਿਸ਼ੇਸ਼ ਮਹਿਮਾਨ ਅਦਾਕਾਰਾ ਗੋਨੀ ਸੱਗੂ ਹੋਣਗੇ।ਜ਼ਿਕਰਯੋਗ ਹੈ ਕਿ ਇਹ ਫੈਸਲਾ ਇਪਟਾ ਦੇ ਰਾਸ਼ਟਰੀ ਜਨਰਲ ਸਕੱਤਰ ਬਿਹਾਰ ਤੋਂ ਤਨਵੀਰ ਅਖ਼ਤਰ ਤੀ ਇਲਾਵਾ ਇਪਟਾ ਕਾਰਕੁਨ ਆਸਰਟੇਲੀਆ ਤੋਂ ਗੁਰਮੀਤ ਪਾਹੜਾ, ਕੁਪੂਰਥਲਾ ਤੋਂ ਡਾ. ਹਰਭਜਨ ਸਿੰਘ, ਦੀਪਕ ਨਾਹਰ, ਸਵਰਾਜ ਕੌਰ ਅਤੇ ਹਰਜਿੰਦਰ ਸਿੰਘ, ਅੰਮ੍ਰਿਤਸਰ ਤੋਂ ਦਲਜੀਤ ਸੋਨਾ, ਗੁਰਦਾਪੁਰ ਤੋਂ ਬੂਟਾ ਰਾਮ ਆਜ਼ਾਦ ਅਤੇ ਗੁਰਮੀਤ ਬਾਜਵਾ, ਫਗਵਾੜਾ ਤੋਂ ਡਾ. ਇੰਦਰਜੀਤ ਪਾਲ, ਬਠਿੰਡਾ ਤੋਂ ਗੁਰਮੀਤ ਸਿੰਘ ਅਬੋਹਰ ਤੋਂ ਭਪਿੰਦਰ ਉਤਰੇਜਾ ਦੀ ਸ਼ਮੂਲੀਅਤ ਵਾਲੀ ਆਨ ਲਾਇਨ ਮੀਟਿੰਗ ਵਿਚ ਹੋਇਆ।

# ਬਾਬਾ ਹਰਨਾਮ ਸਿੰਘ ਦੀ 46 ਵੀਂ ਬਰਸੀ ਮੌਕੇ ਸ਼ਰਧਾ ਦੇ ਫੁੱਲ ਭੇਟ



**ਕਾਲਾ ਸੰਘਿਆਂ (ਮਨਜੀਤ ਮਾਨ)**— ਗਦਰੀ ਬਾਬਾ ਹਰਨਾਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਲਾ ਸੰਘਿਆਂ ਵਿਖੇ ਬਾਬਾ ਹਰਨਾਮ ਸਿੰਘ ਜੀ ਦੀ 46 ਵੀਂ ਬਰਸੀ ਮੌਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਉੱਘੇ ਲੇਖਕ ਅਤੇ ਚਿੰਤਕ ਹਰਵਿੰਦਰ ਭੰਡਾਲ ਵਲੋਂ ਗਦਰ ਪਾਰਟੀ ਦੇ ਇਤਿਹਾਸ, ਬਾਬਾ ਜੀ ਦੇ ਜੀਵਨ ਸ਼ੰਘਰਸ਼ ਅਤੇ ਫਲਸਫੇ ਬਾਰੇ ਵਿਸਥਾਰ ਪੂਰਵਕ ਆਪਣੇ ਵਿਚਾਰ ਵਿਦਿਆਰਥੀਆਂ ਨਾਲ ਸਾਂਝੇ ਕੀਤੇ। ਨੌਜਵਾਨ ਲੇਖਕ ਇੰਦਰਜੀਤ ਸਿੰਘ ਬੱਸਣ ਨੇ ਕਿਹਾ ਕਿ ਬਾਬਾ ਹਰਨਾਮ ਸਿੰਘ ਜੀ ਦਾ ਜੀਵਨ ਬੇਮਿਸਾਲ ਕੁਰਬਾਨੀ, ਹੌਂਸਲੇ ਅਤੇ ਦ੍ਰਿੜਤਾ ਦੀ ਮਿਸਾਲ ਹੈ। ਸਕੂਲ ਦੇ ਵਿਦਿਆਰਥੀਆ ਵਲੋਂ ਦੇਸ਼ ਭਗਤੀ ਦੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆਂ । ਬਾਬਾ ਹਰਨਾਮ ਸਿੰਘ ਜੀ ਦੇ ਪੋਤੇ ਬਾਬਾ ਸੁਰਿੰਦਰ ਸਿੰਘ ਵਲੋਂ ਉਹਨਾਂ ਨਾਲ ਜੁੜੀਆਂ ਨਿੱਜੀ ਯਾਦਾਂ ਅਤੇ ਪਰਵਾਰ ਵਲੋਂ ਝੱਲੇ ਕਸ਼ਟਾਂ ਬਾਰੇ ਗੱਲਬਾਤ ਕੀਤੀ ਗਈ। ਸਟੇਜ ਸੰਚਾਲਨ ਦੀ ਜਿੰਮੇਵਾਰੀ ਸ਼੍ਰੀਮਤੀ ਕਵਿਤਾ ਲੈਕਚਰਾਰ ਪੰਜਾਬੀ ਵਲੋਂ ਨਿਭਾਈ ਗਈ। ਇਸ ਮੌਕੇ ਸਮੂਹ ਸਟਾਫ ਮੈਂਬਰਜ ਹਾਜਰ ਰਹੇ। ਸਮਾਗਮ ਦੇ ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਗੁਰਚਰਨ ਸਿੰਘ ਚਾਹਲ ਵਲੋਂ ਬਾਬਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸਮੂਹ ਸਟਾਫ, ਵਿਦਿਆਰਥੀਆਂ, ਹਰਵਿੰਦਰ ਭੰਡਾਲ , ਬਾਬਾ ਸੁਰਿੰਦਰ ਸਿੰਘ, ਇੰਦਰਜੀਤ ਸਿੰਘ ਬੱਸਣ ਅਤੇ ਕਾਲਾ ਸੰਘਿਆਂ ਡਾਟ ਕਾਮ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# ਵੋਟ ਪਾਉਣ ਲਈ ਕੀਤਾ ਜਾਗਰੂਕ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਫਾਈ ਕਰਮਚਾਰੀ ਯੂਨੀਅਨ ਨਗਰ ਨਿਗਮ ਹੁਸ਼ਿਆਰਪੁਰ ਰਜਿਸਟਰਡ ਵੱਲੋਂ ਵੱਖ ਵੱਖ ਜੋਨਾਂ ਵਿੱਚ ਜਾ ਕੇ ਮੁਲਾਜ਼ਮਾਂ ਦੇ ਸਮੂਹ ਆਗੂਆਂ ਵੱਲੋਂ ਮੁਲਾਜ਼ਮਾਂ ਨੂੰ ਵੋਟ ਪਾਉਣ ਦੇ ਲਈ ਜਾਗਰੂਕ ਕੀਤਾ ਗਿਆ। ਇਸ ਮੌਕੇ ਯੂਨੀਅਨ ਦੇ ਪ੍ਰਧਾਨ ਕਰਨ ਜੋਤ ਆਦਿ ਨੇ ਕਿਹਾ ਕਿ ਇੱਕ ਇੱਕ ਵੋਟ ਕੀਮਤੀ ਹੈ ਅਤੇ ਸਾਨੂੰ ਆਪਣੀ ਵੋਟ ਜਰੂਰ ਪਾਉਣੀ ਚਾਹੀਦੀ ਹੈ। ਜੂਨੀਅਨ ਵੱਲੋਂ ਕਰਮਚਾਰੀਆਂ ਨੂੰ ਇਕ ਜੂਨ ਨੂੰ ਵੋਟ ਪਾਉਣ ਦੀ ਪੁਰਜੋਰ ਅਪੀਲ ਕੀਤੀ ਗਈ।

ਇਸ ਮੌਕੇ ਸਫਾਈ ਕਰਮਚਾਰੀ ਯੂਨੀਅਨ ਦੇ ਮੀਤ ਪ੍ਰਧਾਨ ਕਰਮਜੀਤ ਬੰਟੀ, ਹਰਬਿਲਾਸ, ਬਲਰਾਮ ਭੱਟੀ, ਪਰਮਿੰਦਰ, ਕੈਲਾਸ਼ ਕੁਮਾਰ, ਦੇਵ ਕੁਮਾਰ, ਕਸੋਕ ਕੁਮਾਰ, ਪ੍ਰਦੀਪ ਕੁਮਾਰ, ਆਸੂ, ਅਨਿਲ ਕੁਮਾਰ, ਵਿਪਨ ਕੁਮਾਰ ਆਦਿ ਹਾਜ਼ਰ ਸਨ।

# ਮੁਫ਼ਤ ਸਿਲਾਈ ਸੈਂਟਰ ਦੇ ਦੂਜੇ ਸੈਸ਼ਨ ਦਾ ਉਦਘਾਟਨ



**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**- ਸ੍ਰੀ ਗੁਰੂ ਰਵਿਦਾਸ ਮਿਸ਼ਨ ਸੇਵਾ ਸੁਸਾਇਟੀ ਵਲੋਂ ਗੁਰਦੁਆਰਾ ਯਾਦਗਾਰ ਸ਼੍ਰੋਮਣੀ ਸ਼ਹੀਦ ਬਾਬਾ ਸੰਗਤ ਸਿੰਘ ਵਿਖੇ ਪਿਛਲੇ ਸਾਲ ਤੋਂ ਚਲਾਏ ਜਾ ਰਹੇ ਮੁਫ਼ਤ ਸਿਲਾਈ ਸੈਂਟਰ ਦੇ ਦੂਜੇ ਸੈਸ਼ਨ ਦੀ ਸ਼ੁਰੂਆਤ ਕੀਤੀ ਗਈ । ਸੁਸਾਇਟੀ ਦੇ ਪ੍ਰਧਾਨ ਗੁਰਚਰਨ ਸਿੰਘ, ਜਨਰਲ ਸਕੱਤਰ ਬਖਸ਼ੀਸ਼ ਸਿੰਘ ਕਟਾਰੀਆ ਅਤੇ ਸਕੱਤਰ ਮਲਾਗਰ ਸਿੰਘ ਨੇ ਦੱਸਿਆ ਕਿ ਸਿਲਾਈ ਸੈਂਟਰ ਦੇ ਦੂਜੇ ਸੈਸ਼ਨ ਦਾ ਉਦਘਾਟਨ ਸਮਾਜ ਸੇਵੀ ਗੁਰਵਿੰਦਰ ਸਿੰਘ ਬੌਬੀ ਕੱਪੜੇ ਵਾਲੇ ਨੇ ਕੀਤਾ। ਉਨ੍ਹਾਂ ਦੱਸਿਆ ਕਿ ਇਹ ਸਿਲਾਈ ਸੈਂਟਰ ਪਿਛਲੇ ਸਾਲ ਸ਼ੁਰੂ ਕੀਤਾ ਗਿਆ ਸੀ ਜੋ ਇਲਾਕੇ ਦੇ ਲੋਕਾਂ ਦੇ ਸਹਿਯੋਗ ਨਾਲ ਲਗਾਤਾਰ ਚੱਲ ਰਿਹਾ ਹੈ। ਇਸ ਸੈਂਟਰ ਤੋਂ ਪਹਿਲੇ ਸੈਸ਼ਨ ਚ 18 ਲੜਕੀਆਂ ਸਿਖਲਾਈ ਪ੍ਰਾਪਤ ਕਰ ਚੁੱਕੀਆਂ ਹਨ ਅਤੇ ਉਨ੍ਹਾਂ ਨੂੰ ਸੁਸਾਇਟੀ ਵੱਲੋਂ ਸਾਟੀਫਿਕੇਟ ਦਿੱਤੇ ਗਏ। ਦੂਜੇ ਸੈਸ਼ਨ ਵਿੱਚ 26 ਕੁੜੀਆਂ ਸਿਲਾਈ ਦੀ ਸਿਖਲਾਈ ਪ੍ਰਾਪਤ ਕਰ ਰਹੀਆਂ ਹਨ । ਉਨ੍ਹਾਂ ਦੱਸਿਆ ਕਿ ਸੁਸਾਇਟੀ ਦਾ ਮੁੱਖ ਮੰਤਵ ਗਰੀਬ ਪਰਵਾਰਾਂ ਦੀਆਂ ਲੜਕੀਆਂ ਨੂੰ ਹੁਨਰਮੰਦ ਕਰਨਾ ਤਾਂ ਜੋ ਲੜਕੀਆਂ ਆਪਣੇ ਪਰਵਾਰਾਂ ਦੀ ਆਰਥਿਕਤਾ ਵਿੱਚ ਯੋਗਦਾਨ ਪਾ ਸਕਣ । ਸਮਾਜ ਸੇਵੀ ਗੁਰਵਿੰਦਰ ਸਿੰਘ ਬੌਬੀ ਨੇ ਕਿਹਾ ਕਿ ਜਿੱਥੇ ਸੁਸਾਇਟੀ ਦੇ ਸਮਾਜ ਭਲਾਈ ਦੇ ਕੰਮਾਂ ਦੀ ਸ਼ਲਾਘਾ ਕੀਤੀ , ਉੱਥੇ ਹੀ ਉਨ੍ਹਾਂ ਸਮਾਜ ਭਲਾਈ ਦੇ ਕੰਮਾਂ ਲਈ ਸੁਸਾਇਟੀ ਨੂੰ ਹਰ ਪੱਖੋਂ ਸਹਿਯੋਗ ਦੇਣ ਦਾ ਭਰੋਸਾ ਦਿੱਤਾ । ਇਸ ਮੌਕੇ ਮਾਸਟਰ ਬਾਬੂ ਸਿੰਘ, ਮਾਸਟਰ ਰਤਨ ਸਿੰਘ, ਗੁਰਮੀਤ ਸਿੰਘ ਫ਼ੌਜੀ, ਗਿਆਨੀ ਸੁਖਵੀਰ ਸਿੰਘ, ਸਤਵਿੰਦਰ ਸਿੰਘ ਨੀਟਾ,ਡ ਸੋਹਣ ਸਿੰਘ, ਗੁਵਿੰਦਰ ਸਿੰਘ, ਜਸਬੀਰ ਸਿੰਘ , ਅਮਰਜੀਤ ਸਿੰਘ ਅਤੇ ਲਾਭ ਸਿੰਘ ਆਦਿ ਹਾਜ਼ਰ ਸਨ।

# ਲਾਇਨ ਤਿਲਕ ਰਾਜ ਸਰਵੋਤਮ ਜ਼ੋਨ ਚੇਅਰਪਰਸਨ ਨਾਲ ਸਨਮਾਨਤ



**ਮੋਹਾਲੀ (ਗੁਰਜੀਤ ਬਿੱਲਾ)** - ਲਾਇਨਜ਼ ਇੰਟਰਨੈਸ਼ਨਲ ਜ਼ਿਲ੍ਹਾ 321 ਐਫ, ਖੇਤਰ 13, ਜ਼ੋਨ ਚੇਅਰਪਰਸਨ 3 ਪੀਐਮਜੇਐਫ ਲਾਇਨ ਤਿਲਕ ਰਾਜ ਨੂੰ ਜ਼ਿਲ੍ਹਾ 321 ਮਲਟੀਪਲ ਦੇ ਸਰਬੋਤਮ ਜ਼ੋਨ ਚੇਅਰਪਰਸਨ ਨਾਲ ਸਨਮਾਨਿਤ ਕੀਤਾ ਗਿਆ। ਕਲੱਬ ਦੇ ਪ੍ਰੋ ਲਾਇਨ ਹਰਿੰਦਰਪ੍ਰੀਤ ਸਿੰਘ ਨੇ ਦੱਸਿਆ ਕਿ ਤਿਲਕ ਰਾਜ ਨੇ ਮਲਟੀਪਲ 321 ਲਖਨਊ ਵਿਖੇ ਹੋਈ ਕਨਵੈਨਸ਼ਨ ਵਿੱਚ ਇਹ ਐਵਾਰਡ ਪ੍ਰਾਪਤ ਕੀਤਾ, ਜਿਸ ਦਾ ਆਯੋਜਨ ਮਲਟੀਪਲ ਕੌਂਸਲ ਦੇ ਚੇਅਰਪਰਸਨ ਲਾਇਨ ਅਭਿਨਵ ਸਿੰਘ, ਇਮੀਡੀਏਟ ਪਾਸਟ ਐਮਸੀਸੀ ਲਾਇਨ ਨਕੇਸ਼ ਗਰਗ ਅਤੇ ਸਮੂਹ ਟੀਮ ਮੈਂਬਰਾਂ ਨੇ ਕੀਤਾ। ਇੰਟਰਨੈਸ਼ਨਲ ਡਾਇਰੈਕਟਰ ਲਾਇਨ ਜਤਿੰਦਰ ਸਿੰਘ ਚੌਹਾਨ ਨੇ 51ਵੀਂ ਸਾਲਾਨਾ ਮਲਟੀਪਲ ਡਿਸਟ੍ਰਿਕਟ ਕਾਨਫਰੰਸ ਵਿੱਚ ਜੇਤੂਆਂ ਨੂੰ ਇਹ ਸਾਰੇ ਇਨਾਮ ਵੰਡੇ। ਉਸਨੇ ਦੱਸਿਆ ਕਿ ਪੀਐਮਜੇਐਫ ਸ਼ੇਰ ਤਿਲਕ ਰਾਜ ਨੂੰ ਲਾਇਨਿਸਟਿਕ ਈਅਰ 2023/2024 ਵਿੱਚ ਡਾਇਬੀਟੀਜ਼ ਪ੍ਰੋਜੈਕਟ ਲਈ ਲਾਇਨ ਕੇਕੇ ਵਰਮਾ ਦੁਆਰਾ ਸਰਵੋਤਮ ਜ਼ੋਨ ਚੇਅਰਪਰਸਨ ਟਰਾਫੀ, ਮਲਟੀਪਾਈਪ ਕੌਂਸਲ ਚੇਅਰਪਰਸਨ ਮੈਡਲ ਅਤੇ ਇੱਕ ਅਵਾਰਡ ਆਫ ਐਕਸੀਲੈਂਸ ਵੀ ਮਿਲਿਆ ਹੈ। ਸ਼ੇਰ ਹਰਿੰਦਰ ਪ੍ਰੀਤ ਸਿੰਘ ਨੇ ਦੱਸਿਆ ਕਿ ਸ਼ੇਰ ਤਿਲਕ ਰਾਜ 2017 ਵਿੱਚ ਲਾਇਨਜ਼ ਕਲੱਬ ਸ ਸ ਨਗਰ ਮੋਹਾਲੀ ਦੁਆਰਾ ਲਾਇਨਸਮ ਵਿੱਚ ਸ਼ਾਮਲ ਹੋਇਆ ਸੀ ਅਤੇ ਬਾਅਦ ਵਿੱਚ 2020 ਵਿੱਚ ਉਸਨੇ ਲਾਇਨਜ਼ ਕਲੱਬ ਮੋਹਾਲੀ ਸੁਪਰੀਮ ਦੀ ਸਥਾਪਨਾ ਕੀਤੀ ਸੀ। ਇਸ ਤੋਂ ਪਹਿਲਾਂ ਉਸ ਨੂੰ ਜ਼ਿਲ੍ਹਾ 3216 ਦੇ 2 ਵਾਰ ਸਰਵੋਤਮ ਪੀਆਰਓ ਅਤੇ 2 ਵਾਰ ਪੰਜਾਬ ਸਰਕਾਰ ਦੁਆਰਾ ਜ਼ਿਲ੍ਹਾ ਸੁਤੰਤਰਤਾ ਦਿਵਸ ਸਮਾਰੋਹ 'ਤੇ ਸਮਾਜਿਕ ਗਤੀਵਿਧੀਆਂ ਲਈ ਸਨਮਾਨਿਤ ਕੀਤਾ ਗਿਆ ਸੀ।

# ਐੱਨ ਸੀ ਸੀ ਕੈਡਿਟਾਂ ਦੀ ਹੋਈ ਭਰਤੀ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ )**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਪੁਰਬੇਦੀ (ਲੜਕੇ) ਵਿਖੇ 23 ਪੰਜਾਬ ਬਟਾਲੀਅਨ ਐੱਨ.ਸੀ.ਸੀ. ਰੂਪਨਗਰ ਦੇ ਕਮਾਂਡਿੰਗ ਅਧਿਕਾਰੀ ਕਰਨਲ ਟੀ.ਐੱਸ. ਬੇਦੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਾਲ 2024 ਲਈ ਐੱਨ.ਸੀ.ਸੀ. ਕੈਡਿਟਾਂ ਦੀ ਭਰਤੀ ਕੀਤੀ ਗਈ । ਸਕੂਲ ਦੀ ਪ੍ਰਿੰਸੀਪਲ ਮੈਡਮਲ ਸੋਨੀਆ ਦੀ ਅਗਵਾਈ ਹੇਠ ਚਲਾਈ ਗਈ ਇਸ ਭਰਤੀ ਪ੍ਰਕਿਰਿਆ ਸਬੰਧੀ ਐੱਨ.ਸੀ.ਸੀ. ਅਧਿਕਾਰੀ ਰੋਹਿਤ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਗਾਮੀ ਵਰ੍ਹੇ ਲਈ ਸਕੂਲ 'ਚੋਂ ਐੱਨ.ਸੀ.ਸੀ. ਕੈਡਿਟਾਂ ਦੀ ਭਰਤੀ ਕੀਤੀ ਗਈ । ਜਿਸ ਲਈ ਸਮੁੱਚੀ ਲੋੜੀਂਦੀ ਪ੍ਰਕਿਰਿਆ ਨੂੰ ਅਪਣਾਇਆ ਗਿਆ । ਇਸ ਦੌਰਾਨ ਵਿਸ਼ੇਸ਼ ਰੂਪ 'ਚ ਸਕੂਲ ਪਹੁੰਚੇ ਐੱਨ.ਸੀ.ਸੀ. ਅਧਿਕਾਰੀ ਜਗਦੀਸ਼ ਸਿੰਘ, ਸੂਬੇਦਾਰ ਬਹਾਦੁਰ ਸਿੰਘ ਅਤੇ ਹਵਲਦਾਰ ਗਿਰਿਸ਼ ਚੰਦਰ ਵੱਲੋਂ ਉਕਤ ਕੈਡਿਟਾਂ ਦੀ ਭਰਤੀ ਲਈ ਤੈਅ ਕੀਤੇ ਮਾਪਦੰਡਾਂ ਨੂੰ ਅਪਣਾਉਂਦੇ ਹੋਏ ਵਿਦਿਆਰਥੀਆਂ ਦੇ ਜ਼ਰੂਰੀ ਸਰੀਰਕ ਟੈਸਟ ਲਏ ਗਏ । ਜਿਸ ਦੌਰਾਨ ਉਕਤ ਅਧਿਕਾਰੀਆਂ ਵੱਲੋਂ ਇੱਛੁਕ ਵਿਦਿਆਰਥੀਆਂ ਦੇ ਦੌੜ, ਦੰਡ, ਵਜਨ, ਉੱਚਾਈ ਅਤੇ ਛਾਤੀ ਸਮੇਤ ਹੋਰ ਕਈ ਪ੍ਰਕਾਰ ਦੀ ਸਰੀਰਕ ਜਾਂਚ ਕੀਤੀ ਗਈ ।

# ਬਿਜਲੀ ਸ਼ਾਰਟ-ਸਰਕਟ ਨਾਲ ਗਰੀਬ ਦੀ ਝੁੱਗੀ ਸੜ ਕੇ ਸੁਆਹ



**ਮਾਹਿਲਪੁਰ/ਸ਼ਫ਼ਰੀ** - ਪਿੰਡ ਮਹਿਮੋਵਾਲ ਦੁਪਹਿਰ ਉਸ ਵੇਲੇ ਹਫੜਾ ਦਫੜੀ ਮਚ ਗਈ ਜਦੋਂ ਇੱਕ ਗਰੀਬ ਪਰਵਾਰ ਦੀ ਝੌਂਪੜੀ ਅੱਗ ਦੀ ਲਪੇਟ ਵਿੱਚ ਆ ਗਈ। ਰਾਮ ਲਾਲ ਪੁਤਰ ਮੋਬਾਸੀ ਰਾਮ ਨੇ ਦੱਸਿਆ ਕਿ ਮੈਂ ਆਪਣੇ ਪਰਵਾਰ ਸਮੇਤ ਝੌਂਪੜੀ ਵਿਚ ਬੈਠਾ ਸੀ ।ਅਚਾਨਕ ਬਿਜਲੀ ਦੇ ਸ਼ਾਰਟ ਸਰਕਟ ਕਾਰਨ ਮੇਰੀ ਝੌਂਪੜੀ ਨੂੰ ਅੱਗ ਲੱਗ ਗਈ । ਜਿਸ ਵਿੱਚ ਇੱਕ ਪੇਟੀ , ਮੰਜੇ, ਬਿਸਤਰੇ , ਚਾਲੀ ਹਜਾਰ ਰੁਪਏ ਸੜ ਕੇ ਰਾਖ ਹੋ ਗਏ । ਪਿੰਡ ਵਾਸੀਆਂ ਦੀ ਮੱਦਦ ਨਾਲ ਮੇਰੇ ਦੋ ਬੱਚਿਆਂ ਦੀ ਜਾਨ ਬਚ ਗਈ । ਸਮਾਜ ਸੇਵੀ ਅਜੇ ਕੁਮਾਰ ਲਾਡੀ ਨੇ ਮੌਕੇ 'ਤੇ ਪਹੁੰਚ ਕੇ ਗਰੀਬ ਪਰੀਵਾਰ ਦੀ ਮੱਦਦ ਲਈ ਸਰਕਾਰ ਤੋਂ ਮੰਗ ਕੀਤੀ।

# ਨਿਗਮ ਦੇ ਵਾਹਨਾਂ 'ਤੇ ਵੋਟਰ ਜਾਗਰੂਕਤਾ ਸਟਿੱਕਰ ਲਗਾ ਕੇ ਕੀਤਾ ਰਵਾਨਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—

ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਦੇ ਮੱਦੇਨਜ਼ਰ ਨਗਰ ਨਿਗਮ ਦਫ਼ਤਰ ਹੁਸ਼ਿਆਰਪੁਰ ਵਿਚ ਸਹਾਇਕ ਰਿਟਰਨਿੰਗ ਅਫ਼ਸਰ 042 ਸ਼ਾਮ ਚੁਰਾਸੀ-ਕਮ-ਕਮਿਸ਼ਨਰ ਨਗਰ ਨਿਗਮ ਡਾ. ਅਮਨਦੀਪ ਕੌਰ ਵਲੋਂ ਸਵੀਪ ਗਤੀਵਿਧੀਆਂ ਤਹਿਤ ਰਿਕਸ਼ਾ-ਰੇਹੜੀਆਂ ਅਤੇ ਟਾਟਾ ਐਸ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਉਕਤ ਗੱਡੀਆਂ 'ਤੇ ਆਮ ਜਨਤਾ ਨੂੰ ਵੋਟਾਂ ਪ੍ਰਤੀ ਜਾਗਰੂਕ ਕਰਨ ਲਈ ਮੁੱਖ ਚੋਣ ਅਫ਼ਸਰ ਪੰਜਾਬ ਵਲੋਂ ਜਾਰੀ ਕੀਤੇ ਗਏ ਸਟਿੱਕਰ, ਪੈਂਫਲੈਟ ਲਗਾਏ ਗਏ। ਕਮਿਸ਼ਨਰ ਨਗਰ ਨਿਗਮ ਨੇ ਦੱਸਿਆ ਕਿ ਪੰਜਾਬ ਵਿਚ 1 ਜੂਨ 2024 ਨੂੰ ਲੋਕ ਸਭਾ ਚੋਣਾਂ ਲਈ ਵੋਟਾਂ ਪੈਣਗੀਆਂ ਅਤੇ ਇਨ੍ਹਾਂ ਸਟਿੱਕਰਾਂ ਤੇ ਪੈਂਫਲੈਟਾਂ ਰਾਹੀਂ ਆਮ ਜਨਤਾ ਨੂੰ ਵੋਟ ਪਾਉਣ ਪ੍ਰਤੀ ਜਾਗਰੂਕ ਕਰਨ ਲਈ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿਚ ਪੈਂਦੇ ਮੁਹੱਲਾ, ਮੁੱਖ ਚੌਕਾਂ ਅਤੇ ਮੇਨ ਬਾਜ਼ਾਰਾਂ ਵਿਚ ਇਹ ਗੱਡੀਆਂ ਚੱਲਣਗੀਆਂ। ਉਨ੍ਹਾਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ 'ਤੇ ਵੋਟਰਾਂ ਨੂੰ ਗਰਮੀ ਤੋਂ ਰਾਹਤ ਦੇਣ ਲਈ ਪੌਲਿੰਗ ਬੂਥਾਂ 'ਤੇ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਇਸ ਦੌਰਾਨ ਵਿਧਾਨ ਸਭਾ ਹਲਕੇ ਦੇ ਸਾਰੇ ਯੋਗ ਵੋਟਰਾਂ ਨੂੰ ਵੋਟ ਪਾਉਣ ਲਈ ਅਪੀਲ ਵੀ ਕੀਤੀ। ਇਸ ਮੌਕੇ ਨਿਗਮ ਇੰਜੀਨੀਅਰ ਕੁਲਦੀਪ ਸਿੰਘ, ਹਰਪ੍ਰੀਤ ਸਿੰਘ, ਸੈਨੇਟਰੀ ਇੰਸਪੈਕਟਰ ਜਨਕ ਰਾਜ, ਡਾ. ਹਰਪ੍ਰੀਤ ਸਿੰਘ ਮਾਸਟਰ ਟਰੇਨਰ, ਚੋਣ ਇੰਚਾਰਜ ਹਰਪ੍ਰੀਤ ਸਿੰਘ, ਬਿਕਰਮਜੀਤ ਸਿੰਘ, ਅਮਿਤ ਕੁਮਾਰ ਸੁਪਰਡੈਂਟ, ਗੌਰਵ ਸ਼ਰਮਾ, ਅਸ਼ੀਸ਼ ਕੁਮਾਰ, ਨਿਤਿਨ ਕੁਮਾਰ, ਜਿਓਤੀ ਕਾਲੀਆ, ਜਸਵਿੰਦਰ ਕੌਰ, ਸੁਮਿਤ ਸ਼ਰਮਾ, ਹਰਦੀਪ ਸਿੰਘ ਵੀ ਸ਼ਾਮਲ ਸਨ।

# ਸਰਪੰਚ ਪਲਵਿੰਦਰ ਸਿੰਘ ਸਮੇਤ ਪੰਚਾਇਤ ਮੈਂਬਰ 'ਆਪ' ਛੱਡ ਕੇ ਭਾਜਪਾ 'ਚ ਸ਼ਾਮਲ



**ਫਗਵਾੜਾ ( ਡਾ. ਰਮਨ, ਢੱਡਾ )** ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਭਾਜਪਾ ਦੀ ਚੋਣ ਮੁਹਿਮ ਨੂੰ ਉਸ ਸਮੇਂ ਭਾਰੀ ਹੁਲਾਰਾ ਮਿਲਿਆ ਜਦੋਂ ਪਾਂਛਟਾ ਮੰਡਲ ਦੇ ਪ੍ਰਧਾਨ ਗਗਨ ਸੋਨੀ ਅਤੇ ਸੋਨੂੰ ਰਾਵਲਪਿੰਡੀ ਦੀ ਪ੍ਰੇਰਨਾ ਸਦਕਾ ਫਗਵਾੜਾ ਵਿਧਾਨ ਸਭਾ ਹਲਕੇ ਦੇ ਪਿੰਡ ਮੀਰਾਪੁਰ ਦੇ ਸਰਪੰਚ ਪਲਵਿੰਦਰ ਸਿੰਘ ਨੇ ਪੰਚਾਇਤ ਸਮੇਤ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦੀ ਹਾਜ਼ਰੀ ਵਿੱਚ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿੰਦੇ ਹੋਏ ਭਾਜਪਾ 'ਚ ਸ਼ਾਮਲ ਹੋਣ ਅਤੇ ਸ੍ਰੀਮਤੀ ਅਨੀਤਾ ਸੋਮ ਪ੍ਰਕਾਸ਼ ਦੀ ਜਿੱਤ ਯਕੀਨੀ ਬਣਾਉਣ ਦਾ ਐਲਾਨ ਕਰ ਦਿੱਤਾ। ਸਰਪੰਚ ਪਲਵਿੰਦਰ ਸਿੰਘ ਅਤੇ ਪੰਚਾਇਤ ਮੈਂਬਰਾਂ ਦਾ ਭਾਜਪਾ ਵਿੱਚ ਸ਼ਾਮਲ ਹੋਣ 'ਤੇ ਸਵਾਗਤ ਕਰਦਿਆਂ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੇ ਕਿਹਾ ਕਿ ਗੁਜਰਾਤ, ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਮੱਧ ਪ੍ਰਦੇਸ਼ ਦੀ ਤਰ੍ਹਾਂ ਪੰਜਾਬ ਨੂੰ ਵਿਕਾਸ ਦੀ ਲੀਹ 'ਤੇ ਲਿਜਾਣ ਲਈ ਜ਼ਰੂਰੀ ਹੈ ਕਿ ਸੂਬੇ ਵਿੱਚ ਭਾਜਪਾ ਨੂੰ ਮਜਬੂਤ ਕੀਤਾ ਜਾਵੇ। ਉਹਨਾਂ ਨੇ ਪੰਚਾਇਤ ਨੂੰ ਅਪੀਲ ਕੀਤੀ ਕਿ ਮੀਰਾਪੁਰ ਦੀ ਇਕ ਇੱਕ ਵੋਟ ਭਾਜਪਾ ਉਮੀਦਵਾਰ ਅਨੀਤਾ ਸੋਮ ਪ੍ਰਕਾਸ਼ ਨੂੰ ਪਾਈ ਜਾਵੇ। ਇਸ ਦੌਰਾਨ ਭਾਜਪਾ ਕਿਸਾਨ ਮੋਰਚਾ ਦੇ ਕੌਮੀ ਸਕੱਤਰ ਅਵਤਾਰ ਸਿੰਘ ਮੰਡ ਨੇ ਕਿਹਾ ਕਿ ਪੰਜਾਬ ਦੇ ਪਿੰਡਾਂ ਵਿੱਚ ਭਾਜਪਾ ਲਗਾਤਾਰ ਮਜ਼ਬੂਤ ਹੋ ਰਹੀ ਹੈ। ਉਨ੍ਹਾਂ ਪੂਰੇ ਵਿਸ਼ਵਾਸ ਨਾਲ ਕਿਹਾ ਕਿ 1 ਜੂਨ ਨੂੰ ਹੋਣ ਵਾਲੀ ਵੋਟਿੰਗ ਤੋਂ ਪਹਿਲਾਂ ਕਈ ਹੋਰ ਪੰਚਾਇਤਾਂ ਵੀ ਭਾਜਪਾ ਵਿੱਚ ਸ਼ਾਮਲ ਹੋਣਗੀਆਂ। ਮੰਡਲ ਪ੍ਰਧਾਨ ਗਗਨ ਸੋਨੀ ਨੇ ਦੱਸਿਆ ਕਿ ਪਲਵਿੰਦਰ ਸਿੰਘ ਸਰਪੰਚ ਤੋਂ ਇਲਾਵਾ ਆਪ ਪਾਰਟੀ ਦੇ ਸੋਸ਼ਲ ਮੀਡੀਆ ਇੰਚਾਰਜ ਵੀ ਸਨ। ਉਨ੍ਹਾਂ ਦੇ ਭਾਜਪਾ 'ਚ ਸ਼ਾਮਲ ਹੋਣ ਨਾਲ ਅਨੀਤਾ ਸੋਮ ਪ੍ਰਕਾਸ਼ ਦੀ ਸੋਸ਼ਲ ਮੀਡੀਆ ਮੁਹਿਮ ਨੂੰ ਵੀ ਬਲ ਮਿਲੇਗਾ। ਭਾਜਪਾ ਦੀ ਮੈਂਬਰਸ਼ਿਪ ਲੈਣ ਵਾਲਿਆਂ ਵਿੱਚ ਹਰਪ੍ਰੀਤ ਸਿੰਘ, ਦਵਿੰਦਰ ਸਿੰਘ, ਗੁਰਵਿੰਦਰ ਸਿੰਘ, ਰੋਹਿਤ ਕੁਮਾਰ, ਜੋਗਿੰਦਰ ਪਾਲ, ਸ੍ਰੀਚੰਦ, ਬਲਦੇਵ ਕੁਮਾਰ, ਜੋਗਿੰਦਰ ਸਿੰਘ ਆਦਿ ਸ਼ਾਮਲ ਸਨ।

# ਪੈਰਾਡਾਈਜ਼ ਕੋਚਿੰਗ ਸੈਂਟਰ ਦਾ ਨਤੀਜਾ ਰਿਹਾ ਸ਼ਾਨਦਾਰ



**ਫਗਵਾੜਾ ( ਡਾ. ਰਮਨ, ਢੱਡਾ )** ਕਾਮਰਸ ਪੈਰਾਡਾਈਜ਼ ਕੋਚਿੰਗ ਸੈਂਟਰ ਸਰਾਭਾ ਨਗਰ ਬੰਗਾ ਰੋਡ ਫਗਵਾੜਾ ਦੇ ਵਿਦਿਆਰਥੀਆਂ ਨੇ ਇਕ ਵਾਰ ਫਿਰ ਸ਼ਾਨਦਾਰ ਕਾਰਗੁਜਾਰੀ ਕਰਦੇ ਹੋਏ ਸੀ.ਬੀ.ਐਸ.ਈ. ਬੋਰਡ ਵਲੋਂ ਐਲਾਨੇ 10+2 ਦੇ ਨਤੀਜਿਆਂ 'ਚ ਵਧੀਆ ਅੰਕ ਹਾਸਲ ਕੀਤੇ ਹਨ। ਕੋਚਿੰਗ ਸੈਂਟਰ ਹੈੱਡ ਹਰਸਿਮਰ ਕੌਰ ਆਨੰਦ ਨੇ ਦੱਸਿਆ ਕਿ ਸੈਂਟਰ ਦੇ ਸਾਰੇ ਹੀ ਵਿਦਿਆਰਥੀ 90% ਤੋਂ ਵੱਧ ਅੰਕਾਂ ਨਾਲ ਮੈਰਿਟ ਸੂਚੀ ਵਿਚ ਆਏ ਹਨ। ਉਹਨਾਂ ਦੱਸਿਆ ਕਿ ਕਮਲਾ ਨਹਿਰੂ ਪਬਲਿਕ ਸਕੂਲ ਦੀ ਵਿਦਿਆਰਥਣ ਹਿਮਾਂਸ਼ੀ ਵਰਮਾਨੀ ਅਤੇ ਸਵਾਮੀ ਸੰਤ ਦਾਸ ਪਬਲਿਕ ਸਕੂਲ ਦੀ ਵਿਦਿਆਰਥਣ ਵਾਨੀ ਢੀਂਗਰਾ ਨੇ ਆਪੋ ਆਪਣੇ ਸਕੂਲ ਵਿਚ ਟਾਪ ਕੀਤਾ ਹੈ। ਇਸੇ ਤਰ੍ਹਾਂ ਗੁਰੂ ਹਰਿਕ੍ਰਿਸ਼ਨ ਸਕੂਲ ਅੰਮ੍ਰਿਤਸਰ ਦੀ ਮਨਰੀਤ ਨੇ ਵੀ ਸਕੂਲ ਟਾਪ ਕੀਤਾ ਹੈ। ਉਹਨਾਂ ਨੇ ਵਧੀਆ ਅੰਕ ਹਾਸਲ ਕਰਨ ਵਾਲੇ ਸਮੂਹ ਵਿਦਿਆਰਥੀਆਂ ਨੂੰ ਮੋਮੈਂਟੋ ਦੇ ਕੇ ਸਨਮਾਨਤ ਕੀਤਾ ਅਤੇ ਭਵਿੱਖ ਲਈ ਸ਼ੁੱਭ ਇੱਛਾਵਾਂ ਦਿੰਦਿਆਂ ਚੰਗੇ ਭਵਿੱਖ ਲਈ ਵਾਹਿਗੁਰੂ ਅੱਗੇ ਅਰਦਾਸ ਕਰਨ ਉਪਰੰਤ ਕਿਹਾ ਕਿ ਪਿਤਾ ਸੁਖਬੀਰ ਸਿੰਘ ਕਿੰਨੜਾ ਅਤੇ ਮਾਤਾ ਦਵਿੰਦਰ ਕੌਰ ਕਿੰਨੜਾ ਦੀ ਪ੍ਰੇਰਣਾ ਅਤੇ ਪਤੀ ਗਗਨਪ੍ਰੀਤ ਸਿੰਘ ਆਨੰਦ ਦੇ ਸਹਿਯੋਗ ਸਦਕਾ ਕਾਮਰਸ ਪੈਰਾਡਾਈਜ਼ ਕੋਚਿੰਗ ਸੈਂਟਰ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਆਸਾਨ ਤਰੀਕੇ ਨਾਲ ਮਿਆਰੀ ਕੋਚਿੰਗ ਦੇਣਾ ਹੈ।

# ਮਸਤ ਬਾਬਾ ਸ਼ਾਮ ਜੀ ਮਹਾਰਾਜ ਦਾ ਨਿਰਵਾਣ ਦਿਵਸ ਸਮਾਗਮ ਸੰਪੰਨ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ )**-ਝੱਜ ਵਿਖੇ ਸਵਾਮੀ ਅਨਮੋਲਕਾ ਨੰਦ ਜੀ ਦੀ ਅਗਵਾਈ ਹੇਠ ਮਸਤ ਸੰਤ ਬਾਬਾ ਸ਼ਾਮ ਜੀ ਮਹਾਰਾਜ ਸਮਾਧੀ ਵਾਲਿਆਂ ਦੇ ਮਨਾਏ ਜਾ ਰਹੇ 40ਵੇਂ ਨਿਰਵਾਣ ਦਿਵਸ ਨੂੰ ਲੈ ਕੇ ਆਯੋਜਿਤ ਕਰਵਾਇਆ ਜਾ ਰਿਹਾ ਧਾਰਮਿਕ ਸਮਾਗਮ ਅਚਾਰੀਆ ਗਰੀਬਦਾਸ ਜੀ ਮਹਾਰਾਜ ਦੀ ਬਾਣੀ ਦੇ ਭੋਗ ਪਾਏ ਜਾਣ ਨਾਲ ਸ਼ਰਧਾਪੂਰਵਕ ਸੰਪੰਨ ਹੋ ਗਿਆ । ਧਾਰਮਿਕ ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਪਧਾਰੇ ਸਵਾਮੀ ਬ੍ਰਹਮ ਸਰੂਪ ਜੀ ਛੁਡਾਣੀ ਧਾਮ ਵਾਲਿਆਂ ਨੇ ਭੋਗ ਮੌਕੇ ਪ੍ਰਵਚਨ ਪੇਸ਼ ਕਰਦਿਆਂ ਕਿਹਾ ਕਿ ਇਨਸਾਨ ਦੀ ਜ਼ਿੰਦਗੀ 'ਚ ਧਨ, ਦੌਲਤ, ਸ਼ੋਹਰਤ ਤੇ ਐਸ਼ੋ ਆਰਾਮ ਸਹਿਤ ਹਰ ਤਰ੍ਹਾਂ ਦੇ ਪਦਾਰਥ ਮੌਜੂਦ ਹਨ, ਪਰੰਤੂ ਫਿਰ ਵੀ ਉਹ ਦੁੱਖਾਂ ਤੋਂ ਪੀੜਤ ਹੈ । ਇਸਦਾ ਇਕੋ-ਇਕ ਮੂਲ ਕਾਰਨ ਇਨਸਾਨ ਦਾ ਨਾਮ ਭਜਨ ਤੋਂ ਬੇਮੁੱਖ ਹੋਣਾ ਹੈ ।ਸਵਾਮੀ ਅਨਮੋਲਕਾ ਨੰਦ ਜੀ ਮਹਾਰਾਜ ਨੇ ਕਿਹਾ ਕਿ ਪਰਮੇਸ਼ਵਰ ਦੇ ਨਾਮ ਤੋਂ ਬਿਨ੍ਹਾਂ ਜੀਵ ਨੂੰ ਕੋਈ ਵੀ ਇਨਸਾਨ ਜਾਂ ਸ਼ੈਅ ਸੁਖ ਪ੍ਰਦਾਨ ਨਹੀਂ ਕਰ ਸਕਦੀ । ਇਸ ਮੌਕੇ ਪਧਾਰੇ ਸਵਾਮੀ ਅਜਰਾਨੰਦ, ਸਵਾਮੀ ਸਹਿਜ ਦਾਸ, ਸਵਾਮੀ ਕ੍ਰਿਪਾਲਾ ਨੰਦ, ਸਵਾਮੀ ਅੰਮ੍ਰਿਤਾ ਨੰਦ ਸਵਾਮੀ ਰਿਸ਼ੀ ਰਾਜ, ਸਵਾਮੀ ਬਲਦੇਵ ਦਾਸ ਅਤੇ ਠਾਕੁਰ ਸਵਾਮੀ ਗਿਆਨ ਨਾਥ ਆਦਿ ਸੰਤ-ਮਹਾਪੁਰਸ਼ਾ ਨੇ ਗਿਆਨ ਉਪਦੇਸ਼ ਦੇ ਕੇ ਸੰਗਤਾਂ ਨੂੰ ਨਿਹਾਲ ਕੀਤਾ । ਇਸ ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਫਿਜੀਓਥੈਰੇਪੀ ਕੈਂਪ ਲਗਾਇਆ ਗਿਆ । ਜਿਸਦਾ ਉਦਘਾਟਨ ਸਵਾਮੀ ਅਨਮੋਲਕਾ ਨੰਦ ਜੀ ਨੇ ਵੱਖ-ਵੱਖ ਸਥਾਨਾਂ ਤੋਂ ਪਹੁੰਚੇ ਸੰਤ-ਮਹਾਪੁਰਸ਼ਾਂ ਤੋਂ ਰਿਬਨ ਕਟਵਾ ਕੇ ਕਰਵਾਇਆ । ਇਸ ਤੋਂ ਉਪਰੰਤ ਸੰਜੀਵ ਹਸਪਤਾਲ ਕਾਹਨਪੁਰ ਖੂਹੀ ਵੱਲੋਂ ਲਗਾਏ ਗਏ ਫਿਜੀਓਥੈਰੇਪੀ ਕੈਂਪ ਦੌਰਾਨ ਪਹੁੰਚੇ ਕਰੀਬ 70 ਤੋਂ ਵੀ ਵੱਧ ਮਰੀਜ਼ਾਂ ਦਾ ਇਲਾਜ ਕੀਤਾ ਗਿਆ । ਸਮਾਗਮ ਦੌਰਾਨ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸਖਸ਼ੀਅਤਾਂ ਸਹਿਤ ਵੱਡੀ ਗਿਣਤੀ' ਚ ਸੰਗਤਾਂ ਨੇ ਹਾਜ਼ਰੀ ਭਰੀ।

# ਸੰਯੁਕਤ ਕਿਸਾਨ ਮੋਰਚਾ ਤੇ ਮਜ਼ਦੂਰ ਜਥੇਬੰਦੀਆਂ ਵਲੋਂ ਭਾਜਪਾ ਉਮੀਦਵਾਰ ਦੇ ਤਿੱਖੇ ਵਿਰੋਧ ਦਾ ਸੱਦਾ



ਨਵਾਂਸ਼ਹਿਰ (ਮਨੋਜ ਲਾਡੀ)

ਸੰਯੁਕਤ ਕਿਸਾਨ ਮੋਰਚਾ ਅਤੇ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਨਵਾਂਸ਼ਹਿਰ ਵਿਖੇ ਵਿਸ਼ੇਸ਼ ਮੀਟਿੰਗ ਕੀਤੀ ਗਈ ਜਿਸ ਵਿਚ ਭਾਜਪਾ ਉਮੀਦਵਾਰ ਦਾ ਤਿੱਖਾ ਵਿਰੋਧ ਕਰਨ ਦਾ ਸੱਦਾ ਦਿੱਤਾ ਗਿਆ।ਮੀਟਿੰਗ ਵਿਚ 21 ਮਈ ਨੂੰ ਜਗਰਾਉਂ ਵਿਖੇ ਸੰਯੁਕਤ ਕਿਸਾਨ ਮੋਰਚਾ ਅਤੇ ਟਰੇਡ ਯੂਨੀਅਨਾਂ ਵਲੋਂ ਕੀਤੀ ਜਾ ਰਹੀ ਮਹਾ ਪੰਚਾਇਤ ਵਿਚ ਭਰਵੀਂ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ।ਮੀਟਿੰਗ ਵਿੱਚ ਕਿਰਤੀ ਕਿਸਾਨ ਯੂਨੀਅਨ , ਕੌਮੀ ਕਿਸਾਨ ਯੂਨੀਅਨ , ਜਮਹੂਰੀ ਕਿਸਾਨ ਸਭਾ , ਸਰਵ ਭਾਰਤੀ ਕਿਸਾਨ ਸਭਾ ,ਇਫਟੂ , ਜਮਹੂਰੀ ਅਧਿਕਾਰ ਸਭਾ , ਸਰਵ ਭਾਰਤੀ ਕਿਸਾਨ ਸਭਾ , ਦਿਹਾਤੀ ਮਜ਼ਦੂਰ ਸਭਾ ਅਤੇ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਆਗੂ ਸ਼ਾਮਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਜਗਰਾਉਂ ਦੀ ਮਹਾ ਪੰਚਾਇਤ ਭਾਰਤੀ ਜਨਤਾ ਪਾਰਟੀ ਦੀਆ ਲੋਕ ਵਿਰੋਧੀ ਨੀਤੀਆਂ , ਕਿਸਾਨਾਂ ਨੂੰ ਦਿੱਲੀ ਵੱਲ ਜਾਣ ਤੋਂ ਸੜਕਾਂ ਵਿਚ ਰੋਕਾਂ ਲਾਉਣ , ਘੱਟ ਗਿਣਤੀਆਂ ਤੇ ਕਾਤਲਾਨਾ ਹਮਲੇ ਅਤੇ ਸੰਵਿਧਾਨ ਵਿੱਚ ਦਰਜ ਕਾਨੂੰਨਾ ਦਾ ਖਾਤਮਾ ਅਤੇ ਧੱਕੇ ਨਾਲ ਰਾਜ ਕਰਨ ਦੇ ਵਰਤਾਰਿਆਂ ਅਤੇ ਆਉਣ ਵਾਲੇ ਸਮੇਂ ਵਿੱਚ ਭਾਜਪਾ ਵੱਲੋਂ ਲੋਕਾਂ ਦੇ ਸੰਘਰਸ਼ ਦੇ ਅਧਿਕਾਰ ਨੂੰ ਖੋਹਣ ਵਰਗੇ ਭਖਵੇਂ ਮੁਦਿਆਂ ਤੇ ਕੀਤੀ ਜਾ ਰਹੀ ਹੈ। ਜਥੇਬੰਦੀਆਂ ਦੇ ਆਗੂਆਂ ਸੁਰਿੰਦਰ ਸਿੰਘ ਬੈਂਸ , ਕੁਲਵਿੰਦਰ ਸਿੰਘ ਵੜੈਚ, ਹੁਸਨ ਸਿੰਘ ਮਾਂਗਟ , ਸਤਨਾਮ ਸਿੰਘ ਸੁੱਜੋਂ , ਜਰਨੈਲ ਸਿੰਘ ਰਾਣੇਵਾਲ , ਹਰਵਿੰਦਰ ਸਿੰਘ ਚਾਹਲ , ਬਲਵੀਰ ਸਿੰਘ ਮਾਣੇਵਾਲ , ਦਸੌਧਾ ਸਿੰਘ , ਜਸਵਿੰਦਰ ਸਿੰਘ ਭੰਗਲ ਨੇ ਜ਼ਿਲ੍ਹਾ ਨਵਾਂਸ਼ਹਿਰ ਦੇ ਸਮੂਹ ਕਿਸਾਨਾਂ , ਮਜ਼ਦੂਰਾਂ ਅਤੇ ਇਨਸਾਫ਼ ਪਸੰਦ ਲੋਕਾਂ ਨੂੰ 21 ਮਈ ਨੂੰ ਜਗਰਾਉਂ ਮਹਾਂ ਪੰਚਾਇਤ ਵਿਚ ਸ਼ਾਮਿਲ ਹੋਣ ਦੀ ਅਪੀਲ ਕਰਦਿਆਂ ਪਿੰਡਾਂ ਵਿਚ ਭਾਜਪਾ ਉਮੀਦਵਾਰ ਦਾ ਤਿੱਖਾ ਵਿਰੋਧ ਕਰਨ ਲਈ ਕਿਹਾ । ਇਸ ਮੌਕੇ ਜ਼ਿਲ੍ਹਾ ਨਵਾਂਸ਼ਹਿਰ ਵਿਚ ਮੋਟਰਸਾਈਕਲ ਮਾਰਚ ਕਰਨ ਦਾ ਵੀ ਫੈਸਲਾ ਕੀਤਾ ਗਿਆ ।ਇਹਨਾਂ ਮਾਰਚਾਂ ਰਾਹੀਂ ਭਾਜਪਾ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਨੰਗਾ ਕੀਤਾ ਜਾਵੇਗਾ। ਬੰਗਾ ਇਲਾਕੇ ਵਿੱਚ 25 ਮਈ , ਨਵਾਂਸ਼ਹਿਰ ਇਲਾਕੇ ਵਿਚ 28 ਮਈ ਅਤੇ ਬਲਾਚੌਰ ਇਲਾਕੇ ਵਿਚ 29 ਮਈ ਨੂੰ ਮੋਟਰ ਸਾਈਕਲ ਮਾਰਚ ਕੀਤੇ ਜਾਣਗੇ । ਇਸ ਮੌਕੇ , ਤਰਸੇਮ ਸਿੰਘ ਬੈਂਸ , ਦਲਜੀਤ ਸਿੰਘ ਐਡਵੋਕੇਟ ,ਗੁਰਮੇਲ ਚੰਦ , ਜਸਬੀਰ ਦੀਪ , ਬੂਟਾ ਸਿੰਘ,ਗੁਰਦਿਆਲ ਸਿੰਘ ਮਹਿੰਦੀ ਪੁਰ,ਸੁਰਿੰਦਰ ਭੱਟੀ, ਸਤਨਾਮ ਸਿੰਘ ਸੁੱਜੋਂ, ਜਰਨੈਲ ਸਿੰਘ ਰਾਣੇਵਾਲ,ਰਾਮ ਜੀ ਦਾਸ ਸਨਾਵਾ ਅਤੇ ਹੋਰ ਆਗੂ ਵੀ ਹਾਜ਼ਰ ਸਨ ।

# ਨਾਮਜ਼ਦਗੀਆਂ ਵਾਪਸ ਲੈਣ ਦੇ ਆਖਰੀ ਦਿਨ ਕਿਸੇ ਉਮੀਦਵਾਰ ਨੇ ਕਾਗਜ਼ ਵਾਪਸ ਨਹੀਂ ਲਏ

**ਜਲੰਧਰ (ਸ਼ੈਲੀ ਐਲਬਰਟ)** :- ਲੋਕ ਸਭਾ ਹਲਕਾ 04-ਜਲੰਧਰ (ਅ.ਜ.) ਦੀਆਂ ਆਮ ਚੋਣਾਂ ਲਈ ਨਾਮਜ਼ਦਗੀਆਂ ਵਾਪਸ ਲੈਣ ਦੇ ਆਖਰੀ ਦਿਨ ਸਮਾਂ ਪੂਰਾ ਹੋਣ ਤੱਕ ਕਿਸੇ ਵੀ ਉਮੀਦਵਾਰ ਵੱਲੋਂ ਆਪਣੇ ਨਾਮਜ਼ਦਗੀ ਪੱਤਰ ਵਾਪਸ ਨਹੀਂ ਲਏ ਗਏ। ਜਿਸ ਉਪਰੰਤ ਜਨਰਲ ਆਬਜ਼ਰਵਰ ਜੇ ਮੇਘਨਾਥ ਰੈਡੀ ਦੀ ਮੌਜੂਦਗੀ ਵਿੱਚ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਕਰ ਦਿੱਤੇ ਗਏ।ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਾਮਜ਼ਦਗੀਆਂ ਵਾਪਸ ਲੈਣ ਦੇ ਆਖਰੀ ਦਿਨ ਕਿਸੇ ਵੀ ਉਮੀਦਵਾਰ ਵੱਲੋਂ ਨਾਮਜ਼ਦਗੀ ਵਾਪਸ ਨਹੀਂ ਲਏ ਗਏ ਅਤੇ ਹੁਣ ਲੋਕ ਸਭਾ ਹਲਕਾ ਜਲੰਧਰ ਦੀਆਂ ਆਮ ਚੋਣਾਂ ਲਈ 7 ਆਜ਼ਾਦ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ 13 ਉਮੀਦਵਾਰ ਚੋਣ ਮੈਦਾਨ ਵਿੱਚ ਹਨ। ਉਨ੍ਹਾਂ ਦੱਸਿਆ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਸੁਸ਼ੀਲ ਕੁਮਾਰ, ਇੰਡੀਅਨ ਨੈਸ਼ਨਲ ਕਾਂਗਰਸ ਵੱਲੋਂ ਚਰਨਜੀਤ ਸਿੰਘ ਚੰਨੀ, ਕਮਿਊਨਿਸਟ ਪਾਰਟੀ ਆਫ਼ ਇੰਡੀਆ (ਮਾਰਕਸਿਸਟ) ਵੱਲੋਂ ਪਰਸ਼ੋਤਮ ਲਾਲ, ਆਮ ਆਦਮੀ ਪਾਰਟੀ ਵੱਲੋਂ ਪਵਨ ਕੁਮਾਰ ਟੀਨੂੰ, ਬਹੁਜਨ ਸਮਾਜ ਪਾਰਟੀ ਵੱਲੋਂ ਬਲਵਿੰਦਰ ਕੁਮਾਰ, ਸ਼੍ਰੋਮਣੀ ਅਕਾਲੀ ਦਲ ਵੱਲੋਂ ਮਹਿੰਦਰ ਸਿੰਘ ਕੇਪੀ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) (ਸਿਮਰਨਜੀਤ ਸਿੰਘ ਮਾਨ) ਵੱਲੋਂ ਸਰਬਜੀਤ ਸਿੰਘ, ਰਿਪਬਲਿਕਨ ਪਾਰਟੀ ਆਫ਼ ਇੰਡੀਆ (ਅਠਾਵਾਲੇ) ਵੱਲੋਂ ਸੋਨੀਆ, ਡੈਮੋਕਰੇਟਿਕ ਭਾਰਤੀ ਸਮਾਜ ਪਾਰਟੀ ਵੱਲੋਂ ਗੁਲਸ਼ਨ ਕੁਮਾਰ, ਲੋਕਤਾਂਤਰਿਕ ਲੋਕ ਰਾਜਿਅਮ ਪਾਰਟੀ ਵੱਲੋਂ ਤਾਰਾ ਚੰਦ ਸ਼ੀਲਾ, ਗਲੋਬਲ ਰਿਪਬਲਿਕਨ ਪਾਰਟੀ ਵੱਲੋਂ ਬਾਲ ਮੁਕੰਦ, ਆਪਣਾ ਸਮਾਜ ਪਾਰਟੀ ਵੱਲੋਂ ਰਜਵੰਤ ਕੌਰ, ਪੀਪਲਜ਼ ਪਾਰਟੀ ਆਫ਼ ਇੰਡੀਆ (ਡੈਮੋਕਰੇਟਿਕ) ਵੱਲੋਂ ਰਾਜ ਕੁਮਾਰ ਅਤੇ ਆਜ਼ਾਦ ਉਮੀਦਵਾਰ ਵਜੋਂ ਅਸ਼ੋਕ ਕੁਮਾਰ, ਅਮਰੀਸ਼ ਭਗਤ, ਇਕਬਾਲ ਚੰਦ, ਗੁਰਦੀਪ ਸਿੰਘ, ਨੀਟੂ, ਪਰਮਜੀਤ ਕੌਰ ਤੇਜੀ ਅਤੇ ਰਮੇਸ਼ ਲਾਲ ਵੱਲੋਂ ਲੋਕ ਸਭਾ ਚੋਣ ਲੜੀ ਜਾ ਰਹੀ ਹੈ।ਸਾਰਿਆਂ ਨੂੰ ਚੋਣ ਨਿਸ਼ਾਨ ਅਲਾਟ ਕਰ ਦਿੱਤੇ ਗਏ ਹਨ। ਵੋਟਾਂ 1 ਜੂਨ ਪੈਣਗੀਆਂ ਅਤੇ ਗਿਣਤੀ 4 ਜੂਨ ਨੂੰ ਹੋਵੇਗੀ।

# ਲੋਕ ਸਭਾ ਲਈ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ

**ਹੁਸ਼ਿਆਰਪੁਰ: (ਓਮ ਪ੍ਰਕਾਸ਼ ਰਾਣਾ )**-ਡਿਪਟੀ ਕਮਿਸ਼ਨਰ-ਕਮ- ਜ਼ਿਲ੍ਹਾ ਚੋਣ ਅਫ਼ਸਰ ਕੋਮਲ ਮਿੱਤਲ ਨੇ ਦੱਸਿਆ ਕਿ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਨਾਮਜ਼ਦਗੀ ਪੱਤਰ ਵਾਪਸ ਲੈਣ ਦਾ ਆਖਰੀ ਦਿਨ ਸੀ। ਉਨ੍ਹਾਂ ਕਿਹਾ ਕਿ ਸ਼ੁੱਕਰਵਾਰ ਨਾਮਜ਼ਦਗੀ ਵਾਪਸ ਲੈਣ ਦੇ ਆਖਰੀ ਦਿਨ ਕਿਸੇ ਵੀ ਉਮੀਦਵਾਰ ਵੱਲੋਂ ਨਾਮਜ਼ਦਗੀ ਪੱਤਰ ਵਾਪਸ ਨਹੀਂ ਲਏ ਗਏ। ਉਨ੍ਹਾਂ ਦੱਸਿਆ ਕਿ ਇਸ ਉਪਰੰਤ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਕੁੱਲ 16 ਉਮੀਦਵਾਰ ਚੋਣ ਮੈਦਾਨ ਵਿਚ ਰਹਿ ਗਏ ਹਨ। ਇਸ ਦੌਰਾਨ ਉਨ੍ਹਾਂ ਸਾਰੇ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਕਰ ਦਿੱਤੇ। ਉਨ੍ਹਾਂ ਦੱਸਿਆ ਕਿ 1 ਜੂਨ ਨੂੰ ਜ਼ਿਲ੍ਹੇ ਵਿਚ ਲੋਕ ਸਭਾ ਚੋਣਾਂ ਲਈ ਵੋਟਾਂ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ 4 ਜੂਨ ਨੂੰ ਹੋਵੇਗੀ।ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਭਾਰਤੀ ਜਨਤਾ ਪਾਰਟੀ ਦੀ ਉਮੀਦਵਾਰ ਅਨੀਤਾ ਸੋਮ ਪ੍ਰਕਾਸ਼ ਦਾ ਚੋਣ ਨਿਸ਼ਾਨ ਕਮਲ ਦਾ ਫੁੱਲ, ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸੋਹਣ ਸਿੰਘ ਠੰਡਲ ਦਾ ਚੋਣ ਨਿਸ਼ਾਨ ਤੱਕੜੀ, ਇੰਡੀਅਨ ਨੈਸ਼ਨਲ ਕਾਂਗਰਸ ਦੀ ਉਮੀਦਵਾਰ ਯਾਮਿਨੀ ਗੋਮਰ ਦਾ ਚੋਣ ਨਿਸ਼ਾਨ ਹੱਥ, ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ



ਰਣਜੀਤ ਕੁਮਾਰ ਦਾ ਚੋਣ ਨਿਸ਼ਾਨ ਹਾਥੀ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਰਾਜ ਕੁਮਾਰ ਦਾ ਚੋਣ ਨਿਸ਼ਾਨ ਝਾੜੂ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਨੈਸ਼ਨਲ ਜਸਟਿਸ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਨੂੰ ਚੋਣ ਨਿਸ਼ਾਨ ਟਰੱਕ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਜਸਵੰਤ ਸਿੰਘ ਨੂੰ ਚੋਣ ਨਿਸ਼ਾਨ ਬਾਲਟੀ, ਬਹੁਜਨ ਦ੍ਰਾਵਿੜ ਪਾਰਟੀ ਦੇ ਉਮੀਦਵਾਰ ਜੀਵਨ ਸਿੰਘ ਤਮਿਲ ਨੂੰ ਚੋਣ ਨਿਸ਼ਾਨ ਗੰਨਾ ਕਿਸਾਨ, ਸਮਾਜ ਭਲਾਈ ਮੋਰਚਾ ਦੇ ਉਮੀਦਵਾਰ ਦਵਿੰਦਰ ਕੁਮਾਰ ਸਰੋਆ ਨੂੰ ਚੋਣ ਨਿਸ਼ਾਨ ਟੈਲੀਵਿਜ਼ਨ, ਗਲੋਬਲ ਰਿਪਬਲੀਕਨ ਪਾਰਟੀ ਦੇ ਉਮੀਦਵਾਰ ਭੀਮਰਾਓ, ਯਸ਼ਵੰਤ ਅੰਬੇਡਕਰ ਨੂੰ ਚੋਣ ਨਿਸ਼ਾਨ ਗੈਸ ਸਿਲੰਡਰ, ਬਹੁਜਨ ਮੁਕਤੀ ਪਾਰਟੀ ਦੇ ਉਮੀਦਵਾਰ ਰਾਜ ਪਾਲ ਨਡਾਲੀ ਨੂੰ ਚੋਣ ਨਿਸ਼ਾਨ ਮੰਜੀ, ਡੈਮੋਕ੍ਰੈਟਿਕ ਭਾਰਤੀ ਸਮਾਜ ਪਾਰਟੀ ਦੇ ਉਮੀਦਵਾਰ ਰਾਜੇਸ਼ ਨੂੰ ਚੋਣ ਨਿਸ਼ਾਨ ਕੋਟ, ਅਜ਼ਾਦ ਉਮੀਦਵਾਰ ਸਤਪਾਲ ਨੂੰ ਚੋਣ ਨਿਸ਼ਾਨ ਕੈਮਰਾ, ਅਜ਼ਾਦ ਉਮੀਦਵਾਰ ਸੋਨੂੰ ਸਿੰਘ ਫਗਵਾੜਾ ਨੂੰ ਚੋਣ ਨਿਸ਼ਾਨ ਕੋਕੋਨੈਟ ਫਾਰਮ, ਅਜ਼ਾਦ ਉਮੀਦਵਾਰ ਦਵਿੰਦਰ ਸਿੰਘ ਨੂੰ ਚੋਣ ਨਿਸ਼ਾਨ ਹੀਰਾ ਅਤੇ ਅਜ਼ਾਦ ਉਮੀਦਵਾਰ ਰੋਹਿਤ ਕੁਮਾਰ ਟਿੰਕੂ ਨੂੰ ਚੋਣ ਨਿਸ਼ਾਨ ਸੋਫਾ ਅਲਾਟ ਕੀਤਾ ਗਿਆ ਹੈ।

# ਬਾਬਾ ਜਾਹਰ ਪੀਰ ਵਿਖੇ ਸਾਲਾਨਾ ਸੱਭਿਆਚਾਰਕ ਮੇਲਾ ਸਫਲਤਾਪੂਰਵਕ ਸੰਪੰਨ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ ਉਂਕਾਰ ਸਿੰਘ )**-ਸੱਲਾ ਰੋਡ ਟਾਂਡਾ ਸਥਿਤ ਬਾਬਾ ਜਾਹਰਾ ਪੀਰ ਜੀ ਦੀ ਪਵਿੱਤਰ ਦਰਗਾਹ ਤੇ ਕਰਵਾਇਆ ਗਿਆ 28ਵਾਂ ਸਾਲਾਨਾ ਸੱਭਿਆਚਾਰਕ ਮੇਲਾ ਸਫਲਤਾ ਪੂਰਵਕ ਸੰਪੰਨ ਹੋ ਗਿਆ। ਲਗਾਤਾਰ ਦੋ ਦਿਨ ਚਲੇ ਇਸ ਸਲਾਨਾ ਸੱਭਿਆਚਾਰਕ ਮੇਲੇ ਤੇ ਪਹਿਲੇ ਦਿਨ 15 ਮਈ ਨੂੰ ਪੀਰਾਂ ਦੀ ਪਵਿੱਤਰ ਦਰਗਾਹ 'ਤੇ ਚਾਦਰ ਤੇ ਝੰਡਾ ਚੜਾਉਣ ਦੀ ਰਸਮ ਉਪਰੰਤ ਸੂਫੀਆਨਾ ਦਰਬਾਰ ਸਜਾਇਆ ਗਿਆ ।ਜਿਸ ਵਿੱਚ ਸੂਫੀਆਨਾ ਗਾਇਕਾ ਰਜ਼ਾ ਹੀਰ ਤੇ ਹੋਰਨਾਂ ਸੂਫੀਆਂ ਨਾਲ ਕਲਾਕਾਰ ਸੂਫੀਆਨਾ ਪ੍ਰੋਗਰਾਮ ਪੇਸ਼ ਕਰਕੇ ਪੀਰਾਂ ਦੀ ਮਹਿਮਾ ਦਾ ਗੁਣਗਾਨ ਕੀਤਾ। ਦੂਸਰੇ ਦਿਨ ਸੱਭਿਆਚਾਰਕ ਮੇਲੇ ਦ ਵਿੱਚ ਗਾਇਕਾ ਅਮਨ ਰੋਜ਼ੀ, ਸੁਰਿੰਦਰ ਮਾਨ ਤੇ ਕਰਮਜੀਤ ਕੰਮਾ ,ਜੁਗਨੀ ਢਿੱਲੋਂ, ਜਗਪਾਲ ਸੰਧੂ ਮਿਊਜ਼ਿਕ ਡਾਇਰੈਕਟਰ ਰਾਮ ਮੂਰਤੀ, ਕਮੇਡੀਅਨ ਚਾਚੀ ਲੁਤਰੋ, ਅਮਨ ਪਾਬਲਾ, ਪਹੁੰਚ ਕੇ ਪੀਰਾਂ ਦੀ ਦਰਗਾਹ ਤੇ ਹਾਜ਼ਰੀ ਲਗਾਉਂਦੇ ਹੋਏ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦਾ ਹੋਇਆ ਪ੍ਰੋਗਰਾਮ ਪੇਸ਼ ਕੀਤਾ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਤੇ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਚੇਅਰਮੈਨ ਹਰਮੀਤ ਸਿੰਘ ਔਲਖ ਇੰਪਰੂਵਮੈਂਟ ਟਰੱਸਟ ਹੁਸ਼ਿਆਰਪੁਰ ਨੇ ਸਭਨਾਂ ਨੂੰ ਸੱਭਿਆਚਾਰਕ ਮੇਲੇ ਦੀ ਮੁਬਾਰਕਬਾਦ ਦਿੱਤੀ ਅਤੇ ਪੰਜਾਬੀ ਸੱਭਿਆਚਾਰ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਪਹੁੰਚੀਆਂ ਸ਼ਖ਼ਸ਼ੀਅਤਾਂ ਨੂੰ ਯਾਦਗਾਰੀ ਚਿੰਨ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਸੱਭਿਆਚਾਰਕ ਮੇਲੇ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਪ੍ਰਸਿੱਧ ਕਮੇਟੀਟਰ ਬਲਜੀਤ ਰਾਹੀ ਨੇ ਬਾਖੂਬੀ ਨਿਭਾਈ। ਇਸ ਮੌਕੇ ਕੇਸ਼ਵ ਸਿੰਘ ਸੈਣੀ, ਦਲਜੀਤ ਸਿੰਘ ਸੇਠੀ, ਜਗਜੀਵਨ ਜੱਗੀ, ਗੁਰਸੇਵਕ ਮਾਰਸ਼ਲ , ਸੁਖਵਿੰਦਰ ਸਿੰਘ ਅਰੋੜਾ, ਸੁਖਵਿੰਦਰ ਸਿੰਘ ਅਰੋੜਾ, ਅਵਤਾਰ ਸਿੰਘ ਤਾਰੀ, ਬਲਜੀਤ ਸੈਣੀ, ਕਮਲ ਧੀਰ, ਕੌਂਸਲਰ ਹਰਿਕ੍ਰਿਸ਼ਨ ਸੈਣੀ, ਕੌਂਸਲਰ ਸੁਰਿੰਦਰਜੀਤ ਸਿੰਘ ਬਿੱਲੂ, ਸੋਨੂ ਖੰਨਾ, ਕਮਲ ਧੀਰ, ਚੌਧਰੀ ਕਮਲ ਸੈਣੀ, ਹਰਵਿੰਦਰ ਕਲੋਟੀ,ਸੇਵਾਦਾਰ ਸੰਦੀਪ ਸੈਣੀ, ਐਸ.ਪੀ ਹਰਲੀਨ ਸਿੰਘ, ਗੋਲਡੀ ਵਰਮਾ,ਮਾਸਟਰ ਸੁਰਿੰਦਰ ਸਿੰਘ ਸੋਢੀ, ਕੌਂਸਲਰ ਲਾਡੀ ਵੈਦ,ਰਵਿੰਦਰ ਕੁਮਾਰ, ਨਰਿੰਦਰ ਸਿੰਘ, ਹਰਭਜਨ ਸਿੰਘ, ਅੰਮ੍ਰਿਤ ਪਾਲ ਸਿੰਘ, ਸੁਖਵੀਰ ਸਿੰਘ ,ਸਤਨਾਮ ਸਿੰਘ, ਪ੍ਰਕਾਸ਼ ਸਿੰਘ, ਵੀ ਹਾਜ਼ਰ ਸਨ।

# ਮੈਂ ਪੰਜਾਬੀਆਂ ਤੇ ਕਿਸਾਨਾਂ ਦੇ ਨਾਲ ਹਮੇਸ਼ਾ ਖੜਾ ਰਹਾਂਗਾ : ਚਰਨਜੀਤ ਚੰਨੀ

**ਗੁਰਾਇਆ (ਬਿੰਦਰ ਸੁੰਮਨ)**: ਜਲੰਧਰ ਲੋਕ ਸਭਾ ਹਲਕੇ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਵੱਲੋਂ ਫਿਲੌਰ ਹਲਕੇ ਦੇ ਪਿੰਡ ਵਿਰਕਾ, ਕਾਹਨਾ ਢੇਸੀਆ, ਬੜਾ ਪਿੰਡ ਤੋਂ ਇਲਾਵਾ ਵੱਖ ਵੱਖ ਪਿੰਡਾਂ 'ਚ ਵਿੱਚ ਕੀਤੀਆਂ ਗਈਆਂ ਚੋਣ ਮੀਟਿੰਗਾਂ ਵੱਡੀਆਂ ਰੈਲੀਆਂ ਦਾ ਰੂਪ ਧਾਰਨ ਕਰ ਗਈਆਂ ਤੇ ਇਨਾਂ ਮੀਟਿੰਗਾਂ ਦੌਰਾਨ ਵੱਡੀ ਗਿਣਤੀ ਵਿੱਚ ਮਹਿਲਾਵਾਂ ਤੇ ਨੌਜਵਾਨਾਂ ਦੀ ਹਾਜ਼ਰੀ ਰਹੀ। ਇਸ ਦੌਨ ਬੜਾ ਪਿੰਡ ਵਿੱਚ ਮੀਟਿੰਗ ਦੌਰਾਨ ਪੁੱਜੇ ਕਿਸਾਨ ਦੇ ਨਾਲ ਚੰਨੀ ਨੇ ਗੱਲਬਾਤ ਕਰਨ ਤੋ ਬਾਅਦ ਕਿਸਾਨਾਂ,ਮਜ਼ਦੂਰਾਂ,ਦੁਕਾਨਦਾਰਾਂ ਤੇ ਆੜਤੀਆਂ ਦੇ ਹੱਕ ਵਿੱਚ ਨਾਅਰੇ ਵੀ ਲਗਾਏ। ਦੋਸਾਂਝ ਕਲਾਂ ਸਮੇਤ ਹੋਰ ਵੱਖ ਵੱਖ ਇਲਾਕਿਆਂ ਵਿੱਚ ਚੰਨੀ ਦੀ ਚੋਣ ਮੁਹਿੰਮ ਨੂੰ ਵੱਡਾ ਬੱਲ ਦਿੱਤਾ। ਚੰਨੀ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿ ਉਹ ਪੰਜਾਬੀਆਂ ਅਤੇ ਕਿਸਾਨਾਂ ਨਾਲ ਹਮੇਸ਼ਾ ਖੜ੍ਹੇ ਰਹੇ ਹਨ ਤੇ ਅੱਗੋਂ ਵੀ ਹਮੇਸ਼ਾ ਖੜ੍ਹਾ ਰਹਿਣਗੇ। ਦੇਸ਼ ਵਿੱਚ ਇੰਡੀਆ ਗਠਜੋੜ ਦੀ ਸਰਕਾਰ ਬਣਨ ਤੇ ਐਮ.ਐਸ.ਪੀ ਤੇ ਗਰੰਟੀ ਕਨੂੰਨ ਲੈ ਕੇ ਲਿਆਂਦਾ ਜਾਵੇਗਾ ਤੇ ਇਹ ਕਨੂੰਨ ਝੋਨੇ ਅਤੇ ਕਣਕ ਦੀ ਫਸਲ ਦੇ



ਨਾਲ ਨਾਲ ਬਾਕੀ ਫਸਲਾਂ 'ਤੇ ਵੀ ਲਿਆਂਦਾ ਜਾਵੇਗਾ ਤਾਂ ਜੋ ਕਿਸਾਨੀ ਨੂੰ ਮਜ਼ਬੂਤ ਕੀਤਾ ਜਾ ਸਕੇ। ਚੰਨੀ ਨੇ ਕਿਹਾ ਕਿ ਲੋਕਾਂ ਵੱਲੋਂ ਦਿੱਤੇ ਜਾ ਰਹੇ ਪਿਆਰ ਦਾ ਮੁੱਲ ਉਨ੍ਹਾਂ ਦੇ ਇਲਾਕੇ ਦੀ ਤਰੱਕੀ ਕਰਕੇ ਮੋੜਨਗੇ। ਇਸ ਦੌਰਾਨ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਭਲਵਾਨ ਸੁਰਜੀਤ ਸਿੰਘ,ਅੰਮ੍ਰਿਤਪਾਲ ਭੋਂਸਲੇ, ਨਗਰ ਕੌਸਲ ਗੋਰਾਇਆ ਦੇ ਪ੍ਰਧਾਨ ਕਮਲਦੀਪ ਸਿੰਘ ਬਿੱਟੂ ਅਤੇ ਦੇਸ ਰਾਜ ਮੱਲ ਨੇ ਚੋਣ ਜਲਸਿਆਂ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਵਿੱਚ ਭਾਜਪਾ ਤਾਨਾਸ਼ਾਹੀ ਦਾ ਰਾਜ ਲਿਆਉਣਾ ਚਾਹੁੰਦੀ ਹੈ ਤੇ ਸੰਵਿਧਾਨ ਨੂੰ ਖਤਮ ਕਰਨਾ ਚਾਹੁੰਦੀ ਹੈ। ਜਿਸ ਕਰਕੇ ਚਰਨਜੀਤ ਸਿੰਘ ਚੰਨੀ ਵਰਗੇ ਨਿਧੱੜਕ ਲੀਡਰ ਨੂੰ ਜਿਤਾ ਕੇ ਕਾਂਗਰਸ ਦੇ ਹੱਥ ਮਜ਼ਬੂਤ ਕਰਨਾ ਸਮੇਂ ਦੀ ਜ਼ਰੂਰਤ ਹੈ। ਇਸ ਮੌਕੇ ਪ੍ਰਿਤਪਾਲ ਸਿੰਘ ਸਰਪੰਚ, ਸੁਖਵਿੰਦਰ ਕੌਰ, ਗੁਰਦੀਪ ਸਿੰਘ ਸਹੋਤਾ, ਸਵਰਨ ਸਿੰਘ, ਦੇਸ ਰਾਜ ਮੱਲ, ਸੋਢੀ ਰਾਮ, ਸੰਮਤੀ ਮੈਂਬਰ ਨਵਦੀਪ, ਬਲਬੀਰ ਸਿੰਘ, ਮੱਖਣ ਸਿੰਘ ਸਰਪੰਚ, ਪਰਮਜੀਤ ਰਾਏ, ਮਨੋਹਰ ਲਾਲ, ਯੂਥ ਆਗੂ ਸਰਬਜੀਤ ਸਾਬੀ, ਡਾਕਟਰ ਮਲਿਕ, ਸੁਰਜੀਤ ਮਾਹਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੇ ਮੈਂਬਰ,ਪਿੰਡਾਂ ਦੇ ਸਰਪੰਚ,ਪੰਚ ਤੇ ਸਥਾਨਕ ਆਗੂ ਹਾਜ਼ਰ ਸਨ।

# ਦਰਬਾਰ ਪੀਰ ਬਾਬਾ ਲੱਖ ਦਾਤਾ ਢੰਡੋਲੀ ਵਿਖੇ ਸਾਲਾਨਾ ਮੇਲਾ ਮਨਾਇਆ



**ਬੰਗਾ (ਅਵਤਾਰ ਕਲੇਰ)** ਦਰਬਾਰ ਪੀਰ ਬਾਬਾ ਲੱਖ ਦਾਤਾ ਜੀ ਢੰਡੋਲੀ ਵਿਖੇ ਸਾਲਾਨਾ ਮੇਲਾ ਸਾਈਂ ਲਖਵੀਰ ਸ਼ਾਹ ਕਾਦਰੀ ਖਾਨਦਾਨੀ ਗੱਦੀਨਸ਼ੀਨ ਪੀਰ ਬਾਬਾ ਲੱਖ ਦਾਤਾ ਦਰਬਾਰ ਕਟਾਰੀਆ ਦੀ ਰਹਿਨੁਮਾਈ ਹੇਠ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਦਰਬਾਰ ਦੀਆਂ ਧਾਰਮਿਕ ਰਸਮਾਂ ਚਿਰਾਗਾਂ ਦੀ ਰਸਮ, ਨਿਸ਼ਾਨ ਸਾਹਿਬ ਦੀ ਰਸਮ,ਚਾਦਰ ਦੀ ਰਸਮ ਸਾਈਂ ਲਖਵੀਰ ਸ਼ਾਹ ਕਾਦਰੀ ਅਤੇ ਦਰਬਾਰ ਦੇ ਮੁੱਖ ਸੇਵਾਦਾਰ ਬਾਬਾ ਮੇਜਰ ਰਾਮ ਨਿਭਾਈ ਗਈ। ਸਰਬੱਤ ਦੇ ਭਲੇ ਲਈ ਦੁਆ ਕੀਤੀ ਗਈ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਸਟੇਜ ਸਜਾਈ ਗਈ ਜਿਸ ਵਿੱਚ ਪੰਜਾਬ ਦੇ ਮਸ਼ਹੂਰ ਕਲਾਕਾਰ ਰਜ਼ਾ ਹੀਰ,ਕਮਲ ਕਟਾਣੀਆ, ਨਿਰਮਲਜੀਤ, ਕੁਲਦੀਪ ਰੁਹਾਨੀ, ਲਸ਼ਕਰ ਸਰਗੁੰਦੀ, ਕੌਰ ਸਿਸਟਰਜ਼, ਮੋਹਨ ਮਾਹੀ, ਸਾਬਰੀ ਸਾਬ ਆਦਿ ਕਲਾਕਾਰਾਂ ਨੇ ਧਾਰਮਿਕ ਅਤੇ ਸੱਭਿਆਚਾਰ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸੈਕਟਰੀ ਦੀ ਭੂਮਿਕਾ ਕੇਵਲ ਬਿਲਗਾ ਵਲੋਂ ਬਾਖੂਬੀ ਨਿਭਾਈ ਗਈ। ਸਾਈਂ ਲਖਵੀਰ ਸ਼ਾਹ ਕਾਦਰੀ ਅਤੇ ਬਾਬਾ ਮੇਜਰ ਰਾਮ ਵਲੋਂ ਪਹੁੰਚੇ ਹੋਏ ਮਹਾਂਪੁਰਸ਼ਾਂ , ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਬਾਬਾ ਬਿੱਲੇ ਸ਼ਾਹ ਸਫਰੋੜ,ਰੇਸ਼ਮ ਸਿੰਘ ਰੋਸ਼ੀ, ਸੇਵਾ ਸਿੰਘ, ਬਲਵੀਰ ਕੰਗ, ਚਰਨਜੀਤ, ਗੁਰਮੇਲ ਸਿੰਘ ਸਾਬਕਾ ਸਰਪੰਚ, ਬਿਹਾਰੀ ਲਾਲ,ਕੇਸਰ ਰਾਮ, ਰਾਮ ਪਾਲ ਫੌਜੀ, ਕਿਸ਼ਨ ਦਾਸ ਆਦਿ ਹਾਜ਼ਰ ਸਨ।

# ਹਨੂਮਤ ਸਕੂਲ ਨੇ ਹੋਣਹਾਰ ਵਿਦਿਆਰਥੀਆਂ ਨੂੰ ਦਿੱਤੀ ਸਕਾਲਰਸ਼ਿਪ



**ਗੁਰਾਇਆ (ਬਿੰਦਰ ਸੁੰਮਨ)**: ਸ਼੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਗੁਰਾਇਆ ਦੇ ਸੰਸਥਾਪਕ ਸਤਿਆ ਪ੍ਰਕਾਸ਼ ਗੁਪਤਾ ਦਾ ਸੁਪਨਾ ਸੀ ਕਿ ਬੱਚਿਆਂ ਲਈ ਇੱਕ ਵਧੀਆ ਵਿੱਦਿਅਕ ਸੰਸਥਾ ਸਥਾਪਿਤ ਕੀਤੀ ਜਾਵੇ ਤਾਂ ਜੋ ਉਹ ਸਿੱਖਿਆ ਰਾਹੀਂ ਚੰਗੇ ਇਨਸਾਨ ਬਣ ਸਕਣ। ਉਹਨਾਂ ਦਾ ਸੁਪਨਾ ਅੱਜ ਪੂਰਾ ਹੁੰਦਾ ਨਜ਼ਰ ਆ ਰਿਹਾ ਹੈ। ਸਕੂਲ ਹਰ ਸਾਲ ਬੋਰਡ ਦੀਆਂ ਪ੍ਰੀਖਿਆਵਾਂ ਵਿੱਚ 100% ਨਤੀਜਾ ਪ੍ਰਦਾਨ ਕਰ ਰਿਹਾ ਹੈ। ਇਸ ਸਾਲ 10ਵੀਂ ਜਮਾਤ ਦੀ ਬੋਰਡ ਪ੍ਰੀਖਿਆ ਵਿੱਚ ਵਿਦਿਆਰਥੀਆਂ ਨੇ ਬਹੁਤ ਚੰਗੇ ਅੰਕ ਪ੍ਰਾਪਤ ਕੀਤੇ ਹਨ। ਸਕੂਲ ਵਿੱਚ ਪੜ੍ਹਦੇ ਵਿਦਿਆਰਥੀਆਂ ਤੋਂ ਇਲਾਵਾ ਸਕੂਲ ਪ੍ਰਬੰਧਕ ਕਮੇਟੀ ਗਿਰੀਸ਼ ਗੁਪਤਾ ਅਤੇ ਨਰੇਸ਼ ਗੁਪਤਾ ਵੱਲੋਂ ਸੱਤਿਆ ਪ੍ਰਕਾਸ਼ ਗੁਪਤਾ ਸਕਾਲਰਸ਼ਿਪ ਸਕੀਮ ਤਹਿਤ ਹੋਰਨਾਂ ਸਕੂਲਾਂ ਵਿੱਚੋਂ 90 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੱਤੀ ਗਈ। ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਸੈਂਟਰਲ ਬੋਰਡ ਔਫ ਸੈਕੰਡਰੀ ਐਜੁਕੇਸ਼ਨ ਦੇ 10ਵੀਂ ਜਮਾਤ ਵਿੱਚੋਂ 90 ਫੀਸਦੀ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਜ਼ੀਫੇ ਦਿੱਤੇ ਗਏ। ਵਿਦਿਆਰਥੀਆਂ ਵਿੱਚ ਅਸ਼ਮੀਤ ਕੌਰ, ਪ੍ਰਾਚੀ, ਜੈਸਮੀਨ ਕੌਰ, ਇਸ਼ਿਤਾ ਰਾਣੀ, ਰਹਵੀਰ ਕੌਰ, ਸਿਮਰਜੀਤ ਕੌਰ, ਮੰਨਤ ਭਾਟੀਆ, ਤੁਸ਼ਾਂਸ਼ੂ ਅਗਰਵਾਲ, ਜਸਕਰਨਪ੍ਰੀਤ ਕੌਰ ਸ਼ਾਮਲ ਹਨ। ਸਕੂਲ ਵਿੱਚ ਹਰੇਕ ਵਿਦਿਆਰਥੀ ਨੂੰ 11000/- ਰੁਪਏ ਦੇ ਚੈਕ ਦਿੱਤੇ ਗਏ। ਪ੍ਰਿੰਸੀਪਲ ਆਰਤੀ ਸੋਬਤੀ ਨੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸ਼੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ, ਇਸ ਦੇ ਸੰਸਥਾਪਕ ਅਤੇ ਪ੍ਰਸ਼ਾਸਨ ਹਮੇਸ਼ਾ ਹੀ ਆਪਣੇ ਉੱਤਮ ਯਤਨਾਂ ਵਿਚ ਸਫਲ ਰਹੇ ਹਨ।

# ਪ੍ਰੀਤ ਨਗਰ 'ਚ ਠੰਡਲ ਦੀ ਪ੍ਰਚਾਰ ਮੁਹਿੰਮ ਨੂੰ ਮਿਲਿਆ ਭਰਵਾਂ ਹੁੰਗਾਰਾ : ਬਡਵਾਲ



ਫਗਵਾੜਾ ( ਡਾ.ਰਮਨ, ਢੱਡਾ ) ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਸ਼੍ਰੋਮਣੀ ਅਕਾਲੀ ਦਲ (ਬ) ਦੇ ਉਮੀਦਵਾਰ ਸੋਹਣ ਸਿੰਘ ਠੰਡਲ ਦੇ ਹੱਕ 'ਚ ਇਕ ਪ੍ਰਭਾਵਸ਼ਾਲੀ ਚੋਣ ਮੀਟਿੰਗ ਗੁਰਮੀਤ ਸਿੰਘ ਬਡਵਾਲ ਅਤੇ ਸਾਬਕਾ ਵਾਰਡ ਕੌਂਸਲਰ ਬੀਬੀ ਸਰਬਜੀਤ ਕੌਰ ਦੀ ਅਗਵਾਈ ਹੇਠ ਕੀਤੀ ਗਈ। ਜਿਸ ਵਿਚ ਪਾਰਟੀ ਦੇ ਸੀਨੀਅਰ ਆਗੂ ਜਰਨੈਲ ਸਿੰਘ ਵਾਹਦ, ਹਲਕਾ ਸ਼ਹਿਰੀ ਇੰਚਾਰਜ ਰਣਜੀਤ ਸਿੰਘ ਖੁਰਾਣਾ ਅਤੇ ਦਿਹਾਤੀ ਹਲਕਾ ਇੰਚਾਰਜ ਰਾਜਿੰਦਰ ਸਿੰਘ ਚੰਦੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਕਤ ਆਗੂਆਂ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦਾ ਵਿਕਾਸ ਹਮੇਸ਼ਾ ਅਕਾਲੀ ਰਾਜ ਵਿਚ ਹੀ ਹੋਇਆ ਹੈ ਅਤੇ ਇਸ ਸਮੇਂ ਕੇਂਦਰ ਨਾਲ ਸਬੰਧਤ ਪੰਜਾਬ ਦੇ ਜੋ ਭੱਖਦੇ ਮਸਲੇ ਹਨ, ਉਹਨਾਂ ਦਾ ਹੱਲ ਸਿਰਫ ਸ਼੍ਰੋਮਣੀ ਅਕਾਲੀ ਦਲ (ਬ) ਦੇ ਚੁਣੇ ਹੋਏ ਮੈਂਬਰ ਪਾਰਲੀਮੈਂਟ ਹੀ ਕਰਵਾ ਸਕਦੇ ਹਨ। ਇਸ ਲਈ ਪੰਜਾਬ ਅਤੇ ਪੰਥ ਦੇ ਹਿਤਾਂ ਨੂੰ ਮੁੱਖ ਰੱਖਦਿਆਂ ਵੱਧ ਤੋਂ ਵੱਧ ਵੋਟਾਂ ਸ਼੍ਰੋਮਣੀ ਅਕਾਲੀ ਦਲ (ਬ) ਨੂੰ ਪਾ ਕੇ ਹੁਸ਼ਿਆਰਪੁਰ ਲੋਕਸਭਾ ਹਲਕੇ ਤੋਂ ਪਾਰਟੀ ਦੇ ਉਮੀਦਵਾਰ ਸੋਹਣ ਸਿੰਘ ਠੰਡਲ ਦੀ ਜਿੱਤ ਯਕੀਨੀ ਬਣਾਈ ਜਾਵੇ। ਮੀਟਿੰਗ ਦੌਰਾਨ ਗੁਰਮੀਤ ਸਿੰਘ ਬਡਵਾਲ ਅਤੇ ਸਾਬਕਾ ਕੌਂਸਲਰ ਸਰਬਜੀਤ ਕੌਰ ਨੇ ਸੀਨੀਅਰ ਆਗੂਆਂ ਨੂੰ ਭਰੋਸਾ ਦਿੱਤਾ ਕਿ ਉਹਨਾਂ ਦੇ ਵਾਰਡ ਦੀ ਇੱਕ-ਇੱਕ ਵੋਟ 'ਤੱਕੜੀ' ਚੋਣ ਨਿਸ਼ਾਨ ਨੂੰ ਪਾਈ ਜਾਵੇਗੀ ਅਤੇ ਠੰਡਲ ਨੂੰ ਫਗਵਾੜਾ ਵਿਧਾਨਸਭਾ ਹਲਕੇ ਤੋਂ ਵੱਡੀ ਲੀਡ ਦੇ ਕੇ ਜਿੱਤ ਯਕੀਨੀ ਬਣਾਈ ਜਾਵੇਗੀ। ਇਸ ਮੌਕੇ ਜੱਥੇਦਾਰ ਗੁਰਮੁਖ ਸਿੰਘ ਚਾਨਾ, ਹਰਵਿੰਦਰ ਸਿੰਘ ਲਵਲੀ ਵਾਲੀਆ, ਅਵਤਾਰ ਸਿੰਘ ਮੰਗੀ, ਗੁਰਜੀਤ ਸਿੰਘ ਖੇੜਾ, ਬਲਦੇਵ ਸਿੰਘ ਜਗਤਪੁਰ ਜੱਟਾਂ, ਦਲਜੀਤ ਕੌਰ ਬਡਵਾਲ, ਡਾ. ਜੀਤ ਸਿੰਘ, ਪਰਮਜੀਤ ਸਿੰਘ ਪੰਮਾ, ਜਸਵਿੰਦਰ ਸਿੰਘ ਭਗਤਪੁਰਾ ਅਤੇ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਪ੍ਰੀਤ ਨਗਰ ਦੀਆਂ ਸਮੂਹ ਬੀਬੀਆਂ ਹਾਜਰ ਸਨ।

# ਬੜਾ ਪਿੰਡ ਪਹੁੰਚਣ 'ਤੇ ਸੁਸ਼ੀਲ ਰਿੰਕੂ ਦਾ ਵਿਰੋਧ



**ਗੁਰਾਇਆ (ਬਿੰਦਰ ਸੁੰਮਨ)**: ਲੋਕ ਸਭਾ ਚੋਣਾਂ ਨੂੰ ਲੈ ਕੇ ਜਿਥੇ ਵੱਖ ਵੱਖ ਪਾਰਟੀਆਂ ਵਲੋਂ ਚੋਣ ਪ੍ਰਚਾਰ ਤੇਜ਼ ਕੀਤਾ ਗਿਆ ਹੈ, ਉਥੇ ਹੀ ਭਾਜਪਾ ਦੇ ਉਮੀਦਵਾਰ ਸੁਸ਼ੀਲ ਰਿੰਕੂ ਦਾ ਵਿਰੋਧ ਵੀ ਲਗਾਤਾਰ ਹੋ ਰਿਹਾ ਹੈ। ਬੀਤੇ ਦਿਨ ਜਦ ਭਾਜਪਾ ਦੇ ਉਮੀਦਵਾਰ ਸੁਸ਼ੀਲ ਰਿੰਕੂ ਹਲਕਾ ਫਿਲੌਰ ਦੇ ਬੜਾ ਪਿੰਡ ਵਿਖੇ ਆਪਣੇ ਚੋਣ ਜਲਸੇ ਨੂੰ ਸੰਬੋਧਨ ਪੁੱਜੇ ਤਾਂ ਕਿਸਾਨ ਜਥੇਬੰਦੀਆ ਵਲੋਂ ਉਸ ਦਾ ਵਿਰੋਧ ਕੀਤਾ ਗਿਆ ਅਤੇ ਭਾਜਪਾ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਕਿਸਾਨ ਆਗੂ ਜਸਵੀਰ ਸਿੰਘ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਕਿਸਾਨ ਅੰਦੋਲਨ ਦੌਰਾਨ ਜੋ ਵਾਅਦੇ ਕੀਤੇ ਸਨ ਉਨਾ ਨੂੰ ਪੂਰਾ ਨਹੀਂ ਕੀਤਾ ਗਿਆ।

ਉਥੇ ਉਨਾ ਕਿਹਾ ਕਿ ਸ਼ੰਭੂ ਬਾਰਡਰ ਉਪਰ ਸੰਘਰਸ਼ ਕਰੇ ਰਹੇ ਕਿਸਾਨਾਂ 'ਤੇ ਹਰਿਆਣਾ ਦੀ ਭਾਜਪਾ ਸਰਕਾਰ ਨੇ ਪੰਜਾਬ ਦੀ ਹੱਦ ਅੰਦਰ ਦਾਖਲ ਹੋ ਕੇ ਅੰਨਾ ਤਸ਼ਦੱਦ ਕੀਤਾ ਹੈ, ਜਿਸ ਦੌਰਾਨ ਇੱਕ ਕਿਸਾਨ ਦੀ ਮੌਤ ਵੀ ਹੋ ਗਈ ਸੀ। ਜਿਸ ਦੇ ਚੱਲਦਿਆ ਉਨਾਂ ਵਲੋਂ ਭਾਜਪਾ ਦੇ ਉਮੀਦਵਾਰ ਦਾ ਵਿਰੋਧ ਕੀਤਾ ਗਿਆ ਹੈ ਜੋ ਕੇ ਭਵਿੱਖ ਵਿੱਚ ਵੀ ਜਾਰੀ ਰਹੇਗਾ।

# ਬਾਬਾ ਮਸਤ ਸ਼ਾਹ ਦੇ ਦਰਬਾਰ 'ਤੇ ਮੇਲਾ 4 ਤੇ 5 ਜੂਨ ਨੂੰ

**ਗੜ੍ਹਸ਼ੰਕਰ(ਫੂਲਾ ਸਿੰਘ ਬੀਰਮਪੁਰ)** ਇਲਾਕੇ ਦੇ ਪਿੰਡ ਸਾਧੋਵਾਲ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦਰਬਾਰ ਬਾਬਾ ਮਸਤ ਸ਼ਾਹ ਜੀ ਦੇ ਦਰਬਾਰ 'ਤੇ ਚਾਰ ਅਤੇ ਪੰਜ ਜੂਨ ਨੂੰ ਸਾਲਾਨਾ ਮੇਲਾ ਬੜੀ ਸ਼ਰਧਾ ਪੂਰਵਕ ਕਰਵਾਇਆ ਜਾ ਰਿਹਾ ਹੈ। 'ਮੇਲਾ ਮਸਤਾ ਦਾ' ਪੋਸਟਰ ਜਾਰੀ ਕਰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਚਾਰ ਜੂਨ ਦਿਨ ਮੰਗਲਵਾਰ ਨੂੰ ਦਰਬਾਰ 'ਤੇ ਨਿਸ਼ਾਨ ਸ਼ਾਹਿਬ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ ਉਪਰੰਤ ਦਰਬਾਰ ਤੇ ਕਵਾਲ ਅਤੇ ਨਕਾਲ ਪਾਰਟੀਆ ਬਾਬਾ ਜੀ ਦੀ ਮਹਿਮਾ ਦਾ ਗੁਣਗਾਨ ਕਰਨਗੀਆਂ। ਪੰਜ ਜੂਨ ਦਿਨ ਬੁੱਧਵਾਰ ਨੂੰ ਦਰਬਾਰ 'ਚ ਨਾਮਵਰ ਕਲਾਕਾਰ ਸਰਦਾਰ ਅਲੀ ਸਮੇਤ ਹੋਰ ਕਲਾਕਾਰ ਹਾਜ਼ਰੀ ਭਰਨਗੇ । ਮੇਲੇ ਦਾ ਸਿੱਧਾ ਪ੍ਰਸਾਰਣ ਸ਼ਿਵਾਲਿਕ ਨਿਊਜ਼ਤੇ ਦਿਖਾਇਆ ਜਾਵੇਗਾ।ਠੰਡੇ ਮਿੱਠੇ ਜਲ ਦੀਆ ਛਬੀਲਾਂ ਅਤੇ ਲੰਗਰ ਅਤੁੱਟ ਵਰਤਾਏ ਜਾਣਗੇ।



# ਅਕਾਲੀ ਦਲ ਨੂੰ ਛੱਡ ਕੇ ਗੁਰਮੀਤ ਥਾਪਰ ਹੋਏ 'ਆਪ' 'ਚ ਸ਼ਾਮਲ



**ਭੁਲੱਥ, (ਮਨਪ੍ਰੀਤ ਸਿੰਘ)**-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਪਾਰਟੀ ਉਮੀਦਵਾਰ ਰਾਜ ਕੁਮਾਰ ਚੱਬੇਵਾਲ ਤੇ ਹਲਕਾ ਇੰਚਾਰਜ ਭੁਲੱਥ ਐਡਵੋਕੇਟ ਹਰਸਿਮਰਨ ਸਿੰਘ ਘੁੰਮਣ ਦੀ ਮੌਜੂਦਗੀ 'ਚ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਥਾਪਰ ਨੂੰ ਆਮ ਆਦਮੀ ਪਾਰਟੀ ਦੇ ਪਰਵਾਰ 'ਚ ਸ਼ਾਮਲ ਕੀਤਾ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਬੂਟਾ ਸਿੰਘ ਬੇਗੋਵਾਲ ਤੇ ਬਲਾਕ ਪ੍ਰਧਾਨ ਲਖਵਿੰਦਰ ਸਿੰਘ ਲੱਖਾ ਵੀ ਮੌਜੂਦ ਸਨ।

# ਸਰਕਾਰੀ ਆਈ ਟੀ ਆਈ ਨੰਗਲ ਵਿਖੇ ਸਵੈ-ਰੋਜ਼ਗਾਰ ਜਾਗਰੂਕਤਾ ਸੈਮੀਨਾਰ ਕਰਵਾਇਆ




**ਭਲਾਣ (ਹਰਭਜਨ ਢਿੱਲੋਂ)**- ਡਾਇਰੈਕਟਰ ਤਕਨੀਕੀ ਉਦਯੋਗਿਕ ਸਿਖਲਾਈ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤੇ ਸਰਕਾਰੀ ਆਈਟੀਆਈ ਨੰਗਲ ਵਿਖੇ ਸਿੱਖਿਆਥੀਆਂ ਦੇ ਆਤਮ ਨਿਰਭਰ ਬਣਾਉਣ ਲਈ ਇੱਕ ਸਵੈ-ਰੋਜ਼ਗਾਰ ਜਾਗਰੂਕਤਾ ਸੈਮੀਨਾਰ ਦਾ ਅਯੋਜਨ ਕੀਤਾ ਗਿਆ। ਪ੍ਰਿੰਸੀਪਲ ਗੁਰਨਾਮ ਸਿੰਘ ਭੱਲੜੀ ਦੀ ਅਗਵਾਈ ਹੇਠ ਕਰਵਾਏ ਗਏ ਇਸ ਸੈਮੀਨਾਰ ਵਿੱਚ ਆਈਐਮਸੀ ਕਮੇਟੀ ਦੇ ਚੇਆਰਮੈਨ ਸਿਮਰਇੰਦਰ ਸਿੰਘ, ਠੇਕੇਦਾਰ ਰਾਜਿੰਦਰ ਸਿੰਘ, ਕੌਂਸਲਰ ਗਿੰਦਆ ਸਾਗਰ, ਅਰੁਣ ਕੁਮਾਰ, ਇੰਦਰਜੀਤ ਸਿੰਘ ਨੇ ਇਸ ਸੈਮੀਨਾਰ ਵਿੱਚ ਪਹੁੰਚ ਕੇ ਸੰਸਥਾਂ ਦੀਆਂ ਵੱਖ-ਵੱਖ ਟਰੇਡਾਂ ਦੇ ਸਿੱਖਿਆਰਥੀਆਂ ਵੱਲੋਂ ਬਣਾਏ ਗਏ ਪ੍ਰੋਜੈਕਟਾਂ ਦਾ ਨਿਰੀਖਣ ਕੀਤਾ। ਕਮੇਟੀ ਦੇ ਆਹੁਦੇਦਾਰਾਂ ਨੇ ਪ੍ਰੋਜੈਕਟ ਬਣਾਉਣ ਵਾਲੇ ਸਿੱਖਿਆਰਥੀਆਂ ਨੂੰ ਸ਼ਾਬਾਸ਼ ਵੀ ਦਿੱਤੀ। ਉਨ੍ਹਾਂ ਕਿਹਾ ਕਿ ਬੱਚਿਆਂ ਦੀ ਪ੍ਰੋਜੈਕਟ ਬਣਾਉਣ ਵਾਲੇ ਕੰਮ ਨੂੰ ਸਿਰੇ ਚਾੜ੍ਹਨ ਨਾਲ ਹਲਾਸ਼ੇਰੀ ਵੱਧੀ ਹੈ। ਇਸ ਸੈਮੀਨਾਰ ਵਿੱਚ ਵੱਖ-ਵੱਖ ਬੈਂਕਾਂ ਅਤੇ ਇੰਡਸਟਰੀਆਂ ਨੇ ਅਧਿਕਾਰੀਆਂ ਨੇ ਉਚੇਚੇ ਤੌਰ 'ਤੇ ਭਾਗ ਲਿਆ। ਸੈਮੀਨਾਰ 'ਚ ਪਹੁੰਚੇ ਲੀਡ ਬੈਂਕ ਰੂਪਨਗਰ ਦੇ ਡਾਇਰੈਕਟਰ ਜੀਐਸ ਰਾਇਨੇ, ਮੈਨੇਜ਼ਰ ਅਵਿਨਾਸ਼ ਕੁਮਾਰ, ਪਰਸਨਲ ਅਫ਼ਸਰ ਇਸ਼ਾਂਤ ਠਾਕੁਰ, ਕੇਨਰਾਂ ਬੈਂਕ ਨੰਗਲ ਦੇ ਮੈਨੇਜਰ ਅੰਕਿਤ ਉੱਪਲ, ਯੂਕੋ ਆਰਸੈਟੀ ਦੇ ਅਧਿਕਾਰੀ ਗੁਰਵਿੰਦਰ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਥੇੜਾ ਦੀ ਪ੍ਰਿੰਸੀਪਲ ਪਰਮਿੰਦਰ ਕੌਰ ਦੂਆ ਅਤੇ ਸਰਕਾਰੀ ਸ਼ਿਵਾਲਿਕ ਕਾਲਜ ਨਯਾ ਨੰਗਲ ਦੇ ਸੇਵਾ ਮੁਕਤ ਪ੍ਰੋਫੈਸਰ ਡਾ. ਗੁਲਜੀਤ ਚੰਦ ਚੱਠਾ ਨੇ ਸੰਬੋਧਨ ਕਰਦਿਆਂ ਸਿੱਖਿਆਰਥੀਆਂ ਨੂੰ ਟ੍ਰੇਨਿੰਗ ਉਪਰੰਤ ਆਪਣਾ ਕਾਰੋਬਾਰ ਸ਼ੁਰੂ ਕਰਨ ਲਈ ਬੈਂਕਾਂ ਦੀਆਂ ਵੱਖ-ਵੱਖ ਸਕੀਮਾਂ ਤੋਂ ਜਾਣੂ ਕਰਵਾਇਆਂ। ਉਨ੍ਹਾਂ ਕਿਹਾ ਕਿ ਸਿੱਖਿਆਰਥੀਆਂ ਨੂੰ ਇਨ੍ਹਾਂ ਸਕੀਮਾਂ ਦਾ ਫਾਇਦਾ ਉਠਾਉਣਾ ਚਹੀਦਾ ਹੈ। ਇਸ ਮੌਕੇ ਯੂਕੋ ਆਰਸੈਟੀ ਦੇ ਅਧਿਕਾਰੀ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਯੂਕੋ ਬੈਂਕ ਵੱਲੋਂ ਯੂਕੋ ਗਰਾਮੀਣ ਸਵੈ-ਰੋਜ਼ਗਾਰ ਸਿਖਲਾਈ ਦੌਰਾਨ ਵੱਖ-ਵੱਖ ਸਕੀਮਾਂ ਤਹਿਤ ਕੰਮ ਧੰਦੇ ਸ਼ੁਰੂ ਕਰਨ ਲਈ ਘੱਟ ਵਿਆਜ਼ 'ਤੇ ਕਰਜੇ ਦਿੱਤੇ ਜਾਂਦੇ ਹਨ। ਉਨਾ ਟ੍ਰੇਨਿੰਗ ਦੌਰਾਨ ਸਿੱਖਿਆਰਥੀਆਂ ਦੇ ਖਾਣ ਪੀਣ, ਰਿਹਾਇਸ਼ ਤੋਂ ਇਲਾਵਾ ਵਜੀਫਾ ਵੀ ਦੇਣ ਦੀ ਗੱਲ ਆਖੀ। ਇਸ ਮੌਕੇ ਪ੍ਰਿੰਸੀਪਲ ਭੱਲੜੀ ਨੇ ਬੈਂਕਾਂ ਅਤੇ ਇੰਡਸਟਰੀ ਦੇ ਅਧਿਕਾਰੀਆਂ ਦੀ ਟੀਮ ਦਾ ਧੰਨਵਾਦ ਕੀਤਾ ਅਤੇ ਸਿੱਖਿਆਰਥੀਆਂ ਨੂੰ ਉਨ੍ਹਾਂ ਵੱਲੋਂ ਦੱਸੀਆਂ ਸਕੀਮਾਂ ਦਾ ਲਾਹਾ ਲੈਣ ਲਈ ਕਿਹਾ। ਉਨ੍ਹਾਂ ਕਿਹਾ ਕਿ ਉਹ ਆਪਣਾ ਕੰਮ ਸ਼ੁਰੂ ਕਰਨ। ਇਸ ਮੌਕੇ ਪਲੇਸਮੈਂਟ ਅਫਸਰ ਰਣਜੀਤ ਸਿੰਘ ਭੱਲੜੀ, ਸਹਾਇਕ ਪਲੇਸਮੈਂਟ ਅਫ਼ਸਰ ਮਲਕੀਤ ਸਿੰਘ, ਟ੍ਰੇਨਿੰਗ ਅਫ਼ਸਰ ਰਾਕੇਸ਼ ਧੀਮਾਨ, ਟ੍ਰੇਨਿੰਗ ਅਫ਼ਸਰ ਅਜੈ ਕੌਸ਼ਲ, ਟ੍ਰੇਨਿੰਗ ਅਫ਼ਸਰ ਅਸ਼ਵਨੀ ਕੁਮਾਰ, ਟ੍ਰੇਨਿੰਗ ਅਫ਼ਸਰ ਸੰਜੀਵ ਮੱਲੀ, ਟ੍ਰੇਨਿੰਗ ਅਫ਼ਸਰ ਗੁਰਮੇਲ ਸਿੰਘ, ਟਰੇਨਿੰਗ ਅਫਸਰ ਰਾਕੇਸ਼ ਧੀਮਾਨ ,ਟਰੇਨਿੰਗ ਅਫਸਰ ਅਜੈ ਕੁਮਾਰ, ਟਰੇਨਿੰਗ ਅਫਸਰ ਅਸ਼ਵਨੀ ਕੁਮਾਰ , ਸੁਪਰਡੰਟ ਗਿਸ਼ੀਪਾਲ, ਮਨੋਜ ਧੰਜਲ ,ਵਰਿੰਦਰ ਸਿੰਘ, ਅਸ਼ੋਕ ਕੁਮਾਰ, ਇੰਸਟਕਟਰ ਬਲਵਿੰਦਰ ਰੈਤ, ਮਲਕੀਤ ਸਿੰਘ, ਬਲਜੀਤ ਸਿੰਘ ਜੇਤੇਵਾਲ,ਗੁਰਦੀਪ ਕੁਮਾਰ, ਹਰਮਿੰਦਰ ਸਿੰਘ,ਦਲਜੀਤ ਸਿੰਘ ,ਮਨਪ੍ਰੀਤ ਸਿੰਘ,ਵਿਜੇ ਕੁਮਾਰ,ਦਲਜੀਤ ਸਿੰਘ,ਅਸ਼ਵਨੀ ਕੁਮਾਰ ਸੀਨੀਅਰ ਸਹਾਇਕ, ਰਜਿੰਦਰ ਸਿੰਘ,ਅਕਾਸ਼ਦੀਪ, ਅੰਜੂ ਕਪਿਲਾ,ਸੁਨੀਤਾ ਦੇਵੀ ,ਰਵਨੀਤ ਕੌਰ ਭੰਗਲ,ਅਮਨਦੀਪ ਸਿੰਘ, ਰਜਿੰਦਰ ਕੁਮਾਰ,ਮਨਿੰਦਰ ਸਿੰਘ,ਹਰਪ੍ਰੀਤ ਸਿੰਘ,ਰਿਸ਼ੀਪਾਲ,ਸੁਮਿਤ ਕੁਮਾਰ, ਗਿਤਾਜਲੀ ਸ਼ਰਮਾ ਅਨੀਲਮ ਸ਼ਰਮਾ, ਆਦਿ ਤੋਂ ਇਲਾਵਾ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਲੂ ਤੋਂ ਬਚਾਓ ਸੰਬੰਧੀ ਚਲਾਇਆ ਵਿਸ਼ੇਸ਼ ਜਾਗਰੂਕਤਾ ਅਭਿਆਨ



**ਸ਼੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਲਗਾਤਾਰ ਵੱਧ ਰਹੇ ਤਾਪਮਾਨ ਅਤੇ ਗਰਮ ਖ਼ੁਸ਼ਕ ਹਵਾਵਾਂ ਕਾਰਨ ਪੂਰੇ ਉਤਰੀ ਭਾਰਤ ਵਿੱਚ ਲੂ ਚੱਲ ਰਹੀ ਹੈ ਜੋ ਕਿ ਅਗਲੇ ਕੁੱਝ ਦਿਨਾਂ ਤੱਕ ਬਣੀ ਰਹਿ ਸਕਦੀ ਹੈ। ਹੈਲਥ ਇੰਸਪੈਕਟਰ ਬਲਵੰਤ ਰਾਏ ਨੇ ਦੱਸਿਆ ਕਿ ਸਿਵਲ ਸਰਜਨ ਰੂਪਨਗਰ ਡਾ. ਮਨੂੰ ਵਿਜ ਅਤੇ ਸੀਨੀਅਰ ਮੈਡੀਕਲ ਅਫਸਰ ਕੀਰਤਪੁਰ ਸਾਹਿਬ, ਡਾ. ਦਲਜੀਤ ਕੌਰ ਦੀ ਅਗਵਾਈ ਹੇਠ ਕੀਰਤਪੁਰ ਸਾਹਿਬ ਦੇ ਪਿੰਡਾਂ ਅਤੇ ਅਰਬਨ ਏਰੀਏ ਵਿੱਚ ਸਿਹਤ ਵਰਕਰਾਂ ਵਲੋਂ ਲੂ ਤੋਂ ਬਚਾਓ ਸਬੰਧੀ ਜਾਣਕਾਰੀ ਦੇਣ ਲਈ ਵਿਸ਼ੇਸ਼ ਜਾਗਰੂਕਤਾ ਅਭਿਆਨ ਕੀਤਾ ਜਾ ਰਿਹਾ ਹੈ ਜਿਸ ਲੜੀ ਤਹਿਤ ਸ਼੍ਰੀ ਅਨੰਦਪੁਰ ਸਾਹਿਬ ਦੇ ਪਿੰਡ ਮਜਾਰਾ ਅਤੇ ਵਾਰਡ ਨੰਬਰ-1 ਮਜਾਰਾ ਦੇ ਸਨਾਤਨ ਧਰਮ ਹਾਈ ਸਕੂਲ ਵਿੱਚ ਇੱਕ ਵਿਸ਼ੇਸ਼ ਸੈਮੀਨਾਰ ਕੀਤਾ ਗਿਆ। ਉਹਨਾਂ ਨੇ ਦੱਸਿਆ ਕਿ ਗਰਮ ਲੂ ਤੋ ਆਪਣੇ ਆਪ ਨੂੰ ਬਚਾਉਣ ਲਈ ਤਰਲ ਪਦਾਰਥਾਂ ਜਿਵੇਂ ਲੱਸੀ, ਪਾਣੀ, ਨਿੰਬੂ ਆਦਿ ਦਾ ਵੱਧ ਤੋ ਵੱਧ ਸੇਵਨ ਕਰਨਾ ਚਾਹੀਦਾ ਹੈ। ਲੋਕਾਂ ਨੂੰ ਗਰਮੀ ਤੇ ਲੂ ਤੋਂ ਬਚਾਅ ਲਈ ਵਧੇਰੇ ਸੁਚੇਤ ਹੋਣ ਦੀ ਲੋੜ ਹੈ। ਉਹਨਾਂ ਦੱਸਿਆ ਕਿ ਤਿੱਖੀ ਧੁੱਪ ਤੋ ਬਚਣ ਲਈ ਦੁਪਹਿਰ ਵੇਲੇ ਘਰ ਤੋਂ ਬਾਹਰ ਘੱਟ ਤੋ ਘੱਟ ਨਿਕਲਿਆ ਜਾਵੇ। ਜੇਕਰ ਦੁਪਹਿਰ ਵੇਲੇ ਕਿਸੇ ਕੰਮ ਕਰਕੇ ਬਾਹਰ ਜਾਣਾ ਪੈ ਜਾਂਦਾ ਹੈ ਤਾਂ ਕੋਸ਼ਿਸ਼ ਕਰੋ ਕਿ ਕੁੱਝ ਸਮਾਂ ਠੰਡੀ ਥਾਂ ਜਿਵੇਂ ਕਿ ਰੁੱਖ ਹੇਠਾਂ ਬੈਠਿਆ ਜਾਵੇ। ਗਰਮੀ ਦੇ ਦਿਨਾਂ ਦੌਰਾਨ ਹਮੇਸ਼ਾ ਹਲਕੇ ਰੰਗ ਦੇ ਕੱਪੜੇ ਪਾਏ ਜਾਣ। ਬੱਚਿਆਂ, ਬਜ਼ੁਰਗਾਂ ਅਤੇ ਗਰਭਵਤੀ ਔਰਤਾਂ ਨੂੰ ਗਰਮੀ ਲੱਗਣ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ ਇਸ ਲਈ ਇੰਨ੍ਹਾਂ ਦਾ ਖ਼ਾਸ ਧਿਆਨ ਰੱਖਿਆ ਜਾਵੇ। ਲੂ ਲੱਗਣ ਨਾਲ ਸਰੀਰ 'ਤੇ ਪਿੱਤ, ਚੱਕਰ ਆਉਣੇ, ਬਹੁਤ ਪਸੀਨਾ ਆਉਣਾ ਤੇ ਥਕਾਨ ਹੋਣਾ, ਸਿਰ ਦਰਦ ਤੇ ਉਲਟੀਆਂ ਲੱਗਣੀਆਂ, ਚਮੜੀ ਦਾ ਲਾਲ ਹੋਣਾ ਤੇ ਖ਼ੁਸ਼ਕ ਹੋਣਾ ਆਦਿ ਵਰਗੀਆਂ ਨਿਸ਼ਾਨੀਆਂ ਹੋ ਸਕਦੀਆਂ ਹਨ । ਵਿਦਿਆਰਥੀਆਂ ਨੂੰ ਨਸ਼ਿਆਂ ਦੇ ਕੁ-ਪ੍ਰਭਾਵਾਂ ਬਾਰੇ ਵੀ ਜਾਗਰੂਕ ਕੀਤਾ ਗਿਆ। ਇਸ ਮੌਕੇ ਨਰੇਸ਼ ਕੁਮਾਰ, ਸੁੱਚਾ ਸਿੰਘ, ਅਸ਼ੋਕ ਕੁਮਾਰ, ਮੁੱਖ ਅਧਿਆਪਕ ਸਤੀਸ਼ ਕੁਮਾਰ, ਹਰਪ੍ਰੀਤ ਕੌਰ, ਪ੍ਰੀਆ, ਕਿਰਨ ਹਾਜ਼ਰ ਸਨ।

# ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਆਗੂਆਂ ਨੂੰ ਗ੍ਰਿਫਤਾਰ ਕਰਨਾ ਮੰਦਭਾਗਾ : ਅਜਨੋਹਾ



**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)** ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਬਲਾਕ ਕੋਟ ਫਤੂਹੀ ਦੀ ਇੱਕ ਅਹਿਮ ਮੀਟਿੰਗ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ, ਜਨਰਲ ਸਕੱਤਰ ਉਂਕਾਰ ਸਿੰਘ ਅਤੇ ਵਿੱਤ ਸਕੱਤਰ ਹਰਨੇਕ ਕੁਮਾਰ ਦੀ ਸਰਪ੍ਰਸਤੀ ਹੇਠ ਹੋਈ। ਇਸ ਮੀਟਿੰਗ ਵਿੱਚ ਆਗੂਆਂ ਵਲੋਂ ਕਿਹਾ ਗਿਆ ਕਿ ਧਰਨਿਆਂ ਅਤੇ ਮੁਜ਼ਾਹਰਿਆਂ ਵਿੱਚੋਂ ਪੈਦਾ ਹੋਈ ਪੰਜਾਬ ਦੀ 'ਆਪਜ ਸਰਕਾਰ ਆਮ ਲੋਕਾਂ ਕੋਲੋਂ ਵਿਰੋਧ ਪ੍ਰਦਰਸ਼ਨ ਪ੍ਰਗਟ ਕਰਨ ਦਾ ਅਧਿਕਾਰ ਵੀ ਖੋਹ ਰਹੀ ਹੋ। 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦੀ ਟਾਂਡਾ ਫੇਰੀ ਦੌਰਾਨ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਸੂਬਾ ਪ੍ਰਧਾਨ ਜਸਵੀਰ ਤਲਵਾੜਾ, ਜ਼ਿਲ੍ਹਾ ਵਾਈਸ ਪ੍ਰਧਾਨ ਪ੍ਰਿੰਸ ਗੜਦੀਵਾਲਾ, ਬਲਾਕ ਟਾਂਡਾ ਦੇ ਪ੍ਰਧਾਨ ਬਲਦੇਵ ਸਿੰਘ, ਮੁਕੇਰੀਆਂ ਪ੍ਰਧਾਨ ਰਜਤ ਮਹਾਜਨ ਅਤੇ ਹੋਰ ਆਗੂਆਂ ਨੂੰ ਤੜਕਸਾਰ ਹੀ ਘਰ ਤੋਂ ਪੁਲਸ ਵਲੋਂ ਚੁੱਕ ਕੇ ਪੁਲਿਸ ਸਟੇਸ਼ਨ ਲੈ ਕੈ ਜਾਣ ਤੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਬਲਾਕ ਕੋਟ ਫਤੂਹੀ ਵਲੋਂ ਨਿਖੇਧੀ ਕੀਤੀ ਜਾਂਦੀ ਹੈ। ਪੰਜਾਬ ਸਰਕਾਰ ਵਲੋਂ ਪੁਰਾਣੀ ਪੈਨਸ਼ਨ ਬਹਾਲ ਕਰਨ ਦੇ ਅਧੂਰੇ ਨੋਟੀਫਿਕੇਸ਼ਨ ਨੂੰ ਡੇਢ ਸਾਲ ਬੀਤਣ 'ਤੇ ਵੀ ਲਾਗੂ ਨਹੀ ਕੀਤਾ ਗਿਆ। ਇਸ ਮੌਕੇ ਐਨ.ਪੀ.ਐਸ ਮੁਲਾਜ਼ਮਾਂ ਵਲੋਂ ਇਹ ਮੰਗ ਕੀਤੀ ਗਈ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਦੀ ਵੀਹ ਸਾਲਾਂ ਤੋਂ ਲਟਕਦੀ ਮੰਗ ਨੂੰ ਜਲਦੀ ਪੂਰਾ ਕਰੇ। ਇਸ ਮੀਟਿੰਗ ਵਿੱਚ ਬਲਜੀਤ ਸਿੰਘ, ਅਜੇ ਕੁਮਾਰ, ਬਲਜਿੰਦਰ ਸਿੰਘ, ਸਗਲੀ ਰਾਮ, ਜਸਵਿੰਦਰ ਸਿੰਘ, ਗੁਰਮੁੱਖ ਸਿੰਘ, ਮਨਜਿੰਦਰ ਸਿੰਘ, ਹਰਬੰਸ ਲਾਲ, ਜੋਗਿੰਦਰ ਸਿੰਘ, ਜਤਿੰਦਰ ਸਿੰਘ, ਹਰਿੰਦਰ ਸਿੰਘ, ਧਰਮਿੰਦਰ ਸਿੰਘ ਹਾਫਿਜ ਪਦਮ, ਹਰਮਿੰਦਰ ਸਿੰਘ, ਹਰਪ੍ਰੀਤ ਹਨੀ, ਮੁਨੀਸ਼ ਕੁਮਾਰ, ਹਰਭਜਨ ਸਿੰਘ, ਸੋਹਣ ਸਿੰਘ, ਕਮਲਜੀਤ ਸਿੰਘ, ਦਰਸ਼ਨ ਕੌਰ, ਰਮਨਦੀਪ ਕੌਰ, ਰਾਜਵਿੰਦਰ ਕੌਰ, ਕਮਲਜੀਤ ਕੌਰ, ਸਰਬਜੀਤ ਕੌਰ, ਬਲਵੀਰ ਕੌਰ, ਲਵਦੀਪ ਕੌਰ, ਅਬਿਨਾਸ਼ ਕੌਰ, ਏਕਤਾ ਰਾਣੀ, ਅਮਨਜੀਤ ਕੌਰ, ਕਮਲੇਸ਼ ਰਾਣੀ, ਅਮਨਪ੍ਰੀਤ ਕੌਰ ਆਦਿ ਵੱਡੀ ਗਿਣਤੀ ਵਿੱਚ ਐਨ.ਪੀ.ਐਸ ਮੁਲਾਜਮ ਮੌਜੂਦ ਸਨ

# ਅਨੀਤਾ ਸੋਮ ਪ੍ਰਕਾਸ਼ ਦੇ ਹੱਕ 'ਚ ਤੀਕਸ਼ਣ ਸੂਦ ਨੇ ਕੀਤਾ ਚੋਣ ਪ੍ਰਚਾਰ



**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)**

ਹੁਸ਼ਿਆਰਪੁਰ ਤੋਂ ਭਾਜਪਾ ਦੇ ਲੋਕ ਸਭਾ ਉਮੀਦਵਾਰ ਸ੍ਰੀਮਤੀ ਅਨੀਤਾ ਸੋਮ ਪ੍ਰਕਾਸ਼ ਨੇ ਸਾਬਕਾ ਕੈਬਨਿਟ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਆਗੂ ਤੀਕਸ਼ਨ ਸੂਦ ਨਾਲ ਮਿਲ ਕੇ ਚੋਣ ਪ੍ਰਚਾਰ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਜ਼ੋਰਦਾਰ ਪ੍ਰਚਾਰ ਕਰਕੇ ਚੋਣ ਮੁਹਿੰਮ ਨੂੰ ਨਵੀਂ ਧਾਰ ਦਿੱਤੀ ਹੈ।ਇਸੇ ਕੜੀ ਵਿੱਚ ਉਨ੍ਹਾਂ ਸ਼ਾਂਤੀ ਨਗਰ, ਬਜਬਾੜਾ, ਵਾਰਡ ਨੰਬਰ 05, ਹਰੀ ਨਗਰ, ਕਮਾਲਪੁਰ ਅਤੇ ਭਗਤ ਨਗਰ ਵਿੱਚ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਦੀ ਜਨਤਾ ਨੇ ਸਾਰੀਆਂ ਪਾਰਟੀਆਂ ਅਤੇ ਆਗੂਆਂ ਦੀ ਕਾਰਗੁਜ਼ਾਰੀ ਦੇਖ ਲਈ ਹੈ। ਮੋਦੀ ਸਰਕਾਰ ਨੇ 10 ਸਾਲਾਂ ਵਿੱਚ ਦੇਸ਼ ਦੇ ਵਿਕਾਸ ਅਤੇ ਗਰੀਬਾਂ ਦੀ ਭਲਾਈ ਲਈ ਜੋ ਕੰਮ ਕੀਤੇ ਹਨ, ਉਹ ਪਿਛਲੀਆਂ ਸਰਕਾਰਾਂ 65 ਸਾਲਾਂ ਵਿੱਚ ਵੀ ਨਹੀਂ ਕਰ ਸਕੀਆਂ। ਆਪਣੀ ਚੰਗੀ ਕਾਰਜਸ਼ੈਲੀ ਨਾਲ ਪ੍ਰਧਾਨ ਮੰਤਰੀ ਮੋਦੀ ਵਿਸ਼ਵ ਨੇਤਾ ਬਣ ਕੇ ਉਭਰੇ ਹਨ। ਭਾਜਪਾ ਦੇ ਮੌਜੂਦਾ ਸੰਸਦ ਮੈਂਬਰ ਅਤੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਲੋਕ ਸਭਾ ਹਲਕਾ ਹੁਸ਼ਿਆਰਪੁਰ ਵਿੱਚ ਬੇਮਿਸਾਲ ਭਾਸ਼ਣ ਦਿੱਤਾ। ਨਵਾਂ ਰੇਲਵੇ ਪਲੇਟਫਾਰਮ, ਫਗਵਾੜਾ ਅਤੇ ਅੰਮ੍ਰਿਤਸਰ ਤੋਂ ਊਨਾ ਤੱਕ ਨਵੀਂ ਚਾਰ ਮਾਰਗੀ ਸੜਕਾਂ ਅਤੇ ਮੈਡੀਕਲ ਕਾਲਜ ਆਦਿ ਬਣਵਾ ਕੇ ਲੋਕਾਂ ਨੂੰ ਬੇਮਿਸਾਲ ਸਹੂਲਤਾਂ ਦੇਣ ਦਾ ਕੰਮ ਕੀਤਾ ਗਿਆ ਹੈ। ਸ੍ਰੀਮਤੀ ਸੋਮ ਪ੍ਰਕਾਸ਼ ਦੇ ਨਾਲ ਰਾਜਸਥਾਨ ਤੋਂ ਭਾਜਪਾ ਦੇ ਸੰਸਦ ਮੈਂਬਰ ਡਾ: ਮਨੋਜ ਰਾਜੋਰੀਆ ਅਤੇ ਵਿਜੇ ਬੈਂਸਲਾ ਨੇ ਵੀ ਸੰਬੋਧਨ ਕੀਤਾ ਅਤੇ ਸ੍ਰੀਮਤੀ ਅਨੀਤਾ ਸੋਮ ਪ੍ਰਕਾਸ਼ ਨੂੰ ਵੋਟ ਪਾ ਕੇ ਤੀਜੀ ਵਾਰ ਮੋਦੀ ਸਰਕਾਰ ਬਣਾਉਣ ਦੀ ਅਪੀਲ ਕੀਤੀ ।

ਇਸ ਮੌਕੇ ਸਾਬਕਾ ਮੇਅਰ ਸ਼ਿਵ ਸੂਦ, ਵਿਜੇ ਪਠਾਨੀਆ, ਸਤੀਸ਼ ਬਾਵਾ, ਜ਼ਿਲ੍ਹਾ ਜਨਰਲ ਸਕੱਤਰ ਸੁਰੇਸ਼ ਭਾਟੀਆ ਬਿੱਟੂ, ਐਡਵੋਕੇਟ ਆਰ.ਪੀ ਧੀਰ, ਸਾਬਕਾ ਕੌਂਸਲਰ ਸ਼੍ਰੀਮਤੀ ਰਕੇਸ਼ ਸੂਦ, ਕੁਲਵੰਤ ਕੌਰ, ਅਰਚਨਾ ਜੈਨ, ਕੌਂਸਲਰ ਗੀਤੀਕਾ ਅਰੋੜਾ, ਸੰਜੂ ਅਰੋੜਾ, ਹਰਮੇਸ਼ ਲਾਲ, ਰੱਜਤ ਠਾਕੁਰ, ਚਮਨ ਲਾਲ, ਪੰਕਜ, ਤਰਨ ਕੌਸ਼ਲ, ਅਮਨਜੀਤ ਕੌਰ, ਸੁਖਬੀਰ ਸਿੰਘ, ਅਸ਼ੋਕ ਕੁਮਾਰ ਸ਼ੈਂਕੀ, ਕਮਲਜੀਤ ਕੌਰ ਆਦਿ ਹਾਜ਼ਰ ਸਨ।

# ਸਰਕਾਰ ਜਲਦ ਤੋਂ ਜਲਦ ਫ਼ਸਲ ਉਪਰ ਐੱਮ ਐੱਸ ਪੀ ਐਲਾਨੇ : ਕਿਸਾਨ ਆਗੂ



ਭੁਲੱਥ, (ਮਨਪ੍ਰੀਤ ਸਿੰਘ)-ਸਬ ਡਵੀਜ਼ਨ ਕਸਬਾ ਭੁਲੱਥ 'ਚ ਭਾਰਤੀ ਕਿਸਾਨ ਯੂਨੀਅਨ ਖੋਸਾ (ਰਜਿ:) ਦੀ ਮੀਟਿੰਗ ਗੁਰਦੁਆਰਾ ਸੁਖ ਸਾਗਰ ਸਾਹਿਬ ਬੇਰੀਆਂ ਵਾਲਾ ਰਾਜਪੁਰ ਵਿਖੇ ਜ਼ਿਲ੍ਹਾ ਜਰਨਲ ਸਕੱਤਰ ਸੁਰਿੰਦਰ ਸਿੰਘ ਸ਼ੇਰਗਿੱਲ ਮੀਤ ਪ੍ਰਧਾਨ ਪੰਜਾਬ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਕਿਸਾਨ ਆਗੂਆਂ ਵੱਲੋਂ ਜੋ ਹਰਿਆਣੇ ਦੇ ਬਾਰਡਰਾਂ 'ਤੇ ਭਾਰਤੀ ਕਿਸਾਨ ਮੋਰਚਾ ਗੈਰ ਰਾਜਨੀਤਿਕ ਨੇ ਕਿਸਾਨੀ ਮੰਗਾਂ ਵਾਸਤੇ ਧਰਨਾ ਲਗਾਇਆ ਹੈ, ਉਸ ਵਿੱਚ 22 ਮਈ ਨੂੰ ਵੱਡੀ ਗਿਣਤੀ ਵਿੱਚ ਹਾਜ਼ਰੀ ਲਗਾਉਣ 'ਤੇ ਵਿਚਾਰ ਵਿਟਾਂਦਰਾ ਹੋਇਆ। ਇਸ ਤੋਂ ਇਲਾਵਾ ਕਿਸਾਨ ਆਗੂਆਂ ਵਲੋਂ ਜੋ ਕਿਸਾਨ ਯੂਨੀਅਨ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ ਇਕਬਾਲ ਸਿੰਘ ਬਾਗੜੀਆਂ ਜੋ ਬੀਤੀ ਦਿਨੀ ਸਦੀਵੀ ਵਿਛੋੜਾ ਦੇ ਗਏ ਹਨ, ਉਹਨਾਂ ਦੇ ਸੰਬੰਧ ਵਿੱਚ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਉਹਨਾਂ ਦੀ ਯਾਦ ਵਿੱਚ 2 ਮਿੰਟ ਦਾ ਮੌਨ ਧਾਰਨ ਕੀਤਾ ਗਿਆ। ਮੀਟਿੰਗ ਦੌਰਾਨ ਕਿਸਾਨ ਆਗੂਆਂ ਨੇ ਚੋਣ ਕਮਿਸ਼ਨ ਭਾਰਤ ਕੋਲੋਂ ਮੰਗ ਕੀਤੀ ਕੀ ਜੋ ਵੀ ਚੋਣ ਪਾਰਟੀਆਂ ਦਾ ਚੋਣ ਮੈਨੀਫੈਸਟੋ ਜਾਰੀ ਕੀਤਾ ਜਾਂਦਾ ਹੈ, ਉਸ ਨੂੰ ਕਾਨੂੰਨੀ ਦਸਤਾਵੇਜ ਮੰਨਿਆ ਜਾਵੇ । ਉਹਨਾਂ ਕਿਹਾ ਕਿ ਜੇਕਰ ਪਾਰਟੀਆਂ ਚੋਣ ਜਿੱਤਣ ਤੋਂ ਬਾਅਦ 2 ਸਾਲਾਂ ਵਿੱਚ ਆਪਣੇ 60% ਵਾਅਦੇ ਪੂਰੇ ਨਾ ਕਰੇ ਤਾਂ ਉਸ ਦੀ ਮੈਂਬਰਸ਼ਿਪ ਕੱਦ ਕੀਤੀ ਜਾਵੇ ਤਾਂ ਕਿ ਲੋਕਾਂ ਨੂੰ ਝੂਠੇ ਵਾਅਦੇ ਨਾ ਕਰ ਸਕਣ । ਇਸ ਤੋਂ ਇਲਾਵਾ ਉਹਨਾਂ ਕਿਹਾ ਕਿ ਮਾਨ ਸਰਕਾਰ ਜੋ ਕਿਸਾਨਾਂ ਦੀ ਹਮਦਰਦੀ ਸਰਕਾਰ ਕਹਿਲਾਉਂਦੀ ਹੈ, ਪਰ ਉਸਨੇ ਵੀ ਕਿਸਾਨਾਂ ਨਾਲ ਧੋਖਾ ਕੀਤਾ ਹੈ । ਉਹਨਾ ਕਿਹਾ ਕਿ ਐਮ.ਐਸ.ਪੀ 'ਤੇ ਕੋਈ ਗਰੰਟੀ ਕਾਨੂੰਨ ਨਹੀਂ ਤੇ ਨਾ ਹੀ ਬਾਸਮਤੀ ਤੇ ਮੱਕੀ ਦੀ ਐਮ.ਐਸ.ਪੀ 'ਤੇ ਕੋਈ ਗਰੰਟੀ ਕਾਨੂੰਨ ਬਣਾ ਸਕੀ । ਇਸ ਮੌਕੇ ਮੀਟਿੰਗ ਦੌਰਾਨ ਸੀਨੀਅਰ ਮੀਤ ਪ੍ਰਧਾਨ ਕਪੂਰਥਲਾ ਫਕੀਰ ਸਿੰਘ, ਗੁਰਬਚਨ ਸਿੰਘ ਖੱਸਣ, ਅਵਤਾਰ ਸਿੰਘ ਖੱਸਣ, ਬਲਵਿੰਦਰ ਸਿੰਘ ਖੱਸਣ, ਸਤਨਾਮ ਸਿੰਘ ਖੱਸਣ, ਬਲਦੇਵ ਸਿੰਘ, ਨਿਰੰਜਣ ਸਿੰਘ ਖੱਸਣ, ਖੁਸ਼ਪਾਲ ਸਿੰਘ ਬਾਗਵਾਨਪੁਰ, ਦਸਤਾਰ ਸਿੰਘ ਕੰਗ ਬਾਗਵਾਨਪੁਰ, ਦਲਜੀਤ ਸਿੰਘ ਲਿਟਾਂ, ਸਤਪਾਲ ਸਿੰਘ ਲਿਟਾਂ, ਹਰਦੇਵ ਸਿੰਘ ਮਾਡਲ ਟਾਊਨ ਹਾਜ਼ਰ ਸਨ।

# ਹਲਕੇ 'ਚ ਕੁੱਲ 202465 ਵੋਟਰ

ਫਿਲੌਰ (ਨਿਰਮਲ) ਫਿਲੌਰ ਵਿਧਾਨ ਸਭਾ ਹਲਕੇ ਵਿੱਚ ਕੁੱਲ 202465 ਵੋਟਰ ਹਨ, ਜਿਨਾਂ ਵਿੱਚ 105281 ਮਰਦ ਅਤੇ 97, 179 ਔਰਤਾਂ ਅਤੇ 5 ਮਹੰਤ ਵੋਟਰ ਹਨ। ਇਥੇ ਇਸ ਵਾਰ 5576 ਨਵੇਂ ਵੋਟਰ ਹਨ ਜੋ ਪਹਿਲੀ ਵਾਰ ਵੋਟ ਦਾ ਇਸਤੇਮਾਲ ਕਰਨਗੇ ਜਿਨਾਂ ਵਿੱਚ 3042 ਮਰਦ ਅਤੇ 2534 ਔਰਤਾਂ ਹਨ।

# ਹੈਪੇਟਾਈਟਸ ਬੀ ਦਾ ਫ੍ਰੀ ਟੀਕਾਕਰਨ




**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ )**-ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਦੀ ਚਲ ਰਹੀ ਸੰਸਥਾ ਸੋਸਾਇਟੀ ਫ਼ੋਰ ਹਿਊਮਨ ਅਲਾਇਸ ਨੀਡ (ਸ਼ਾਨ) ਹੁਸ਼ਿਆਰਪੁਰ ਵੱਲੋਂ ਪ੍ਰੋਜੈਕਟ ਮੈਨੇਜਰ ਰੋਹਿਤ ਸ਼ਰਮਾ ਦੀ ਅਗਵਾਈ ਵਿੱਚ ਸੈਂਟਰ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਵੈਕਸੀਨੇਸ਼ਨ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ 48 ਦੇ ਕਰੀਬ ਕਮਿਊਨਿਟੀ ਮੈਂਬਰ ਨੂੰ ਫ੍ਰੀ ਹੈਪੇਟਾਈਟੱਸ ਬੀ ਦਾ ਟੀਕਾਕਰਨ ਕੀਤਾ ਗਿਆ। ਪ੍ਰੋਜੈਕਟ ਮੈਨੇਜਰ ਰੋਹਿਤ ਸ਼ਰਮਾ ਵਲੋਂ ਦੱਸਿਆ ਗਿਆ ਕਿ ਇਸ ਕੈਂਪ ਦਾ ਮੁੱਖ ਉਦੇਸ਼ ਕਮਿਊਨਿਟੀ ਨੂੰ ਹੈਪੇਟਾਈਟੱਸ ਸੀ ਤੇ ਬੀ ਵਰਗੀਆਂ ਬਿਮਾਰੀਆਂ ਪ੍ਰਤੀ ਜਾਗਰੂਕ ਕਰਨਾ ਸੀ। ਕੈਂਪ ਦੇ ਦੌਰਾਨ ਦੀਪਕ (ਜੀ ਐਨ ਐਮ) ਵਲੋਂ ਲੋਕਾਂ ਦਾ ਟੀਕਾਕਰਨ ਕੀਤਾ ਗਿਆ ਅਤੇ ਆਰਤੀ ਠਾਕੁਰ ਵਲੋਲੋਕਾ ਨੂੰ ਜਾਣਕਾਰੀ ਦਿੱਤੀ ਗਈ। ਇਸ ਮੌਕੇ 'ਤੇ ਤਰਲੋਕ ਸਿੰਘ, ਰਜਨੀ, ਨਵਜੋਤ ਸਿੰਘ, ਹਰਜਿੰਦਰ, ਸਾਹਿਲ, ਗਗਨਦੀਪ ਆਦਿ ਸ਼ਾਮਿਲ ਸਨ।

# ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਭਾਜਪਾ ਦੇ ਪੁਤਲੇ ਫੂਕਣ ਦਾ ਫੈਸਲਾ




**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਨੇ ਦੇਸ਼ ਵਿੱਚ ਉੱਭਰੀ ਰਾਜਨੀਤਕ ਸਥਿਤੀ ਦੇ ਚੌਖਟੇ ਵਿੱਚ ਮੌਜੂਦਾ ਲੋਕ ਸਭਾ ਚੋਣਾਂ, ਪੁਰਾਣੀ ਪੈਨਸ਼ਨ ਦੀ ਮੰਗ ਪ੍ਰਤੀ ਵੱਖ ਵੱਖ ਰਾਜਨੀਤਕ ਪਾਰਟੀਆਂ ਦੀ ਪਹੁੰਚ ਤੇ 'ਚੋਣ ਗਰੰਟੀਆਂ' 'ਤੇ ਚਰਚਾ ਕਰਦਿਆਂ ਸੂਬਾ ਕਮੇਟੀ ਦੀ ਅਹਿਮ ਮੀਟਿੰਗ ਕੀਤੀ ਹੈ।ਫਰੰਟ ਵੱਲੋਂ ਲੋਕ ਸਭਾ ਚੋਣਾਂ ਦੌਰਾਨ ਪਿਛਲੇ ਦਸ ਸਾਲਾਂ ਦੇ ਕਾਰਜਕਾਲ ਦੌਰਾਨ ਦੇਸ਼ ਨੂੰ ਫਾਸ਼ੀ ਤਾਨਾਸ਼ਾਹੀ ਵੱਲ ਧੱਕਣ ਤੇ ਪੁਰਾਣੀ ਪੈਨਸ਼ਨ ਦੀ ਮੁੜ ਬਹਾਲੀ ਦਾ ਐਲਾਨੀਆ ਵਿਰੋਧ ਕਰਨ ਵਾਲੀ ਭਾਜਪਾ ਨੂੰ ਮੁੱਖ ਨਿਸ਼ਾਨੇ 'ਤੇ ਰੱਖਣ ਤੇ ਬਾਕੀ ਪਾਰਟੀਆਂ ਨੂੰ ਉਨ੍ਹਾਂ ਦੀ ਕਾਰਗੁਜ਼ਾਰੀ 'ਤੇ ਤਿੱਖੇ ਸਵਾਲ ਕਰਨ ਦਾ ਫੈਸਲਾ ਕੀਤਾ ਗਿਆ ਹੈ। ਸੂਬਾ ਕਮੇਟੀ ਮੀਟਿੰਗ ਦੀ ਜਾਣਕਾਰੀ ਸਾਂਝੀ ਕਰਦਿਆਂ ਫਰੰਟ ਦੇ ਸੂਬਾ ਕਨਵੀਨਰ ਅਤਿੰਦਰਪਾਲ ਸਿੰਘ, ਜ਼ੋਨ ਕਨਵੀਨਰਾਂ ਗੁਰਬਿੰਦਰ ਖਹਿਰਾ, ਇੰਦਰ ਸੁਖਦੀਪ ਸਿੰਘ ਓਢਰਾ ਤੇ ਜਸਵੀਰ ਭੰਮਾ ਨੇ ਦੱਸਿਆ ਕਿ ਪਿਛਲੇ ਦਸ ਸਾਲਾਂ ਵਿੱਚ ਭਾਜਪਾ ਨੇ ਅਰਥਚਾਰੇ ਦੇ ਹਰ ਖੇਤਰ ਨੂੰ ਕਾਰਪੋਰੇਟ ਦੀ ਅੰਨ੍ਹੀਂ ਲੁੱਟ ਤੇ ਬੇਅੰਤ ਮੁਨਾਫ਼ੇ ਲਈ ਖੁੱਲ੍ਹਾ ਛੱਡਿਆ ਹੋਇਆ ਹੈ, ਜਿਸ ਦਾ ਸਿੱਟਾ ਹੈ ਕਿ ਦੇਸ਼ ਦੀ ਸਿਖਰਲੀ ਇੱਕ ਫੀਸਦੀ ਅਬਾਦੀ ਕੋਲ ਕੁੱਲ ਦੌਲਤ ਦੀ 40 ਪ੍ਰਤੀਸ਼ਤ ਤੇ ਸਿਖਰਲੀ ਦਸ ਫੀਸਦੀ ਅਬਾਦੀ ਕੋਲ 73 ਪ੍ਰਤੀਸ਼ਤ ਧਨ ਸੰਪਤੀ ਦੀ ਹਿੱਸੇਦਾਰੀ ਹੈ।ਇਸ ਤੋਂ ਇਲਾਵਾ ਭਾਜਪਾ ਨੇ ਆਪਣੇ ਜਾਬਰ ਮਨਸੂਬਿਆਂ ਤੋਂ ਧਿਆਨ ਭਟਕਾਉਣ ਲਈ ਲੋਕਾਂ ਨੂੰ ਫਿਰਕੂ ਤੇ ਧਾਰਮਿਕ ਲੀਹਾਂ 'ਤੇ ਵੰਡਿਆ ਹੈ।ਫਰੰਟ ਦੇ ਸੂਬਾ ਸਲਾਹਕਾਰ ਜਰਮਨਜੀਤ ਸਿੰਘ ਤੇ ਵਿਕਰਮਦੇਵ ਸਿੰਘ ਨੇ ਕਿਹਾ ਕਿ ਸੂਬਾ ਸਰਕਾਰਾਂ ਤੇ ਮੁਲਾਜ਼ਮਾਂ ਦੀ ਕੇਂਦਰੀ ਅਦਾਰੇ ਪੀ ਐੱਫ ਆਰ ਡੀ ਏ ਕੋਲ਼ ਪਈ ਲੱਖਾਂ ਕਰੋੜਾਂ ਦੀ ਐੱਨ.ਪੀ.ਐੱਸ. ਜਮ੍ਹਾਂ ਰਾਸ਼ੀ ਨੂੰ ਮੋੜਨ ਤੋਂ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਸਪੱਸ਼ਟ ਇਨਕਾਰ ਕਰ ਚੁੱਕੀ ਹੈ।ਪੁਰਾਣੀ ਪੈਨਸ਼ਨ ਖਿਲਾਫ਼ ਵਿੱਢੇ ਨੀਤੀਗਤ ਹਮਲੇ ਤਹਿਤ ਨੀਤੀ ਆਯੋਗ, ਆਰ ਬੀ ਆਈ, ਪੀ ਐੱਮ ਆਰਥਿਕ ਸਲਾਹਕਾਰ ਕੌਂਸਲ ਦੇ ਅਰਥਸ਼ਾਸਤਰੀ ਪੁਰਾਣੀ ਪੈਨਸ਼ਨ ਬਹਾਲੀ ਖਿਲਾਫ਼ ਬੋਲਦੇ ਤੇ ਲਿਖਦੇ ਰਹੇ ਹਨ।ਪੀ ਪੀ ਪੀ ਐੱਫ ਫਰੰਟ ਨੇ ਭਾਜਪਾ ਦੇ ਇਸ ਜਮਹੂਰੀਅਤ ਤੇ ਮੁਲਾਜ਼ਮ ਵਿਰੋਧੀ ਕਿਰਦਾਰ ਖਿਲਾਫ ਭਾਜਪਾ ਨੂੰ ਸਜ਼ਾ ਦਿਓ ਦੇ ਨਾਅਰੇ ਹੇਠ ਜ਼ਿਲ੍ਹਿਆਂ ਵਿੱਚ ਭਾਜਪਾ ਦੇ ਪੁਤਲੇ ਫੂਕਣ ਤੇ ਪੁਰਾਣੀ ਪੈਨਸ਼ਨ ਵਿਰੋਧੀ ਭਾਜਪਾ ਲਈ ਮੇਰੇ ਘਰ ਦੇ ਬੂਹੇ ਬੰਦ ਹਨ, ਦੀ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਹੈ।ਉਨ੍ਹਾਂ ਐੱਨ.ਪੀ.ਐੱਸ. ਮੁਲਾਜ਼ਮਾਂ ਨੂੰ ਭਾਜਪਾ ਦੇ ਮੁੜ ਸੱਤਾ ਵਿੱਚ ਆਉਣੀ ਦੀ ਸਥਿਤੀ 'ਚ ਵਿਸ਼ਾਲ ਸਾਂਝੇ ਘੋਲਾਂ ਲਈ ਤਿਆਰ ਰਹਿਣ ਦੀ ਅਪੀਲ ਕੀਤੀ। ਸੂਬਾਈ ਆਗੂਆਂ ਜਸਵਿੰਦਰ ਔਜਲਾ, ਸਤਪਾਲ ਸਮਾਣਵੀ, ਜਗਜੀਤ ਸਿੰਘ, ਨਵਜੋਤ ਸਿੰਘ, ਸੋਨੀਆ, ਕਵਲਜੀਤ ਸਿੰਘ, ਗਗਨਦੀਪ ਸਿੰਘ, ਰਾਜਵਿੰਦਰ ਸਿੰਘ ਨੇ ਕਿਹਾ ਕਿ ਤਿੰਨ ਸੂਬਿਆਂ ਵਿੱਚ ਪੁਰਾਣੀ ਪੈਨਸ਼ਨ ਦਾ ਨੋਟੀਫਿਕੇਸ਼ਨ ਕਰਨ ਵਾਲੀ ਕਾਂਗਰਸ ਨੇ ਆਪਣੇ ਚੋਣ ਮੈਨੀਫੈਸਟੋ ਵਿੱਚ ਪੁਰਾਣੀ ਪੈਨਸ਼ਨ ਦਾ ਕੋਈ ਜ਼ਿਕਰ ਨਹੀਂ ਕੀਤਾ ਹੈ।ਇਸੇ ਤਰ੍ਹਾਂ ਦੀ ਕਾਰਗੁਜ਼ਾਰੀ ਹੋਰਨਾਂ ਪਾਰਲੀਮਾਨੀ ਪਾਰਟੀਆਂ ਦੀ ਵੀ ਹੈ।ਉਨ੍ਹਾਂ ਕਿਹਾ ਕਿ ਫਰੰਟ ਵੱਲੋਂ ਇਨ੍ਹਾਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਪੁਰਾਣੀ ਪੈਨਸ਼ਨ ਦੇ ਮੁੱਦੇ 'ਤੇ ਸਵਾਲਨਾਮਿਆਂ ਰਾਹੀਂ ਘੇਰਿਆ ਜਾਵੇਗਾ।ਉਨ੍ਹਾਂ ਅਫਸੋਸ ਜ਼ਾਹਰ ਕੀਤਾ ਕਿ ਸਾਂਸਦ ਬਣ ਕੇ ਪੁਰਾਣੀ ਪੈਨਸ਼ਨ ਦਾ ਲਾਭ ਲੈਣ ਵਾਲੇ ਕਿਸੇ ਉਮੀਦਵਾਰ ਲਈ ਪੁਰਾਣੀ ਪੈਨਸ਼ਨ ਚੋਣ ਮੁੱਦਾ ਨਹੀਂ ਹੈ।ਜ਼ਿਲ੍ਹਾ ਆਗੂਆਂ ਜਗਜੀਤ ਸਿੰਘ, ਨਵਜੋਤ ਸਿੰਘ, ਗਗਨਦੀਪ ਸਿੰਘ, ਸੋਨੀਆ ਰਾਣੀ, ਰਾਜਵਿੰਦਰ ਸਿੰਘ, ਲਖਵਿੰਦਰ ਸਿੰਘ, ਜੋਸ਼ੀਲ ਤਿਵਾੜੀ, ਹਰਿੰਦਰ ਸਿੰਘ, ਸੁਖਜਿੰਦਰ ਸਿੰਘ ਨੇ ਕਿਹਾ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਫਰੰਟ ਵੱਲੋਂ ਸੂਬੇ 'ਚ ਪੁਰਾਣੀ ਪੈਨਸ਼ਨ ਦੇ ਮੁੱਦੇ 'ਤੇ ਮੁੜ ਸਾਂਝੀ ਲੜਾਈ ਵਿੱਢੀ ਜਾਵੇਗੀ।

## ਪਾਣੀਆਂ ਦੇ ਮਾਮਲੇ 'ਤੇ ਝੂਠ ਬੋਲ ਕੇ ਖਹਿਰਾ ਆਪਣੀ ਡੁੱਬਦੀ ਬੇੜੀ ਨਹੀਂ ਬਚਾ ਸਕਦਾ : ਚੱਠਾ

**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੰਜਾਬ ਸਟੇਟ ਕੰਟੇਨਰ ਐਂਡ ਵੇਅਰ ਹਾਊਸਿੰਗ ਕਾਰਪੋਰੇਸ਼ਨ ਲਿਮ: (ਕੋਨਵੇਅਰ) ਦੇ ਚੇਅਰਮੈਨ ਸਤਿੰਦਰ ਸਿੰਘ ਚੱਠਾ ਨੇ ਅੱਜ ਧੂਰੀ ਵਿਖੇ ਗੱਲਬਾਤ ਕਰਦਿਆਂ ਕਿਹਾ ਕਿ ਲੋਕ ਸਭਾ ਹਲਕਾ ਸੰਗਰੂਰ ਤੋਂ ਕਾਂਗਰਸੀ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਕਿਸਾਨਾਂ ਨੂੰ ਪੰਜਾਬ ਭਰ 'ਚ ਮਿਲਣ ਜਾ ਰਹੇ ਨਹਿਰੀ ਪਾਣੀਆਂ ਦੇ ਮਾਮਲਿਆਂ 'ਤੇ ਝੂਠ ਬੋਲ ਕੇ ਲੋਕ ਸਭਾ ਹਲਕਾ ਸੰਗਰੂਰ ਅੰਦਰ ਆਪਣੀ ਡੁੱਬਦੀ ਬੇੜੀ ਨਹੀਂ ਬਚਾ ਸਕਦਾ। ਉਨ੍ਹਾ ਕਿਹਾ ਕਿ ਪੰਜਾਬ ਦੇ ਕਿਸਾਨ ਇਸ ਗੱਲ ਦੇ ਗਵਾਹ ਹਨ ਕਿ ਅੱਜ ਤੋਂ ਪਹਿਲਾਂ ਕਿਸੇ ਵੀ ਸਰਕਾਰ ਨੇ ਪੰਜਾਬ ਦੇ ਖੇਤਾਂ ਨੂੰ ਨਹਿਰੀ ਪਾਣੀ ਦੇਣ ਦਾ ਉਪਰਾਲਾ ਨਹੀਂ ਕੀਤਾ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਸ ਸ਼ਲਾਘਾਯੋਗ ਕਾਰਜ ਨੂੰ ਲੈ ਕੇ ਪੰਜਾਬ ਭਰ ਵਿੱਚ ਨਹਿਰੀ ਪਾਣੀ ਲਈ ਖਾਲਾਂ ਦੇ ਜਾਲ ਵਿਛਾਏ ਜਾ ਰਹੇ ਹਨ, ਜਿਸ ਨਾਲ ਫਸਲਾਂ ਦੀ ਬਿਜਾਈ ਲਈ ਨਹਿਰੀ ਪਾਣੀ ਵਰਤਣ ਦਾ ਰਾਹ ਖੁੱਲ੍ਹ ਜਾਵੇਗਾ। ਉਨ੍ਹਾ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਨੂੰ ਰੰਗਲਾ ਬਣਾਉਣ ਲਈ ਜੋ ਸੁਪਨਾ ਸੰਜੋਇਆ ਗਿਆ ਹੈ, ਉਸ ਨੂੰ ਬੂਰ ਪੈਂਦਾ ਨਜ਼ਰ ਆ ਰਿਹਾ ਹੈ, ਪ੍ਰੰਤੂ ਵਿਰੋਧੀਆਂ ਨੂੰ ਇਹ ਸਾਰਾ ਕੁਝ ਹਜ਼ਮ ਨਹੀਂ ਹੋ ਰਿਹਾ, ਜਦੋਂਕਿ ਸੂਬੇ ਦੇ ਲੋਕ ਮਾਨ ਦੀ ਕਾਰਗੁਜ਼ਾਰੀ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ ਅਤੇ 1 ਜੂਨ ਨੂੰ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕ ਵਿਰੋਧੀ ਪਾਰਟੀਆਂ ਨੂੰ ਬੁਰੀ ਤਰ੍ਹਾਂ ਹਰਾ ਕੇ ਪੰਜਾਬ ਦੀਆਂ 13 ਸੀਟਾਂ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਝੋਲੀ ਵਿੱਚ ਪਾਉਣਗੇ

## ਆਗੂਆਂ ਸ਼ੇਰ ਸਿੰਘ ਘੁਬਾਇਆ ਲਈ ਵੋਟਾਂ ਮੰਗੀਆਂ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਕਾਂਗਰਸ ਹਾਈਕਮਾਂਡ ਨੇ ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਚੋਣ ਮੈਦਾਨ 'ਚ ਉਤਾਰੇ ਸਾਬਕਾ ਸਾਂਸਦ ਸ਼ੇਰ ਸਿੰਘ ਘੁਬਾਇਆ ਦੇ ਹੱਕ 'ਚ ਸ਼ਹਿਰ ਦੇ ਦਿੱਗਜ ਕਾਂਗਰਸੀ ਆਗੂਆਂ ਵੱਲੋਂ ਆਪਣੀਆਂ ਆਪਣੀਆਂ ਡਿਊਟੀਆਂ ਸੰਭਾਲਦੇ ਹੋਏ ਸ਼ੇਰ ਸਿੰਘ ਘੁਬਾਇਆ ਲਈ ਲਗਾਤਾਰ ਚੋਣ ਪ੍ਰਚਾਰ ਕਰਕੇ ਆਪਣੇ ਦੋਸਤਾਂ, ਮਿੱਤਰਾਂ, ਰਿਸ਼ਤੇਦਾਰਾਂ ਤੇ ਸਾਕ ਸੰਬੰਧੀਆਂ ਤੋਂ ਵੋਟਾਂ ਦੀ ਮੰਗ ਕੀਤੀ ਜਾ ਰਹੀ ਹੈ। ਇਸੇ ਲੜੀ ਤਹਿਤ ਮਿਹਨਤੀ, ਇਮਾਨਦਾਰ ਕਾਂਗਰਸੀ ਆਗੂ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸਿਮਰਜੀਤ ਸਿੰਘ ਭੀਨਾ ਬਰਾੜ ਵੱਲੋਂ ਪਿੰਡ ਮੋਤਲੇਵਾਲਾ ਨਿਵਾਸੀਆਂ ਨਾਲ ਵਾਰਤਾਲਾਪ ਕਰਦਿਆਂ ਕਾਂਗਰਸ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਸਾਂਝੀਆਂ ਕੀਤੀਆਂ ਤੇ ਮੌਜੂਦ ਸਰਕਾਰ ਵੱਲੋਂ ਸੱਤਾ ਹਾਸਲ ਕਰਨ ਤੋਂ ਬਾਅਦ ਢਾਈ ਸਾਲਾਂ ਦੇ ਕਾਰਜਕਾਲ ਤਹਿਤ ਲੋਕਾਂ ਨਾਲ ਕੀਤੀਆਂ ਗਈਆਂ ਬੇਨਿਯਮੀਆਂ ਤੇ ਵਿਸ਼ਵਾਸ਼ਘਾਤ ਤੋਂ ਜਾਣੂ ਕਰਵਾਇਆ। ਇਸ ਮੌਕੇ ਉਨ੍ਹਾ ਕਿਹਾ ਕਿ ਇਸ ਵਾਰ ਲੋਕ ਆਮ ਆਦਮੀ ਪਾਰਟੀ ਨੂੰ ਮੂੰਹ ਨਹੀਂ ਲਗਾਉਣਗੇ।ਇਸ ਤੋਂ ਇਲਾਵਾ ਜੇਕਰ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਗੱਲ ਕਰੀਏ ਤਾਂ ਬਾਦਲ ਸਰਕਾਰ 'ਤੇ ਲੱਗੇ ਕਥਿਤ ਬੇਅਦਬੀਆਂ ਦੇ ਦੋਸ਼ ਉਨ੍ਹਾਂ ਦਾ ਪਿੱਛਾ ਨਹੀਂ ਛੱਡ ਰਹੇ, ਜਿਸ ਕਾਰਨ ਲੋਕ ਅਕਾਲੀ ਦਲ ਬਾਦਲ ਦੇ ਨੁਮਾਇੰਦਿਆਂ ਤੋਂ ਕੰਨੀ ਕਤਰਾਅ ਰਹੇ ਹਨ। ਇਸ ਮੌਕੇ ਉਨ੍ਹਾਂ ਪਿੰਡ ਚੱਕ ਮੋਤਲੇ ਵਾਲਾ ਨੇ ਭੀਨਾ ਬਰਾੜ ਨੂੰ ਭਰਵਾਂ ਹੁੰਗਾਰਾ ਦਿੰਦਿਆਂ ਸ਼ੇਰ ਸਿੰਘ ਘੁਬਾਇਆ ਦੇ ਹੱਕ 'ਚ ਸਮਰਥਨ ਦੇਣ ਦਾ ਪ੍ਰਣ ਲਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਬਲਕਰਨ ਸਿੰਘ, ਗੁਰਜੰਟ ਸਿੰਘ, ਸਵਰਨ ਸਿੰਘ ਸਰਪੰਚ, ਬਖਤੌਰ ਸਿੰਘ, ਬਲਜੀਤ ਸਿੰਘ, ਬਲਦੇਵ ਸਿੰਘ, ਦਾਰਾ ਸਿੰਘ, ਗੋਰਾ ਸਿੰਘ, ਆਤਮਾ ਸਿੰਘ, ਕੁਲਦੀਪ ਸਿੰਘ, ਬਲਕਰਨ ਸਿੰਘ, ਕੰਵਲਪ੍ਰੀਤ ਸਿੰਘ, ਸੂਬਾ ਸਿੰਘ, ਮੱਖਣ ਸਿੰਘ, ਸਵਰਨ ਸਿੰਘ, ਕੁਲਵਿੰਦਰ ਸਿੰਘ, ਤੇਜ ਸਿੰਘ ਤੇਜ, ਨਿਰਮਲ ਸਿੰਘ, ਮਨਿੰਦਰ ਚੋਪੜਾ, ਹਰਦੀਪ ਸਿੰਘ ਬੱਬੀ, ਲਵਪ੍ਰੀਤ, ਸੋਨੂੰ ਅਤੇ ਹੋਰ ਪਿੰਡ ਵਾਸੀ ਮੌਜੂਦ ਸਨ।

## ਕਾਤਰਾਂ

### ਗੁਰਦੁਆਰਾ ਵਿਸ਼ਵਕਰਮਾ ਭਵਨ ਦੀ ਨਵੀਂ ਕਮੇਟੀ ਸਨਮਾਨਤ



**ਜਗਰਾਉਂ (ਅਮਿਤ ਖੰਨਾ)**-ਗੁਰਦੁਆਰਾ ਵਿਸ਼ਵਕਰਮਾ ਭਵਨ ਅਗਵਾੜ ਲੋਪੋ ਡਾਲਾ ਦੇ ਨਵੇਂ ਬਣੇ ਪ੍ਰਧਾਨ ਸਤਨਾਮ ਸਿੰਘ ਸੀਹਰਾ, ਖਜ਼ਾਨਚੀ ਤਰਲੋਚਨ ਸਿੰਘ ਸੀਹਰਾ ਤੇ ਸੈਕਟਰੀ ਠਾਕਰ ਸਿੰਘ ਸੱਗੂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਚੇਅਰਮੈਨ ਗੁਰਸੇਵਕ ਸਿੰਘ ਮੱਲਾ ਬਾਬਾ ਸੋਹਨ ਸਿੰਘ ਸੱਗੂ ਵੱਲੋਂ ਸਨਮਾਨਤ ਕੀਤਾ ਗਿਆ।

### ਭਾਜਪਾ ਚੋਣਾਂ 'ਚ ਇਤਿਹਾਸ ਰਚੇਗੀ : ਮਲੂਕਾ

**ਭੀਖੀ (ਧਰਮਵੀਰ ਸ਼ਰਮਾ)**- ਭਾਰਤੀ ਜਨਤਾ ਪਾਰਟੀ ਦੇ ਲੋਕ ਸਭਾ ਹਲਕਾ ਬਠਿੰਡਾ ਤੋਂ ਉਮੀਦਵਾਰ ਬੀਬਾ ਪਰਮਪਾਲ ਕੌਰ ਮਲੂਕਾ ਰਿਟਾ. ਆਈ ਏ ਐਸ ਨੇ ਸਥਾਨਕ ਮੇਨ ਰੋਡ 'ਤੇ ਆਪਣਾ ਚੋਣ ਦਫਤਰ ਖੋਲ੍ਹਦਿਆਂ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੂਬੇ ਦੇ ਲੋਕ ਇਸ ਵਾਰ ਭਾਜਪਾ ਨੂੰ ਵੋਟ ਦੇ ਕੇ ਇਤਿਹਾਸ ਬਣਾਉਣਗੇ ਅਤੇ ਭਾਜਪਾ ਕੇਂਦਰ ਅੰਦਰ ਤੀਜੀ ਵਾਰ ਸਰਕਾਰ ਬਣਾ ਕੇ ਇਤਿਹਾਸ ਰਚੇਗੀ। ਉਨ੍ਹਾਂ ਕਿਹਾ ਕਿ ਭਾਜਪਾ ਨੇ ਜੋ ਉਨ੍ਹਾਂ 'ਤੇ ਵਿਸ਼ਵਾਸ ਕਰਕੇ ਉਨ੍ਹਾਂ ਨੂੰ ਉਮੀਦਵਾਰ ਬਣਾਇਆ ਹੈ ਜਿਸ 'ਤੇ ਉਹ ਖਰੇ ਉਤਰਨਗੇ। ਉਨ੍ਹਾਂ ਕਿਹਾ ਕਿ ਪਿੰਡਾਂ ਅੰਦਰ ਹਰ ਵਰਕਰ ਅਤੇ ਵੋਟਰ ਨੂੰ ਲਾਮਬੰਦ ਕਰਕੇ ਭਾਜਪਾ ਦੀਆਂ ਲੋਕ ਪੱਖੀ ਨੀਤੀਆਂ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ ਤਾਂ ਕਿ ਲੋਕ ਇਨ੍ਹਾਂ ਸਕੀਮਾਂ ਦਾ ਲਾਭ ਉਠਾ ਸਕਣ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਨੂੰ ਤਰੱਕੀ ਦੀਆਂ ਲੀਹਾਂ 'ਤੇ ਪਹੁੰਚਾਇਆ ਹੈ। ਇਸ ਮੌਕੇ ਭਾਜਪਾ ਆਗੂ ਰਾਜਿੰਦਰ ਰਾਜੀ, ਡਾ. ਗੁਰਤੇਜ ਸਿੰਘ ਚਹਿਲ, ਲਾਭ ਸਿੰਘ ਕਲੇਰ ਅਤੇ ਰੋਬਿਨ ਜਿੰਦਲ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

### ਦਸਮੇਸ਼ ਸਕੂਲ 'ਚ ਹਾਊਸ ਪਿਕਨਿਕ



**ਕੋਟਕਪੂਰਾ, (ਰਛਪਾਲ ਭੁੱਲਰ)**-ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਦੇ ਸਕੂਲ ਕੈਂਪਸ ਵਿੱਚ ਹਾਊਸ ਪਿਕਨਿਕ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਤਰ੍ਹਾਂ ਦੇ ਝੂਲੇ ਏਅਰ ਸਲਾਈਡਾਂ, ਟਰੈਪੋਲਿਨ ਟ੍ਰੇਨ ਰਾਇਡ, ਵਾਟਰ ਪੂਲ ਬੋਟਿੰਗ ਆਦਿ ਵਿੱਚ ਬੱਚਿਆਂ ਨੇ ਖੂਬ ਅਨੰਦ ਮਾਣਿਆ । ਰੇਨ ਡਾਂਸ ਕਰਕੇ ਬੱਚਿਆਂ ਨੇ ਗਰਮੀ ਤੋਂ ਰਾਹਤ ਪ੍ਰਾਪਤ ਕੀਤੀ । ਡਾਇਰੈਕਟਰ ਪ੍ਰਿੰਸੀਪਲ ਸੁਰਿੰਦਰ ਕੌਰ ਅਤੇ ਬਲਜੀਤ ਸਿੰਘ ਮੈਨੇਜਿੰਗ ਡਾਇਰੈਕਟਰ ਅਤੇ ਸਮੂਹ ਸਟਾਫ਼ ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਨੇ ਯੋਗ ਪ੍ਰਬੰਧ ਕੀਤਾ ।

### ਕਾਂਗੜ ਸਕੂਲ ਦੇ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀ ਸਨਮਾਨਤ



**ਭਗਤਾ ਭਾਈ ਕਾ (ਰਾਜੀਵ ਗੋਇਲ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਹਰਗੋਬਿੰਦ ਪਬਲਿਕ ਸਕੂਲ ਕਾਂਗੜ ਵਿਖੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ। ਬੀਤੇ ਦਿਨੀਂ ਸਤਿਨਾਮ ਸਰਬ ਕਲਿਆਣ ਟਰੱਸਟ ਚੰਡੀਗੜ੍ਹ ਦੁਆਰਾ ਆਯੋਜਿਤ ਗੁਰਮਤਿ ਇਮਤਿਹਾਨ 'ਚ ਸਕੂਲ ਦੇ ਪੁਜ਼ੀਸ਼ਨਾਂ ਲੈਣ ਵਾਲੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ।ਸਕੂਲ ਪ੍ਰਿੰਸੀਪਲ ਸੋਨੂ ਕੁਮਾਰ ਕਾਂਗੜ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਗੁਰਮਤਿ ਸਿਧਾਂਤਾਂ ਤੇ ਨੈਤਿਕ ਕਦਰਾਂ ਕੀਮਤਾਂ ਦੀ ਜਾਣਕਾਰੀ ਦੇਣ ਹਿੱਤ ਸਤਿਨਾਮ ਸਰਬ ਕਲਿਆਣ ਟਰੱਸਟ ਚੰਡੀਗੜ੍ਹ ਵੱਲੋਂ ਹਰੇਕ ਸਾਲ ਗੁਰਮਤਿ ਇਮਤਿਹਾਨ ਲਿਆ ਜਾਂਦਾ ਹੈ ਅਤੇ ਇਮਤਿਹਾਨ ਵਿੱਚ ਸਕੂਲ ਦੇ ਸਾਰੇ ਬੱਚਿਆਂ ਵੱਲੋਂ ਭਾਗ ਲਿਆ ਜਾਂਦਾ ਹੈ ਅਤੇ ਪੁਜ਼ੀਸ਼ਨਾਂ ਲੈਣ ਵਾਲੇ ਬੱਚਿਆਂ ਨੂੰ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਗੁਰਮਤਿ ਅਧਿਆਪਕਾ ਪਲਵਿੰਦਰ ਕੌਰ ਜਲਾਲ ਨੇ ਗੁਰਮਤਿ ਗਿਆਨ ਨਾਲ ਹਮੇਸ਼ਾ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਸੋਨੂ ਕੁਮਾਰ ਨੇ ਟਰੱਸਟ ਦਾ ਧੰਨਵਾਦ ਕਰਦੇ ਹੋਏ ਬੱਚਿਆਂ ਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਵਧਾਈਆਂ ਦਿੱਤੀਆਂ।

## ਸਰਚ ਅਭਿਆਨ ਦੌਰਾਨ 330 ਗ੍ਰਾਮ ਹੈਰੋਇਨ ਬਰਾਮਦ



**ਜਲਾਲਾਬਾਦ (ਜੀਤ ਕੁਮਾਰ)**-ਪੁਲਸ ਤੇ ਬੀ.ਐੱਸ.ਐੱਫ. ਜਵਾਨਾਂ ਵੱਲੋਂ ਸਾਂਝੇ ਤੌਰ 'ਤੇ ਚਲਾਏ ਗਏ ਸਰਚ ਅਭਿਆਨ ਤਹਿਤ ਸਰਹੱਦੀ ਖੇਤਰ ਅਧੀਨ ਪੈਂਦੇ ਪਿੰਡ ਬਲੇਲ ਕੇ ਕਾਮਲ ਵਿਖੇ ਖੇਤਾਂ ਵਿੱਚੋਂ 330 ਗ੍ਰਾਮ ਹੈਰੋਇਨ ਤੇ ਇੱਕ ਛੋਟੀ ਟਾਰਚ ਖਿਡੌਣਾ ਟਾਇਪ ਬਰਾਮਦ ਕੀਤੀ ਗਈ। ਇਸ ਬਾਰੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਡੀ.ਐੱਸ.ਪੀ. ਅੱਛਰੂ ਰਾਮ ਸ਼ਰਮਾ ਨੇ ਕਿਹਾ ਕਿ 17 ਮਈ 2024 ਨੂੰ ਏ.ਐੱਸ.ਆਈ. ਮਹਿੰਦਰ ਸਿੰਘ ਸਮੇਤ ਪੁਲਸ ਪਾਰਟੀ ਵੱਲੋਂ ਭਾਰਤ-ਪਾਕ ਸਰਹੱਦ ਦੇ ਨਜ਼ਦੀਕ ਪਿੰਡ ਬਲੇਲਕੇ ਕਾਮਲ ਵਿਖੇ ਬੀ.ਐੱਸ.ਐੱਫ. ਦੇ ਜਵਾਨਾਂ ਨਾਲ ਮਿਲ ਕੇ ਸਰਚ ਅਪ੍ਰੇਸ਼ਨ ਕੀਤਾ ਗਿਆ, ਜਿਸ 'ਤੇ ਪਿੰਡ ਬਲੇਲ ਕੇ ਕਾਮਲ ਦੇ ਖੇਤ ਵਿੱਚੋਂ ਇਕ ਪੈਕਟ ਬਰਾਮਦ ਕੀਤਾ ਗਿਆ, ਜੋ ਪੀਲੇ ਰੰਗ ਦੀ ਟੇਪ 'ਚ ਲਪੇਟਿਆ ਹੋਇਆ ਸੀ, ਜਿਸ ਨਾਲ ਇੱਕ ਛੋਟੀ ਟਾਰਚ (ਖਿਡੌਣਾ ਟਾਈਪ) ਬਰਾਮਦ ਹੋਈ। ਪੁਲਸ ਦੇ ਏ.ਐੱਸ.ਆਈ. ਮਹਿੰਦਰ ਸਿੰਘ ਨੇ ਪੁਲਸ ਤੇ ਬੀ.ਐੱਸ.ਐੱਫ. ਦੀ ਹਾਜ਼ਰੀ 'ਚ ਚੈੱਕ ਕੀਤਾ ਗਿਆ ਤਾਂ ਇਸ ਪੀਲੇ ਰੰਗ ਦੇ ਲਪੇਟੇ ਪੈਕਟ ਵਿੱਚੋਂ ਹੈਰੋਇਨ ਬਰਾਮਦ ਹੋਈ, ਜਿਸ ਦਾ ਵਜ਼ਨ ਕਰਨ 'ਤੇ ਸਮੇਤ ਪੈਕਟ 330 ਗ੍ਰਾਮ ਹੈਰੋਇਨ ਤੇ ਇਕ ਛੋਟੀ ਟਾਰਚ ਮਿਲੀ, ਜਿਸ 'ਤੇ ਨਾਮਲੂਮ ਵਿਅਕਤੀ ਖਿਲਾਫ ਮੁਕੱਦਮਾ ਥਾਣਾ ਅਮੀਰ ਖਾਸ ਵਿਖੇ ਦਰਜ ਕਰਨ ਉਪਰੰਤ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਚੋਣ ਦਫਤਰ ਦਾ ਉਦਘਾਟਨ ਕਰਨ ਪੁੱਜੇ ਭਾਜਪਾ ਉਮੀਦਵਾਰ ਦਾ ਕਿਸਾਨਾਂ ਵੱਲੋਂ ਵਿਰੋਧ



**ਭੀਖੀ, (ਧਰਮਵੀਰ ਸ਼ਰਮਾ)**- ਲੋਕ ਸਭਾ ਹਲਕਾ ਬਠਿੰਡਾ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਪਰਮਪਾਲ ਕੌਰ ਮਲੂਕਾ ਜਿਵੇਂ ਹੀ ਦਫਤਰ ਦਾ ਉਦਘਾਟਨ ਕਰਨ ਭੀਖੀ ਪੁੱਜੇ ਤਾਂ ਭਾਰਤੀ ਕਿਸਾਨ ਯੂਨੀਅਨਾਂ ਨੇ ਇਕੱਠੇ ਹੋ ਕੇ ਉਨ੍ਹਾਂ ਦਾ ਵਿਰੋਧ ਕੀਤਾ। ਭਾਵੇਂ ਪੁਲਸ ਪ੍ਰਸ਼ਾਸਨ ਵੱਲੋਂ ਐਸ ਪੀ ਜਸਪ੍ਰੀਤ ਸਿੰਘ ਆਹੀਰ ਦੀ ਅਗਵਾਈ ਹੇਠ ਸਖਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ। ਮੌਕੇ 'ਤੇ ਤਾਇਨਾਤ ਭਾਰੀ ਪੁਲਸ ਫੋਰਸ ਵੱਲੋਂ ਕਿਸਾਨ ਯੂਨੀਅਨ ਆਗੂਆਂ ਨੂੰ ਦਫਤਰ ਤੋਂ ਕੁਝ ਦੂਰੀ 'ਤੇ ਹੀ ਰੋਕ ਲਿਆ ਗਿਆ। ਇਸ 'ਤੇ ਕਿਸਾਨ ਯੂਨੀਅਨ ਵੱਲੋਂ ਸੜਕ 'ਤੇ ਹੀ ਧਰਨਾ ਲਾ ਕੇ ਉਨ੍ਹਾਂ ਦਾ ਵਿਰੋਧ ਕੀਤਾ ਅਤੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਮੌਕੇ ਕਿਸਾਨ ਯੂਨੀਅਨ ਆਗੂ ਗੁਰਚਰਨ ਸਿੰਘ ਭੀਖੀ ਅਤੇ ਜੁਗਰਾਜ ਸਿੰਘ ਹੀਰੋਂ ਕਲਾਂ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਕਿਸਾਨਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਅਤੇ ਦੁਬਾਰਾ ਦਿੱਲੀ ਮੋਰਚਾ ਲਾਉਣ ਜਾਂਦੇ ਸਮੇਂ ਵੱਖ ਵੱਖ ਬਾਰਡਰਾਂ 'ਤੇ ਰੋਕਾਂ ਲਾਈਆਂ। ਉਨ੍ਹਾਂ ਕਿਹਾ ਕਿ ਜਦੋਂ ਤੱਕ ਭਾਜਪਾ ਉਮੀਦਵਾਰ ਕਿਸਾਨਾਂ ਦੇ ਸਵਾਲਾਂ ਦੇ ਜਵਾਬ ਨਹੀਂ ਦਿੰਦੇ ਤਾਂ ਵੋਟਾਂ ਤੱਕ ਉਨ੍ਹਾਂ ਦਾ ਘਿਰਾਉ ਜਾਰੀ ਰਹੇਗਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਜਗਦੇਵ ਸਿੰਘ ਭੈਣੀਬਾਘਾ, ਤਰਸੇਮ ਸਿੰਘ ਗੋਬਿੰਦਪੁਰਾ, ਗੁਰਜੀਤ ਸਿੰਘ ਟਾਹਲੀਆਂ, ਸੋਹਣ ਲਾਲ ਗੋਬਿੰਦਪੁਰਾ, ਬਲਵੀਰ ਸਿੰਘ ਝੰਡੂਕੇ, ਬਲਕਰਨ ਸਿੰਘ ਪੇਰੋਂ, ਜਗਪਾਲ ਸਿੰਘ, ਗੁਰਮੁਖ ਸਿੰਘ ਵੀ ਹਾਜ਼ਰ ਸਨ।

## ਹਾਰਵਰਡ ਕਾਨਵੈਂਟ ਸਕੂਲ ਦਾ 12ਵੀਂ ਦਾ ਨਤੀਜਾ ਸ਼ਾਨਦਾਰ



**ਬਾਘਾ ਪੁਰਾਣਾ, (ਮਨੀ ਸਿੰਗਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦਾ ਸੀ ਬੀ ਐੱਸ ਈ ਵੱਲੋਂ ਐਲਾਨਿਆ ਗਿਆ 12ਵੀਂ ਕਲਾਸ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ।ਇਸ ਦੀ ਜਾਣਕਾਰੀ ਦਿੰਦੇ ਹੋਏ ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ ਨੇ ਦੱਸਿਆ ਕਿ ਸਕੂਲ ਦੇ ਵਿਦਿਆਰਥੀ ਰਾਜਵਿੰਦਰ ਸਿੰਘ ਨੇ 03.2 ਫੀਸਦੀ ਅੰਕ ਹਾਸਲ ਕੀਤੇ। ਇਸ ਤੋਂ ਇਲਾਵਾ ਜਾਨਵੀ ਬੱਤਰਾ ਨੇ 86 ਫੀਸਦੀ, ਗੁਰਨਿਸ਼ਾਨ ਸਿੰਘ 82.4 ਫੀਸਦੀ, ਕੋਮਲਪ੍ਰੀਤ ਕੌਰ 81.2 ਫੀਸਦੀ, ਰਾਧਿਕਾ 79.2 ਫੀਸਦੀ, ਯੁਵਰਾਜ 79 ਫੀਸਦੀ, ਮਹਿਕ ਗਰਗ 79 ਫੀਸਦੀ, ਸਨੇਹਾ ਬੱਤਰਾ 79 ਫੀਸਦੀ, ਹਰਲੀਨ ਕੌਰ 78 ਫੀਸਦੀ, ਜਸਨੂਰ ਕੌਰ ਗਿੱਲ 78 ਫੀਸਦੀ, ਅਰਸ਼ਦੀਪ ਸ਼ਰਮਾ 76 ਫੀਸਦੀ, ਵਿਮਾਲੀ ਬਾਂਸਲ 76 ਫੀਸਦੀ, ਲਵਪ੍ਰੀਤ ਕੌਰ 75 ਫੀਸਦੀ, ਨਵਦੀਪ ਕੌਰ 75 ਫੀਸਦੀ, ਹਰਲੀਨ ਕੌਰ 75 ਫੀਸਦੀ, ਕਿਰਨਦੀਪ ਕੌਰ 75 ਫੀਸਦੀ ਅੰਕ ਹਾਸਲ ਕਰ ਕੇ ਆਪਣੇ ਸਕੂਲ, ਅਧਿਆਪਕਾਂ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ।ਇਸ ਸਮੇਂ ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ ਤੇ ਪ੍ਰਿੰਸੀਪਲ ਮੈਡਮ ਅਨੀਲਾ ਨੇ ਬੱਚਿਆਂ ਨੂੰ ਉਨ੍ਹਾਂ ਦੀ ਮਾਣਮੱਤੀ ਪ੍ਰਾਪਤੀ 'ਤੇ ਵਧਾਈ ਦਿੱਤੀ। ਉਨ੍ਹਾਂ ਬੱਚਿਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।ਇਸ ਸਮੇਂ ਸਮੂਹ ਸਟਾਫ਼ ਹਾਜ਼ਰ ਸੀ।

## ਮਜ਼ਦੂਰ ਲੋਕ ਲਹਿਰ ਉਸਾਰੋ ਮੁਹਿੰਮ ਤੇਜ਼ ਕਰਾਂਗੇ : ਜਸਵਿੰਦਰ ਵੱਟੂ




**ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਮਨਰੇਗਾ ਵਰਕਰਜ਼ ਯੂਨੀਅਨ ਦੇ ਸੂਬਾ ਆਗੂ ਜਸਵਿੰਦਰ ਸਿੰਘ ਵੱਟੂ, ਜ਼ਿਲ੍ਹਾ ਆਗੂ ਗੁਰਦੀਪ ਸਿੰਘ ਕਾਨਿਆਂਵਾਲੀ, ਸੁਖਦੇਵ ਸਿੰਘ ਗੋਬਿੰਦ ਨਗਰੀ, ਮਿਸਤਰੀ ਮਜ਼ਦੂਰ ਯੂਨੀਅਨ ਦੇ ਆਗੂ ਬਿੱਟੂ ਦੀ ਅਗਵਾਈ ਹੇਠ ਮਜ਼ਦੂਰਾਂ ਨੇ ਸਥਾਨਕ ਗੁਰੂ ਗੋਬਿੰਦ ਸਿੰਘ ਪਾਰਕ ਵਿੱਚ ਪ੍ਰਭਾਵਸ਼ਾਲੀ ਮੀਟਿੰਗ ਕੀਤੀ, ਜਿਸ ਵਿੱਚ ਮਜ਼ਦੂਰਾਂ ਨਾਲ ਧੱਕੇਸ਼ਾਹੀ, ਜਾਤੀ ਸੂਚਕ ਗਾਲ੍ਹਾਂ ਕੱਢਣ ਵਾਲੇ ਆਮ ਆਦਮੀ ਪਾਰਟੀ ਦੇ ਆਗੂ ਜਤਿੰਦਰ ਸਿੰਘ ਖਿਲਾਫ ਪਰਚਾ ਦਰਜ ਕਰਨ ਦੀ ਮੰਗ ਕੀਤੀ ਗਈ ਅਤੇ ਸਰਹਿੰਦ ਫੀਡਰ ਤੇ ਰਾਜਸਥਾਨ ਨਹਿਰ ਦਾ ਪੁਲ, ਜੋ ਅਧੂਰਾ ਪਿਆ ਹੈ, ਉਸ ਦਾ ਕੰਮ ਚਾਲੂ ਕਰਾਉਣ ਲਈ ਪ੍ਰਸ਼ਾਸਨ ਨੂੰ ਮੰਗ ਪੱਤਰ ਦੇਣ ਦਾ ਵੀ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਮਜ਼ਦੂਰਾਂ ਦੀਆਂ ਮੰਗਾਂ 'ਤੇ ਖੁੱਲ੍ਹ ਕੇ ਵਿਚਾਰ ਵਟਾਂਦਰਾ ਕਰਕੇ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਤੇਜ਼ ਕਰਨ ਦਾ ਫ਼ੈਸਲਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸੰਵਿਧਾਨ ਬਦਲਣ ਵਾਲੀ ਮੋਦੀ ਸਰਕਾਰ ਨੂੰ ਸੱਤਾ ਤੋਂ ਵਾਂਝੇ ਕਰਨ ਲਈ ਵੀ ਹੁਣ ਕਿਸ ਪਾਰਟੀ ਨੂੰ ਵੋਟਾਂ ਪਾਈਆਂ ਜਾਣ, ਇਸ ਬਾਰੇ ਜਲਦੀ ਫੈਸਲਾ ਕੀਤਾ ਜਾਵੇਗਾ। ਕਾਮਰੇਡ ਵੱਟੂ ਨੇ ਕਿਹਾ ਕਿ ਉਹ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਜ਼ਿਲ੍ਹਾ ਤੇ ਸੂਬਾ ਆਗੂਆਂ ਨਾਲ ਰਾਇ ਮਸ਼ਵਰਾ ਕਰਕੇ ਉਸ ਕੈਂਡੀਡੇਟ ਦੀ ਮੱਦਦ ਕਰਾਂਗੇ, ਜਿਸ ਨੂੰ ਵੋਟ ਪਾਉਣ ਲਈ ਪਾਰਟੀ ਕਹੇਗੀ। ਉਨ੍ਹਾ ਕਿਹਾ ਕਿ ਅਸੀਂ ਆਰ ਐੱਮ ਪੀ ਆਈ ਦੇ ਸਿਪਾਹੀ ਹਾਂ, ਸਿਪਾਹੀ ਰਹਾਂਗੇ ਤੇ ਪਾਰਟੀ ਦੇ ਹਰ ਫੈਸਲੇ ਨੂੰ ਪ੍ਰਵਾਨ ਕਰਾਂਗੇ।

## ਖਹਿਰਾ ਦੇ ਹੱਕ 'ਚ ਕੁਰੜ 'ਚ ਮੀਟਿੰਗ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਜਦ ਤੋਂ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ, ਤਦ ਤੋਂ ਪੰਜਾਬ ਵਿਚ ਹਫੜਾ ਦਫੜੀ ਦਾ ਮਾਹੌਲ ਹੈ ਅਤੇ ਇੱਥੇ ਆਪਣੇ ਸੂਬੇ ਦੇ ਵਪਾਰੀ, ਕਿਸਾਨ, ਮਜ਼ਦੂਰ ਦੇ ਨਾਲ- ਨਾਲ ਹਰ ਵਰਗ ਆਪਣੇ ਆਪ ਨੂੰ ਅਸੁਰੱਖਿਅਤ ਸਮਝ ਰਿਹਾ ਹੈ । ਇਹ ਸ਼ਬਦ ਕਾਂਗਰਸ ਪਾਰਟੀ ਸੀਨੀਅਰ ਆਗੂ ਗੁਰਮੇਲ ਸਿੰਘ ਮੌੜ ਨੇ ਲੋਕ ਸਭਾ ਹਲਕਾ ਸੰਗਰੂਰ ਤੋਂ ਕਾਂਗਰਸ ਵਲੋਂ ਚੋਣ ਮੈਦਾਨ ਵਿਚ ਉਤਾਰੇ ਗਏ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਦੇ ਹੱਕ ਪਿੰਡ ਕੁਰੜ ਵਿਚ ਮੀਟਿੰਗ ਕਰਨ ਮੌਕੇ ਉਕਤ ਆਗੂਆਂ ਨੇ ਕਿਹਾ ਕਿ ਸੁਖਪਾਲ ਸਿੰਘ ਖਹਿਰਾ ਪੰਜਾਬ ਵਿਚੋਂ ਇਕ ਇਕ ਅਜਿਹੇ ਲੀਡਰ ਹਨ, ਜੋ ਪੰਜਾਬ ਵਾਸੀਆਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਜਾਗਰੂਕ ਤਾਂ ਕਰਦੇ ਹੀ ਹਨ, ਬਲਕਿ ਉਨ੍ਹਾਂ ਦੇ ਹਿਤਾਂ ਦੀ ਗੱਲ ਵੀ ਕਰਦੇ ਹਨ। ਜਿਸ ਲਈ ਖਹਿਰਾ ਨੂੰ ਬੇਝਿਜਕ ਸੰਗਰੂਰ ਦੇ ਲੋਕ ਆਪਣਾ ਵੋਟ ਪਾ ਕੇ ਪਾਰਲੀਮੈਂਟ 'ਚ ਭੇਜਣ ਤਾਂ ਕਿ ਪਿਛਲੇ ਲੰਬੇ ਸਮੇਂ ਤੋਂ ਸੰਤਾਪ ਹੰਢਾ ਰਹੇ ਹਲਕੇ ਦੇ ਲੋਕਾਂ ਨੂੰ ਉਨ੍ਹਾਂ ਦੀਆਂ ਸਮੱਸਿਆਵਾਂ ਤੋਂ ਨਿਜਾਤ ਅਤੇ ਸਹੂਲਤਾਂ ਮੁਹੱਈਆ ਹੋ ਸਕਣ। ਇਸ ਮੌਕੇ ਸਾਬਕਾ ਸਰਪੰਚ ਕਾਕਾ ਸਿੰਘ, ਪ੍ਰਧਾਨ ਗਗਨ ਸਿੰਘ ਸਰਾਂ, ਰਾਣੀ ਕੌਰ, ਪੰਚ ਮਹਿੰਦਰ ਕੌਰ, ਜੋਰਾ ਸਿੰਘ, ਬੰਤ ਸਿੰਘ, ਗੋਗੀ ਸਿੰਘ, ਕਿਰਨਜੀਤ ਕੌਰ, ਸਿੰਦਰ ਕੌਰ, ਵਿੱਕੀ ਸਿੰਘ, ਗੁਰਬਿੰਦਰ ਸਿੰਘ, ਕਰਨੈਲ ਕੌਰ, ਗਿਆਨ ਕੌਰ, ਚਰਨਜੀਤ ਕੌਰ, ਸਿੰਦਰਪਾਲ ਕੌਰ ਹਾਜ਼ਰ ਸਨ।

## ਮਲਟੀਪਲ ਕਾਨਫਰੰਸ 'ਚ ਲਾਇਨਜ਼ ਕਲੱਬ ਨਾਭਾ ਨੇ ਪਹਿਲਾ ਸਥਾਨ ਮੱਲਿਆ

### ਪ੍ਰਧਾਨ ਸਹਿਗਲ ਤੇ ਸਕੱਤਰ ਸਿੰਗਲਾ ਨੂੰ ਡਾਇਬੀਟੀਜ਼ ਲਈ ਵਧੀਆ ਕੰਮ ਕਰਨ 'ਤੇ ਸਨਮਾਨ ਚਿੰਨ੍ਹ ਨਾਲ ਨਿਵਾਜਿਆ




**ਨਾਭਾ (ਵਰਿੰਦਰ ਵਰਮਾ)**-ਲਾਇਨਜ਼ ਇੰਟਰਨੈਸ਼ਨਲ ਦੀ ਮਲਟੀਪਲ 321 ਦੀ ਕਾਨਫਰੰਸ 16 ਮਈ ਨੂੰ ਲਖਨਊ ਦੇ ਹੋਟਲ ਹੌਲੀਡੇ ਇੰਨ ਵਿਖੇ ਹੋਈ, ਜਿਸ ਵਿੱਚ ਹਰ ਸਾਲ ਦੀ ਤਰ੍ਹਾਂ ਲਾਇਨਜ਼ ਕਲੱਬ ਨਾਭਾ ਮਲਟੀਪਲ 321 ਵਿੱਚ ਪਹਿਲੇ ਸਥਾਨ 'ਤੇ ਰਿਹਾ। ਇਸ ਮੌਕੇ ਲਾਇਨ ਗੁਰਮੀਤ ਸਿੰਘ ਨੇ ਲਗਾਤਾਰ ਪਿਛਲੇ 2 ਸਾਲ ਮਲਟੀਪਲ ਵਿੱਚ ਬੈਸਟ ਸੈਕਟਰੀ ਰਹੇ ਤੇ ਇਸ ਸਾਲ ਵੀ ਉਨ੍ਹਾਂ ਨੂੰ ਮਲਟੀਪਲ ਵਿੱਚ ਬੈਸਟ ਸਕਿੱਲ ਕੋਆਰਡੀਨੇਟਰ ਦਾ ਪਹਿਲਾ ਇਨਾਮ ਮਿਲਿਆ, ਪ੍ਰਧਾਨ ਲਾਇਨ ਸੁਭਾਸ਼ ਸਹਿਗਲ ਤੇ ਜਨਰਲ ਸਕੱਤਰ ਸੰਨੀ ਸਿੰਗਲਾ ਨੂੰ ਵੀ ਡਾਇਬੀਟੀਜ਼ ਲਈ ਵਧੀਆ ਕੰਮ ਕਰਨ 'ਤੇ ਸਨਮਾਨ ਚਿੰਨ੍ਹ ਤੇ ਸਰਟੀਫਿਕੇਟ ਦੇ ਕੇ ਸਨਮਾਨ ਕੀਤਾ ਗਿਆ। ਪ੍ਰਧਾਨ ਲਾਇਨ ਸੁਭਾਸ਼ ਸਹਿਗਲ ਤੇ ਲਾਇਨ ਗੁਰਮੀਤ ਸਿੰਘ ਨੇ ਇਨ੍ਹਾਂ ਸਾਰੇ ਇਨਾਮਾਂ ਦਾ ਸਿਹਰਾ ਪ੍ਰੋ. ਸੁਰਿੰਦਰ ਬੀਰ ਸਿੰਘ ਸੇਠੀ ਨੂੰ ਦਿੱਤਾ। ਉਨ੍ਹਾਂ ਦੱਸਿਆ ਕਿ ਇਹ ਸਭ ਉਨ੍ਹਾਂ ਦੀ ਮਿਹਨਤ ਦਾ ਹੀ ਨਤੀਜਾ ਹੈ।ਇਸ ਮਲਟੀਪਲ ਦੀ ਲਖਨਊ ਵਿੱਚ ਹੋਈ ਮੀਟਿੰਗ ਵਿੱਚ ਪ੍ਰਧਾਨ ਲਾਇਨ ਸੁਭਾਸ਼ ਸਹਿਗਲ, ਲਾਇਨ ਗੁਰਮੀਤ ਸਿੰਘ ਤੇ ਲਾਇਨ ਸੰਨੀ ਸਿੰਗਲਾ ਨੇ ਕਿਹਾ ਕਿ ਲਾਇਨਜ਼ ਕਲੱਬ ਦੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਇਹ ਮੁਕਾਮ ਹਾਸਲ ਕੀਤਾ ਹੈ।ਉਨ੍ਹਾਂ ਕਿਹਾ ਕਿ ਕਲੱਬ ਵੱਲੋਂ ਹਮੇਸ਼ਾ ਹੀ ਸਮਾਜ ਭਲਾਈ ਦੇ ਕਾਰਜ ਵਧ ਚੜ੍ਹ ਕੇ ਕੀਤੇ ਜਾਂਦੇ ਹਨ, ਜਿਵੇਂ ਕਿ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਦੀ ਵੰਡ, ਖੂਨਦਾਨ ਕੈਂਪ, ਮੈਡੀਕਲ ਚੈੱਕਅਪ ਕੈਂਪ, ਅੱਖਾਂ ਦੇ ਆਪ੍ਰੇਸ਼ਨ ਤੇ ਚੈੱਕਅਪ ਕੈਂਪ ਅਤੇ ਸਕੂਲੀ ਬੱਚਿਆਂ ਨੂੰ ਸਟੇਸ਼ਨਰੀ, ਕਿਤਾਬਾਂ, ਬੂਟ, ਜ਼ੁਰਾਬਾਂ ਤੇ ਕੋਟੀਆਂ ਆਦਿ ਵੱਡੀਆਂ ਜਾਂਦੀਆਂ ਹਨ।ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਇਹ ਸਮਾਜ ਭਲਾਈ ਦੇ ਕਾਰਜ ਲਗਾਤਾਰ ਜਾਰੀ ਰਹਿਣਗੇ।

## ਵੀਰ ਦਵਿੰਦਰ ਸਿੰਘ ਸੇਖੋਂ ਲੀਗਲ ਸੈੱਲ ਦੇ ਜਨਰਲ ਸਕੱਤਰ ਨਿਯੁਕਤ



**ਸੰਗਰੂਰ (ਪ੍ਰਵੀਨ ਸਿੰਘ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਪ੍ਰਤੀ ਸੇਵਾਵਾਂ ਨੂੰ ਦੇਖਦਿਆਂ ਸੀਨੀਅਰ ਐਡਵੋਕੇਟ ਵੀਰ ਦਵਿੰਦਰ ਸਿੰਘ ਸੇਖੋਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਲੀਗਲ ਸੈੱਲ ਪੰਜਾਬ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ।ਇਸ ਮੌਕੇ ਐਡਵੋਕੇਟ ਵੀਰ ਦਵਿੰਦਰ ਸਿੰਘ ਸੇਖੋਂ ਨੇ ਸ੍ਰ. ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਪਾਰਟੀ ਵੱਲੋਂ ਉਨ੍ਹਾਂ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ, ਉਸ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਹਲਕਾ ਇੰਚਾਰਜ ਵਿਨਰਜੀਤ ਸਿੰਘ ਗੋਲਡੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੀ ਇੱਕ ਅਜਿਹੀ ਪਾਰਟੀ ਹੈ, ਜਿਹੜੀ ਆਪਣੇ ਵਰਕਰਾਂ ਦਾ ਮਾਣ ਸਨਮਾਨ ਕਰਦੀ ਹੈ। ਇਸ ਕਰਕੇ ਪੰਜਾਬ ਦੇ ਨੌਜਵਾਨ ਸ਼੍ਰੋਮਣੀ ਅਕਾਲੀ ਦਲ ਨਾਲ ਜੁੜ ਰਹੇ ਹਨ।ਵਿਨਰਜੀਤ ਸਿੰਘ ਗੋਲਡੀ ਵੱਲੋਂ ਇਸ ਮੌਕੇ ਐਡਵੋਕੇਟ ਵੀਰ ਦਵਿੰਦਰ ਸਿੰਘ ਸੇਖੋਂ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਬਲਦੇਵ ਸਿੰਘ ਮਾਨ, ਐਡਵੋਕੇਟ ਜਸਵੀਰ ਸਿੰਘ ਸਰਾਓ ਤੇ ਸੰਜੀਵ ਕੁਮਾਰ ਛਾਬੜਾ ਨੇ ਵੀ ਐਡਵੋਕੇਟ ਵੀਰ ਦਵਿੰਦਰ ਸਿੰਘ ਸੇਖੋਂ ਦੀ ਨਿਯੁਕਤੀ ਦਾ ਸਵਾਗਤ ਕੀਤਾ।

## ਦਸਮੇਸ਼ ਇੰਟਰਨੈਸ਼ਨਲ ਸਕੂਲ ਦੀ ਬਾਰ੍ਹਵੀਂ ਜਮਾਤ ਦਾ ਨਤੀਜਾ ਸੌ ਫੀਸਦੀ ਰਿਹਾ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਦਸਮੇਸ਼ ਇੰਟਰਨੈਸ਼ਨਲ ਸਕੂਲ ਸਰਦੂਲਗੜ੍ਹ (ਸੀ. ਬੀ. ਐੱਸ. ਈ. ਬੋਰਡ ਨਵੀਂ ਦਿੱਲੀ) ਦਾ ਬਾਰਵੀਂ ਜਮਾਤ ਦਾ ਨਤੀਜਾ 100% ਰਿਹਾ ਤੇ ਸਾਰੇ ਵਿਦਿਆਰਥੀ ਫਸਟ ਡਵੀਜ਼ਨ ਵਿੱਚ ਪਾਸ ਹੋਏ। ਸਕੂਲ ਦੇ ਚੇਅਰਮੈਨ ਪ੍ਰਿੰਸੀਪਲ ਸ੍ਰ: ਭੁਪਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਸਕੂਲ ਦੇ ਸਾਇੰਸ ਗਰੁੱਪ ਵਿੱਚੋਂ ਹੋਣਹਾਰ ਵਿਦਿਆਰਥੀ ਅਨੁਰਾਗ ਨੇ 96.2 ਫ਼ੀਸਦੀ ਅੰਕ ਹਾਸਲ ਕਰਕੇ ਜ਼ਿਲ੍ਹੇ ਵਿੱਚੋਂ ਮੋਹਰੀ ਸਥਾਨ ਹਾਸਲ ਕੀਤਾ ਤੇ ਹਰਮਨਦੀਪ ਕੌਰ ਨੇ 87.2 ਫ਼ੀਸਦੀ ਅੰਕ ਹਾਸਲ ਕਰਕੇ ਦੂਸਰਾ ਤੇ ਸ਼ੁਭਦੀਪ ਸਿੰਘ ਨੇ 86.4 ਫ਼ੀਸਦੀ ਅੰਕ ਹਾਸਲ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਸਕੂਲ ਦੇ ਕਾਮਰਸ ਗਰੁੱਪ ਵਿੱਚੋਂ ਵਿਦਿਆਰਥੀ ਵਿਵੇਕ ਜਿੰਦਲ ਤੇ ਵਰੁਣ ਜਿੰਦਲ ਦੋਨਾਂ ਸਕੇ ਭਰਾਵਾਂ ਨੇ 95 ਫ਼ੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ, ਮੁਸਕਾਨ ਤੇ ਮਨਪ੍ਰੀਤ ਕੌਰ ਨੇ 90 ਫ਼ੀਸਦੀ ਅੰਕ ਹਾਸਲ ਕਰਕੇ ਦੂਸਰਾ ਅਤੇ ਨਵਦੀਪ ਕੌਰ ਨੇ 89 ਫ਼ੀਸਦੀ ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਆਰਟਸ ਗਰੁੱਪ ਵਿੱਚੋਂ ਵਿਦਿਆਰਥੀ ਜਗਦੀਪ ਸਿੰਘ ਨੇ 89 ਫ਼ੀਸਦੀ ਅੰਕ ਹਾਸਲ ਕਰਕੇ ਪਹਿਲਾ ਸਥਾਨ, ਸੁਖਨੂਰ ਕੌਰ ਨੇ 87.4 ਫ਼ੀਸਦੀ ਅੰਕ ਹਾਸਲ ਕਰਕੇ ਦੂਸਰਾ, ਹਰਕਮਲਜੋਤ ਸਿੰਘ ਨੇ 86.8 ਫ਼ੀਸਦੀ ਅੰਕ ਹਾਸਲ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਪੂਰੇ ਸਕੂਲ ਦੀ ਬਾਰਵੀਂ ਜਮਾਤ ਦਾ ਨਤੀਜਾ ਬਹੁਤ ਸ਼ਾਨਦਾਰ ਰਿਹਾ। ਇਸ ਮੌਕੇ ਸਕੂਲ ਦੇ ਚੇਅਰਮੈਨ ਸ੍ਰ: ਭੁਪਿੰਦਰ ਸਿੰਘ ਸੰਧੂ, ਪ੍ਰਿੰਸੀਪਲ ਪਰਮਿੰਦਰ ਕੌਰ ਸੰਧੂ, ਡਾਇਰੈਕਟਰ ਦਿਲਮੋਹਿਤ ਸਿੰਘ ਸੰਧੂ ਤੇ ਕੋਆਰਡੀਨੇਟਰ ਰਾਜਵੀਰ ਕੌਰ ਮੱਲੀ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸ਼ਾਨਦਾਰ ਨਤੀਜਾ ਬਿਨਾਂ ਕਿਸੇ ਟਿਊਸ਼ਨ ਜਾਂ ਕੋਚਿੰਗ ਦੇ ਮਿਹਨਤੀ ਸਟਾਫ ਤੇ ਵਿਦਿਆਰਥੀਆਂ ਦੀ ਲਗਨ ਨਾਲ ਮਿਲਿਆ। ਉਨ੍ਹਾ ਕਿਹਾ ਕਿ ਬਹੁਤ ਜਲਦੀ ਇਨ੍ਹਾਂ ਵਿਦਿਆਰਥੀਆਂ ਨੂੰ ਸ਼ਾਨਦਾਰ ਢੰਗ ਨਾਲ ਸਨਮਾਨਤ ਕੀਤਾ ਜਾਵੇਗਾ ਤਾਂ ਜੋ ਵਿਦਿਆਰਥੀ ਹੋਰ ਮਿਹਨਤ ਲਈ ਪ੍ਰੇਰਿਤ ਹੋਣ।

## ਭਾਜਪਾ ਵੱਲੋਂ ਸੰਦੀਪ ਤਿਵਾੜੀ ਜ਼ਿਲ੍ਹੇ ਦਾ ਬੁਲਾਰਾ ਨਿਯੁਕਤ

**ਸਮਰਾਲਾ (ਸੁਰਜੀਤ ਸਿੰਘ)**-ਭਾਰਤੀ ਜਨਤਾ ਪਾਰਟੀ ਦੇ ਪੁਲਸ ਜ਼ਿਲ੍ਹਾ ਖੰਨਾ ਦੇ ਪ੍ਰਧਾਨ ਭੁਪਿੰਦਰ ਸਿੰਘ ਚੀਮਾ ਵੱਲੋਂ ਨੌਜਵਾਨ ਆਗੂ ਸੰਦੀਪ ਤਿਵਾੜੀ ਜੋ ਪਹਿਲਾਂ ਮੰਡਲ ਸਮਰਾਲਾ ਵਿਖੇ ਵਾਈਸ ਪ੍ਰਧਾਨ ਵਜੋਂ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ, ਦੀ ਪਾਰਟੀ ਦੇ ਕੰਮਾਂ ਦੀ ਕਾਰਗੁਜ਼ਾਰੀ ਦੇਖਦੇ ਹੋਏ ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਖੰਨਾ ਦਾ ਬੁਲਾਰਾ ਲਗਾਇਆ ਗਿਆ ਹੈ। ਅਹੁਦਾ ਮਿਲਣ ਉਪਰੰਤ ਸੰਦੀਪ ਤਿਵਾੜੀ ਨੇ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜੋ ਭਾਰਤ ਨੂੰ ਇੱਕ ਲੜੀ ਵਿੱਚ ਪਰੋਇਆ ਹੋਇਆ ਦੇਖਣਾ ਚਾਹੁੰਦੇ ਹਨ ਅਤੇ ਉਨ੍ਹਾ ਦਾ ਸੁਪਨਾ ਹੈ ਕਿ ਉਹ ਭਾਜਪਾ ਦੀ ਸਰਕਾਰ ਤੀਸਰੀ ਵਾਰ ਜ਼ਰੂਰ ਬਣਾਉਣਗੇ। ਜਿਨ੍ਹਾ ਦਾ ਪੂਰੇ ਦੇਸ਼ ਲਈ ਇੱਕ ਹੀ ਨਾਹਰਾ 'ਸਭ ਕਾ ਸਾਥ, ਸਭ ਕਾ ਵਿਕਾਸ' ਹੈ, ਨੂੰ ਵੀ ਜਲਦੀ ਪੂਰਾ ਕਰ ਲਿਆ ਜਾਵੇਗਾ। ਭਾਜਪਾ ਵੱਲੋਂ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਉਸ ਨੂੰ ਉਹ ਪੂਰੀ ਜ਼ਿੰਮੇਵਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਆਮ ਲੋਕਾਂ ਨੂੰ ਵੀ ਆਪਣੇ ਨਾਲ ਜੋੜਨਗੇ। ਸੰਦੀਪ ਤਿਵਾੜੀ ਨੂੰ ਜ਼ਿਲ੍ਹੇ ਦਾ ਬੁਲਾਰਾ ਨਿਯੁਕਤ ਹੋਣ 'ਤੇ ਸਮਰਾਲਾ ਮੰਡਲ ਦੀ ਸਮੁੱਚੀ ਭਾਜਪਾ ਟੀਮ ਵੱਲੋਂ ਵਧਾਈ ਦਿੱਤੀ ਗਈ ਜਿਨ੍ਹਾਂ ਵਿੱਚ ਪ੍ਰਮੁੱਖ ਤੌਰ 'ਤੇ ਬਲਰਾਮ ਸ਼ਰਮਾ ਜ਼ਿਲ੍ਹਾ ਸਕੱਤਰ, ਮਨੋਜ ਤਿਵਾੜੀ ਜ਼ਿਲ੍ਹਾ ਸਕੱਤਰ, ਸੰਦੀਪ ਭਾਰਤੀ ਮੰਡਲ ਪ੍ਰਧਾਨ ਸਮਰਾਲਾ ਸ਼ਾਮਲ ਸਨ।

## ਡੇਂਗੂ ਕੰਟਰੋਲ ਦਿਵਸ 'ਤੇ ਈ.ਐੱਸ.ਆਈ. ਡਿਸਪੈਂਸਰੀ ਵੱਲੋਂ ਜਾਗਰੂਕਤਾ ਕੈਂਪ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਰਾਸ਼ਟਰੀ ਡੇਂਗੂ ਕੰਟਰੋਲ ਦਿਵਸ 'ਤੇ ਈ.ਐੱਸ.ਆਈ. ਡਿਸਪੈਂਸਰੀ ਲਹਿਰਾ ਮੁਹੱਬਤ ਵੱਲੋਂ ਸਟੈਲਕੋ ਇੰਡਸਟਰੀਜ਼ ਰਾਮਪੁਰਾ ਫੂਲ ਵਿਖੇ ਮੈਡੀਕਲ ਜਾਗਰੂਕਤਾ ਕੈਂਪ ਲਾਇਆ ਗਿਆ। ਮੈਡੀਕਲ ਟੀਮ ਵੱਲੋਂ ਫੈਕਟਰੀ ਕਾਮਿਆਂ ਨੂੰ ਜਾਗਰੂਕ ਕਰਦਿਆਂ ਆਉਂਦੇ ਬਰਸਾਤਾਂ ਦੇ ਮੌਸਮ ਦਰਮਿਆਨ ਡੇਂਗੂ ਦੇ ਵਧ ਰਹੇ ਪ੍ਰਕੋਪ ਤੋਂ ਬਚਾਅ ਲਈ ਹੁਣੇ ਤੋਂ ਸਾਵਧਾਨ ਹੋਣ ਦੀ ਸਲਾਹ ਦਿੰਦਿਆਂ ਕਿਹਾ ਕਿ ਡੇਂਗੂ ਦੇ ਲਾਰਵੇ ਨੂੰ ਆਸ-ਪਾਸ ਦੇ ਇਲਾਕੇ ਤੋਂ ਖਤਮ ਕਰਨਾ ਚਾਹੀਦਾ ਹੈ। ਡੇਂਗੂ ਇੱਕ ਵਾਇਰਸ ਤੋਂ ਹੋਣ ਵਾਲੀ ਬਿਮਾਰੀ ਹੈ, ਜੋ ਏਡੀਜ਼ ਅਜਿਪਟੀ ਮੱਛਰ ਰਾਹੀਂ ਫੈਲਦਾ ਹੈ। ਫਾਰਮੇਸੀ ਅਫ਼ਸਰ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਮੱਛਰ ਆਮ ਕਰਕੇ ਸ਼ਾਮ ਵੇਲੇ ਕੱਟਦਾ ਹੈ। ਏ.ਐੱਨ.ਐੱਮ. ਮੈਡਮ ਮਨਜੀਤ ਕੌਰ ਨੇ ਕਿਹਾ ਕਿ ਲਗਾਤਾਰ ਇੱਕ ਹਫ਼ਤਾ ਬਹੁਤ ਤੇਜ਼ ਬੁਖ਼ਾਰ, ਖੁਰਕ, ਚਮੜੀ 'ਤੇ ਲਾਲ ਧੱਬੇ ਆਦਿ ਡੇਂਗੂ ਦੇ ਲੱਛਣ ਹਨ। ਬੁਖ਼ਾਰ ਤੋਂ ਸਿਰਫ਼ ਪੈਰਾਸੀਟਾਮੋਲ ਦੀ ਗੋਲੀ ਖਾਣੀ ਚਾਹੀਦੀ ਹੈ, ਬਰੂਫਨ ਜਾਂ ਐਸਪਰੀਨ ਨਹੀਂ ਲੈਣੀ ਚਾਹੀਦੀ। ਡੇਂਗੂ ਦੇ ਮਰੀਜ਼ ਨੂੰ ਹਲਕਾ ਭੋਜਨ ਖਾਣਾ ਚਾਹੀਦਾ ਹੈ, ਜੂਸ, ਪਾਣੀ, ਤਾਜ਼ੇ ਫ਼ਲ ਵਰਤੋਂ ਵਿੱਚ ਲਿਆਉਣੇ ਚਾਹੀਦੇ ਹਨ। ਮੈਡੀਕਲ ਅਫ਼ਸਰ ਡਾ. ਸਤਪਾਲ ਸਿੰਘ ਨੇ ਸਾਵਧਾਨ ਕਰਦਿਆਂ ਕਿਹਾ ਕਿ ਬੱਕਰੀ ਦਾ ਦੁੱਧ, ਮਹਿੰਗੇ ਭਾਅ ਵਾਲਾ ਕੀਵੀ ਫਰੂਟ ਤੇ ਗਲੂਕੋਜ਼ ਬੋਤਲਾਂ ਡਰਿਪ ਰਾਹੀਂ ਚੜ੍ਹਵਾਉਣ ਦੀ ਹੋੜ ਵਿੱਚ ਨਾ ਪਓ। ਡੇਂਗੂ ਦੇ ਮਰੀਜ਼ ਨੂੰ ਘਰੇ ਹੀ ਦਵਾਈਆਂ ਨਾਲ ਠੀਕ ਕੀਤਾ ਜਾ ਸਕਦਾ ਹੈ। ਪਲੇਟਲੈਟਸ ਦੀ ਗਿਣਤੀ 20000 ਤੋਂ 50000 ਹੋਣ 'ਤੇ ਹੀ ਹਸਪਤਾਲ ਵਿੱਚ ਦਾਖਲ ਹੋਣ ਬਾਰੇ ਸੋਚਣਾ ਚਾਹੀਦਾ ਹੈ। ਦੀਪਕ ਗਰਗ ਤੇ ਸੰਜੀਵ ਕੁਮਾਰ ਨੇ ਫੈਕਟਰੀ ਕਾਮਿਆਂ ਨੂੰ ਦਵਾਈਆਂ ਵੰਡੀਆਂ। ਸਟੈਲਕੋ ਇੰਡਸਟਰੀ ਦੇ ਐੱਮ. ਡੀ. ਅਸ਼ੋਕ ਕੁਮਾਰ ਵੱਲੋਂ ਕੈਂਪ ਲਗਾਉਣ 'ਤੇ ਮੈਡੀਕਲ ਸੁਪਰਡੈਂਟ ਡਾ. ਜਸਵੀਰ ਕੌਰ ਈ.ਐੱਸ.ਆਈ. (ਜ਼ੋਨਲ) ਲੁਧਿਆਣਾ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

## ਖੇਤੀਬਾੜੀ ਵਿਭਾਗ ਵੱਲੋਂ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਤੇ ਪ੍ਰਦਰਸ਼ਨੀ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਪਟਿਆਲਾ ਵੱਲੋਂ ਸਥਾਨ ਸਮਰਾਟ ਪੈਲੇਸ ਸਮਾਣਾ ਵਿਖੇ ਸਾਉਣੀ 2024 ਦੀਆਂ ਫ਼ਸਲਾਂ ਸੰਬੰਧੀ ਕਿਸਾਨਾਂ ਨੂੰ ਤਕਨੀਕੀ ਜਾਣਕਾਰੀ ਦੇਣ ਲਈ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਲਾਇਆ ਗਿਆ। ਇਸ ਕੈਂਪ ਦਾ ਉਦਘਾਟਨ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਪਟਿਆਲਾ ਡਾ. ਹਰਜਿੰਦਰ ਸਿੰਘ ਬੇਦੀ ਨੇ ਕੀਤਾ ਤੇ ਜ਼ਿਲ੍ਹੇ ਦੇ 29 ਅਗਾਂਹਵਧੂ ਕਿਸਾਨਾਂ ਨੂੰ ਸਨਮਾਨਤ ਕੀਤਾ। ਕੈਂਪ ਦੇ ਮੁੱਖ ਮਹਿਮਾਨ ਡਾਇਰੈਕਟਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਇੰਜ: ਜਸਵੰਤ ਸਿੰਘ ਨੇ ਕਿਸਾਨਾਂ ਨੂੰ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਉੱਪਰ ਚਿੰਤਾ ਜ਼ਾਹਰ ਕਰਦਿਆਂ ਅਪੀਲ ਕੀਤੀ ਕਿ ਕਿਸਾਨ ਸਾਉਣੀ ਦੇ ਸੀਜ਼ਨ ਦੌਰਾਨ ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਸਿਫ਼ਾਰਸ਼-ਸ਼ੁਦਾ ਕਿਸਮਾਂ ਤੇ ਬਾਸਮਤੀ ਨੂੰ ਤਰਜੀਹ ਦੇਣ ਤਾਂ ਜੋ ਧਰਤੀ ਹੇਠਲੇ ਪਾਣੀ ਦੀ ਬੱਚਤ ਕੀਤੀ ਜਾ ਸਕੇ।ਮੁੱਖ ਖੇਤੀਬਾੜੀ ਅਫ਼ਸਰ ਪਟਿਆਲਾ ਡਾ. ਜਸਵਿੰਦਰ ਸਿੰਘ ਨੇ ਹਾਜ਼ਰ ਕਿਸਾਨਾਂ ਨੂੰ ਖੇਤੀਬਾੜੀ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਦਾ ਲਾਭ ਲੈਣ ਲਈ ਅਪੀਲ ਕੀਤੀ ਅਤੇ ਵੱਧ ਤੋਂ ਵੱਧ ਮਿੱਟੀ ਤੇ ਪਾਣੀ ਦੇ ਸੈਂਪਲ ਟੈਸਟ ਕਰਵਾ ਕੇ ਖਾਦਾਂ ਦੀ ਬੱਚਤ ਕਰਨ ਲਈ ਪ੍ਰੇਰਿਤ ਕੀਤਾ।ਕ੍ਰਿਸ਼ੀ ਵਿਗਿਆਨ ਕੇਂਦਰ ਰੌਣੀ ਦੇ ਡਿਪਟੀ ਡਾਇਰੈਕਟਰ ਡਾ. ਗੁਰਉਪਦੇਸ਼ ਕੌਰ ਨੇ ਕਿਸਾਨਾਂ ਨੂੰ ਫਸਲੀ ਵਿਭਿੰਨਤਾ ਤਹਿਤ ਵੱਖ-ਵੱਖ ਟ੍ਰੇਨਿੰਗ ਬਾਰੇ ਜਾਣਕਾਰੀ ਦਿੱਤੀ।ਫਾਰਮਰ ਸਲਾਹਕਾਰ ਕੇਂਦਰ ਪਟਿਆਲਾ ਦੇ ਇੰਚਾਰਜ ਡਾ. ਗੁਰਪ੍ਰੀਤ ਕੌਰ ਨੇ ਕਿਸਾਨਾਂ ਨੂੰ ਖਰਚੇ ਘੱਟ ਕਰਕੇ ਆਮਦਨ ਵਧਾਉਣ ਸੰਬੰਧੀ ਵੱਖ-ਵੱਖ ਤਕਨੀਕੀ ਨੁਕਤੇ ਸਾਂਝੇ ਕੀਤੇ। ਕੇ.ਵੀ.ਕੇ. ਰੌਣੀ ਦੇ ਪੌਦਾ ਸੁਰੱਖਿਆ ਮਾਹਰ ਡਾ. ਹਰਦੀਪ ਸਿੰਘ ਸਵੀਕੀ ਨੇ ਬੀਜ ਸੋਧ ਤੇ ਬਿਮਾਰੀਆਂ ਦੀ ਰੋਕਥਾਮ ਸੰਬੰਧੀ ਤਕਨੀਕੀ ਜਾਣਕਾਰੀ ਦਿੱਤੀ। ਭੂਮੀ ਰੱਖਿਆ ਮਾਹਰ ਡਾ. ਗੁਰਪ੍ਰੀਤ ਸਿੰਘ ਨੇ ਮਿੱਟੀ ਤੇ ਪਾਣੀ ਦੇ ਸੈਂਪਲਾਂ ਨੂੰ ਇਕੱਤਰ ਕਰਨ ਸਬੰਧੀ ਤੇ ਝੋਨੇ ਦੀਆਂ ਫ਼ਸਲਾਂ 'ਚ ਖਾਦਾਂ ਦੀ ਸੁਚੱਜੀ ਵਰਤੋਂ ਸੰਬੰਧੀ ਜਾਣਕਾਰੀ ਦਿੱਤੀ।ਡਾ. ਦਿਲਪ੍ਰੀਤ ਸਿੰਘ ਤੇ ਡਾ. ਚਰਨਜੀਤ ਸਿੰਘ ਨੇ ਆਪਣੇ ਵਿਭਾਗ ਨਾਲ ਸਬੰਧਤ ਚੱਲ ਰਹੀਆਂ ਸਕੀਮਾਂ ਸੰਬੰਧੀ ਕਿਸਾਨਾਂ ਨੂੰ ਜਾਗਰੂਕ ਕੀਤਾ।ਇਸ ਕੈਂਪ ਦੌਰਾਨ ਖੇਤੀਬਾੜੀ, ਬਾਗਬਾਨੀ, ਭੂਮੀ ਰੱਖਿਆ, ਮੱਛੀ ਪਾਲਣ ਵਿਭਾਗ, ਫਾਰਮਰ ਸਲਾਹਕਾਰ ਕੇਂਦਰ ਪਟਿਆਲਾ ਤੇ ਵੱਖ-ਵੱਖ ਐੱਨ.ਜੀ.ਓ. ਵੱਲੋਂ ਆਪਣੀਆਂ ਪ੍ਰਦਰਸ਼ਨੀਆਂ ਲਗਾਈਆਂ ਗਈਆਂ ਤੇ ਕਿਸਾਨਾਂ ਨੂੰ ਲਿਟਰੇਚਰ ਰਾਹੀਂ ਜਾਣਕਾਰੀ ਦਿੱਤੀ।

## ਪਰਮਜੀਤ ਸਿੰਘ ਬਰਾੜ ਅਕਾਲੀ ਦਲ ਦੇ ਜ਼ਿਲ੍ਹਾ ਮੀਤ ਪ੍ਰਧਾਨ ਨਿਯੁਕਤ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ /ਪੂਜਾ)**- ਪਿਛਲੇ ਲੰਬੇ ਸਮੇਂ ਤੋਂ ਅਕਾਲੀ ਦਲ ਦੇ ਮੋਢੇ ਨਾਲ ਮੋਢਾ ਲਗਾ ਕੇ ਕੰਮ ਕਰ ਰਹੇ ਮੁਕਤਸਰ ਨਿਵਾਸੀ ਪਰਮਜੀਤ ਸਿੰਘ ਨੂੰ ਸ਼੍ਰੋਮਣੀ ਅਕਾਲੀ ਦੇ ਜ਼ਿਲ੍ਹਾ ਮੀਤ ਪ੍ਰਧਾਨ ਦੇ ਅਹੁਦੇ ਨਾਲ ਨਿਵਾਜਿਆ ਗਿਆ ਹੈ। ਜ਼ਿਲ੍ਹਾ ਸ਼ਹਿਰੀ ਪ੍ਰਧਾਨ ਮਨਜਿੰਦਰ ਸਿੰਘ ਬਿੱਟੂ ਵੱਲੋਂ ਉਨ੍ਹਾਂ ਨੂੰ ਨਿਯੁਕਤੀ ਪੱਤਰ ਦਿੱਤਾ ਗਿਆ। ਪਰਮਜੀਤ ਸਿੰਘ ਬਰਾੜ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਬਕਾ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਜ਼ਿਲ੍ਹਾ ਪ੍ਰਧਾਨ ਮਨਜਿੰਦਰ ਸਿੰਘ ਬਿੱਟੂ ਸਮੇਤ ਅਕਾਲੀ ਲੀਡਰਸ਼ਿਪ ਦਾ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਪਾਰਟੀ ਨੇ ਜੋ ਉਨ੍ਹਾਂ 'ਤੇ ਵਿਸ਼ਵਾਸ ਜਤਾਉਂਦੇ ਹੋਏ ਜ਼ਿੰਮੇਵਾਰੀ ਸੌਂਪੀ ਹੈ ਉਹ ਉਸ 'ਤੇ ਖਰੇ ਉਤਰਨਗੇ ਅਤੇ ਪਾਰਟੀ ਦੀ ਮਜ਼ਬੂਤੀ ਲਈ ਦਿਨ ਰਾਤ ਇੱਕ ਕਰ ਦੇਣਗੇ। ਇਸ ਮੌਕੇ ਚਰਨਜੀਤ ਸਿੰਘ ਸਰਪੰਚ ਸੱਕਾਂਵਾਲੀ, ਕਾਲਾ ਸਿੰਘ ਬੇਦੀ, ਜਗਮੀਤ ਸਿੰਘ ਜੱਗੀ ਸਾਬਕਾ ਐਮ ਸੀ, ਸਰਪੰਚ ਜਗਸੀਰ ਸਿੰਘ, ਬਲਤੇਜ ਸਿੰਘ, ਹਰਬੰਸ ਲਾਲ ਨੰਬਰਦਾਰ, ਹਰਪ੍ਰੀਤ ਸਿੰਘ, ਹਰਦਮ ਸਿੰਘ, ਗੁਰਤੇਜ ਸਿੰਘ, ਰਣਜੀਤ ਸਿੰਘ ਹੈਪੀ, ਗੁਰਜੰਟ ਸਿੰਘ, ਜਗਮੋਹਨ ਸਿੰਘ, ਗੁਰਮੇਲ ਸਿੰਘ, ਹਰਪਾਲ ਸਿੰਘ, ਸੁਖਮੰਦਰ ਸਿੰਘ, ਸੋਨੂੰ, ਸੁਰਿੰਦਰ ਕੁਮਾਰ, ਜਗਤਾਰ ਜੇ ਈ, ਬਲਜਿੰਦਰ ਸਿੰਘ, ਗੁਰਸੇਵਕ ਸਿੰਘ, ਹੈਰੀ, ਸਾਹਿਬ ਸਿੰਘ, ਜਰਨੈਲ ਸਿੰਘ, ਜੱਜ ਸਿੰਘ, ਪ੍ਰਦੇਸੀ, ਬਾਜਾ, ਲਵਲੀ, ਭੁਪਿੰਦਰ ਸਿੰਘ ਭਿੰਦਰ, ਕਾਕਾ, ਰਾਜਾ ਮਿਸਤਰੀ, ਹਰਵਿੰਦਰ ਸਿੰਘ ਪੀਏ., ਜਸਪਾਲ ਸਿੰਘ ਛਾਬੜਾ ਪੀ ਏ, ਵਿੱਕੀ, ਭਾਂਡੀ, ਬਾਂਗਾ, ਸੁਭਾਸ਼ ਚੰਦ, ਗੁਰਪ੍ਰੀਤ ਮੱਕੜ, ਹਰਵਿੰਦਰ ਸਿੰਘ ਲੱਕੀ, ਕੁਲਦੀਪ ਸਿੰਘ, ਬਲਵਿੰਦਰ ਸਿੰਘ, ਮੇਜਰ ਸਿੰਘ, ਰਘੁਬੀਰ ਸਿੰਘ, ਸੁਰੇਸ਼ ਕੁਮਾਰ ਆਦਿ ਹਾਜ਼ਰ ਸਨ।

## ਮਿਉਂਸਪਲ ਕਰਮਚਾਰੀ ਦਲ ਦੇ ਧਰਮਵੀਰ ਪਾਮੇ ਪ੍ਰਧਾਨ ਤੇ ਰੌਸ਼ਨ ਹੰਸ ਚੇਅਰਮੈਨ ਬਣੇ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨਗਰ ਕੌਂਸਲ ਮਾਛੀਵਾੜਾ ਸਾਹਿਬ ਵਿਖੇ ਮਿਉਂਸਪਲ ਕਰਮਚਾਰੀ ਦਲ ਦੀ ਚੋਣ ਹੋਈ, ਜਿਸ ਵਿੱਚ ਸਰਬ ਸੰਮਤੀ ਨਾਲ ਧਰਮਵੀਰ ਪਾਮੇ ਨੂੰ ਪ੍ਰਧਾਨ ਤੇ ਨੰਬਰਦਾਰ ਰੌਸ਼ਨ ਹੰਸ ਨੂੰ ਚੇਅਰਮੈਨ ਚੁਣ ਲਿਆ ਗਿਆ। ਇਸ ਤੋਂ ਇਲਾਵਾ ਹੋਰ ਅਹੁਦੇਦਾਰਾਂ 'ਚ ਰਾਕੇਸ਼ ਕੁਮਾਰ ਪਾਮੇ ਨੂੰ ਸਰਪ੍ਰਸਤ, ਰਵੀ ਕੁਮਾਰ ਬਾਲੀ ਵਾਈਸ ਚੇਅਰਮੈਨ, ਮੰਗਤ ਰਾਮ ਪਾਮੇ ਵਾਈਸ ਪ੍ਰਧਾਨ, ਕਾਜਲ ਕਿਰਨ ਪਾਮੇ ਜਰਨਲ ਸਕੱਤਰ, ਅਜੈ ਕੁਮਾਰ ਘਾਰੂ ਕੈਸ਼ੀਅਰ, ਸੰਜੀਵ ਕੁਮਾਰ ਪਾਮੇ ਜੁਆਇੰਟ ਸਕੱਤਰ ਤੇ ਬਾਕੀ ਸਾਰੇ ਕਰਮਚਾਰੀਆਂ ਨੂੰ ਮੈਂਬਰ ਚੁਣਿਆ ਗਿਆ। ਇਸ ਮੌਕੇ ਨਵ-ਨਿਯੁਕਤ ਚੇਅਰਮੈਨ ਨੰਬਰਦਾਰ ਰੌਸ਼ਨ ਲਾਲ ਹੰਸ ਤੇ ਪ੍ਰਧਾਨ ਧਰਮਵੀਰ ਪਾਮੇ ਨੇ ਸਾਰੇ ਕਰਮਚਾਰੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਦਾ ਹੱਲ ਕਰਵਾਇਆ ਜਾਵੇਗਾ। ਉਨ੍ਹਾ ਸਾਰੇ ਸਾਥੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਡਿਊਟੀ ਪੂਰੀ ਇਮਾਨਦਾਰੀ ਨਾਲ ਕਰਨ ਤੇ ਉਹ ਕਿਸੇ ਵੀ ਮੁਲਾਜ਼ਮ ਨਾਲ ਧੱਕਾ ਨਹੀਂ ਹੋਣ ਦੇਣਗੇ। ਮਾਛੀਵਾੜਾ ਸਾਹਿਬ ਸੋਸ਼ਲ ਵੈੱਲਫੇਅਰ ਸੁਸਾਇਟੀ ਵੱਲੋਂ ਪ੍ਰਧਾਨ ਧਰਮਵੀਰ ਪਾਮੇ ਤੇ ਚੇਅਰਮੈਨ ਰੌਸ਼ਨ ਹੰਸ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਭਾਵਾਧਸ ਦੇ ਸੀਨੀਅਰ ਆਗੂ ਪ੍ਰੇਮ ਸਾਗਰ ਪਾਮੇ, ਪ੍ਰਧਾਨ ਲਾਲ ਚੰਦ ਪਾਮੇ, ਭਾਵਾਧਸ ਪ੍ਰਧਾਨ ਮਿੰਕੂ ਹੰਸ, ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ, ਜਗਦੀਸ਼ ਚਾਨਣਾ, ਜਗਤਾਰ ਸਿੰਘ ਜੱਸੋਵਾਲ, ਭਾਰਗਵ ਚਾਨਣਾ, ਰਾਕੇਸ਼ ਸਹੋਤਾ, ਨੀਰਜ ਮੱਟੂ, ਸੁਸ਼ੀਲ ਮੱਟੂ, ਆਸ਼ਾ ਰਾਣੀ, ਮੰਜੂ ਰਾਣੀ, ਗੀਤਾ ਰਾਣੀ, ਭੀਮਾ ਰਾਣੀ, ਆਸ਼ਾ, ਸੀਮਾ ਰਾਣੀ, ਕਮਲੇਸ਼ ਕੌਰ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

## ਸਵਾ ਦੋ ਕਰੋੜ ਦੀ ਧੋਖਾਧੜੀ ਦੇ ਮਾਮਲੇ 'ਚ ਤਿੰਨ 'ਤੇ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਇੱਕ ਫਰਮ ਨਾਲ ਕਰੀਬ ਸਵਾ ਦੋ ਕਰੋੜ ਦੀ ਧੋਖਾਧੜੀ ਕੀਤੇ ਜਾਣ ਦੇ ਕਥਿਤ ਮਾਮਲੇ 'ਚ ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਤਿੰਨ ਵਿਅਕਤੀਆਂ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਜੀਂਦ (ਹਰਿਆਣਾ) ਦੇ ਕਾਰੋਬਾਰੀ ਅਮਰਜੀਤ ਨੇ ਸੀਨੀਅਰ ਪੁਲਸ ਅਧਿਕਾਰੀਆਂ ਨੂੰ ਦਿੱਤੀ ਦਰਖਾਸਤ 'ਚ ਦੋਸ਼ ਲਗਾਏ ਸਨ ਕਿ ਸਾਲ 2020 ਤੋਂ ਜੁਲਾਈ 2021 ਦਰਮਿਆਨ ਜੈ ਪ੍ਰਕਾਸ਼ ਗੋਇਲ, ਕਰਨ ਗੋਇਲ ਤੇ ਸ਼ਿਵਮ ਗੋਇਲ ਨੇ ਆਪਣੀ ਫਰਮ ਮਿੱਤਲ ਸੈਰਾਮਿਕਸ ਲਈ ਉਨ੍ਹਾਂ ਦੀ ਫਰਮ ਤੋਂ ਲੋਹਾ ਸਕਰੈਪ ਮੰਗਵਾਇਆ ਸੀ ਤੇ ਮਾਲ ਦੀ ਕੁੱਲ ਰਕਮ 'ਚੋਂ ਕੁਝ ਰਕਮ ਰੱਖ ਕੇ ਬਾਕੀ ਪੇਮੈਂਟ ਉਹ ਉਨ੍ਹਾਂ ਦੀ ਫਰਮ ਨੂੰ ਕਰਦੇ ਸਨ।ਇਸੇ ਤਰ੍ਹਾਂ ਜੁਲਾਈ 2021 ਤੱਕ ਉਕਤ ਵਿਅਕਤੀਆਂ ਦੀ ਫਰਮ ਵੱਲ ਉਨ੍ਹਾਂ ਦਾ 2,26,64,494.30/- ਰੁਪਏ ਬਕਾਇਆ ਬਣ ਗਿਆ, ਜਿਸ ਨੂੰ ਮੰਗਣ 'ਤੇ ਉਕਤ ਵਿਅਕਤੀ ਟਾਲ ਮਟੋਲ ਕਰਦੇ ਰਹੇ।ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਉਕਤ ਵਿਅਕਤੀਆਂ ਵੱਲੋਂ ਗਿਣੀ ਮਿੱਥੀ ਸਾਜ਼ਿਸ਼ ਤਹਿਤ ਮਾਲ ਮੰਗਵਾ ਕੇ ਉਸ ਨਾਲ ਧੋਖਾਧੜੀ ਕੀਤੀ ਗਈ ਹੈ।ਸ਼ਿਕਾਇਤ ਦੀ ਪੜਤਾਲ ਐੱਸ. ਪੀ. ਪੱਧਰ ਦੇ ਅਧਿਕਾਰੀ ਵੱਲੋਂ ਕੀਤੀ ਗਈ, ਜਿਨ੍ਹਾਂ ਦੀ ਪੜਤਾਲੀਆ ਰਿਪੋਰਟ ਦੇ ਆਧਾਰ 'ਤੇ ਜ਼ਿਲ੍ਹਾ ਪੁਲਸ ਮੁਖੀ ਵੱਲੋਂ ਮਾਮਲੇ 'ਚ ਮੁਕੱਦਮਾ ਦਰਜ ਕਰਨ ਦੇ ਦਿੱਤੇ ਗਏ ਹੁਕਮਾਂ 'ਤੇ ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਸ ਨੇ ਜੈ ਪ੍ਰਕਾਸ਼ ਗੋਇਲ, ਕਰਨ ਗੋਇਲ ਤੇ ਸ਼ਿਵਮ ਗੋਇਲ ਵਾਸੀਆਨ ਨਾਭਾ (ਪਟਿਆਲਾ) ਵਿਰੁੱਧ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

# ਦੇਸ਼ ਦੇ ਜਮਹੂਰੀ ਤੇ ਧਰਮ-ਨਿਰਪੱਖ ਢਾਂਚੇ ਦੀ ਰਾਖੀ ਲਈ ਭਾਜਪਾ ਨੂੰ ਹਰਾਉਣਾ ਜ਼ਰੂਰੀ: ਪਾਸਲਾ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਵੱਲੋਂ ਸ਼ਹੀਦ ਦੀਪਕ ਧਵਨ ਅਤੇ ਸਾਥੀਆਂ ਦੀ ਸਲਾਨਾ ਬਰਸੀ ਰਾਮਗੜ੍ਹੀਆ ਬੁੰਗਾ ਵਿਖੇ ਮਨਾਈ ਗਈ ।ਇਸ ਮੌਕੇ ਲੋਕਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਕੁੱਲ ਹਿੰਦ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਸ਼ਹੀਦ ਦੀਪਕ ਧਵਨ ਅਤੇ ਸਾਥੀਆਂ ਨੇ ਸਮਾਜਿਕ ਰਾਜਨੀਤਕ ਅਤੇ ਆਰਥਿਕ ਬਰਾਬਰੀ ਦੇ ਸੰਘਰਸ਼ ਵਿੱਚ ਯੋਗਦਾਨ ਪਾਉਂਦਿਆਂ ਫਿਰਕੂ ਵਿਚਾਰਧਾਰਾ ਖਿਲਾਫ ਲੜਦਿਆਂ ਕੁਰਬਾਨੀਆਂ ਦਿੱਤੀਆਂ ।ਉਨ੍ਹਾਂ ਕਿਹਾ ਕੇ ਭਾਜਪਾ ਦੀ ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਦੀ ਸੇਵਾ ਵਿੱਚ ਲੱਗੀ ਹੋਈ ਹੈ।ਦੇਸ਼ ਦਾ ਧਨ ਦੌਲਤ ਚੰਦ ਪੂੰਜੀਪਤੀਆਂ ਦੇ ਹੱਥਾ ਵਿੱਚ ਕੇਂਦਰਤ ਹੋ ਰਿਹਾ ਹੈ।ਆਮ ਲੋਕਾਂ ਪੱਲੇ ਗਰੀਬੀ, ਬੇਰੁਜ਼ਗਾਰੀ ਅਤੇ ਮਹਿੰਗਾਈ ਪੈ ਰਹੀ ਹੈ।ਸਾਥੀ ਪਾਸਲਾ ਨੇ ਕਿਹਾ ਕਿ ਮੋਦੀ ਸਰਕਾਰ ਨੇ ਕਿਰਤ ਕਰਨ ਵਾਲੇ ਲੋਕਾਂ ਨੂੰ ਬੇਰੁਦਗਾਰ ਅਤੇ ਕੰਗਲੇ ਬਣਾਇਆ ਹੈ । ਉਨ੍ਹਾਂ ਕਿਹਾ ਕਿ ਦੇਸ਼ ਦੇ ਜਮਹੂਰੀ ਧਰਮ ਨਿਰਪੱਖ ਅਤੇ ਸੰਘੀ ਢਾਚੇ ਦੀ ਰਾਖੀ ਲਈ, ਸਵਿੰਧਾਨ ਨੂੰ ਬਚਾਉਣ ਲਈ ਭਾਜਪਾ ਦੀ ਮੋਦੀ ਸਰਕਾਰ ਨੂੰ ਹਰਾਉਣ ਦਾ ਸੱਦਾ ਦਿੱਤਾ।ਇਸ ਮੌਕੇ ਬੋਲਦਿਆਂ ਪਾਰਟੀ ਦੇ ਸੂਬਾਈ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਕਿਹਾ ਕਿ ਲੋਕ ਸਭਾ ਚੋਣਾਂ 'ਚ ਇੰਡੀਆ ਗਠਜੋੜ ਨੂੰ ਮਜ਼ਬੂਤ ਕਰਨ ਲਈ ਪੰਜਾਬ ਅੰਦਰ ਆਮ ਆਦਮੀ ਪਾਰਟੀ ਨੂੰ ਸੀਟਾਂ ਦੀ ਅਡਜੈਸਟਮੈਂਟ ਕਰਨ ਲਈ ਪਹਿਲਕਦਮੀ ਕਰਨੀ ਚਾਹੀਦੀ ਸੀ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਲੋਕਾਂ ਦੇ ਮਸਲੇ ਹੱਲ ਕਰਨ ਵੱਲ ਕੋਈ ਵੀ ਪਹਿਲਕਦਮੀ ਨਹੀਂ ਕਰ ਰਿਹਾ ਅਤੇ ਝੂਠੇ ਵਾਅਦੇ ਹੀ ਕਰ ਰਿਹਾ ਹੈ ।ਜਾਮਾਰਾਏ ਨੇ ਕਿਹਾ ਕਿ ਫਿਰਕੂ ਤਾਕਤਾਂ ਨੂੰ ਪਛਾੜਨ ਲਈ ਇੰਡੀਆ ਗਠਜੋੜ ਦੇ ਉਮੀਦਵਾਰਾਂ ਨੂੰ ਕਾਮਯਾਬ ਕਰਨ ਦਾ ਸੱਦਾ ਦਿੱਤਾ ।ਸਮਾਗਮ ਦੀ ਪ੍ਰਧਾਨਗੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਚਮਨ ਲਾਲ ਦਰਾਜਕੇ, ਬਲਦੇਵ ਸਿੰਘ ਪੰਡੋਰੀ, ਮਨਜੀਤ ਸਿੰਘ ਬੱਗੂ ਨੇ ਕੀਤੀ ।ਇਸ ਮੌਕੇ ਸੁਲੱਖਣ ਸਿੰਘ ਤੁੜ ਧਰਮ ਸਿੰਘ ਪੱਟੀ ਡਾਕਟਰ ਵਿਆਪਕ ਧਵਨ ਜਗਤਾਰ ਸਿੰਘ ਉਪਲ, ਇੱਦੂ ਧਵਨ ਆਦਿ ਆਗੂਆਂ ਨੇ ਸੰਬੋਧਨ ਕੀਤਾ ।ਇਸ ਮੌਕੇ ਨਰਿੰਦਰ ਕੌਰ, ਕੁਲਦੀਪ ਸਿੰਘ ਮਾਣੋਚਾਹਲ, ਹਰਦੀਪ ਸਿੰਘ ਰਸੂਲਪੁਰ ਪਰਿਵਾਰਾਂ ਦੇ ਮੈਂਬਰ ਹਾਜ਼ਰ ਸਨ। ਸਟੇਜ ਦੇ ਫਰਜ਼ ਪਾਰਟੀ ਦੇ ਜ਼ਿਲ੍ਹਾ ਸਕੱਤਰ ਮੁਖਤਾਰ ਸਿੰਘ ਮੱਲਾ ਨੇ ਬਾਖੂਬੀ ਨਿਭਾਏ ।

# ਖਾਲਸਾ ਸਕੂਲ ਬੁਰਜ ਸਾਹਿਬ ਦਾ ਬਾਰ੍ਹਵੀਂ ਜਮਾਤ ਦਾ ਨਤੀਜਾ ਸ਼ਾਨਦਾਰ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਐੱਸ. ਜੀ. ਏ. ਡੀ. ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਬੁਰਜ ਸਾਹਿਬ ਧਾਰੀਵਾਲ ਦਾ ਬਾਰ੍ਹਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਤੇ ਸੌ ਫੀਸਦੀ ਰਿਹਾ ਹੈ। ਇਸ ਸਬੰਧੀ ਸਕੂਲ ਦੇ ਪ੍ਰਿੰਸੀਪਲ ਅਨੂਪ ਸਿੰਘ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਤੀਜੇ ਵਿੱਚ ਐੱਸ. ਜੀ. ਏ. ਡੀ. ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਬੁਰਜ ਸਾਹਿਬ ਧਾਰੀਵਾਲ ਦੇ ਬਾਰ੍ਹਵੀਂ ਜਮਾਤ ਦੇ ਸਾਇੰਸ ਗਰੁੱਪ ਵਿੱਚੋਂ ਇਸ਼ਮੀਤ ਕੌਰ ਨੇ 476 ਅੰਕ ਪ੍ਰਾਪਤ ਕਰਕੇ ਸਕੂਲ ਵਿੱਚ ਪਹਿਲਾ ਸਥਾਨ, ਅਕਸ਼ਮਾ ਸ਼ਰਮਾ ਨੇ 464 ਅੰਕਾਂ ਨਾਲ ਦੂਸਰਾ ਸਥਾਨ, ਤਰਨਪ੍ਰੀਤ ਕੌਰ ਨੇ 459 ਅੰਕਾਂ ਨਾਲ ਤੀਸਰਾ ਸਥਾਨ ਅਤੇ ਸਹਿਜਪ੍ਰੀਤ ਕੌਰ ਨੇ 446 ਅੰਕ ਹਾਸਲ ਕਰਕੇ ਚੌਥਾ ਸਥਾਨ ਪ੍ਰਾਪਤ ਕਰਕੇ ਆਪਣੇ ਸਕੂਲ ਅਤੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ ਹੈ।

ਇਸ ਸ਼ਾਨਦਾਰ ਨੀਤਜੇ 'ਤੇ ਸਕੂਲ ਪ੍ਰਿੰ. ਅਨੂਪ ਸਿੰਘ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਮਿਹਨਤੀ ਸਟਾਫ਼ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

# ਮਾਸਟਰ ਟਰੇਨਰਾਂ ਨੇ ਪੋਲਿੰਗ ਸਟਾਫ਼ ਨੂੰ ਈ ਵੀ ਐੱਮ ਦੇ ਨਾਲ ਸਮੁੱਚੀ ਚੋਣ ਪ੍ਰਕਿਰਿਆ ਦੀ ਜਾਣਕਾਰੀ ਦਿੱਤੀ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-1 ਜੂਨ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜ਼ਿਲ੍ਹਾ ਗੁਰਦਾਸਪੁਰ ਵਿੱਚ ਤਾਇਨਾਤ ਕੀਤੇ ਗਏ ਪੋਲਿੰਗ ਸਟਾਫ਼ ਦੀ ਦੂਸਰੀ ਰਿਹਰਸਲ ਕਰਵਾਈ ਗਈ।ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪੋਲਿੰਗ ਸਟਾਫ ਦੀ ਰਿਹਰਸਲ ਸੁਖਜਿੰਦਰਾ ਗਰੁੱਪ ਆਫ ਇੰਸਟੀਚਿਊਟ ਗੁਰਦਾਸਪੁਰ ਦੇ ਇੰਜੀਨੀਅਰ ਵਿੰਗ ਦੇ ਰੂਮ ਨੰਬਰ 101-104 ਵਿਖੇ ਹੋਈ ਜਦਕਿ ਵਿਧਾਨ ਸਭਾ ਹਲਕਾ ਦੀਨਾਨਗਰ (ਐੱਸਸੀ) ਦੀ ਰਿਹਰਸਲ ਸ. ਬੇਅੰਤ ਸਿੰਘ ਸਟੇਟ ਯੂਨੀਵਰਸਿਟੀ ਗੁਰਦਾਸਪੁਰ ਵਿਖੇ ਕਰਵਾਈ ਗਈ।ਇਸੇ ਤਰ੍ਹਾਂ ਵਿਧਾਨ ਸਭਾ ਹਲਕਾ ਕਾਦੀਆਂ ਦੇ ਪੋਲਿੰਗ ਸਟਾਫ਼ ਦੀ ਰਿਹਰਸਲ ਸੁਖਜਿੰਦਰਾ ਗਰੁੱਪ ਆਫ਼ ਇੰਸਟੀਚਿਊਟ ਗੁਰਦਾਸਪੁਰ ਦੇ ਪੋਲੀਟੈਕਨਿਕ ਵਿੰਗ ਵਿੱਚ, ਵਿਧਾਨ ਸਭਾ ਹਲਕਾ ਬਟਾਲਾ ਦੀ ਰਿਹਰਸਲ ਬੇਰਿੰਗ ਯੂਨੀਅਨ ਕ੍ਰਿਸ਼ਚੀਅਨ ਕਾਲਜ ਬਟਾਲਾ ਵਿਖੇ, ਵਿਧਾਨ ਸਭਾ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ (ਐਸਸੀ) ਦੀ ਰਿਹਰਸਲ ਬਾਬਾ ਨਾਮਦੇਵ ਯੂਨੀਵਰਸਿਟੀ ਕਾਲਜ ਕਿਸ਼ਨਕੋਟ ਘੁਮਾਣ, ਵਿਧਾਨ ਸਭਾ ਹਲਕਾ ਫ਼ਤਹਿਗੜ੍ਹ ਚੂੜੀਆਂ ਦੀ ਰਿਹਰਸਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਗਰਲਜ਼) ਫ਼ਤਹਿਗੜ੍ਹ ਚੂੜੀਆਂ ਅਤੇ ਡੇਰਾ ਬਾਬਾ ਨਾਨਕ ਵਿਧਾਨ ਸਭਾ ਹਲਕੇ ਦੇ ਪੋਲਿੰਗ ਸਟਾਫ਼ ਦੀ ਰਿਹਰਸਲ ਸਕੂਲ ਆਫ਼ ਐਮੀਨੈਂਸ ਗੁਰਦਾਸਪੁਰ ਵਿਖੇ ਕਰਵਾਈ ਗਈ।ਰਿਹਰਸਲ ਦੌਰਾਨ ਮਾਸਟਰ ਟਰੇਨਰਾਂ ਵੱਲੋਂ ਪੋਲਿੰਗ ਸਟਾਫ਼ ਨੂੰ ਈਵੀਐੱਮ, ਵੀਵੀਪੈਟ ਅਤੇ ਕੰਟਰੋਲ ਯੂਨਿਟ ਨੂੰ ਚਲਾਉਣਾ ਸਿਖਾਇਆ ਗਿਆ ਅਤੇ ਨਾਲ ਹੀ ਪੋਲਿੰਗ ਦੌਰਾਨ ਸੁਮੱਚੀ ਚੋਣ ਪ੍ਰਕਿਰਿਆ ਦੀ ਜਾਣਕਾਰੀ ਦਿੱਤੀ ਗਈ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸੁਭਾਸ਼ ਚੰਦਰ ਅਤੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੇ ਏਆਰਓਜ਼ ਵੱਲੋਂ ਰਿਹਰਸਲ ਦਾ ਨਿਰੀਖਣ ਕੀਤਾ ਗਿਆ।ਪੋਲਿੰਗ ਸਟਾਫ਼ ਦੀ ਰਿਹਰਸਲ ਦਾ ਨਿਰੀਖਣ ਕਰਨ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਸੁਭਾਸ਼ ਚੰਦਰ ਨੇ ਕਿਹਾ ਕਿ ਚੋਣਾਂ ਦੌਰਾਨ ਜਿਹੜੇ ਵੀ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਡਿਊਟੀ ਲੱਗੀ ਹੋਈ ਹੈ ਉਹ ਆਪਣੀ ਇਸ ਡਿਊਟੀ ਨੂੰ ਪੂਰੀ ਇਮਾਨਦਾਰੀ, ਜ਼ਿੰਮੇਵਾਰੀ ਅਤੇ ਤਨਦੇਹੀ ਨਾਲ ਨਿਭਾਉਣ।ਉਨ੍ਹਾਂ ਕਿਹਾ ਕਿ ਸਿਖਲਾਈ ਦੌਰਾਨ ਪੋਲਿੰਗ ਸਟਾਫ਼ ਦੇ ਹਰ ਮੈਂਬਰ ਨੂੰ ਈਵੀਐੱਮ ਸਮੇਤ ਪੂਰੀ ਚੋਣ ਪ੍ਰਕਿਰਿਆ ਦੀ ਚੰਗੀ ਤਰ੍ਹਾਂ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਨੂੰ ਵੋਟਾਂ ਪੈਣ ਸਮੇਂ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਚੋਣ ਪ੍ਰਕਿਰਿਆ ਦੌਰਾਨ ਇੱਕ ਛੋਟੀ ਜਿਹੀ ਗਲਤੀ ਵੀ ਬਰਦਾਸ਼ਤ ਨਹੀਂ ਕੀਤੀ ਜਾਂਦੀ, ਇਸ ਲਈ ਚੋਣ ਅਮਲੇ ਦਾ ਹਰ ਮੈਂਬਰ ਆਪਣੀ ਪੂਰੀ ਤਿਆਰੀ ਕਰੇ।

# ਸ਼ੈਰੀ ਕਲਸੀ ਦੀ ਚੋਣ ਮੁਹਿੰਮ ਨੂੰ ਦੀਨਾਨਗਰ ਹਲਕੇ 'ਚ ਮਿਲਿਆ ਭਰਵਾਂ ਸਮੱਰਥਨ



ਦੀਨਾਨਗਰ-(ਬਲਵਿੰਦਰ ਸਿੰਘ ਬਿੱਲਾ)-ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਆਪ ਉਮੀਦਵਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਚੋਣ ਮੁਹਿੰਮ ਨੂੰ ਵਿਧਾਨਸਭਾ ਹਲਕਾ ਦੀਨਾਨਗਰ ਅੰਦਰ ਉਸ ਵੇਲੇ ਹੋਰ ਹੁਲਾਰਾ ਮਿਲਿਆ ਜਦੋਂਕਿ ਸਰਹੱਦੀ ਪਿੰਡ ਰਾਜਪੁਰ ਚੇਬੇ ਦੇ ਮੌਜੂਦਾ ਕਾਂਗਰਸੀ ਸਰਪੰਚ ਅਤੇ ਸਾਬਕਾ ਸਰਪੰਚ ਸਣੇ ਰਾਜਪੁਰ, ਚੇਬੇ ਅਤੇ ਡੁੱਗਰੀ ਦੇ ਕਈ ਲੋਕਾਂ ਨੇ ਕਾਂਗਰਸ ਪਾਰਟੀ ਅਤ ਭਾਜਪਾ ਦਾ ਸਾਥ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।ਆਪ 'ਚ ਸ਼ਾਮਲ ਹੋਣ ਵਾਲਿਆਂ ਦਾ ਆਪ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਅਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਸਵਾਗਤ ਕਰਦਿਆਂ ਕਿਹਾ ਕਿ ਪਿਛਲੇ ਦੋ ਸਾਲਾਂ ਵਿੱਚ 'ਆਪ' ਸਰਕਾਰ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਦੇ ਹਰ ਵਰਗ ਦੇ ਲੋਕ ਲਗਾਤਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ ਅਤੇ ਪੰਜਾਬ ਨੂੰ ਮੁੜ ਰੰਗਲਾ ਬਣਾਉਣ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਕਾਂਗਰਸ, ਭਾਜਪਾ ਅਤੇ ਅਕਾਲੀ ਲੀਡਰਸ਼ਿਪ ਉੱਪਰ ਲੋਕਾਂ ਅੰਦਰ ਬੇਭਰੋਸਗੀ ਦਾ ਮਾਹੌਲ ਹੈ ਅਤੇ ਜਦੋਂ ਕਿਸੇ ਵੀ ਪਾਰਟੀ ਦੇ ਲੋਕਾਂ ਵਿੱਚ ਅਵਿਸ਼ਵਾਸ ਪੈਦਾ ਹੋ ਜਾਵੇ ਤਾਂ ਉਹ ਜਿੱਤ ਨਹੀਂ ਸਕਦੇ।ਹੁਣ ਪੰਜਾਬ ਦੇ ਲੋਕਾਂ ਦਾ ਕਾਂਗਰਸ, ਭਾਜਪਾ ਅਤੇ ਅਕਾਲੀ ਦਲ 'ਤੇ ਭਰੋਸਾ ਨਹੀਂ ਰਿਹਾ। ਆਮ ਆਦਮੀ ਪਾਰਟੀ ਪੰਜਾਬ 'ਚ ਲੋਕ ਸਭਾ ਚੋਣਾਂ 13-0 ਨਾਲ ਜਿੱਤ ਕੇ ਇਤਿਹਾਸ ਰਚੇਗੀ।ਸ਼ਾਮਲ ਹੋਣ ਵਾਲਿਆਂ ਵਿੱਚ ਰਾਜਪੁਰ ਚੇਬੇ ਦੇ ਮੌਜੂਦਾ ਕਾਂਗਰਸੀ ਸਰਪੰਚ ਜਗਤਾਰ ਸਿੰਘ, ਸਾਬਕਾ ਸਰਪੰਚ ਜੀਵਨ ਸਿੰਘ, ਪਿੰਡ ਚੇਬੇ ਦੇ ਵਿਕਰਮਜੀਤ ਸਿੰਘ, ਜੋਗਿੰਦਰ ਸਿੰਘ, ਜਗੀਰ ਸਿੰਘ, ਹਰਵਿੰਦਰ ਸਿੰਘ, ਸੁਖਵਿੰਦਰ ਸਿੰਘ, ਜੀਵਨ ਸਿੰਘ, ਸ਼ਿੰਗਾਰਾ ਸਿੰਘ, ਸਰਬਜੀਤ, ਦਿਲਜੀਤ ਸਿੰਘ, ਕੁਲਦੀਪ ਸਿੰਘ, ਜੋਗਾ ਸਿੰਘ, ਪਰਮਜੀਤ, ਹਰਮੇਸ਼ ਸਿੰਘ, ਰੂਪ ਸਿੰਘ, ਰਕੇਸ਼ ਅਤੇ ਮੋਨੂੰ ਭਰਿਆਲ, ਗੁਰਨਾਮ ਸਿੰਘ ਤੂਰ ਅਤੇ ਬਲਦੇਵ ਸਿੰਘ ਤੂਰ, ਜੋ ਕਿ ਕਾਂਗਰਸ ਛੱਡ ਕੇ ਆਪ ਚ ਸ਼ਾਮਲ ਹੋਣ ਹਨ, ਦੇ ਇਲਾਵਾ ਡੁੱਗਰੀ ਪਿੰਡ ਦੇ ਆਪ ਆਗੂ ਜਰਨੈਲ ਸਿੰਘ ਦੇ ਯਤਨਾਂ ਸਦਕਾ ਕਾਂਗਰਸ ਅਤੇ ਭਾਜਪਾ ਛੱਡ ਕੇ ਆਪ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਨਰਿੰਦਰ ਕੁਮਾਰ, ਜੋਧ ਰਾਜ, ਸੰਨੀ, ਰਾਜ ਕੁਮਾਰ, ਸੁਰਜੀਤ ਸਿੰਘ, ਪ੍ਰੇਮ ਦਾਸ, ਜੋਧ ਰਾਜ, ਸਾਬਕਾ ਸਰਪੰਚ ਸੌਦਾਗਰ ਸਿੰਘ, ਸ਼ਸ਼ੀ ਬਾਲਾ, ਸੱਤਿਆ, ਦੀਪਕ ਰਾਜ ਅਤੇ ਧਰਮਪਾਲ ਦੇ ਨਾਂ ਮੁੱਖ ਤੌਰ ਤੇ ਸ਼ਾਮਲ ਹਨ। ਜਿਨ੍ਹਾਂ ਨੂੰ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਆਮ ਆਦਮੀ ਪਾਰਟੀ ਅੰਦਰ ਪੂਰੇ ਮਾਣ ਸਨਮਾਨ ਦਾ ਭਰੋਸਾ ਦਿਵਾਇਆ ਗਿਆ।

# ਐੱਨ ਐੱਸ ਐੱਸ ਵਿੰਗ ਨੇ ਵੋਟਰ ਜਾਗਰੂਕਤਾ ਰੈਲੀ ਕੱਢੀ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਆਗਾਮੀ ਲੋਕ ਸਭਾ ਚੋਣਾਂ 2024 ਨੂੰ ਮੁੱਖ ਰੱਖਦੇ ਹੋਏ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਗੱਗੋ ਬੂਆ ਜ਼ਿਲ੍ਹਾ ਤਰਨ ਤਾਰਨ ਦੇ ਐੱਨਐੱਸਐੱਸ ਵਿੰਗ ਵੱਲੋਂ ਇੱਕ ਵੋਟਰ ਜਾਗਰੂਕਤਾ ਰੈਲੀ ਕੱਢੀ ਗਈ ,ਪੋਸਟਰ ਮੇਕਿੰਗ ਅਤੇ ਸਲੋਗਨ ਲਿਖਣ ਮੁਕਾਬਲਾ ਕਰਵਾਇਆ ਗਿਆ।

ਇਸ ਮੌਕੇ ਐੱਨਐੱਸਐੱਸ ਪ੍ਰੋਗਰਾਮ ਅਫਸਰ ਸਰਤਾਜ ਸਿੰਘ (ਲੈਕਚਰਾਰ) ਦੀ ਅਗਵਾਈ ਵਿੱਚ ਵਿਦਿਆਰਥੀਆਂ ਦਾ ਇੱਕ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਵੋਟਰ ਜਾਗਰੂਕਤਾਂ ਨਾਲ ਸੰਬੰਧਿਤ ਸਲੋਗਨ ਲਿਖੇ ਅਤੇ ਤਖਤੀਆਂ ਤਿਆਰ ਕੀਤੀਆਂ।ਇਸ ਉਪ੍ਰੰਤ ਵਿਦਿਆਰਥੀਆਂ ਨੇ ਇੱਕ ਵੋਟਰ ਜਾਗਰੂਕਤਾਂ ਰੈਲੀ ਕੱਢੀ ਜਿਸ ਵਿੱਚ ਵਿਦਿਆਰਥੀਆਂ ਦੁਆਰਾ ਬੈਨਰ ਅਤੇ ਵੋਟਰ ਜਾਗਰੂਕਤਾ ਨਾਲ ਸੰਬੰਧਿਤ ਤਖਤੀਆਂ ਫੜੀਆਂ ਹੋਈਆਂ ਸਨ।ਇਹ ਜਾਗਰੂਕਤਾ ਰੈਲੀ ਸਕੂਲ ਤੋਂ ਅੱਡਾ ਗੱਗੋਬੂਹਾ ਦੇ ਵੱਖ:ਵੱਖ ਬਾਜ਼ਾਰਾਂ ਵਿੱਚੋਂ ਲੰਘੀ ਅਤੇ ਸਕੂਲ ਦੇ ਵਿਦਿਆਰਥੀਆਂ ਨੇ ਲੋਕਾਂ ਨੂੰ ਆਗਾਮੀ ਲੋਕ ਸਭਾ ਵੋਟਾਂ ਸਬੰਧੀ ਆਪਣੀ ਵੋਟ ਦਾ ਇਸਤੇਮਾਲ ਅਤੇ ਪੋਲਿੰਗ ਵਿੱਚ ਵੱਧ ਚੜ ਕੇ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਪ੍ਰਿੰ, ਅੰਨੂ ਮੋਂਗਾ ਨੇ 18 ਸਾਲ ਦੇ ਸਾਰੇ ਵਿਦਿਆਰਥੀਆਂ ਨੂੰ ਆਪਣੀ ਵੋਟ ਦਾ ਹੱਕ ਜ਼ਰੂਰ ਇਸਤੇਮਾਲ ਕਰਨ ਲਈ ਕਿਹਾ ਅਤੇ ਲੋਕਾਂ ਨੂੰ ਵੀ ਵੋਟਾਂ ਪਾਉਣ ਲਈ ਉਤਸ਼ਾਹਿਤ ਕੀਤਾ।ਇਸ ਮੌਕੇ ਸਵੀਪ ਪ੍ਰੋਗਰਾਮ ਦੇ ਇੰਚਾਰਜ ਹਰਭੁਪਿੰਦਰ ਸਿੰਘ, ਸੁਖਚੈਨ ਸਿੰਘ, ਰੋਬੀ ਚੌਹਾਨ, ਮਨੋਜ ਕੁਮਾਰ, ਸ਼ਰਨਦੀਪ ਸਿੰਘ, ਰਜਨੀ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

# ਪਠਾਨਕੋਟ ਤੇ ਗੁਰਦਾਸਪੁਰ ਜ਼ਿਲ੍ਹਿਆਂ 'ਚ ਉਦਯੋਗ ਸਥਾਪਿਤ ਕਰਨ ਲਈ ਵਿਸ਼ੇਸ਼ ਪੈਕੇਜ ਲਿਆਵਾਂਗੇ: ਡਾ. ਚੀਮਾ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਸ੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਦੇ ਹੱਕ 'ਚ ਇਥੋਂ ਨਜ਼ਦੀਕ ਪਿੰਡ ਬੱਬਰੀ ਨੰਗਲ ਵਿਖੇ ਅਕਾਲੀ ਆਗੂ ਸੁੱਚਾ ਸਿੰਘ ਨੰਗਲ, ਜਗੀਰ ਸਿੰਘ, ਹਰਪ੍ਰੀਤ ਸਿੰਘ ਬੱਬਰੀ ਅਤੇ ਜੈਮਲ ਸਿੰਘ ਵਲੋਂ ਚੋਣ ਮੀਟਿੰਗ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਅਤੇ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਇੰਚਾਰਜ ਗੁਰਬਚਨ ਸਿੰਘ ਬੱਬੇਹਾਲੀ ਦੀ ਅਗਵਾਈ ਹੇਠ ਕਰਵਾਈ ਗਈ। ਇਸ ਮੌਕੇ ਸੰਬੋਧਨ ਕਰਦਿਆਂ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਗੁਰਦਾਸਪੁਰ ਹਲਕੇ ਦੀ ਇਹ ਬਦਕਿਸਮਤੀ ਰਹੀ ਹੈ ਕਿ ਹੁਣ ਤੱਕ ਇੱਥੋਂ ਜਿੱਤ ਕੇ ਲੋਕ ਸਭਾ ਮੈਂਬਰ ਬਣਨ ਵਾਲਿਆਂ ਨੇ ਚੋਣਾਂ ਤੋਂ ਬਗੈਰ ਕਦੇ ਵੀ ਹਲਕੇ ਵਿੱਚ ਮੂੰਹ ਨਹੀਂ ਦਿਖਾਇਆ, ਜਦੋਂਕਿ ਇਸ ਹਲਕੇ ਦੇ ਲੋਕ ਪਹਾੜ ਜਿੱਡੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ। ਉਨ੍ਹਾਂ ਆਖਿਆ ਕਿ ਉਹ ਜਿੱਤਣ ਤੋਂ ਬਾਅਦ ਲੋਕ ਸਭਾ 'ਚ ਜਾ ਕੇ ਜੰਮੂ-ਕਸਮੀਰ ਤੇ ਹਿਮਾਚਲ ਪ੍ਰਦੇਸ ਦੀ ਤਰਜ਼ 'ਤੇ ਪਠਾਨਕੋਟ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਲਈ ਕੇਂਦਰ ਵੱਲੋਂ ਵਿਸ਼ੇਸ਼ ਰਿਆਇਤਾਂ ਤੇ ਪੈਕੇਜ ਦਿਵਾ ਕੇ ਉਦਯੋਗ ਸਥਾਪਿਤ ਕਰਵਾਉਣ ਅਤੇ ਗੁਰਦਾਸਪੁਰ ਵਿੱਚ ਇਕ ਕੌਮਾਂਤਰੀ ਪੱਧਰ ਦਾ ਖੇਡ ਸਟੇਡੀਅਮ ਬਣਵਾਉਣ ਲਈ ਆਵਾਜ਼ ਚੁੱਕਣਗੇ। ਉਨ੍ਹਾਂ ਆਖਿਆ ਕਿ ਕਾਂਗਰਸ ਨੇ ਆਪਣੀਆਂ ਸਰਕਾਰਾਂ ਦੌਰਾਨ ਪੰਜਾਬ ਦਾ ਕੁੱਝ ਨਹੀਂ ਸੰਵਾਰਿਆ। ਭਾਜਪਾ ਨੂੰ ਕਿਸਾਨ ਵਿਰੋਧੀ ਹੋਣ ਕਾਰਨ ਲੋਕ ਪਿੰਡਾਂ ਵਿੱਚ ਨਹੀਂ ਵੜਨ ਦੇ ਰਹੇ। ਪੰਜਾਬ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਲੋਕ ਉਸ ਦੇ ਉਮੀਦਵਾਰਾਂ ਨੂੰ ਮੂੰਹ ਨਹੀਂ ਲਾ ਰਹੇ। ਇਸ ਮੌਕੇ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਇੰਚਾਰਜ ਗੁਰਬਚਨ ਸਿੰਘ ਬੱਬੇਹਾਲੀ ਨੇ ਸੰਬੋਧਨ ਕਰਦਿਆਂ ਆਖਿਆ ਕਿ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਡਾ. ਦਲਜੀਤ ਸਿੰਘ ਚੀਮਾ ਰਿਕਾਰਡਤੋੜ ਵੋਟਾਂ ਨਾਲ ਜਿੱਤ ਹਾਸਲ ਕਰਨਗੇ। ਉਨ੍ਹਾਂ ਆਖਿਆ ਕਿ ਹੁਣ ਤੱਕ ਗੁਰਦਾਸਪੁਰ ਹਲਕੇ ਤੋਂ ਹਮੇਸ਼ਾ ਬਾਹਰੀ ਲੋਕ ਸਭਾ ਮੈਂਬਰ ਹੀ ਬਣਦੇ ਰਹੇ, ਪਰ ਇਸ ਵਾਰ ਅਕਾਲੀ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਇਸ ਹਲਕੇ ਦੇ ਜੰਮਪਲ ਅਤੇ ਪੜ੍ਹੇ-ਲਿਖੇ ਸੂਝਵਾਨ ਹੋਣ ਕਾਰਨ ਜਿੱਤ ਕੇ ਲੋਕ ਸਭਾ ਅੰਦਰ ਗੁਰਦਾਸਪੁਰ ਹਲਕੇ ਦੀ ਆਵਾਜ ਬੁਲੰਦ ਕਰਨਗੇ। ਇਸ ਮੌਕੇ ਕੁਲਵੰਤ ਸਿੰਘ, ਸਰਕਲ ਪ੍ਰਧਾਨ ਮਹਿੰਦਰ ਸਿੰਘ, ਹਰਪ੍ਰੀਤ ਸਿੰਘ, ਬਲਵਿੰਦਰ ਪਾਲ ਸਿੰਘ, ਪਰਗਟ ਸਿੰਘ, ਸੁਰਜੀਤ ਮਸੀਹ, ਹਰਜਿੰਦਰ ਸਿੰਘ, ਸੁਲੱਖਣ ਸਿੰਘ, ਸ਼ਮਸ਼ੇਰ ਸਿੰਘ ਹੈਪੀ, ਨੰਬਰਦਾਰ ਮਲਕੀਤ ਸਿੰਘ, ਜਤਿੰਦਰ ਸਿੰਘ, ਸ਼ਿੰਗਾਰੀ ਲਾਲ, ਮੰਨੂ, ਬੱਬੂ, ਬਲਦੇਵ ਸਿੰਘ, ਗੁਰਦੀਪ ਸਿੰਘ, ਗੁਰਦੇਵ ਸਿੰਘ, ਅਮਨਦੀਪ ਸਿੰਘ, ਕੇਵਲ ਸਿੰਘ ਰਿਟਾ. ਜੇਈ, ਹਰਪ੍ਰੀਤ ਸਿੰਘ, ਮਲਕੀਤ ਸਿੰਘ, ਜਗਦੀਸ ਸਿੰਘ, ਸੁੱਖ ਲਾਲ, ਲਖਵੀਰ ਸਿੰਘ, ਜਸਵਿੰਦਰ ਸਿੰਘ, ਹਰਪ੍ਰੀਤ ਸਿੰਘ, ਕੁਲਵੰਤ ਸਿੰਘ, ਸੁਖਦੇਵ ਸਿੰਘ ਬੱਬੇਹਾਲੀ, ਰੁਪਿੰਦਰ ਸਿੰਘ ਅਤੇ ਸੁਖਜਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

# ਚੋਣ ਰਿਹਰਸਲ ਕੇਂਦਰਾਂ 'ਤੇ ਕਰਮਚਾਰੀਆਂ ਨੂੰ ਕੀਤਾ ਜਾਗਰੂਕ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਦੀ ਯੋਗ ਅਗਵਾਈ ਹੇਠ ਚੇਅਰਪਰਸਨ ਸਵੀਪ-ਕਮ-ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਿਕਾਸ ਕੁਮਾਰ ਵਲੋਂ ਉਲੀਕੇ ਪ੍ਰੋਗਰਾਮ ਤਹਿਤ ਅਗਾਮੀ ਲੋਕਸਭਾ ਚੋਣਾਂ-2024 ਵਿੱਚ ਵੋਟਰਾਂ ਦੀ ਹਿੱਸੇਦਾਰੀ ਵਧਾਉਣ ਲਈ ਸੁਚਾਰੂ ਵੋਟਰ ਸਿੱਖਿਆ ਅਤੇ ਚੋਣ ਭਾਗੀਦਾਰੀ (ਸਵੀਪ) ਸਬੰਧੀ ਗਤੀਵਿਧੀਆਂ ਦੀ ਲੜੀ ਵਜੋਂ ਅੱਜ ਪੋਲਿੰਗ ਸਟਾਫ਼ ਦੀ ਕਰਵਾਈ ਗਈ ਦੂਜੀ ਚੋਣ ਰਿਹਰਸਲ ਵਿੱਚ ਆਏ ਹੋਏ ਕਰਮਚਾਰੀਆਂ ਨੂੰ ਵੋਟ ਪ੍ਰਤੀ ਜਾਗਰੂਕ ਕੀਤਾ ਗਿਆ।ਇਸ ਬਾਰੇ ਜਾਣਕਾਰੀ ਦਿੰਦੇ ਹੋਏ ਵੋਟਰ ਜਾਗਰੂਕਤਾ ਮੁਹਿੰਮ ਦੇ ਮੁੱਖੀ ਅਤੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਿਕਾਸ ਕੁਮਾਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਚਲਾਈ ਜਾ ਰਹੀ ਵੋਟਰ ਜਾਗਰੂਕਤਾ ਮੁਹਿੰਮ ਤਹਿਤ ਜ਼ਿਲ੍ਹੇ ਦੇ ਸਾਰੇ ਚੋਣ ਰਿਹਰਸਲ ਕੇਂਦਰਾਂ ਤੇ ਵਿਸ਼ੇਸ਼ ਪ੍ਰਦਰਸ਼ਨੀਆਂ ਲਗਾਈਆਂ ਗਈਆਂ ਅਤੇ ਰੰਗੋਲੀਆਂ ਬਣਾ ਕੇ ਪੋਲਿੰਗ ਸਟਾਫ਼ ਨੂੰ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਗਿਆ।ਉਹਨਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਚੋਣ ਪ੍ਰਕਿਰਿਆ ਵਿੱਚ ਲੱਗੇ ਕਰਮਾਚਾਰੀਆਂ ਨੂੰ ਫ਼ਾਰਮ 12 ਭਰਨ ਲਈ ਦਿੱਤਾ ਗਿਆ ਹੈ,ਤਾਂ ਜੋ ਉਹ ਆਪਣੇ ਵੋਟ ਦੇ ਜ਼ਮੂਹਰੀ ਹੱਕ ਦੀ ਵਰਤੋਂ ਯੋਗ ਪ੍ਰਣਾਲੀ ਰਾਹੀਂ ਕਰ ਸਕਣ।ਉਹਨਾਂ ਦੱਸਿਆ ਕਿ ਚੋਣਾਂ ਦੇ ਕੰਮ ਵਿੱਚ ਤੈਨਾਤ ਸਟਾਫ ਦੀ ਸਹੂਲਤ ਲਈ ਹਰ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ।ਉਹਨਾਂ ਕਿਹਾ ਕਿ ਵੋਟਾਂ ਵਾਲੇ ਦਿਨ ਨੂੰ ਵੋਟਰਾਂ ਲਈ ਯਾਦਗਾਰ ਬਣਾਉਣ ਲਈ ਜ਼ਿਲ੍ਹੇ ਦੇ ਹਰੇਕ ਵਿਧਾਨਸਭਾ ਹਲਕੇ ਵਿੱਚ ਮਾਡਲ ਪੋਲਿੰਗ ਸਟੇਸ਼ਨ,ਯੂਥ ਪੋਲਿੰਗ ਬੂਥ, ਗ੍ਰੀਨ ਪੋਲਿੰਗ ਬੂਥ ਅਤੇ ਵੂਮੈਨ ਮੈਨੇਜਡ ਪੋਲਿੰਗ ਸਟੇਸ਼ਨ (ਪਿੰਕ ਬੂਥ) ਬਣਾਏ ਜਾ ਰਹੇ ਹਨ।ਉਹਨਾਂ ਕਿਹਾ ਕਿ ਵੋਟ ਹਰ ਦੇਸ਼ ਵਾਸੀ ਦਾ ਲੋਕਤਾਂਤਰਿਕ ਹੱਕ ਹੈ ਅਤੇ ਇਸਦਾ ਉਪਯੋਗ ਲੋਕਤੰਤਰ ਦੀਆਂ ਜੜ੍ਹਾ ਨੂੰ ਹੋਰ ਮਜ਼ਬੂਤ ਕਰਨ ਵਿੱਚ ਇੱਕ ਮਹੱਤਵਪੂਰਨ ਰੋਲ ਅਦਾ ਕਰਦਾ ਹੈ।ਉਨ੍ਹਾਂ ਸਾਰੇ ਵੋਟਰਾਂ ਨੂੰ ਅਪੀਲ ਕੀਤੀ ਕਿ 1 ਜੂਨ ਵਾਲੇ ਦਿਨ ਸਾਰੇ ਵੋਟਰ ਆਪਣੇ ਵੋਟ ਪਾਉਣ ਦੇ ਲੋਕਤੰਤਰਿਕ ਹੱਕ ਦੀ ਵਰਤੋਂ ਜ਼ਰੂਰ ਕਰਨ।ਉਨ੍ਹਾਂ ਕਿਹਾ ਕਿ ਵੋਟਰ ਜਾਗਰੂਕਤਾ ਲਈ ਸਥਾਪਿਤ ਕੀਤੇ ਹੈਲਪਡੈਸਕ ਤੋਂ ਕਾਫ਼ੀ ਜਾਣਕਾਰੀ ਮਿਲੀ ਹੈ,

# ਐਲੀਮੈਂਟਰੀ ਟੀਚਰਜ਼ ਯੂਨੀਅਨ ਨੇ ਸ਼ੈਰੀ ਕਲਸੀ ਨੂੰ ਦਿੱਤਾ ਮੰਗ ਪੱਤਰ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਐਲੀਮੈਂਟਰੀ ਟੀਚਰਜ਼ ਯੂਨੀਅਨ ਪੰਜਾਬ (ਰਜਿ) ਦੇ ਵਫਦ ਨੇ ਸੂਬਾ ਪੱਧਰੀ ਪ੍ਰੋਗਰਾਮ ਤਹਿਤ ਯੂਨੀਅਨ ਦੇ ਸੂਬਾ ਪ੍ਰਧਾਨ ਹਰਜਿੰਦਰਪਾਲ ਸਿੰਘ ਪੰਨੂ ਅਤੇ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਅਸ਼ਵਨੀ ਫੱਜੂਪੁਰ ਦੀ ਅਗਵਾਈ ਵਿੱਚ ਆਪਣੀਆਂ ਮੰਗਾਂ ਨੂੰ ਲੈ ਕੇ ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਉਮੀਦਵਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੂੰ ਮੰਗ ਪੱਤਰ ਦਿੱਤਾ। ਇਸ ਮੰਗ ਪੱਤਰ ਰਾਹੀਂ ਪੁਰਾਣੀ ਪੈਨਸ਼ਨ ਦੀ ਬਹਾਲੀ ਕਰਵਾਉਣ, ਬੰਦ ਕੀਤਾ ਪੇਂਡੂ ਭੱਤਾ ਅਤੇ ਬਾਰਡਰ ਭੱਤਾ ਲਾਗੂ ਕਰਵਾਉਣ, ਡੀ ਏ ਦੀਆਂ ਰਹਿੰਦੀਆਂ ਕਿਸ਼ਤਾਂ ਲਾਗੂ ਕਰਵਾਉਣ, ਪੇ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਾ ਕੇ ਪੇ-ਕਮਿਸ਼ਨ ਦੇ ਬਕਾਏ ਦਿਵਾਉਣ, ਜੁਲਾਈ 2020 ਤੋਂ ਬਾਅਦ ਲਾਗੂ ਕੀਤੇ ਕੇਂਦਰੀ ਪੈਟਰਨ ਸਕੇਲ ਬੰਦ ਕਰਵਾਉਣ ਅਤੇ ਅਧਿਆਪਕਾਂ ਕੋਲੋਂ ਲਏ ਜਾਂਦੇ ਸਾਰੇ ਗੈਰ-ਵਿੱਦਿਅਕ ਕੰਮ ਅਤੇ ਡਿਊਟੀਆਂ ਬੰਦ ਕਰਵਾਉਣ ਦੀ ਮੰਗ ਕੀਤੀ। ਅਧਿਆਪਕ ਆਗੂਆਂ ਕਿਹਾ ਕਿ ਪੰਜਾਬ ਦੀ ਸਿੱਖਿਆ ਦੀ ਬਿਹਤਰੀ ਲਈ ਉਪਰੋਕਤ ਮੰਗਾਂ ਦਾ ਹੱਲ ਕਰਵਾਉਣ ਲਈ ਲੋਕ ਸਭਾ ਉਮੀਦਵਾਰਾਂ ਨੂੰ ਆਪਣੀਆਂ ਮੰਗਾਂ ਤੇ ਪੁਰਜ਼ੋਰ ਆਵਾਜ਼ ਉਠਾਉਣ ਲਈ ਮੰਗ ਪੱਤਰ ਦਿੱਤੇ ਜਾ ਰਹੇ ਹਨ। ਵਫਦ ਵਿੱਚ ਐਲੀਮੈਂਟਰੀ ਟੀਚਰਜ ਯੂਨੀਅਨ ਦੇ ਸੂਬਾ ਪ੍ਰਧਾਨ ਹਰਜਿੰਦਰਪਾਲ ਸਿੰਘ ਪੰਨੂ, ਜ਼ਿਲ੍ਹਾ ਗੁਰਦਾਸਪੁਰ ਪ੍ਰਧਾਨ ਅਸ਼ਵਨੀ ਫੱਜੂਪੁਰ, ਪ੍ਰਭਜੋਤ ਸਿੰਘ ਦੁਲਾਨੰਗਲ, ਗੁਰਿੰਦਰ ਸਿੰਘ ਘੁੱਕੇਵਾਲੀ, ਰਛਪਾਲ ਸਿੰਘ ਉਦੋਕੇ, ਸਤਬੀਰ ਸਿੰਘ ਕਾਹਲੋਂ, ਸੁਖਦੀਪ ਸਿੰਘ ਜੌਲੀ, ਸਤਬੀਰ ਸਿੰਘ ਬੋਪਾਰਾਏ, ਨਵਦੀਪ ਸਿੰਘ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਸਰ, ਰਜਿੰਦਰ ਸਿੰਘ ਰਾਜਾਸਾਂਸੀ ਆਦਿ ਸ਼ਾਮਲ ਸਨ।

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਤਰਨਤਾਰਨ 'ਚ ਸਹਿਜ ਪਾਠ ਦੀ ਆਰੰਭਤਾ



ਤਰਨ ਤਾਰਨ( ਪ੍ਰਿਤਪਾਲ ਸਿੰਘ)-ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਤਰਨ ਤਾਰਨ ਵਿਖੇ 17 ਮਈ ਨੂੰ ਸਹਿਜ ਪਾਠ ਦੀ ਆਰੰਭਤਾ ਕੀਤੀ ਗਈ।ਅਰੰਭਤਾ ਸਕੂਲ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ, ਗੁਰਿੰਦਰ ਸਿੰਘ, ਨਵਜੋਤ ਸਿੰਘ, ਰਣਦੀਪ ਸਿੰਘ ਅਤੇ ਸਕੂਲ ਦੇ ਪ੍ਰਿੰ. ਰਣਜੀਤ ਕੌਰ ਭਾਟੀਆ ਦੀ ਅਗਵਾਈ ਹੇਠ ਹੋਈ । ਸਕੂਲ ਦੇ 122 ਵਿਦਿਆਰਥੀਆਂ ਅਤੇ ਸਕੂਲ ਦੀ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਨੇ ਅਧਿਆਤਮਿਕ ਯਾਤਰਾ ਸ਼ੁਰੂ ਕਰਦਿਆ ਇਸ ਪਵਿੱਤਰ ਰਸਮ ਦੀ ਸ਼ੁਰੂਆਤ ਬੜੀ ਸ਼ਰਧਾ ਭਾਵਨਾ ਨਾਲ ਕੀਤੀ।ਦਵਿੰਦਰ ਸਿੰਘ ਅਤੇ ਬੀਬੀ ਜਗਪ੍ਰੀਤ ਕੌਰ ਨੇ ਬੱਚਿਆਂ ਨੂੰ ਗੁਰਬਾਣੀ ਨਾਲ ਜੁੜਨ ਅਤੇ ਉਨ੍ਹਾਂ ਦਾ ਮਾਰਗ ਦਰਸ਼ਨ ਕਰਦਿਆਂ ਚੰਗੇ ਵਿਚਾਰਾਂ ਦਾ ਗਿਆਨ ਦਿੱਤਾ।ਸਹਿਜ ਪਾਠ, ਗੁਰੂ ਗ੍ਰੰਥ ਸਾਹਿਬ ਦਾ ਨਿਰੰਤਰ ਪਾਠ, ਇੱਕ ਪਿਆਰਾ ਅਭਿਆਸ ਹੈ ਜੋ ਵਿਅਕਤੀਆਂ ਨੂੰ ਸਿੱਖ ਧਰਮ ਦੀਆਂ ਸਿੱਖਿਆਵਾਂ ਦੇ ਨੇੜੇ ਲਿਆਉਂਦਾ ਹੈ ਅਤੇ ਅਧਿਆਤਮਿਕਤਾ ਨਾਲ ਡੂੰਘੇ ਸਬੰਧ ਨੂੰ ਉਤਸ਼ਾਹਿਤ ਕਰਦਾ ਹੈ।ਇਸ ਪਵਿੱਤਰ ਕਾਰਜ ਮੌਕੇ ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ ਦੇ ਵਧੀਕ ਆਨਰੇਰੀ ਸਕੱਤਰ, ਸਥਾਨਕ ਕਮੇਟੀ ਦੇ ਪ੍ਰਧਾਨ ਅਤੇ ਮੈਂਬਰ ਇੰਚਾਰਜ ਹਰਜੀਤ ਸਿੰਘ ਨੇ ਸਕੂਲ ਵਿਖੇ ਇਸ ਉਪਰਾਲੇ ਨੂੰ ਦੇਖ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਲੋਕਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਮੈਂਬਰ ਇੰਚਾਰਜ ਗੁਰਿੰਦਰ ਸਿੰਘ ਨੇ ਸਮੂਹ ਵਿਦਿਆਰਥੀਆਂ, ਅਧਿਆਪਕਾਂ ਅਤੇ ਸਮੁੱਚੇ ਸਕੂਲ ਭਾਈਚਾਰੇ ਨੂੰ ਉਨ੍ਹਾਂ ਦੀ ਆਤਮਿਕ ਤੰਦਰੁਸਤੀ ਲਈ ਇਹ ਸਾਰਥਕ ਕਦਮ ਚੁੱਕਣ ਲਈ ਤਹਿ ਦਿਲੋਂ ਵਧਾਈ ਦਿੱਤੀ।

ਸਕੂਲ ਦੇ ਮੈਂਬਰ ਇੰਚਾਰਜ ਰਣਦੀਪ ਸਿੰਘ ਨੇ ਬੱਚਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਗੁਰਬਾਣੀ ਨਾਲ ਜੁੜਨਾ ਚਾਹੀਦਾ ਹੈ ਅਤੇ ਆਪਣੇ ਅੰਦਰ ਚੰਗੀ ਸੋਚ ਰੱਖਣੀ ਚਾਹੀਦੀ ਹੈ।ਪ੍ਰਿੰ. ਰਣਜੀਤ ਕੌਰ ਭਾਟੀਆ ਨੇ ਅਧਿਆਤਮਿਕ ਸਿੱਖਿਆ ਨੂੰ ਅਕਾਦਮਿਕ ਸਿੱਖਿਆ ਦੇ ਨਾਲ ਜੋੜਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

# ਜ਼ਰੂਰਤਮੰਦ ਲੜਕੀਆਂ ਨੂੰ ਸੂਟ ਤੇ ਖਾਣ-ਪੀਣ ਦੀ ਸਮੱਗਰੀ ਵੰਡੀ



ਅੰਮ੍ਰਿਤਸਰ (ਅਰੋੜਾ)-ਮਹਾਨਗਰ ਵਿਖੇ ਦੇਸ਼ ਅਤੇ ਸਮਾਜ ਭਲਾਈ ਦੇ ਕੰਮਾਂ ਵਿੱਚ ਆਪਣੀ ਖਾਸ ਭੂਮਿਕਾ ਨਿਭਾ ਰਹੀ ਜ਼ਰੂਰਤਮੰਦ ਪਰਿਵਾਰਾਂ ਦੇ ਲੜਕੇ ਲੜਕੀਆਂ ਨੂੰ ਸਿੱਖਿਆ ਦੇ ਨਾਲ ਨਾਲ ਕੰਪਿਊਟਰ ਸਿੱਖਿਆ, ਕਿਤਾਬਾਂ, ਕੱਪੜੇ ਅਤੇ ਹੋਰ ਸਮੱਗਰੀ ਮੁਹੱਈਆ ਕਰਵਾਉਣ ਵਾਲੀ ਏਆਈਸੀਈ ਸੋਸਾਇਟੀ ਰਜਿ. ਵੱਲੋਂ ਸੁਸਾਇਟੀ ਦੇ ਐੱਮਡੀ ਪੁਲਕਿਤ ਅਰੋੜਾ, ਪੈਟਰਨ ਸਾਬਕਾ ਉੱਚ ਬੈਂਕ ਅਧਿਕਾਰੀ ਰਸਜੀਤ ਸਿੰਘ ਖੇੜਾ ਸੁਸਾਇਟੀ ਦੇ ਚੀਫ਼ ਐਡਵਾਈਜ਼ਰ ਵਿਜੇ ਭਸੀਨ, ਸੁਸਾਇਟੀ ਦੇ ਚੀਫ਼ ਸਪੋਟਰ ਸੰਜੇ ਮਲਿਕ, ਗੁਪਤਾ ਹਸਪਤਾਲ ਝਬਾਲ ਦੇ ਮੁੱਖੀ ਸਰਜਰੀ ਦੇ ਮਾਹਿਰ ਡਾ. ਰਮਨ ਗੁਪਤਾ, ਸੁਸਾਇਟੀ ਦੇ ਸੀਨੀਅਰ ਮੈਂਬਰ ਪ੍ਰਿੰ. ਰਾਜੇਸ਼ ਪ੍ਰਭਾਕਰ, ਇਨਕਮ ਟੈਕਸ ਵਿਭਾਗ ਦੇ ਐਡਵੋਕੇਟ ਆਰ.ਕੇ.ਉੱਪਲ, ਸਮਾਜ ਸੇਵਕ ਅਸ਼ੋਕ ਕੁਮਾਰ ਅਰੋੜਾ, ਮਸ਼ਹੂਰ ਬੱਚਿਆ ਦੇ ਮਾਹਿਰ ਡਾ. ਨਰੇਸ਼ ਗਰੋਵਰ, ਸਮਾਜ ਸੇਵਕ ਇਕਬਾਲ ਸਿੰਘ ਦੀ ਦੇਖ ਰੇਖ ਵਿੱਚ ਮਦਰ ਡੇ ਦੇ ਮੌਕੇ ਇੱਕ ਸਮਾਗਮ ਦਾ ਆਯੋਜਨ ਖੰਡਵਾਲਾ ਜੀਟੀਰੋਡ, ਛੇਹਰਟਾ ਵਿਖੇ ਸੰਪੰਨ ਹੋਇਆ।ਸਮਾਗਮ ਵਿੱਚ ਇੰਡੀਅਨ ਮੈਡੀਕਲ ਐਸੋਸੀਏਸ਼ਨ ਪੰਜਾਬ ਦੇ ਸਾਬਕਾ ਪ੍ਰਧਾਨ ਕੇ. ਡੀ. ਹਸਪਤਾਲ ਦੇ ਮੁੱਖੀ ਕੁਲਦੀਪ ਸਿੰਘ ਅਰੋੜਾ, ਮੁੱਖ ਮਹਿਮਾਨ ਅਤੇ ਪ੍ਰਸਿੱਧ ਨਿਊਰੋਲੋਜਿਸਟ ਡਾ. ਦੁਸ਼ੰਤ ਥਮਨ, ਮੁੱਖ ਸਪੀਕਰ ਵਜੋਂ ਸ਼ਾਮਿਲ ਹੋਏ।ਸਾਰੇ ਸੁਸਾਇਟੀ ਦੇ ਮੈਂਬਰਾਂ ਨੇ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਦੇਸ਼ ਅਤੇ ਸਮਾਜ ਭਲਾਈ ਪ੍ਰੋਜੈਕਟਾਂ ਦੇ ਬਾਰੇ ਜਾਣਕਾਰੀ ਦਿੱਤੀ ਮੁੱਖ ਮਹਿਮਾਨ ਅਤੇ ਸੁਸਾਇਟੀ ਦੇ ਸੀਨੀਅਰ ਮੈਂਬਰ ਡਾ. ਕੁਲਦੀਪ ਸਿੰਘ ਅਰੋੜਾ ਨੇ ਕਿਹਾ ਕਿ ਏਆਈਸੀਈ ਸੋਸਾਇਟੀ ਪਿਛਲੇ 17 ਸਾਲ ਤੋ ਜੋ ਸੇਵਾ ਕਰ ਰਹੀ ਹੈ ਗੁਰੂ ਦੀ ਨਗਰੀ ਲਈ ਇੱਕ ਵਰਦਾਨ ਸਾਬਿਤ ਹੋ ਰਹੀ ਹੈ। ਇਸ ਸੈਂਟਰ ਤੋ ਸਿੱਖਿਆ ਪ੍ਰਾਪਤ ਕਰਨ ਵਾਲੇ ਲੜਕੇ ਲੜਕੀਆਂ ਕੈਨੇਡਾ, ਦੁਬਈ, ਸਿੰਗਾਪੁਰ, ਇੰਗਲੈਂਡ, ਅਮਰੀਕਾ ਅਤੇ ਭਾਰਤ ਦੇ ਹੋਰ ਰਾਜਾਂ ਵਿੱਚ ਆਪਣੇ ਮਾਂ ਬਾਪ, ਸੁਸਾਇਟੀ ਅਤੇ ਦੇਸ਼ ਦਾ ਨਾਮ ਰੌਸ਼ਨ ਕਰ ਰਹੇ ਹਨ।ਉਨ੍ਹਾਂ ਨੇ ਸੁਸਾਇਟੀ ਦੀ ਪ੍ਰਿੰ. ਮੀਨੂੰ ਰਾਜਪੂਤ, ਮੈਡਮ ਕਮਲਦੀਪ ਕੌਰ, ਮੈਡਮ ਪ੍ਰੀਤੀ, ਅਮਨਪ੍ਰੀਤ ਕੌਰ, ਮਨਪ੍ਰੀਤ ਕੌਰ ਦੀ ਭਰਪੂਰ ਸ਼ਲਾਘਾ ਕੀਤੀ।ਸਮਾਗਮ ਦੇ ਅਖੀਰ ਵਿੱਚ ਮੀਨੂ ਰਾਜਪੂਤ, ਕਮਲਦੀਪ ਕੌਰ ਵੱਲੋਂ ਮੁੱਖ ਸਪੀਕਰ ਅਤੇ ਹੋਰ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ।

# ਡਾ. ਚੀਮਾ ਦੇ ਹੱਕ 'ਚ ਰੱਖੀ ਚੋਣ ਮੀਟਿੰਗ ਨੇ ਰੈਲੀ ਦਾ ਰੂਪ ਧਾਰਿਆ



ਡੇਰਾ ਬਾਬਾ ਨਾਨਕ (ਡੇਰਾ ਬਾਬਾ ਨਾਨਕ)-ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਦੇ ਹੱਕ ਵਿਚ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਕੋਟਲੀ ਸੂਰਤ ਮੱਲ੍ਹੀ ਵਿਚ ਰੱਖੀ ਚੋਣ ਮੀਟਿੰਗ ਨੇ ਰੈਲੀ ਦਾ ਰੂਪ ਧਾਰਨ ਕਰ ਲਿਆ।ਇਸ ਮੌਕੇ ਸੰਬੋਧਨ ਕਰਦਿਆਂ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਪੰਥ ਅਤੇ ਪੰਜਾਬ ਦੀ ਨੁਮਾਇੰਦਾ ਜਥੇਬੰਦੀ ਹੈ, ਜਿਸ ਨੇ ਹਮੇਸ਼ਾ ਆਪਣੇ ਸਿਧਾਂਤਾਂ 'ਤੇ ਪਹਿਰਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਭਾਜਪਾ ਨਾਲ ਗਠਜੋੜ ਤੋਂ ਪਹਿਲਾਂ ਕੁਝ ਮੁੱਦੇ ਚੁੱਕੇ ਸਨ; ਜਿਨ੍ਹਾਂ ਵਿਚ ਕਿਸਾਨਾਂ ਲਈ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ, ਬੰਦੀ ਸਿੰਘਾਂ ਦੀ ਰਿਹਾਈ, ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਸਰਕਾਰੀ ਦਖ਼ਲਅੰਦਾਜ਼ੀ ਬੰਦ ਕਰਨ ਅਤੇ ਘੱਟ-ਗਿਣਤੀਆਂ ਨਾਲ ਹੋ ਰਹੇ ਵਿਤਕਰੇ ਨੂੰ ਬੰਦ ਕਰਨ ਲਈ ਕੇਂਦਰ ਸਰਕਾਰ ਭਰੋਸਾ ਦੇਵੇ, ਪਰ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਇਨ੍ਹਾਂ ਮਸਲਿਆਂ ਵੱਲ ਬਿਲਕੁਲ ਹਾਂ-ਪੱਖੀ ਹੁੰਗਾਰਾ ਨਹੀਂ ਭਰਿਆ, ਜਿਸ ਕਰਕੇ ਅਕਾਲੀ ਦਲ ਨੇ ਭਾਜਪਾ ਨਾਲ ਗਠਜੋੜ ਤੋਂ ਸਾਫ ਇਨਕਾਰ ਕਰ ਦਿੱਤਾ ਸੀ।ਉਨ੍ਹਾਂ ਕਿਹਾ ਕਿ ਅਕਾਲੀ ਦਲ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਲੰਬੇ ਅਰਸੇ ਬਾਅਦ ਆਪਣੇ ਚੋਣ ਨਿਸ਼ਾਨ 'ਤੇ ਚੋਣ ਲੜ ਰਿਹਾ ਹੈ, ਜਿਸ ਨੂੰ ਲੈ ਕੇ ਟਕਸਾਲੀ ਅਕਾਲੀ ਆਗੂਆਂ ਤੇ ਵਰਕਰਾਂ ਵਿਚ ਭਾਰੀ ਉਤਸ਼ਾਹ ਹੈ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਗੁਰਦਾਸਪੁਰ ਦੇ ਜ਼ਿਲ੍ਹਾ ਜਥੇਦਾਰ ਰਮਨਦੀਪ ਸਿੰਘ ਸੰਧੂ ਨੇ ਆਖਿਆ ਕਿ ਇਸ ਵਾਰ ਲੋਕ ਸਭਾ ਚੋਣਾਂ ਪੰਜਾਬ ਦੀ ਅਣਖ ਤੇ ਹੋਂਦ ਦੀ ਲੜਾਈ ਹਨ, ਜਿਸ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਜਿਤਾਉਣਾ ਵੱਡੀ ਲੋੜ ਹੈ। ਗੁਰਪ੍ਰਤਾਪ ਸਿੰਘ ਖੁਸ਼ਹਾਲਪੁਰ ਨੇ ਆਖਿਆ ਕਿ ਡਾ. ਚੀਮਾ ਨੂੰ ਜਿਤਾਉਣ ਲਈ ਅਕਾਲੀ ਦਲ ਦੇ ਵਰਕਰ ਦਿਨ-ਰਾਤ ਇਕ ਕਰ ਦੇਣਗੇ।ਇਸ ਮੌਕੇ ਬਲਰਾਜ ਸਿੰਘ ਖਹਿਰਾ, ਮਨਮੋਹਨ ਸਿੰਘ ਪੱਖੋਕੇ, ਰਜਿੰਦਰ ਸਿੰਘ ਬਾਜਵਾ, ਸਤਬੀਰ ਸਿੰਘ ਬਿੱਟੂ, ਹਰਦਿਆਲ ਸਿੰਘ ਗਾਂਧੀ, ਕੁਲਜੀਤ ਸਿੰਘ ਮਝੈਲ, ਰਣਜੀਤ ਸਿੰਘ ਭੱਟੀ, ਸੁਖਵਿੰਦਰ ਸਿੰਘ ਸੁੱਖਾ, ਜਤਿੰਦਰ ਸਿੰਘ ਭੁੱਲਰ, ਚੇਅਰਮੈਨ ਸੁੱਚਾ ਸਿੰਘ ਮੰਮਣ, ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਜਗਰੂਪ ਸਿੰਘ ਸ਼ਾਹਪੁਰ, ਰਜਿੰਦਰ ਸਿੰਘ ਬਾਜਵਾ, ਸਵਰਨ ਸਿੰਘ, ਜਸਬੀਰ ਸਿੰਘ ਘੁੰਮਣ, ਬਲਾਕ ਸੰਮਤੀ ਮੈਂਬਰ ਕਸ਼ਮੀਰ ਸਿੰਘ ਜੱਟ ਬਸਤੀ, ਕੇ.ਪੀ. ਸ਼ਾਹਪੁਰ, ਮੱਖਣ ਸਿੰਘ ਬਸੰਤਕੋਟ, ਭਗਵੰਤ ਸਿੰਘ ਲੁਕਮਾਨੀਆ, ਹਰਭਜਨ ਸਿੰਘ, ਜਸਪਾਲ ਸਿੰਘ ਢੇਸੀਆਂ, ਸਰਪੰਚ ਜਤਿੰਦਰ ਸਿੰਘ, ਹੈਪੀ ਸ਼ਾਹਪੁਰ ਅਤੇ ਸੁਖਵਿੰਦਰ ਸਿੰਘ ਗਿੱਲਾਂਵਾਲੀ ਆਦਿ ਵੀ ਹਾਜ਼ਰ ਸਨ।

# ਪਤਾਲਪੁਰੀ 'ਚ ਕਾਂਗਰਸੀ ਵਰਕਰਾਂ ਦੀ ਭਰਵੀਂ ਚੋਣ ਮੀਟਿੰਗ



ਮਜੀਠਾ (ਸੋਇਮ ਆਨੰਦ)-ਹਲਕਾ ਮਜੀਠਾ ਦੇ ਪਿੰਡ ਪਤਾਲਪੁਰੀ ਵਿੱਚ ਕਾਂਗਰਸ ਪਾਰਟੀ ਦੀ ਭਰਵੀਂ ਮੀਟਿੰਗ ਸ਼੍ਰੀ ਅੰਮ੍ਰਿਤਸਰ ਸਾਹਿਬ ਲੋਕ ਸਭਾ ਹਲਕੇ ਤੋਂ ਤੀਸਰੀ ਵਾਰ ਚੋਣ ਲੜ ਰਹੇ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਦੇ ਹੱਕ ਵਿੱਚ ਹੋਈ ਜਿਸ ਵਿੱਚ ਵੱਡੀ ਗਿਣਤੀ ਵਿੱਚ ਪਿੰਡਾਂ ਦੀ ਸੰਗਤ ਨੇ ਹਿੱਸਾ ਲਿਆ ਤੇ ਔਜਲਾ ਦੇ ਮਾਤਾ ਨੂੰ ਤੇ ਦਾਸ ਪਰਮਜੀਤ ਸਿੰਘ ਪੰਮਾ ਮਜੀਠਾ ਤੇ ਹੋਰ ਸੀਨੀਅਰ ਲੀਡਰਸ਼ਿਪ ਨੂੰ ਵਿਸ਼ਵਾਸ਼ ਦਿਵਾਇਆ ਕਿ ਅਸੀਂ 1 ਜੂਨ ਨੂੰ ਪੰਜੇ ਚੋਣ ਨਿਸ਼ਾਨ ਦਾ ਬਟਨ ਦਬਾ ਕੇ ਭਾਰੀ ਲੀਡ ਨਾਲ ਜਿਤਾਵਾਂਗੇ।

ਇਸ ਮੌਕੇ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਬੁਲਾਰੇ ਨਰਿੰਦਰ ਸੰਧੂ, ਸੀਨੀਅਰ ਕਾਂਗਰਸੀ ਆਗੂ ਜਗਦੀਪ ਸਿੰਘ ਗੋਗਾ ਮਜੀਠਾ, ਸੀਨੀਅਰ ਆਗੂ ਪ੍ਰੀਤਇੰਦਰ ਸਿੰਘ ਢਿੱਲੋਂ, ਬੀਸੀ ਵਿੰਗ ਕਾਂਗਰਸ ਦੇ ਪ੍ਰਧਾਨ ਸੋਨੂੰ ਜੰਡਿਆਲਾ ਗੁਰੂ, ਮੈਂਬਰ ਪੰਚਾਇਤ ਠੇਕੇਦਾਰ ਸਵਿੰਦਰ ਸਿੰਘ ਸ਼ਾਮਨਗਰ, ਸਰਪੰਚ ਅਮਰਪਾਲ ਪਤਾਲਪੁਰੀ, ਹਰਬੰਸ ਲਾਲ ਖਰਾਸਵਾਲਾ, ਗਿਆਨ ਚੰਦ ਦਿਆਲਪੁਰਾ, ਲਾਡੀ ਕੁਮਾਰ ਪਤਾਲਪੁਰੀ, ਇੰਦਰਪਾਲ ਪਤਾਲਪੁਰੀ, ਅਮਰਪਾਲ ਪਤਾਲਪੁਰੀ ਤੇ ਹੋਰ ਬਹੁਤ ਸਾਰੇ ਸਤਿਕਾਰਤ ਕਾਂਗਰਸੀ ਵਰਕਰ ਹਾਜ਼ਰ ਸਨ।

# ਭਾਜਪਾ ਦੀ ਚੋਣ ਮੁਹਿੰਮ ਨੂੰ ਵੱਡਾ ਹੁੰਗਾਰਾ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਵਿਧਾਨ ਸਭਾ ਹਲਕਾ ਅਜਨਾਲਾ ਤੋਂ ਭਾਰਤੀ ਜਨਤਾ ਪਾਰਟੀ ਨੂੰ ਉਸ ਵਕਤ ਵੱਡਾ ਹੁੰਗਾਰਾ ਮਿਲਿਆ ਜਦੋਂ ਅਜਨਾਲਾ ਤੋਂ ਸਾਬਕਾ ਵਿਧਾਇਕ ਅਤੇ ਭਾਜਪਾ ਓਬੀਸੀ ਮੋਰਚਾ ਦੇ ਪੰਜਾਬ ਪ੍ਰਧਾਨ ਬੋਨੀ ਅਮਰਪਾਲ ਸਿੰਘ ਅਜਨਾਲਾ ਦੀ ਅਗਵਾਈ ਹੇਠ ਪਿੰਡ ਤਲਵੰਡੀ ਰਾਏ ਦਾਦੂ ਤੋਂ ਕਈ ਪਰਿਵਾਰ ਰਵਾਇਤੀ ਪਾਰਟੀਆਂ ਛੱਡ ਕੇ ਅੰਮ੍ਰਿਤਸਰ ਤੋਂ ਭਾਜਪਾ ਦੇ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਦੀ ਅਗਵਾਈ ਹੇਠ ਭਾਜਪਾ ਵਿੱਚ ਸ਼ਾਮਿਲ ਹੋ ਗਏ।

ਇਸ ਮੌਕੇ ਸ਼ਾਮਿਲ ਹੋਣ ਵਾਲੇ ਪਰਿਵਾਰਾਂ 'ਚ ਲਖਬੀਰ ਸਿੰਘ, ਸ਼ਿੰਗਾਰਾ ਸਿੰਘ, ਬਲਵੰਤ ਸਿੰਘ, ਸ਼ਿੰਗਾਰਾ ਸਿੰਘ, ਬਲਜਿੰਦਰ ਸਿੰਘ, ਸਾਉਣ ਸਿੰਘ, ਦਵਿੰਦਰ ਸਿੰਘ ਅਤੇ ਸਤਨਾਮ ਸਿੰਘ ਆਦਿ ਨੂੰ ਪਾਰਟੀ ਦੇ ਮਫਲਰ ਪਾ ਕੇ ਸਨਮਾਨਿਤ ਕਰਦਿਆਂ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਕਿਹਾ ਕਿ ਦੇਸ਼ ਦੇ ਬਾਕੀ ਸੂਬਿਆਂ ਵਾਂਗ ਪੰਜਾਬ ਦੇ ਲੋਕ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਲੋਕ ਪੱਖੀ ਨੀਤੀਆਂ ਤੋਂ ਖੁਸ਼ ਹੋ ਕੇ ਭਾਰਤੀ ਜਨਤਾ ਪਾਰਟੀ ਨਾਲ ਜੁੜ ਰਹੇ ਹਨ, ਜਿਸ ਤੋਂ ਸਾਫ ਜ਼ਾਹਿਰ ਹੈ ਕਿ ਪੰਜਾਬ ਅੰਦਰ ਭਾਰਤੀ ਜਨਤਾ ਪਾਰਟੀ 13 ਸੀਟਾਂ ਤੇ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ।ਇਸ ਮੌਕੇ ਭਾਰਤੀ ਜਨਤਾ ਪਾਰਟੀ ਦੇ ਅੰਮ੍ਰਿਤਸਰ ਦਿਹਾਤੀ ਤੋਂ ਸਾਬਕਾ ਪ੍ਰਧਾਨ ਹਰਦਿਆਲ ਸਿੰਘ ਔਲਖ ਸਮੇਤ ਵੱਡੀ ਗਿਣਤੀ 'ਚ ਆਗੂ ਹਾਜ਼ਰ ਸਨ!

# ਕਣਕ ਦੀ ਖ਼ਰੀਦ ਦਾ ਅੰਕੜਾ 6.55 ਲੱਖ ਮੀਟਰਿਕ ਟਨ ਤੋਂ ਪਾਰ: ਡੀ ਸੀ

**ਗੁਰਦਾਸਪੁਰ ( ਜਨਕ ਮਹਾਜਨ )**-ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਦੀ ਯੋਗ ਅਗਵਾਈ ਹੇਠ ਜ਼ਿਲ੍ਹੇ ਦੀਆਂ ਸਾਰੀਆਂ ਦਾਣਾ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਦਾ ਕੰਮ ਲਗਭਗ ਮੁਕੰਮਲ ਹੋਣ ਦੇ ਨੇੜੇ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸੁਚੱਜੇ ਪ੍ਰਬੰਧਾਂ ਸਦਕਾ ਕਿਸਾਨਾਂ ਨੂੰ ਮੰਡੀਆਂ ਵਿੱਚ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਗਈ। ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਦਾ ਅੰਕੜਾ 6.55 ਲੱਖ ਮੀਟਰਿਕ ਟਨ ਤੋਂ ਪਾਰ ਪਹੁੰਚ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 665038 ਮੀਟਰਿਕ ਟਨ ਕਣਕ ਦੀ ਆਮਦ ਹੋਈ ਸੀ ਜਿਸ ਵਿੱਚੋਂ 655683 ਮੀਟਰਿਕ ਟਨ ਕਣਕ ਖ਼ਰੀਦੀ ਜਾ ਚੁੱਕੀ ਹੈ।ਏਜੰਸੀ ਵਾਈਜ਼ ਖ਼ਰੀਦ ਦਾ ਬਿਓਰਾ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬੀਤੀ ਸ਼ਾਮ ਤੱਕ ਖ਼ਰੀਦ ਏਜੰਸੀ ਪਨਗਰੇਨ ਨੇ 178501 ਮੀਟਰਿਕ ਟਨ, ਮਾਰਕਫੈਡ ਨੇ 165610 ਮੀਟਰਿਕ ਟਨ, ਪਨਸਪ ਨੇ 154917 ਮੀਟਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਨੇ 121466 ਮੀਟਰਿਕ ਟਨ, ਐੱਫ਼ਸੀਆਈ. ਨੇ 19258 ਮੀਟਰਿਕ ਟਨ ਅਤੇ ਵਪਾਰੀਆਂ ਨੇ 15931 ਮੀਟਰਿਕ ਟਨ ਕਣਕ ਖ਼ਰੀਦੀ ਹੈ।ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਖ਼ਰੀਦੀ ਗਈ ਕਣਕ ਦੀ ਅਦਾਇਗੀ ਵੀ ਨਾਲ ਦੀ ਨਾਲ ਕੀਤੀ ਜਾ ਰਹੀ ਹੈ ਅਤੇ ਬੀਤੀ ਸ਼ਾਮ ਤੱਕ 100 ਫ਼ੀਸਦੀ ਕਿਸਾਨਾਂ ਨੂੰ 1442.13 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਖ਼ਰੀਦੀ ਗਈ ਫ਼ਸਲ ਦੀ 82 ਫ਼ੀਸਦੀ ਤੋਂ ਵੱਧ ਲਿਫਟਿੰਗ ਵੀ ਕਰ ਲਈ ਗਈ ਹੈ ਅਤੇ ਬਕਾਇਆ ਲਿਫਟਿੰਗ ਵੀ ਜਲਦੀ ਹੀ ਕਰ ਲਈ ਜਾਵੇਗੀ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਇਹ ਪੂਰੀ ਕੋਸ਼ਿਸ਼ ਰਹੀ ਹੈ ਕਿ ਮੰਡੀ ਵਿੱਚ ਕਿਸਾਨਾਂ ਨੂੰ ਆਪਣੀ ਫ਼ਸਲ ਵੇਚਣ ਸਮੇਂ ਕੋਈ ਮੁਸ਼ਕਲ ਨਾ ਆਵੇ ਅਤੇ ਖ਼ਰੀਦ ਪ੍ਰਬੰਧਾਂ ਵਿੱਚ ਲੱਗੇ ਹਰ ਵਿਅਕਤੀ ਨੇ ਆਪਣਾ ਉੱਘਾ ਯੋਗਦਾਨ ਪਾਇਆ ਹੈ।

# 22 ਨੂੰ ਸ਼ੁਭਕਰਨ ਸਿੰਘ ਦੀ ਸ਼ਹੀਦੀ ਨੂੰ ਸਮਰਪਿਤ ਹੋਣਗੀਆਂ ਵੱਡੀਆਂ ਰੈਲੀਆਂ : ਕਿਸਾਨ ਆਗੂ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਅੰਮ੍ਰਿਤਸਰ ਦੀ ਟੀਮ ਨੇ ਪਿੰਡ ਚਾਟੀਵਿੰਡ ਵਿਖੇ ਗੁਰਦੁਆਰਾ ਸ਼ਹੀਦ ਬਾਬਾ ਮਹਿਤਾਬ ਸਿੰਘ ਵਿਖੇ ਮੀਟਿੰਗ ਕਰਕੇ ਅਹਿਮ ਫੈਸਲੇ ਕੀਤੇ ਗਏ ਜਿਸ ਵਿੱਚ ਜਥੇਬੰਦੀ ਦੇ ਸਾਰੇ ਆਗੂਆਂ ਦੀ ਸਹਿਮਤੀ ਨਾਲ ਪਰਮਜੀਤ ਸਿੰਘ ਚਾਟੀਵਿੰਡ ਨੂੰ ਜਿਲਾ ਪ੍ਰਧਾਨ ਲਗਾਇਆ ਗਿਆ ਦਵਿੰਦਰ ਸਿੰਘ ਚਾਟੀਵਿੰਡ ਸੂਬਾ ਕਮੇਟੀ ਮੈਂਬਰ ਤੇ ਸੇਵਾ ਕਰਦੇ ਰਹਿਣਗੇ। ਇਸ ਮੌਕੇ ਸੂਬਾ ਪ੍ਰੈੱਸ ਸਕੱਤਰ ਗੁਰਸਾਹਿਬ ਸਿੰਘ ਚਾਟੀਵਿੰਡ, ਪਰਮਜੀਤ ਸਿੰਘ ਚਾਟੀਵਿੰਡ, ਮੰਗਲ ਸਿੰਘ ਰਾਮਪੁਰਾ, ਸੋਨੂ ਮਾਹਲ, ਸੁਲਤਾਨਵਿੰਡ ਨੇ ਕਿਹਾ ਕਿ 13 ਫਰਵਰੀ ਤੋਂ ਚੱਲ ਰਹੇ ਵੱਖ-ਵੱਖ ਬਾਰਡਰਾਂ ਤੇ ਕਿਸਾਨੀ ਅੰਦੋਲਨ ਦੌਰਾਨ ਕਿਸਾਨ ਆਪਣੀ ਹੱਕੀ ਮੰਗਾਂ ਵਾਸਤੇ ਸੰਘਰਸ਼ ਕਰਦੇ ਆ ਰਹੇ ਹਨ। ਮੋਦੀ ਸਰਕਾਰ ਤੇ ਹਰਿਆਣਾ ਸਰਕਾਰ ਨੇ ਕਿਸਾਨਾਂ ਉਪਰ ਅੰਨ੍ਹੇਵਾਹ ਅੱਥਰੂ ਗੈਸ, ਗੋਲੀਆਂ ਚਲਾ ਕੇ ਸੈਂਕੜੇ ਕਿਸਾਨਾਂ ਨੂੰ ਜ਼ਖਮੀ ਕੀਤਾ ਉਥੇ ਚੱਲ ਰਹੀ ਗੋਲੀ ਦੌਰਾਨ ਸਰਕਾਰ ਨੇ ਸ਼ੁਭਕਰਨ ਸਿੰਘ ਨੂੰ ਸ਼ਹੀਦ ਕਰ ਦਿੱਤਾ। 22 ਨੂੰ ਸ਼ਹੀਦ ਸ਼ੁਭਕਰਨ ਸਿੰਘ ਦੇ 100 ਦਿਨ ਸ਼ਹੀਦੀ ਦੇ ਪੂਰੇ ਹੋਣ 'ਤੇ ਹਜ਼ਾਰਾਂ ਕਿਸਾਨ ਸ਼ੰਭੂ ਬਾਰਡਰ ਅਤੇ ਖਨੌਰੀ ਬਾਰਡਰ 'ਤੇ ਸ਼ਹੀਦ ਸ਼ੁਭਕਰਨ ਸਿੰਘ ਅਤੇ ਦੂਸਰੇ ਸ਼ਹੀਦ ਹੋਏ ਕਿਸਾਨਾਂ ਨੂੰ ਕਿਸਾਨ ਬੀਬੀਆਂ ਅਤੇ ਕਿਸਾਨ ਵੱਡੇ ਕਾਫਲਿਆਂ ਨਾਲ ਬਾਰਡਰਾਂ 'ਤੇ ਪਹੁੰਚ ਕੇ ਸ਼ਰਧਾ ਦੇ ਫੁੱਲ ਭੇਟ ਕਰਨਗੇ। ਇਸ ਮੌਕੇ ਦਵਿੰਦਰ ਸਿੰਘ ਚਾਟੀਵਿੰਡ, ਰਾਜਪਾਲ ਸਿੰਘ ਸੁਲਤਾਨਵਿੰਡ, ਕਾਰਜ ਸਿੰਘ ਰਾਮਪੁਰਾ, ਅੰਗਰੇਜ਼ ਸਿੰਘ ਚਾਟੀਵਿੰਡ, ਸੰਦੀਪ ਸਿੰਘ ਮਿੱਠੇ ਨੇ ਕਿਹਾ ਕਿ ਸਾਰੇ ਦੇਸ਼ ਵਿੱਚ ਇਲੈਕਸ਼ਨ ਦਾ ਦੌਰ ਚੱਲ ਰਿਹਾ ਹੈ। ਆਉਣ ਵਾਲੇ ਦਿਨਾਂ ਵਿੱਚ ਭਾਰਤ ਵਿੱਚ ਕੋਈ ਵੀ ਸਰਕਾਰ ਬਣ ਜਾਵੇ ਕਿਸਾਨੀ ਅੰਦੋਲਨ ਲਗਾਤਾਰ ਜਾਰੀ ਰਵੇਗਾ। ਇਹ ਅੰਦੋਲਨ ਉਨਾ ਚਿਰ ਜਾਰੀ ਰਵੇਗਾ ਜਿੰਨਾ ਚਿਰ ਐੱਮਐੱਸਪੀ ਗਰੰਟੀ ਕਾਨੂੰਨ, ਸਮੁੱਚਾ ਕਰਜ਼ਾ ਮੁਕਤੀ, ਸਵਾਮੀ ਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨਾ, ਲਖੀਮਪੁਰ ਖੀਰੀ ਦੇ ਸ਼ਹੀਦਾਂ ਨੂੰ ਨਿਆਂ ਅਤੇ ਬਿਜਲੀ ਐਕਟ ਵਰਗੀਆਂ ਹੋਰ ਕਈ ਮੰਗਾਂ ਹੱਲ ਨਹੀਂ ਹੁੰਦੀਆਂ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਪਾਲ ਸਿੰਘ ਪੰਡੋਰੀ, ਨੰਬਰਦਾਰ ਸੱਜਣ ਸਿੰਘ, ਮੇਜਰ ਸਿੰਘ ਰਾਮਪੁਰਾ, ਹਰਕਵਲ ਸਿੰਘ ਫੌਜੀ, ਪਾਲ ਸਿੰਘ, ਪ੍ਰਗਟ ਸਿੰਘ, ਮਿਲਖਾ ਸਿੰਘ, ਮਹਿੰਦਰ ਸਿੰਘ ਸੁਲਤਾਨਵਿੰਡ, ਸਰਵਣ ਸਿੰਘ, ਬਖਸ਼ੀਸ਼ ਸਿੰਘ ਭਿੰਡਰ ਕਲੋਨੀ, ਬਾਬਾ ਲਾਲ ਸਿੰਘ ਆਦਿ ਕਿਸਾਨ ਆਗੂ ਹਾਜ਼ਰ ਸਨ।

20-May-PAGE-12.qxd 5/19/2024 10:44 PM Page 1



# 'ਹੁਣ ਤੈਨੂੰ ਟੱਕਰਾਂਗੇ ਸੱਜਰੇ ਸ਼ਰੀਕ ਤੇਰੇ ਬਣ ਕੇ'

**ਸ਼ਾਹਕੋਟ (ਗਿਆਨ ਸੈਦਪੁਰੀ)**

ਸ਼ਾਹਕੋਟ ਦੀ ਸਿਆਸਤ ਕਦੇ ਇਸ ਕਰਕੇ ਦਿਲਚਸਪ ਹੁੰਦੀ ਸੀ ਕਿ ਇੱਥੇ ਦੇ ਅਕਾਲੀ ਆਗੂ ਜਥੇਦਾਰ ਅਜੀਤ ਸਿੰਘ ਕੋਹਾੜ ਨੂੰ ਪਾਰਟੀ ਦੇ ਅੰਦਰੋਂ ਵਿਧਾਨ ਸਭਾ ਦੀ ਟਿਕਟ ਲਈ ਕੋਈ ਚਣੌਤੀ ਨਹੀਂ ਹੁੰਦੀ ਸੀ। ਜੇ ਕਿਸੇ ਨੇ ਚਣੌਤੀ ਦੇਣ ਦੀ ਕੋਸ਼ਿਸ਼ ਕੀਤੀ ਵੀ ਤਾਂ ਉਸ ਦੇ ਸਿਆਸੀ ਪਰ ਕੁਤਰ ਦਿੱਤੇ ਗਏ। ਬਗੈਰ ਪਰਾਂ ਤੋਂ ਸਿਆਸੀ ਅਕਾਸ਼ ਵਿੱਚ ਉਡਾਰੀ ਕਿੱਦਾਂ ਭਰ ਹੁੰਦੀ? ਦੂਜੇ ਪਾਸੇ ਕਾਂਗਰਸ ਪਾਰਟੀ ਅੰਦਰ ਵਿਧਾਨ ਸਭਾ ਦੀ ਟਿਕਟ ਦੇ ਮਾਮਲੇ ਵਿੱਚ 'ਇੱਕ ਅਨਾਰ ਸੌ ਬਿਮਾਰ' ਵਰਗੀਆਂ ਕਹਾਵਤਾਂ ਸੁਣੀਆਂ ਜਾਂਦੀਆਂ ਸਨ। 'ਨਿਲਾਮ ਹੋ ਰਹਾ ਥਾ ਕਿਸੀ ਨਾਜ਼ਨੀ ਕਾ ਪਿਆਰ ਕੀਮਤ ਨਹੀਂ ਚੁਕਾਈ ਗਈ ਇੱਕ ਰਕੀਬ ਸੇ .' ਵਰਗਾ ਗੀਤ ਜ਼ਿਹਨ ਮੱਲ ਲੈਂਦਾ, ਜਦੋਂ ਅੱਧੀ ਦਰਜਨ 'ਰਕੀਬਾਂ' ਵਿੱਚੋਂ ਇੱਕ ਨੂੰ 'ਨਾਜ਼ਨੀ' ਟਿਕਟ ਮਿਲ ਜਾਂਦੀ। ਪਾਰਟੀ ਅੰਦਰੋਂ ਹੀ ਉਸ ਰਕੀਬ ਨੂੰ ਹਰਾਉਣ ਦੀਆਂ ਤਰਕੀਬਾਂ ਸ਼ੁਰੂ ਹੋ ਜਾਂਦੀਆਂ ਤੇ ਆਖ਼ਰ ਕਾਂਗਰਸੀ ਉਮੀਦਵਾਰ ਹਾਰ ਜਾਂਦਾ ਰਿਹਾ। 1997 ਤੋਂ 2017 ਤੱਕ ਇਹ ਸਿਲਸਿਲਾ ਚੱਲਦਾ ਰਿਹਾ। 2018 ਵਿੱਚ ਅਕਾਲੀ ਆਗੂ ਜਥੇਦਾਰ ਅਜੀਤ ਸਿੰਘ ਕੋਹਾੜ ਅਚਾਨਕ ਵਿਛੋੜਾ ਦੇ ਗਏ। ਜ਼ਿਮਨੀ ਚੋਣ ਵਿੱਚ ਕਾਂਗਰਸੀ ਉਮੀਦਵਾਰ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਚੋਖੀਆਂ ਵੋਟਾਂ ਲੈ ਕੇ ਵਿਧਾਇਕ ਬਣ ਗਏ।2022 ਦੀਆਂ ਆਮ ਚੋਣਾਂ ਵਿੱਚ ਆਪ ਦੀ ਸਰਕਾਰ ਬਣ ਗਈ।ਵਿਧਾਨ ਸਭਾ ਹਲਕਾ ਸ਼ਾਹਕੋਟ ਵਿੱਚ ਕਾਂਗਰਸੀ ਉਮੀਦਵਾਰ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਚੋਣ ਜਿੱਤ ਗਿਆ। ਹੁਣ ਇੱਥੇ ਆਮ ਆਦਮੀ ਪਾਰਟੀ ਨੇ ਰਤਨ ਸਿੰਘ ਕਾਕੜ ਕਲਾਂ ਨੂੰ ਹਲਕਾ ਇੰਚਾਰਜ ਲਾ ਦਿੱਤਾ। ਉਨ੍ਹਾਂ ਦੀ ਵੀ ਅਚਾਨਕ ਮੌਤ ਹੋ ਗਈ। ਹਲਕੇ ਵਿੱਚ ਇੰਚਾਰਜ ਬਣਨ ਲਈ ਆਪ ਆਗੂਆਂ ਵਿੱਚ ਦੌੜ ਲੱਗ ਗਈ। ਹਲਕੇ ਦੀ ਸਿਆਸਤ ਵਿੱਚ ਦਿਲਚਸਪੀ ਰੱਖਣ ਵਾਲਿਆਂ ਨੂੰ ਉਹ ਦਿਨ ਯਾਦ ਆਉਣ ਲੱਗੇ ਜਦੋਂ ਟਿਕਟ ਲਈ ਕਾਂਗਰਸ ਪਾਰਟੀ ਵਿੱਚ ਘਮਸਾਨ ਪਿਆ ਹੁੰਦਾ ਸੀ।ਹੁਣ ਭਾਵੇਂ ਲੋਕ ਸਭਾ ਚੋਣਾਂ ਦਾ ਮੌਸਮ ਹੈ ਪਰ ਵਿਧਾਨ ਸਭਾ ਦੇ ਹਲਕਿਆਂ ਦੇ ਆਗੂਆਂ ਨੇ ਆਪੋ ਆਪਣੀ ਵਿਧਾਨ ਸਭਾ ਦੀ ਚੋਣ ਲੜਨੀ ਹੁੰਦੀ ਹੈ। ਖ਼ੈਰ ਹਲਕੇ ਵਿੱਚ 'ਆਪ' ਵੱਲੋਂ ਰਾਣਾ ਹਰਦੀਪ ਸਿੰਘ ਸਰਗਰਮੀ ਨਾਲ ਵਿਚਰਨ ਲੱਗੇ। ਚੌਧਰੀ ਸੰਤੋਖ ਸਿੰਘ ਦੀ ਮੌਤ ਹੋਣ ਕਾਰਨ ਲੋਕ ਸਭਾ ਦੀ ਜ਼ਿਮਨੀ ਚੋਣ ਵਿੱਚ ਰਾਣਾ ਨੇ ਚੰਗਾ ਸਿਆਸੀ ਰੰਗ ਵਿਖਾਇਆ। ਇਸ ਦੌਰਾਨ ਹਲਕੇ ਦੀ ਸਿਆਸਤ ਸ਼ੇਰੋਵਾਲੀਆ ਬਨਾਮ ਰਾਣਾ ਮਹਿਸੂਸ ਹੋਣ ਲੱਗ ਪਈ। ਇੱਕ ਦੋ ਸਮਾਗਮਾਂ ਦੌਰਾਨ ਦੋਵਾਂ ਆਗੂਆਂ ਦਰਮਿਆਨ ਤਕਰਾਰ ਵੀ ਹੁੰਦੀ ਵੇਖੀ ਗਈ।ਆਪ ਵਿੱਚ ਬਦਲਦੀਆਂ ਪ੍ਰਸਥਿਤੀਆਂ ਵਿੱਚ ਜਦੋਂ ਰਾਣਾ ਹਰਦੀਪ ਸਿੰਘ ਨੂੰ ਮਹਿਸੂਸ ਹੋਇਆ ਕਿ ਉਨ੍ਹਾਂ ਦੇ ਸਿਆਸੀ ਕੱਦ ਮੁਤਾਬਕ ਮਾਣ ਸਨਮਾਨ ਨਹੀਂ ਮਿਲਿਆ ਤਾਂ ਉਹ ਭਾਜਪਾ ਵਿੱਚ ਚਲੇ ਗਏ। ਭਾਜਪਾ ਸਥਾਨਕ ਲੀਡਰਸ਼ਿੱਪ ਸ਼ਰੇਆਮ ਮੰਨਣ ਲੱਗ ਪਈ ਕਿ ਸ਼ੇਰੋਵਾਲੀਆ ਨੂੰ ਟੱਕਰ ਦੇਣ ਵਾਲਾ ਆਗੂ ਉਨ੍ਹਾਂ ਨੂੰ ਹੁਣ ਮਿਲਿਆ ਹੈ। ਉਹ ਰਾਣਾ ਨੂੰ ਸਿਆਸੀ ਸ਼ੇਰ ਦਾ ਲਕਬ ਦੇ ਰਹੇ ਹਨ। ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੂੰ ਕਾਂਗਰਸੀ ਪਹਿਲਾਂ ਹੀ 'ਸਾਡਾ ਸ਼ੇਰ' ਕਹਿੰਦੇ ਆ ਰਹੇ ਸਨ। ਰਾਣਾ ਹਰਦੀਪ ਸਿੰਘ ਵੱਲੋਂ ਸਿਆਸੀ ਪਾਲਾ ਬਦਲਨ ਤੋਂ ਬਾਅਦ ਵੀ ਹਲਕੇ ਦੀ ਸਿਆਸਤ ਸ਼ੇਰੋਵਾਲੀਆ ਬਨਾਮ ਰਾਣਾ ਦੀ ਝਲਕ ਦੇ ਰਹੀ ਹੈ। ਦੋਵਾਂ ਪਾਸਿਆਂ ਦੀ ਸਿਆਸੀ ਫਿਜ਼ਾ ਵਿੱਚ ਜਿਹੜਾ ਗੀਤ ਤੈਰ ਰਿਹਾ ਹੈ, ਉਹ ਕੰਨਾਂ 'ਚ ਇੰਜ ਸੁਣਾਈ ਦੇ ਰਿਹਾ 'ਹੁਣ ਤੈਨੂੰ ਟੱਕਰਾਂਗੇ ਸੱਜਰੇ ਸ਼ਰੀਕ ਤੇਰੇ ਬਣਕੇ'।


ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ


ਰਾਣਾ ਹਰਦੀਪ ਸਿੰਘ

# ਸੁਰਜੀਤ ਪਾਤਰ ਨੂੰ ਜਨਤਕ ਸ਼ਰਧਾਂਜਲੀ ਤੇ ਸਨਮਾਨ ਸਮਾਗਮ 9 ਨੂੰ ਬਰਨਾਲਾ 'ਚ

**ਬਰਨਾਲਾ (ਨਵਾਂ ਜ਼ਮਾਨਾ ਸਰਵਿਸ)**

ਪਿਛਲੇ ਦਿਨੀਂ ਵਿਛੜੇ ਉੱਘੇ ਕਵੀ ਸੁਰਜੀਤ ਪਾਤਰ ਨੂੰ ਜਨਤਕ ਸ਼ਰਧਾਜ਼ਲੀ ਦੇਣ ਲਈ ਗੁਰਸ਼ਰਨ ਸਿੰਘ ਲੋਕ ਕਲਾ ਸਲਾਮ ਕਾਫ਼ਲੇ ਵੱਲੋਂ 9 ਜੂਨ ਨੂੰ ਬਰਨਾਲਾ 'ਚ ਸ਼ਰਧਾਂਜਲੀ ਸਮਾਗਮ ਕੀਤਾ ਜਾਵੇਗਾ ਜਿਸ ਵਿੱਚ ਸੁਰਜੀਤ ਪਾਤਰ ਦੀ ਸਾਹਿਤਕ ਦੇਣ ਲਈ ਸਲਾਮ ਕੀਤਾ ਜਾਵੇਗਾ।ਉਹਨਾਂ ਨੂੰ ਸ਼ਰਧਾਂਜਲੀ ਦੇਣ ਦੇ ਨਾਲ ਨਾਲ ਸਲਾਮ ਕਾਫਲੇ ਵੱਲੋਂ ਸ਼ੁਰੂ ਕੀਤੀ ਗਈ ਰਿਵਾਇਤ ਅਨੁਸਾਰ ਸਨਮਾਨ ਵੀ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਇਸ ਰਵਾਇਤ ਅਨੁਸਾਰ ਮਰਹੂਮ ਨਾਟਕਕਾਰ ਗੁਰਸ਼ਰਨ ਸਿੰਘ ਨੂੰ ਇਨਕਲਾਬੀ ਨਿਹਚਾ ਸਨਮਾਨ ਅਤੇ ਮਰਹੂਮ ਅਜਮੇਰ ਔਲਖ ਨੂੰ ਭਾਈ ਲਾਲੋ ਕਲਾ ਸਨਮਾਨ ਵਿਸ਼ਾਲ ਜਨਤਕ ਇਕੱਠਾਂ ਵਿੱਚ ਦਿੱਤੇ ਗਏ ਸਨ।ਪਰ ਸੁਰਜੀਤ ਪਾਤਰ ਹੋਰਾਂ ਦੇ ਅਚਾਨਕ ਵਿਛੋੜੇ ਕਾਰਨ ਉਹਨਾਂ ਨੂੰ ਅਜਿਹਾ ਸਨਮਾਨ ਸ਼ਰਧਾਂਜਲੀ ਦੇ ਨਾਲ ਹੀ ਦਿੱਤਾ ਜਾ ਰਿਹਾ ਹੈ।ਸਲਾਮ ਕਾਫਲਾ ਦੇ ਕਨਵੀਨਰ ਜਸਪਾਲ ਜੱਸੀ ਤੇ ਟੀਮ ਮੈਂਬਰ ਅਮੋਲਕ ਸਿੰਘ ਤੇ ਪਾਵੇਲ ਕੁੱਸਾ ਨੇ ਸਲਾਮ ਕਾਫ਼ਲਾ ਟੀਮ ਵੱਲੋਂ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਕਾਫਲਾ ਟੀਮ ਵੱਲੋਂ ਅੱਜ ਇੱਕ ਮੀਟਿੰਗ ਕਰਕੇ ਇਹ ਫੈਸਲਾ ਕੀਤਾ ਗਿਆ। ਉਹਨਾਂ ਨੇ ਦੱਸਿਆ ਕਿ ਸਮਾਗਮ ਦਾ ਸੱਦਾ ਦੇਣ ਵਾਲੀਆਂ ਸਾਹਿਤ ਕਲਾ ਜਗਤ ਦੀਆਂ ਉੱਘੀਆਂ ਸਖਸ਼ੀਅਤਾਂ ਗੁਰਬਚਨ ਸਿੰਘ ਭੁੱਲਰ, ਵਰਿਆਮ ਸਿੰਘ ਸੰਧੂ, ਸਵਰਾਜਵੀਰ, ਸੁਖਦੇਵ ਸਿੰਘ ਸਿਰਸਾ, ਨਵਸ਼ਰਨ, ਕੇਵਲ ਧਾਲੀਵਾਲ ਤੇ ਸਾਹਿਬ ਸਿੰਘ ਵੀ ਸ਼ਾਮਲ ਹਨ।

ਉਹਨਾਂ ਕਿਹਾ ਕਿ ਸੁਰਜੀਤ ਪਾਤਰ ਪੰਜਾਬੀ ਦੇ ਸਭ ਤੋਂ ਸਿਖਰਲੇ ਸਾਹਿਤਕਾਰਾਂ 'ਚ ਸ਼ੁਮਾਰ ਸਨ, ਜਿਨ੍ਹਾਂ ਨੇ ਪੰਜਾਬੀ ਕਵਿਤਾ ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾਇਆ। ਉਹਨਾਂ ਦੀ ਕਵਿਤਾ ਲੋਕ ਸਰੋਕਾਰਾਂ ਨੂੰ ਪ੍ਰਣਾਈ ਕਵਿਤਾ ਹੈ ਤੇ ਲੋਕ ਮਨਾਂ ਦੀਆਂ ਵੱਖ ਵੱਖ ਤੈਹਾਂ ਅੰਦਰਲੇ ਅਹਿਸਾਸਾਂ ਨੂੰ ਉਹਨਾਂ ਨੇ ਕਲਾਮਈ ਜੁਬਾਨ ਦਿੱਤੀ।ਉਹਨਾਂ ਨੇ ਕਵਿਤਾ ਦੇ ਖੇਤਰ ਵਿੱਚ ਕਲਾ ਸਰੋਕਾਰਾਂ ਦੇ ਨਵੇਂ ਮਿਆਰ ਸਿਰਜੇ ਅਤੇ ਪੰਜਾਬੀ ਕਵੀਆਂ ਦੀਆਂ ਨਵੀਆਂ ਪੀੜ੍ਹੀਆਂ ਲਈ ਰਾਹ ਬਣਾਏ। ਉਹ ਲੋਕਾਂ ਦੇ ਕਵੀ ਸਨ ਅਤੇ ਉਹਨਾਂ ਦੀ ਕਵਿਤਾ ਬਿਹਤਰ ਜ਼ਿੰਦਗੀ ਲਈ ਜੂਝਦੀ ਲੋਕਾਈ ਦੇ ਨਾਲ ਨਾਲ ਤੁਰਦੀ ਹੈ। ਮਨੁੱਖਤਾ ਲਈ ਬਿਹਤਰ ਭਵਿੱਖ ਦੀਆਂ ਉਮੀਦਾਂ ਦੀ ਗੂੰਜ ਉਹਨਾਂ ਦੀ ਕਵਿਤਾ ਦੇ ਧੁਰ ਅੰਦਰ ਤੱਕ ਰਚੀ ਹੋਈ ਹੈ ਅਤੇ ਇਹ ਪੰਜਾਬੀ ਸਾਹਿਤ ਦੀ ਲੋਕ ਮੁਖੀ ਧੁਨੀ ਹੋ ਕੇ ਸੁਣਾਈ ਦਿੰਦੀ ਹੈ।ਉਹਨਾਂ ਦਾ ਵਿਛੋੜਾ ਪੰਜਾਬੀ ਸਾਹਿਤ ਜਗਤ ਲਈ ਬਹੁਤ ਵੱਡਾ ਘਾਟਾ ਹੈ ਪਰ ਉਨਾਂ ਦੀ ਕਵਿਤਾ ਸੋਹਣੀ ਤੇ ਖ਼ੁਸ਼ਹਾਲ ਜ਼ਿੰਦਗੀ ਲਈ ਜੂਝਦੀ ਪੰਜਾਬੀ ਲੋਕਾਈ ਦੇ ਸਦਾ ਅੰਗ ਸੰਗ ਰਹੇਗੀ।ਬਰਨਾਲਾ ਦੀ ਦਾਣਾ ਮੰਡੀ ਵਿੱਚ ਹੋਣ ਵਾਲੇ ਇਸ ਵਿਸ਼ਾਲ ਸਮਾਗਮ ਵਿੱਚ ਕਿਸਾਨਾਂ, ਮਜ਼ਦੂਰਾਂ ਤੇ ਹੋਰਨਾਂ ਮਿਹਨਤਕਸ਼ ਵਰਗਾਂ ਦੇ ਹਜ਼ਾਰਾਂ ਲੋਕਾਂ ਸਮੇਤ ਸਾਹਿਤਕਾਰ, ਕਲਾਕਾਰ ਤੇ ਲੋਕ ਸਰੋਕਾਰਾਂ ਵਾਲੇ ਬੁੱਧੀਜੀਵੀ ਹਿੱਸੇ ਕਰਨਗੇ ਸ਼ਮੂਲੀਅਤ।



# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਮਨਾਇਆ ਮਦਰ ਡੇ

**ਕਪੂਰਥਲਾ, (ਹਨੀ)**

ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਭਦੀਪ ਕੌਰ ਮੋਗਾ ਦੀ ਅਗਵਾਈ ਵਿਚ ਸਟਾਫ ਮੈਂਬਰਾਂ ਤੇ ਵਿਦਿਆਰਥੀਆਂ ਵੱਲੋਂ ਮਦਰ ਡੇ ਸਬੰਧੀ ਸਮਾਗਮ ਕੀਤਾ ਗਿਆ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਸਮਾਗਮ ਵਿੱਚ ਸ਼ਿਰਕਤ ਕਰਦਿਆਂ ਵਿਦਿਆਰਥੀਆਂ ਵੱਡੀ ਗਿਣਤੀ ਵਿੱਚ ਹਿੱਸਾ ਲਿਆ ਅਤੇ ਮਾਵਾਂ ਪ੍ਰਤੀ ਆਪਣੇ ਪਿਆਰ ਦਾ ਇਜ਼ਹਾਰ ਕੀਤਾ।ਇਸ ਦੌਰਾਨ ਸੀਨੀਅਰ ਵਿੰਗ ਦੇ ਵਿਦਿਆਰਥੀਆਂ ਦਰਮਿਆਨ ਪੋਸਟਰ ਮੇਕਿੰਗ ਅਤੇ ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਦਰਮਿਆਨ ਕਾਰਡ ਮੇਕਿੰਗ ਦੀ ਪ੍ਰਤਿਯੋਗਤਾ ਕਰਵਾਈ ਗਈ। ਕੇ ਜੀ ਵਿੰਗ ਦੇ ਵਿਦਿਆਰਥੀਆਂ ਨੇ ਆਪਣੀਆਂ ਮਾਵਾਂ ਨਾਲ ਮਿਲ ਕੇ ਵੱਖ-ਵੱਖ ਪ੍ਰਕਾਰ ਦੀਆਂ ਗੇਮਸ ਖੇਡੀਆਂ।ਇਸ ਮੌਕੇ ਬੀਬੀ ਗੁਰਪ੍ਰੀਤ ਕੌਰ ਨੇ ਕਿਹਾ ਕਿ ਮਾਂ ਦੇ ਚਰਨਾਂ ਵਿੱਚ ਹੀ ਸਵਰਗ ਹੈ ਅਤੇ ਇਸੇ ਲਈ ਹੀ ਮਾਂ ਨੂੰ ਰੱਬ ਦਾ ਰੂਪ ਵੀ ਕਿਹਾ ਜਾਂਦਾ ਹੈ। ਇਸ ਦੌਰਾਨ ਵਿਦਿਆਰਥੀਆਂ ਵੱਲੋਂ ਮਦਰ ਡੇ ਸਬੰਧੀ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ।ਇਸ ਮੌਕੇ ਪ੍ਰਿੰਸੀਪਲ ਪ੍ਰਭਦੀਪ ਕੌਰ ਮੋਗਾ, ਮੈਡਮ ਨਰਿੰਦਰ ਪੱਤੜ, ਅਨੀਤਾ ਸਹਿਗਲ, ਰਜਨੀ ਅਰੋੜਾ, ਰੇਨੂ ਬਾਲਾ, ਲਵੀਤਾ, ਅਮਨਦੀਪ ਕੌਰ, ਦਵਿੰਦਰ ਕੌਰ, ਪਰਮਿੰਦਰ ਕੌਰ, ਜਸਵਿੰਦਰ ਸਿੰਘ, ਹਰਜਿੰਦਰ ਸਿੰਘ, ਸੁਮਨਦੀਪ ਕੌਰ, ਭੁਪਿੰਦਰ ਕੌਰ, ਗੁਰਪ੍ਰੀਤ ਕੌਰ, ਹਰਪਿੰਦਰ ਕੌਰ, ਹਰਪ੍ਰੀਤ ਕੌਰ, ਜਯੋਤੀ ਆਦਿ ਸਟਾਫ ਮੈਂਬਰ ਹਾਜ਼ਰ ਸਨ।



# ਏਡਿਡ ਸਕੂਲਾਂ ਨੂੰ ਬੰਦ ਕਰਨ ਦੀ ਸਾਜ਼ਿਸ਼ ਦੇ ਰੋਸ ਵਜੋਂ ਯੂਨੀਅਨ ਵੱਲੋਂ 22 ਨੂੰ ਸਿੱਖਿਆ ਮੰਤਰੀ ਦੇ ਹਲਕੇ ਰੋਸ ਮਾਰਚ ਦਾ ਐਲਾਨ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਸਿੱਖਿਆ ਵਿਭਾਗ ਪੰਜਾਬ ਵਲੋਂ ਪੰਜਾਬ ਦੇ ਸਰਕਾਰੀ ਸਹਾਇਤਾ ਪ੍ਰਾਪਤ (ਏਡਿਡ) ਸਕੂਲਾਂ ਨੂੰ ਬੰਦ ਕਰਨ ਦੀ ਸਾਜ਼ਿਸ਼ ਨੂੰ ਰੋਕਣ ਲਈ ਏਡਿਡ ਸਕੂਲਾਂ ਦੀ ਮੈਨੇਜਮੈਂਟ ਐਸੋਸੀਏਸ਼ਨ, ਪੈਨਸ਼ਨਰ ਐਸੋਸੀਏਸ਼ਨ ਅਤੇ ਅਧਿਆਪਕ ਯੂਨੀਅਨ ਦੀ ਮੀਟਿੰਗ ਰਾਮਗੜ੍ਹੀਆ ਸਕੂਲ ਵਿਖੇ ਸੂਬਾ ਪ੍ਰਧਾਨ ਐਨ.ਐਨ.ਸੈਣੀ, ਪੈਨਸ਼ਨਰ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਗੁਰਚਰਨ ਸਿੰਘ ਚਾਹਲ ਅਤੇ ਮੈਨੇਜਮੈਂਟ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਸੇਵਾ ਸਿੰਘ ਚਾਵਲਾ ਦੀ ਅਗਵਾਈ ਵਿਚ ਕੀਤੀ ਗਈ।ਇਸ ਮੌਕੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਪੁੱਜੇ ਯੂਨੀਅਨ ਆਗੂਆਂ ਨੇ ਕਿਹਾ ਕਿ ਸਿੱਖਿਆ ਵਿਭਾਗ ਵਲੋਂ 16 ਮਈ ਨੂੰ ਇਕ ਪੱਤਰ ਜਾਰੀ ਕਰਕੇ ਏਡਿਡ ਸਕੂਲਾਂ ਦੀਆਂ ਗ੍ਰਾਂਟਾਂ ਬੰਦ ਕਰਨ ਦੀ ਸਾਜ਼ਿਸ਼ ਰਚੀ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀ ਕੀਤਾ ਜਾਵੇਗਾ।ਸੂਬਾ ਪ੍ਰਧਾਨ ਐਨ.ਐਨ.ਸੈਣੀ ਅਤੇ ਪੈਨਸ਼ਨਰ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਗੁਰਚਰਨ ਸਿੰਘ ਚਾਹਲ ਨੇ ਕਿਹਾ ਕਿ ਅਗਰ ਸਿੱਖਿਆ ਵਿਭਾਗ ਨੇ ਇਹ ਏਡਿਡ ਸਕੂਲਾਂ ਵਿਰੋਧੀ ਪੱਤਰ ਜਲਦ ਵਾਪਸ ਨਾ ਲਿਆ ਤਾਂ ਸਿੱਖਿਆ ਵਿਭਾਗ ਦੇ ਇਸ ਮਾਰੂ ਫੈਸਲੇ ਦੇ ਖਿਲਾਫ ਪੰਜਾਬ ਦੇ ਸਮੁੱਚੇ ਏਡਿਡ ਸਕੂਲਾਂ ਦੇ ਅਧਿਆਪਕ ਸਮੂਹਿਕ ਛੁੱਟੀ ਲੈ ਕੇ ਅਤੇ ਏਡਿਡ ਸਕੂਲਾਂ ਦੇ ਪੈਨਸ਼ਨਰ ਤੇ ਮੈਨੇਜਮੈਂਟ ਐਸੋਸੀਏਸ਼ਨ ਦੇ ਪ੍ਰਤੀਨਿਧੀ 22 ਮਈ ਨੂੰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਹਲਕੇ ਸ੍ਰੀ ਅਨੰਦਪੁਰ ਸਾਹਿਬ ਵਿਚ ਵਿਸ਼ਾਲ ਰੋਸ ਮਾਰਚ ਕਰਨਗੇ।ਅਗਰ ਇਸ ਰੋਸ ਧਰਨੇ ਤੋਂ ਬਾਅਦ ਵੀ ਸਰਕਾਰ ਦੇ ਕੰਨ 'ਤੇ ਜੂੰ ਨਾ ਸਰਕੀ ਤਾਂ ਇਸ ਤੋਂ ਵੀ ਵੱਡਾ ਐਕਸ਼ਨ ਕੀਤਾ ਜਾਵੇਗਾ। ਮੀਟਿੰਗ ਵਿਚ ਸ਼ਰਨਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਮੋਹਾਲੀ, ਅਮਰਜੀਤ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਰੋਪੜ, ਪ੍ਰਵੀਨ ਕੁਮਾਰ ਪ੍ਰਧਾਨ ਮੋਗਾ, ਦਲਜੀਤ ਸਿੰਘ ਬੋਲਾ ਪ੍ਰਧਾਨ ਨਵਾਂਸ਼ਹਿਰ, ਸਰਬਜੀਤ ਸਿੰਘ ਢਿੱਲੋਂ ਤਰਨ ਤਾਰਨ, ਰਣਜੀਤ ਸਿੰਘ ਅਨੰਦਪੁਰ ਸਾਹਿਬ, ਸਤਵਿੰਦਰ ਕੁਮਾਰ ਹੁਸ਼ਿਆਰਪੁਰ, ਹਰਦੀਪ ਸਿੰਘ ਰੋਪੜ, ਰਾਜਿੰਦਰ ਕੁਮਾਰ ਫਗਵਾੜਾ ਜਨਰਲ ਸਕੱਤਰ, ਪ੍ਰਿੰ.ਹਰਦੀਪ ਕੌਰ ਫਗਵਾੜਾ ਅਤੇ ਹੋਰ ਆਗੂ ਵੀ ਹਾਜ਼ਰ ਸਨ।

# ਆਸ਼ਾ ਵਰਕਰਜ਼ ਤੇ ਫੈਸਿਲੀਟੇਟਰ ਯੂਨੀਅਨ ਪੰਜਾਬ ਦੀ ਮੀਟਿੰਗ

**ਜਲੰਧਰ, (ਰਾਜੇਸ਼ ਥਾਪਾ)**

ਆਸ਼ਾ ਵਰਕਰਜ਼ ਅਤੇ ਫੈਸਿਲੀਟੇਟਰ ਯੂਨੀਅਨ ਪੰਜਾਬ ਦੀ ਇੱਕ ਬਹੁਤ ਹੀ ਅਹਿਮ ਮੀਟਿੰਗ ਜਥੇਬੰਦੀ ਦੀ ਸੂਬਾ ਪ੍ਰਧਾਨ ਰਾਣੋ ਖੇੜੀ ਗਿੱਲਾਂ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ ਜਿਸ ਵਿੱਚ ਜਥੇਬੰਦੀ ਦੀਆਂ ਆਗੂਆਂ, ਐਕਟਿਵ ਵਰਕਰਾਂ ਅਤੇ ਪ.ਸ.ਸ.ਫ. ਆਗੂਆਂ ਵਲੋਂ ਸ਼ਮੂਲੀਅਤ ਕੀਤੀ ਗਈ।ਸੂਬਾ ਜਨਰਲ ਸਕੱਤਰ ਵਲੋਂ ਪਿਛਲੇ ਸਮੇਂ ਦੌਰਾਨ ਜਥੇਬੰਦੀ ਵਲੋਂ ਕੀਤੇ ਐਕਸ਼ਨਾਂ ਅਤੇ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਸਬੰਧੀ ਚਰਚਾ ਕੀਤੀ।ਉਨ੍ਹਾਂ ਜਾਣਕਾਰੀ ਦਿੱਤੀ ਕਿ ਸਾਂਝੇ ਮੋਰਚੇ ਦੇ ਦਬਾਅ ਹੇਠ ਹੋਈ ਮੀਟਿੰਗ ਦੌਰਾਨ ਸਿਹਤ ਮੰਤਰੀ ਵਲੋਂ ਅਧਿਕਾਰੀਆਂ ਨੂੰ 58 ਸਾਲ ਪੂਰੇ ਕਰ ਚੁੱਕੀਆਂ ਆਸ਼ਾ ਵਰਕਰਾਂ ਨੂੰ ਸੇਵਾ ਮੁਕਤ ਕਰਨ ਵਾਲੇ ਪੱਤਰ ਤੇ ਫੋਨ 'ਤੇ ਹੀ ਰੋਕ ਲਗਾਉਣ ਦੀ ਹਦਾਇਤ ਕੀਤੀ।ਰਜ਼ੀਆ ਸੁਲਤਾਨ ਸੰਗਰੂਰ, ਜਸਵੀਰ ਕੌਰ ਮਲੇਰਕੋਟਲਾ, ਹਰਨਿੰਦਰ ਕੌਰ ਹੁਸ਼ਿਆਰਪੁਰ, ਨਿਰਮਲਾ ਦੇਵੀ ਪਠਾਨਕੋਟ, ਸੰਦੀਪ ਕੌਰ ਬਰਨਾਲਾ, ਮਨਜੀਤ ਕੌਰ ਤਰਨ ਤਾਰਨ ਵਲੋਂ ਵੀ ਵਿਚਾਰ ਪੇਸ਼ ਕੀਤੇ ਗਏ। ਜਥੇਬੰਦੀ ਦੇ ਮੁੱਖ ਸਲਾਹਕਾਰ ਮਨਜੀਤ ਬਾਜਵਾ, ਰਣਜੀਤ ਸਿੰਘ ਈਸਾਪੁਰ ਅਤੇ ਪ.ਸ.ਸ.ਫ. ਦੇ ਸੂਬਾ ਪ੍ਰਧਾਨ ਨੇ ਜਥੇਬੰਦੀ ਨੂੰ ਮਜ਼ਬੂਤ ਕਰਨ ਅਤੇ ਆਸ਼ਾ ਵਰਕਰਾਂ ਨੂੰ ਮੰਗਾਂ ਅਤੇ ਹੱਕਾਂ ਪ੍ਰਤੀ ਸੁਚੇਤ ਕਰਨ ਲਈ ਬਲਾਕ ਪੱਧਰ ਤੱਕ ਮੀਟਿੰਗਾਂ ਕਰਨ ਦੀ ਸਲਾਹ ਦਿੱਤੀ। ਮੀਟਿੰਗ ਵਿੱਚ ਹਾਜ਼ਰ ਵਰਕਰਾਂ ਨੂੰ ਦੱਸਿਆ ਗਿਆ ਕਿ ਪਿਛਲੇ ਸਮੇਂ ਦੌਰਾਨ ਪ.ਸ.ਸ.ਫ. ਦੇ ਵਫਦ ਵਲੋਂ ਮੁੱਖ ਚੋਣ ਅਧਿਕਾਰੀ ਨਾਲ ਮੀਟਿੰਗ ਕਰਕੇ ਮਿਡ ਡੇ ਮੀਲ ਅਤੇ ਆਸ਼ਾ ਵਰਕਰਾਂ ਲਈ ਚੋਣਾਂ ਦੌਰਾਨ ਕੀਤੀ ਡਿਊਟੀ ਦਾ ਮਿਹਨਤਾਨਾ 500 ਰੁਪਏ ਪ੍ਰਤੀ ਦਿਨ ਮੌਕੇ 'ਤੇ ਨਕਦ ਦਿੱਤਾ ਜਾਵੇ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਇਸ ਪੱਤਰ ਦੇ ਤਹਿਤ 23-24 ਮਈ ਨੂੰ ਜਥੇਬੰਦੀ ਵਲੋਂ ਡਿਪਟੀ ਕਮਿਸ਼ਨਰਾਂ ਅਤੇ ਸਿਵਲ ਸਰਜਨਾਂ ਨੂੰ ਮੰਗ ਪੱਤਰ ਸੌਂਪ ਕੇ ਬਾਕੀ ਚੋਣ ਅਮਲੇ ਵਾਂਗ ਮੌਕੇ 'ਤੇ ਹੀ ਆਸ਼ਾ ਵਰਕਰਾਂ ਨੂੰ ਵੀ ਚੋਣ ਭੱਤੇ ਦੀ ਨਕਦ ਅਦਾਇਗੀ ਦੀ ਮੰਗ ਕੀਤੀ ਜਾਵੇਗੀ। ਮੀਟਿੰਗ ਦੇ ਅੰਤ 'ਚ ਸੂਬਾ ਚੇਅਰਪਰਸਨ ਸੁਖਵਿੰਦਰ ਕੌਰ ਵਲੋਂ ਹਾਜ਼ਰ ਸਮੂਹ ਆਗੂਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਉਪਰੋਕਤ ਆਗੂਆਂ ਤੋਂ ਇਲਾਵਾ ਚਰਨਜੀਤ ਕੌਰ, ਕਮਲਜੀਤ ਕੌਰ, ਅਮਰਜੀਤ ਕੌਰ, ਬੇਅੰਤ ਕੌਰ, ਰਾਜ ਕੁਮਾਰੀ, ਮਨਜੀਤ ਕੌਰ, ਕਮਲੇਸ਼ ਰਾਣੀ, ਸੁਰਿੰਦਰ ਕੌਰ, ਰਾਣੋ, ਪਰਮਜੀਤ ਕੌਰ, ਰੂਬੀ ਬਾਲਾ, ਨਸੀਬ ਕੌਰ, ਜਸਵਿੰਦਰ ਕੌਰ, ਬਲਵੀਰ ਕੌਰ, ਜਸਪ੍ਰੀਤ ਕੌਰ, ਇੰਦਰਜੀਤ ਕੌਰ, ਜਸਵੀਰ ਕੌਰ, ਹਰਵਿੰਦਰ ਕੌਰ, ਰਜਨੀ ਸ਼ਰਮਾ, ਰਣਜੀਤਾ, ਹਰਪ੍ਰੀਤ ਕੌਰ, ਕਮਲਜੀਤ ਕੌਰ ਆਦਿ ਆਗੂ ਵੀ ਹਾਜ਼ਰ ਸਨ।



# ਵੋਟਰ 25 ਨੂੰ ਚੋਣ ਕੇਂਦਰ 'ਚ ਜ਼ਰੂਰ ਜਾਣ : ਡੀ ਸੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਅਨੁਰਾਗ ਅਗਰਵਾਲ ਨੇ ਸੂਬੇ ਦੇ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ 25 ਮਈ ਨੂੰ ਹੋਣ ਵਾਲੇ ਲੋਕ ਸਭਾ ਚੋਣ ਵਿਚ ਭਾਗੀਦਾਰ ਹੋਣ ਲਈ ਆਪਣੇ ਸੰਦੂਕ, ਅਲਮਾਰੀ ਤੇ ਲਾਕਰ ਤੋਂ ਵੋਟਰ ਕਾਰਡ ਹੁਣ ਤੋਂ ਹੀ ਕੱਢ ਲੈਣ ਅਤੇ ਬੱਚੇ ਵੀ ਆਪਣੇ ਮਾਤਾ-ਪਿਤਾ ਨੂੰ ਕਹਿਣ ਕਿ 5 ਸਾਲ ਵਿਚ ਆਉਂਦਾ ਹੈ ਚੋਣਾਵ ਕਾ ਪਰਵ-ਦੇਸ਼ ਦਾ ਗਰਵ ਦਾ ਮੌਕਾ, ਇਸ ਲਈ ਵੋਟਿੰਗ ਦੇ ਦਿਨ ਜ਼ਰੂਰ ਜਾਣ ਕਿਉਂਕਿ ਡੀ ਸੀ ਤੇ ਜ਼ਿਲ੍ਹਾ ਚੋਣ ਅਧਿਕਾਰੀ ਨੇ ਵੋਟਿੰਗ ਵਿਚ ਹਿੱਸਾ ਲੈਣ ਲਈ ਤੁਹਾਨੂੰ ਅਪੀਲ ਕੀਤੀ ਹੈ। ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਇਸ ਵਾਰ ਵਿਭਾਗ ਦਾ ਯਤਨ ਹੈ ਕਿ ਇਹ ਵੋਟ ਫੀਸਦੀ ਵਧ ਕੇ ਘੱਟ ਤੋਂ ਘੱਟ 75 ਫੀਸਦੀ ਹੋਵੇ। ਇਸ ਲਈ ਵਿਭਾਗ ਨੇ ਸਵੀਪ ਪ੍ਰੋਗ੍ਰਾਮ ਤਹਿਤ ਅਨੇਕ ਪਹਿਲਾਂ ਕੀਤੀਆਂ ਹਨ, ਜਿਸ ਵਿਚ ਸਕੂਲੀ ਬੱਚਿਆਂ ਦੀ ਸਲੋਗਨ ਮੁਕਾਬਲੇ ਦੇ ਨਾਲ-ਨਾਲ ਚੋਣ ਕੇਂਦਰਾਂ ਵਿਚ ਕਿਸ ਤਰ੍ਹਾ ਵੋਟ ਪਾਇਆ ਜਾਂਦਾ ਹੈ, ਉਸ ਦੀ ਮੌਕਡ੍ਰਿਲ ਵੀ ਕਰਵਾਈ ਜਾ ਰਹੀ ਹੈ। ਬੱਚਿਆਂ ਲਈ 10 ਹਜ਼ਾਰ ਤੱਕ ਦੇ ਪੁਰਸਕਾਰ ਵੀ ਐਲਾਨ ਕੀਤੇ ਹਨ। ਵਿਭਾਗ ਨੇ ਇਸ ਵਾਰ ਸਕੂਲਾਂ ਲਈ 25 ਹਜ਼ਾਰ ਦੇ ਵਿਸ਼ੇਸ਼ ਇਨਾਮ ਦੇਣ ਦੀ ਵੀ ਇਕ ਅਨੋਖੀ ਸ਼ੁਰੂਆਤ ਕੀਤੀ ਹੈ। ਇਸ ਵਿਚ ਸਰਕਾਰੀ ਤੇ ਪ੍ਰਾਈਵੇਟ ਸਕੂਲ ਸਾਰੇ ਭਾਗੀਦਾਰ ਬਣ ਸਕਦੇ ਹਨ।ਉਨ੍ਹਾਂ ਨੇ ਕਿਹਾ ਕਿ ਹੀਟ ਵੇਵ ਨੂੰ ਦੇਖਦੇ ਹੋਏ ਵੱਧ ਸਰੋਤਾਂ ਦੀ ਵਿਵਸਥਾ ਕੀਤੀ ਗਈ ਹੈ। ਕਿਯੂ ਮੈਨੇਜਮੈਂਟ ਐਪ ਰਾਹੀਂ ਸੂਬੇ ਦੀ 30 ਸ਼ਹਿਰੀ ਵਿਧਾਨ ਸਭਾ ਖੇਤਰਾਂ ਵਿਚ ਬੀ ਐਲ ਓ ਵੋਟਰਾਂ ਨੂੰ ਪੱਲ-ਪੱਲ ਦੀ ਜਾਣਕਾਰੀ ਦਵੇਗਾ ਕਿ ਕਿੰਨੇ ਵੋਟਰ ਲਾਈਨ ਵਿਚ ਲੱਗੇ ਹਨ ਅਤੇ ਵੋਟਰ ਆਪਣੀ ਸਹੂਲਤ ਅਨੁਸਾਰ ਚੋਣ ਕੇਂਦਰ ਵਿਚ ਆ ਕੇ ਵੋਟ ਪਾਉਣ।ਉਨ੍ਹਾਂ ਕਿਹਾ ਕਿ ਵੋਟ ਦੇ ਬਿਨਾਂ ਲੋਕਤੰਤਰ ਦਾ ਇਹ ਮਹਾਉਤਸਵ ਅਧੂਰਾ ਹੈ, ਇਸ ਲਈ ਹਰ ਵੋਟਰ ਨੂੰ ਆਪਣੀ ਵੋਟ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। ਚੋਣ ਕਮਿਸ਼ਨ ਦੀ ਪਹਿਲ 'ਤੇ ਇਸ ਵਾਰ 85 ਸਾਲ ਤੋਂ ਵੱਧ ਉਮਰ ਤੇ ਦਿਵਿਆਂਗ ਵੋਟਰ ਲਈ ਘਰ ਤੋਂ ਹੀ ਵੋਟ ਪਾਉਣ ਦੀ ਵਿਵਸਥਾ ਕੀਤੀ ਗਈ ਹੈ। ਚੋਣ ਡਿਊਟੀ ਵਿਚ ਲੱਗੇ ਕਰਮਚਾਰੀ ਤੇ ਅਧਿਕਾਰੀ ਪਹਿਲਾਂ ਤੋਂ ਅਜਿਹੇ ਵੋਟਰਾਂ ਤੋਂ ਸਹਿਮਤੀ ਲੈ ਕੇ ਉਨ੍ਹਾਂ ਦਾ ਵੋਟ ਘਰ ਤੋਂ ਹੀ ਪੁਆ ਰਹੇ ਹਨ।

# ਦਰਬਾਰ ਪੀਰ ਬਾਬਾ ਲੱਖ ਦਾਤਾ ਢੰਡੋਲੀ 'ਚ ਸਾਲਾਨਾ ਮੇਲਾ ਮਨਾਇਆ



**ਬੰਗਾ (ਅਵਤਾਰ ਕਲੇਰ)**

ਦਰਬਾਰ ਪੀਰ ਬਾਬਾ ਲੱਖ ਦਾਤਾ ਜੀ ਢੰਡੋਲੀ ਵਿਖੇ ਸਲਾਨਾ ਮੇਲਾ ਸਾਈਂ ਲਖਵੀਰ ਸ਼ਾਹ ਕਾਦਰੀ ਖਾਨਦਾਨੀ ਗੱਦੀਨਸ਼ੀਨ ਪੀਰ ਬਾਬਾ ਲੱਖ ਦਾਤਾ ਦਰਬਾਰ ਕਟਾਰੀਆ ਦੀ ਰਹਿਨੁਮਾਈ ਹੇਠ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਦਰਬਾਰ ਦੀਆਂ ਧਾਰਮਿਕ ਰਸਮਾਂ ਚਿਰਾਗਾਂ ਦੀ ਰਸਮ, ਨਿਸ਼ਾਨ ਸਾਹਿਬ ਦੀ ਰਸਮ, ਚਾਦਰ ਦੀ ਰਸਮ ਸਾਈਂ ਲਖਵੀਰ ਸ਼ਾਹ ਕਾਦਰੀ ਅਤੇ ਦਰਬਾਰ ਦੇ ਮੁੱਖ ਸੇਵਾਦਾਰ ਬਾਬਾ ਮੇਜਰ ਰਾਮ ਨਿਭਾਈ ਗਈ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਪੰਜਾਬ ਦੇ ਮਸ਼ਹੂਰ ਕਲਾਕਾਰ ਰਜ਼ਾ ਹੀਰ, ਕਮਲ ਕਟਾਨੀਆ, ਨਿਰਮਲਜੀਤ, ਕੁਲਦੀਪ ਰੁਹਾਨੀ, ਲਸ਼ਕਰ ਸਰਗੁੰਦੀ, ਕੌਰ ਸਿਸਟਰਜ਼, ਮੋਹਣ ਮਾਹੀ, ਸਾਬਰੀ ਸਾਬੂ ਆਦਿ ਕਲਾਕਾਰਾਂ ਨੇ ਧਾਰਮਿਕ ਅਤੇ ਸੱਭਿਆਚਾਰ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸੈਕਟਰੀ ਦੀ ਭੂਮਿਕਾ ਕੇਵਲ ਬਿਲਗਾ ਵਲੋਂ ਨਿਭਾਈ ਗਈ। ਸਾਈਂ ਲਖਵੀਰ ਸ਼ਾਹ ਕਾਦਰੀ ਅਤੇ ਬਾਬਾ ਮੇਜਰ ਰਾਮ ਵਲੋਂ ਮਹਾਂਪੁਰਸ਼ਾਂ, ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਬਾਬਾ ਬਿੱਲੇ ਸ਼ਾਹ ਸਫਰੋਜ਼, ਰੇਸ਼ਮ ਸਿੰਘ ਰੋਸ਼ੀ, ਸੇਵਾ ਸਿੰਘ, ਬਲਵੀਰ ਕੰਗ, ਚਰਨਜੀਤ, ਗੁਰਮੇਲ ਸਿੰਘ ਸਾਬਕਾ ਸਰਪੰਚ, ਬਿਹਾਰੀ ਲਾਲ, ਕੇਸਰ ਰਾਮ, ਰਾਮ ਪਾਲ ਫੌਜੀ, ਕਿਸ਼ਨ ਦਾਸ ਆਦਿ ਹਾਜ਼ਰ ਸਨ।

# ਬੱਸ ਹਾਦਸੇ 'ਚ ਸ਼ਰਧਾਲੂਆਂ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਧਾਰਮਿਕ ਅਸਥਾਨਾਂ ਦੀ ਯਾਤਰਾ ਉਪਰੰਤ ਵਾਪਸ ਆ ਰਹੀ ਸ਼ਰਧਾਲੂਆਂ ਦੀ ਬੱਸ ਨੂੰ ਅੱਗ ਲੱਗਣ ਕਾਰਨ ਕਈ ਸ਼ਰਧਾਲੂਆਂ ਦੀ ਮੌਤ 'ਤੇ ਸਮਾਜ ਸੇਵੀ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਪੀੜਤ ਪਰਵਾਰਾਂ ਲਈ ਹਮਦਰਦੀ ਪ੍ਰਗਟ ਕੀਤੀ ਗਈ। ਉਨ੍ਹਾਂ ਕਿਹਾ ਕਿ ਦੁਰਘਟਨਾਗ੍ਰਸਤ ਲੋਕਾਂ ਵੱਲੋਂ ਰਾਹਗੀਰਾਂ ਤੋਂ ਮਦਦ ਲਈ ਵੀ ਬੇਨਤੀ ਕੀਤੀ ਗਈ ਪਰੰਤੂ ਦੁੱਖ ਦੀ ਗੱਲ ਹੈ ਕੋਈ ਮਦਦ ਨਹੀਂ ਮਿਲੀ। ਪ੍ਰੋਫੈਸਰ ਸੁਨੇਤ ਨੇ ਕਿਹਾ ਕਿ ਸੜਕਾਂ ਉੱਤੇ ਵਾਪਰ ਦੀਆਂ ਅਜਿਹੀਆਂ ਘਟਨਾਵਾਂ ਰੋਕਣ ਲਈ ਅਤੇ ਹਾਦਸੇ ਵਿੱਚ ਗ੍ਰਸਤ ਲੋਕਾਂ ਨੂੰ ਬਚਾਉਣ ਲਈ ਦੇਸ਼ ਭਰ ਵਿੱਚ ਵਿਸ਼ੇਸ਼ ਉਪਰਾਲੇ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੜਕੀ ਦੁਰਘਟਨਾਵਾਂ ਦੌਰਾਨ ਸਹਾਇਤਾ ਕਰਨ ਲਈ ਸਥਾਪਤ ਕੀਤੀ ਗਈ ਸੜਕ ਸੁਰੱਖਿਆ ਫੋਰਸ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਅਜਿਹੀ ਅਵਸਥਾ ਦੁਰਘਟਨਾ ਵਾਲੇ ਅਸਥਾਨ 'ਤੇ ਉਪਲਬਧ ਹੁੰਦੀ ਤਾਂ ਕਈ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਸਨ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਜਿਸ ਤਰ੍ਹਾਂ ਪੰਜਾਬ ਸਰਕਾਰ ਵੱਲੋਂ ਸੜਕ ਸੁਰੱਖਿਆ ਫੋਰਸ ਦਾ ਗਠਨ ਕੀਤਾ ਗਿਆ ਹੈ ਇਹ ਸੇਵਾ ਦੇਸ਼ ਭਰ ਵਿੱਚ ਲਾਗੂ ਹੋਣੀ ਚਾਹੀਦੀ ਹੈ। ਪੰਜਾਬ ਵਿੱਚ ਕਿਸੇ ਵੀ ਐਮਰਜੈਂਸੀ ਦੌਰਾਨ ਮਦਦ ਲਈ 112 ਹੈਲਪ ਲਾਈਨ ਨੰਬਰ ਹੈ, ਜਿਸ ਨੂੰ ਹਰ ਹਰ ਵਾਹਨ ਦੇ ਅੰਦਰ ਲਿਖਿਆ ਹੋਵੇ ਅਤੇ ਇਸੇ ਤਰ੍ਹਾਂ ਹੀ ਦੇਸ਼ ਭਰ ਲਈ ਸਾਂਝਾ ਨੰਬਰ ਵੀ ਜਾਰੀ ਕੀਤਾ ਜਾਵੇ ਅਤੇ ਲੋੜਵੰਦ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਬਚਾਉਣ ਲਈ ਦੇਸ਼ ਭਰ ਵਿੱਚ ਕਾਰਜ ਕੀਤੇ ਜਾ ਸਕਣ।

# ਗੁੱਜਰਾਂ ਦੇ ਡੇਰੇ 'ਚ ਅੱਗ ਲੱਗਣ ਕਾਰਨ ਹੋਏ ਨੁਕਸਾਨ ਨੂੰ ਲੈ ਕੇ ਵਫਦ ਡਿਪਟੀ ਕਮਿਸ਼ਨਰ ਨੂੰ ਮਿਲਿਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਮਹਿਤਪੁਰ 'ਚ ਗੁੱਜਰਾਂ ਦੇ ਡੇਰੇ ਅੰਦਰ ਅੱਗ ਲੱਗਣ ਕਾਰਨ ਹੋਏ ਨੁਕਸਾਨ ਨੂੰ ਲੈ ਕੇ ਵਫਦ ਜੈ ਗੋਪਾਲ ਧੀਮਾਨ ਦੀ ਅਗਵਾਈ 'ਚ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੂੰ ਮਿਲਿਆ ਅਤੇ ਝੁਲਸੇ ਜਾਨਵਰਾਂ ਦੀ ਮੈਡੀਕਲ ਰੀਪੋਰਟ ਦੀ ਕਾਪੀ ਵੀ ਨਾਲ ਨੱਥੀ ਕੀਤੀ ਤੇ ਦੱਸਿਆ ਕਿ ਕੱਲ੍ਹ ਦਾ ਵਾਕਿਆ ਅਤਿਅੰਤ ਦੁਖਦਾਈ ਸੀ ਤੇ ਜਿਸ ਤਰ੍ਹਾਂ ਪਸ਼ੂ ਅੱਗ ਵਿਚ ਝੁਲਸ ਗਏ ਤੇ ਡੇਰੇ ਦੇ ਮਾਲਕਾਂ ਦਾ ਬਹੁਤ ਭਾਰੀ ਨੁਕਸਾਨ ਹੋਇਆ ਤੇ ਉਨ੍ਹਾਂ ਦੇ ਘਰ ਦਾ ਰਾਸ਼ਨ ਅਤੇ ਸਿਰ ਦੀ ਛੱਤ ਪੂਰੀ ਤਰ੍ਹਾਂ ਅੱਗ ਵਿਚ ਝੁਲਸ ਗਈ। ਉਨ੍ਹਾਂ ਪੀੜਤਾਂ ਨੂੰ ਆਪਣੇ ਰਿਸ਼ਤੇਦਾਰਾਂ ਕੋਲ ਰਾਤ ਕੱਟਣੀ ਪਈ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੀ ਹਾਲੇ ਤੱਕ ਕੋਈ ਵੀ ਤੁਰੰਤ ਰਾਹਤ ਮੁਹਈਆ ਕਰਵਾਉਣ ਦੀ ਕੋਈ ਸੰਵਿਧਾਨਕ ਨੀਤੀ ਨਹੀਂ,ਜਿਸ ਕਾਰਨ ਪੀੜਤਾਂ ਨੂੰ ਲੰਬਾਂ ਸਮਾਂ ਰਾਹਤ ਲਈ ਉਡੀਕ ਕਰਨੀ ਪੈਂਦੀ ਹੈ। ਧੀਮਾਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਵੀ ਲੋਕਾਂ ਦਾ ਸਰਕਾਰ ਦੀਆਂ ਅਣਗਹਿਲੀਆਂ ਕਾਰਨ ਕੋਈ ਨੁਕਸਾਨ ਹੁੰਦਾ ਹੈ ਉਹ ਮੁਆਵਜ਼ੇ ਲਈ ਜ਼ਰੂਰ ਲੜਨ। ਧੀਮਾਨ ਨੇ ਦੱਸਿਆ ਕਿ ਲੇਬਰ ਪਾਰਟੀ ਲੋਕਾਂ ਨੂੰ ਜਾਗਰੂਕ ਕਰ ਰਹੀ ਹੈ ਤਾਂ ਕਿ ਲੋਕਾਂ ਨੂੰ ਹੋਏ ਨੁਕਸਾਨ ਦਾ ਮੁਆਵਜ਼ਾ ਮਿਲ ਸਕੇ।ਇਸ ਮੌਕੇ ਹਨੀਫ ਅਤੇ ਸਲੀਮ ਵੀ ਨਾਲ ਸਨ।



# ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਵੱਲੋਂ ਚੋਣਾ ਜਾਗਰੂਕਤਾ ਰੈਲੀ

**ਸੁਲਤਾਨਪੁਰ ਲੋਧੀ, (ਹਨੀ)**

ਚੋਣ ਅਧਿਕਾਰੀ ਅਤੇ ਐਸ.ਡੀ.ਐਮ ਸੁਲਤਾਨਪੁਰ ਲੋਧੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਪ੍ਰਿੰਸੀਪਲ ਰੇਨੂ ਅਰੋੜਾ ਦੀ ਅਗਵਾਈ 'ਚ ਚੋਣਾਂ ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਰੈਲੀ ਦਾ ਆਯੋਜਨ ਕੀਤਾ ਗਿਆ। ਜਿਸ ਦਾ ਮੁੱਖ ਉਦੇਸ਼ ਇਲਾਕੇ ਦੇ ਆਮ ਵਸਨੀਕਾਂ ਨੂੰ ਚੋਣਾਂ ਸਬੰਧੀ ਜਾਗਰੂਕ ਕਰਨਾ ਸੀ। ਇਸ ਰੈਲੀ ਦੁਆਰਾ ਆਮ ਜਨਤਾ ਨੂੰ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ ਲਈ ਪ੍ਰੇਰਿਤ ਕੀਤਾ ਗਿਆ। ਰੈਲੀ ਦੌਰਾਨ ਵਿਦਿਆਰਥੀਆਂ ਦੁਆਰਾ ਹਰ ਇੱਕ ਆਮ ਤੇ ਖਾਸ ਵਸਨੀਕ ਦੇ ਨਾਲ- ਨਾਲ ਹਰ ਇੱਕ ਦੁਕਾਨਦਾਰ, ਦਿਹਾੜੀਦਾਰ ਨੂੰ ਵੋਟ ਦੀ ਅਹਿਮੀਅਤ ਬਾਰੇ ਦੱਸਦੇ ਹੋਏ ਵੋਟ ਦਾ ਸਹੀ ਇਸਤੇਮਾਲ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਤੋਂ ਇਲਾਵਾ ਸਕੂਲ ਵਿੱਚ ਵੀ ਵਿਦਿਆਰਥੀਆਂ ਦੁਆਰਾ 'ਮੇਰਾ ਵੋਟ ਮੇਰਾ ਅਧਿਕਾਰ' ਦੇ ਤਹਿਤ ਪੋਸਟਰ ਮੇਕਿੰਗ ਐਕਟੀਵਿਟੀ ਕੀਤੀ ਗਈ। ਜਿਸ ਵਿੱਚ ਵਿਦਿਆਰਥੀਆਂ ਨੇ ਪੋਸਟਰ ਮੇਕਿੰਗ ਰਾਹੀਂ ਵੋਟ ਦੇ ਅਧਿਕਾਰ ਤੋਂ ਜਾਣੂ ਕਰਵਾਇਆ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਡਾਇਰੈਕਟਰ ਸਕੂਲ ਇੰਜੀਨੀਅਰ ਹਨਿਆਮਤ ਕੌਰ, ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਵੱਲੋਂ ਜਨਤਾ ਨੂੰ ਇਨ੍ਹਾਂ ਚੋਣਾਂ ਦੇ ਵਿੱਚ ਨਿਰਪੱਖ ਰੂਪ ਨਾਲ ਵੋਟ ਦਾ ਇਸਤੇਮਾਲ ਕਰਨ ਅਤੇ ਸਹੀ ਸਰਕਾਰ ਚੁਣਨ ਦਾ ਸੁਨੇਹਾ ਦਿੱਤਾ ਗਿਆ।



# ਮਹਿੰਦਰ ਸਿੰਘ ਕੇ ਪੀ ਨੂੰ ਨਕੋਦਰ ਹਲਕੇ ਦੇ ਦੌਰੇ ਦੌਰਾਨ ਮਿਲਿਆ ਭਰਵਾਂ ਹੁੰਗਾਰਾ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਨਕੋਦਰ ਸ਼ਹਿਰ ਵਿਖੇ ਟੱਕਰ ਕੰਪਲੈਕਸ ਮੁਹੱਲਾ ਰਾਜਪੂਤਾਂ ਵਿਖੇ ਸੁਰਿੰਦਰ ਪਾਲ ਸਿੰਘ ਟੱਕਰ ਟੱਕਰ ਟੈਂਟ ਹਾਊਸ ਨਕੋਦਰ ਅਤੇ ਸਮੂਹ ਟੱਕਰ ਪਰਵਾਰ ਅਤੇ ਸਮੂਹ ਨਕੋਦਰ ਨਿਵਾਸੀ ਵੱਲੋਂ ਲੋਕ ਸਭਾ ਜਲੰਧਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਮਹਿੰਦਰ ਸਿੰਘ ਕੇਪੀ ਦੇ ਐਤਵਾਰ ਨਕੋਦਰ ਹਲਕੇ ਦੇ ਦੌਰੇ ਦੌਰਾਨ ਭਰਵਾਂ ਹੁੰਗਾਰਾ ਮਿਲਿਆ। ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਵਿੱਚ ਚੁਣਾਵੀ ਮੀਟਿੰਗਾਂ ਦੌਰਾਨ ਅਹੁਦੇਦਾਰਾਂ ਅਤੇ ਵਰਕਰਾਂ, ਸਮੂਹ ਸੰਗਤਾਂ ਵੱਲੋਂ ਮਹਿੰਦਰ ਸਿੰਘ ਕੇਪੀ ਨੂੰ ਜਿੱਤ ਦਾ ਭਰੋਸਾ ਦਿਵਾਇਆ ਗਿਆ ਅਤੇ ਇਸ ਮੌਕੇ ਹਰੇਕ ਪਿੰਡ ਵਿੱਚ ਛੋਟੀਆਂ ਛੋਟੀਆਂ ਮੀਟਿੰਗਾਂ ਵੀ ਵੱਡੀਆਂ ਰੈਲੀਆਂ ਦਾ ਰੂਪ ਧਾਰਨ ਕਰਦੀਆਂ ਰਹੀਆਂ। ਗੁਰਪ੍ਰਤਾਪ ਸਿੰਘ ਵਡਾਲਾ ਅਤੇ ਮਹਿੰਦਰ ਸਿੰਘ ਕੇਪੀ ਨੇ ਮੌਕੇ ਦੀ ਪੰਜਾਬ ਸਰਕਾਰ 'ਤੇ ਤਨਜ਼ ਕੱਸਦਿਆਂ ਕਿਹਾ ਕਿ ਲੋਕਾਂ ਨੂੰ ਬੇਵਕੂਫ਼ ਬਣਾਉਣ 'ਚ ਬਹੁਤ ਮਾਹਰ ਹੈ, ਜਿਵੇਂ ਕਿ ਹਰ ਮਹਿਲਾ ਨੂੰ 1000 ਰੁਪਏ ਮਹੀਨਾ ਦੇਣ ਦਾ ਝੂਠਾ ਵਾਅਦਾ, ਚਾਰ ਹਫਤਿਆਂ ਵਿੱਚ ਨਸ਼ਾ ਬੰਦ ਕਰਨਾ। ਅੱਜ ਇਨ੍ਹਾਂ ਨੂੰ ਕਰੀਬ ਤਿੰਨ ਸਾਲ ਦੇ ਸਮਾਂ ਹੋ ਗਿਆ, ਨਸ਼ਾ ਇੰਨਾ ਕੁ ਵਧ ਗਿਆ ਕਿ ਹਰ ਪਿੰਡ ਅਤੇ ਸ਼ਹਿਰ ਦੇ ਕੋਨੇ ਕੋਨੇ ਵਿੱਚ ਸ਼ਰੇਆਮ ਵਿਕਦਾ ਅਤੇ ਖੱਡਾਂ ਵਿੱਚੋਂ 5 ਰੁਪਏ ਰੇਤਾ ਦਾ ਝੂਠਾ ਜੁਮਲਾ ਅਤੇ ਆਮ ਆਦਮੀ ਪਾਰਟੀ ਦੇ ਮੌਜੂਦਾ ਐਮ.ਐਲ.ਏ ਅਤੇ ਹਲਕਾ ਇੰਚਾਰਜ ਰੇਤਾ ਵਿੱਚੋਂ, ਨਸ਼ੇ ਵਿੱਚੋਂ ਅਤੇ ਤਹਿਸੀਲਾਂ ਵਿੱਚੋਂ ਵੀ ਸ਼ਰੇਆਮ ਪੈਸੇ ਲੈਂਦੇ ਹਨ। ਮਹਿੰਦਰ ਸਿੰਘ ਕੇਪੀ ਵੱਲੋਂ ਵੀ ਅੱਜ ਇਨ੍ਹਾਂ ਮੀਟਿੰਗਾਂ ਦੌਰਾਨ ਹਲਕੇ ਦੀ ਸਮੂਹ ਸੰਗਤਾਂ ਨੂੰ ਇਹ ਯਕੀਨ ਦਿਵਾਇਆ ਗਿਆ ਕਿ ਮੈਂ ਸੰਸਦ ਮੈਂਬਰ ਬਣ ਕੇ ਜਲੰਧਰ ਜ਼ਿਲ੍ਹੇ ਦੀ ਜਨਤਾ ਦੇ ਮਸਲੇ ਅਤੇ ਵਿਕਾਸ ਕਾਰਜ ਪਹਿਲ ਦੇ ਅਧਾਰ 'ਤੇ ਕਰਵਾਵਾਂਗਾ। ਮਹਿੰਦਰ ਸਿੰਘ ਕੇਪੀ ਵੱਲੋਂ ਹਲਕਾ ਨਕੋਦਰ ਵਾਸੀਆਂ ਨੂੰ ਇਹ ਅਪੀਲ ਕੀਤੀ ਗਈ ਕਿ ਵੱਧ ਚੜ੍ਹ ਕੇ ਉਹ ਆਪਣੇ ਵੋਟ ਬੈਂਕ ਦਾ ਇਸਤੇਮਾਲ ਸ਼੍ਰੋਮਣੀ ਅਕਾਲੀ ਦਲ ਵਾਸਤੇ ਕਰਨ, ਜਿਸ ਨਾਲ ਕਿ ਜ਼ਿਲ੍ਹਾ ਜਲੰਧਰ ਨੂੰ ਚੰਗਾ ਸੰਸਦ ਮੈਂਬਰ ਅਤੇ ਵਿਕਾਸ ਮਿਲ ਸਕੇ। ਇਸ ਮੌਕੇ ਅਵਤਾਰ ਸਿੰਘ ਕਲੇਰ, ਸੁਰਤੇਜ ਸਿੰਘ ਬਾਸੀ, ਰਮੇਸ਼ ਸੋਂਧੀ ਐਮ.ਸੀ, ਗੁਰਵਿੰਦਰ ਸਿੰਘ ਭਾਟੀਆ, ਅਮਰਜੀਤ ਸ਼ੇਰਪੁਰ ਐਮ.ਸੀ ਨਕੋਦਰ, ਜੋਗਿੰਦਰ ਗਿੱਲ, ਰਿੰਕੂ ਗਿੱਲ ਬਲਵਿੰਦਰ ਮਾਨ, ਅਮਰਪ੍ਰੀਤ ਸਿੰਘ ਖੁਰਾਣਾ, ਗੁਰਮੇਲ ਟਾਂਡਾ, ਦਵਿੰਦਰ ਸ਼ਰਮਾ, ਸੁਲੱਖਣ ਸਿੰਘ, ਸਤਵੰਤ ਸਿੰਘ ਕਾਲਾ ਭਲਵਾਨ, ਬਲਵਿੰਦਰ ਮਾਨ, ਅਮਿਤ ਖੋਸਲਾ, ਨਵਜੋਤ ਦੀਪਕ ਭੱਟੀ, ਲਖਬੀਰ ਸਿੰਘ ਚੰਨੀ, ਗਿੰਦਰਪਾਲ ਸਿੰਘ, ਅਮਰਪ੍ਰੀਤ ਸਿੰਘ ਚਾਵਲਾ ਅਤੇ ਹੋਰ ਸੰਗਤਾਂ ਹਾਜ਼ਰ ਸਨ।



# ਜਾਡਲਾ 'ਚ ਭਾਜਪਾ ਉਮੀਦਵਾਰ ਦਾ ਵਿਰੋਧ ਕਰਨ ਜਾਂਦੇ ਕਿਸਾਨ, ਮਜ਼ਦੂਰ ਗ੍ਰਿਫਤਾਰ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਪਿੰਡ ਜਾਡਲਾ ਵਿਖੇ ਸ੍ਰੀ ਅਨੰਦਪੁਰ ਸਾਹਿਬ ਹਲਕੇ ਤੋਂ ਭਾਜਪਾ ਉਮੀਦਵਾਰ ਸੁਭਾਸ਼ ਸ਼ਰਮਾ ਦਾ ਵਿਰੋਧ ਕਰਨ ਜਾ ਰਹੇ 50 ਦੇ ਕਰੀਬ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ।ਜਿਨ੍ਹਾਂ ਵਿਚ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ, ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਸੁਰਿੰਦਰ ਸਿੰਘ ਸੋਇਤਾ, ਮੱਖਣ ਸਿੰਘ ਭਾਨ ਮਜਾਰਾ, ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਕਮਲਜੀਤ ਸਨਾਵਾ, ਕਿਰਨਜੀਤ ਕੌਰ, ਸੁਰਿੰਦਰ ਮੀਰਪੁਰੀ ਆਦਿ ਆਗੂ ਸ਼ਾਮਲ ਹਨ।ਕਿਰਨਜੀਤ ਕੌਰ ਆਪਣੇ ਇਕ ਸਾਲ ਦੇ ਬੱਚੇ ਨਾਲ ਗ੍ਰਿਫਤਾਰ ਕੀਤੀ ਗਈ।ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਤਰਸੇਮ ਸਿੰਘ ਬੈਂਸ ਅਤੇ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਹਰੀ ਰਾਮ ਰਸੂਲਪੁਰੀ ਨੇ ਦੱਸਿਆ ਕਿ ਪਿੰਡ ਜਾਡਲਾ ਵਿਖੇ ਭਾਜਪਾ ਉਮੀਦਵਾਰ ਸੁਭਾਸ਼ ਸ਼ਰਮਾ ਨੇ ਜਨ ਸਭਾ ਨੂੰ ਸੰਬੋਧਨ ਕਰਨ ਆਉਣਾ ਸੀ।ਉਸ ਦੇ ਆਉਣ ਤੋਂ ਪਹਿਲਾਂ ਇਹ ਕਿਸਾਨ ਮਜ਼ਦੂਰ ਜਾਡਲਾ ਦੀ ਦਾਣਾ ਮੰਡੀ ਇਕੱਤਰ ਹੋਏ।ਜਿੱਥੋਂ ਇਹ ਆਪਣੇ ਵਾਹਨਾਂ ਉੱਤੇ ਪਿੰਡ ਜਾਡਲਾ ਵੱਲ ਚੱਲ ਪਏ।ਰਸਤੇ ਵਿਚ ਨਹਿਰ ਦੇ ਪੁਲ 'ਤੇ ਪੁਲਸ ਨੇ ਨਾਕਾ ਲਾਇਆ ਹੋਇਆ ਸੀ, ਜਿਥੋਂ ਇਹ ਪਿੰਡ ਉਟਾਲ ਵੱਲ ਨੂੰ ਚੱਲ ਪਏ।ਜਦੋਂ ਇਹ ਪਿੰਡ ਉਟਾਲ ਤੋਂ ਹੁੰਦੇ ਹੋਏ ਜਾਡਲਾ ਦੇ ਉਟਾਲ ਚੌਂਕ ਕੋਲ ਪਹੁੰਚੇ ਉੱਥੇ ਪਹਿਲਾਂ ਤੋਂ ਹੀ ਉਨ੍ਹਾਂ ਦੀ ਉਡੀਕ ਕਰ ਰਹੀ ਭਾਰੀ ਗਿਣਤੀ ਪੁਲਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਬੱਸਾਂ ਵਿੱਚ ਬੈਠਾ ਕੇ ਥਾਣਾ ਔੜ ਵਿਖੇ ਲੈ ਗਈ। ਬੈਂਸ ਅਤੇ ਰਸੂਲਪੁਰੀ ਨੇ ਇਨ੍ਹਾਂ ਗ੍ਰਿਫਤਾਰੀਆਂ ਦੀ ਨਿੰਦਾ ਕਰਦਿਆਂ ਕਿਸਾਨਾਂ ਮਜ਼ਦੂਰਾਂ ਨੂੰ ਫੌਰੀ ਰਿਹਾਅ ਕਰਨ ਦੀ ਮੰਗ ਕੀਤੀ ਹੈ।ਇਸ ਮੌਕੇ ਸੁਰਿੰਦਰ ਸਿੰਘ ਬੈਂਸ, ਭੁਪਿੰਦਰ ਸਿੰਘ ਵੜੈਚ, ਪਰਮਜੀਤ ਸਿੰਘ ਸਹਾਬਪੁਰ, ਬਲਵਿੰਦਰ ਸਿੰਘ ਭਾਨ ਮਜਾਰਾ, ਮੱਖਣ ਸਿੰਘ ਭਾਨ ਮਜਾਰਾ, ਪਰਮਜੀਤ ਸਿੰਘ ਭਾਨ ਮਜਾਰਾ, ਬਲਵਿੰਦਰ ਸਿੰਘ ਬਬਰੋਜਾਰਾ, ਚਰਨਜੀਤ ਸਿੰਘ ਦੌਲਤਪੁਰ, ਕਾਕਾ ਸ਼ਾਹਪੁਰ, ਭੱਜੀ ਸ਼ਾਹਪੁਰ, ਕਲਬੀਰ ਸਿੰਘ ਸ਼ਾਹਪੁਰ, ਦਰਸ਼ਨ ਸਿੰਘ ਸਰਪੰਚ ਸ਼ਾਹਪੁਰ, ਮੇਜਰ ਸਿੰਘ ਉਸਮਾਨਪੁਰ, ਸ਼ਿੰਦਾ ਸ਼ਾਹਪੁਰ, ਮੇਜਰ ਸ਼ਾਹਪੁਰ, ਬਿੱਕਰ ਸ਼ੇਖ ਉਮਰ ਸਿੰਘ ਸ਼ੇਰੂਪਰ, ਸੁਰਿੰਦਰ ਸਿੰਘ ਸੋਹਤਾ ਹਾਜ਼ਰ ਸਨ।



# ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ 'ਚ ਕਵਿਤਾ ਉਚਾਰਨ ਮੁਕਾਬਲੇ ਕਰਵਾਏ

**ਜਲੰਧਰ (ਇਕਬਾਲ ਸਿੰਘ ਉੱਭੀ)**

ਵਿਦਿਆਰਥੀਆਂ ਨੂੰ ਬਚਪਨ ਤੋਂ ਹੀ ਕਾਵਿ ਪਾਠ ਵਿਚ ਭਾਗ ਲੈਣ ਲਈ ਪ੍ਰੇਰਿਤ ਕਰਨ ਲਈ ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ, ਨਿਊ ਡਿਫੈਂਸ ਕਲੋਨੀ, ਜਲੰਧਰ ਵਿਖੇ ਪ੍ਰਿੰਸੀਪਲ ਬਬੀਤਾ ਸ਼ਰਮਾ ਅਤੇ ਸਮੂਹ ਸਟਾਫ਼ ਮੈਂਬਰਾਂ ਦੀ ਅਗਵਾਈ ਹੇਠ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਵਿਚਕਾਰ ਕਵਿਤਾ ਉਚਾਰਨ ਮੁਕਾਬਲੇ ਕਰਵਾਏ ਗਏ। ਇਸ ਸਮਾਗਮ ਦਾ ਵਿਸ਼ਾ ਸੀ ਰੁੱਖ ਲਗਾਓ ਅਤੇ ਧਰਤੀ ਬਚਾਓ। ਇਸ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਵਾਤਾਵਰਨ ਅਤੇ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਲੋੜ ਬਾਰੇ ਜਾਗਰੂਕ ਕਰਨਾ ਸੀ। ਇਸ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਸੁੰਦਰ ਕਵਿਤਾਵਾਂ ਪੇਸ਼ ਕੀਤੀਆਂ। ਇਸ ਮੁਕਾਬਲੇ ਵਿੱਚ ਦਿਲਚਸਪ ਗੱਲ ਇਹ ਰਹੀ ਕਿ ਵਿਦਿਆਰਥੀਆਂ ਨੇ ਵਾਤਾਵਰਨ ਨੂੰ ਬਚਾਉਣ ਸਬੰਧੀ ਬਹੁਤ ਹੀ ਗਿਆਨ ਭਰਪੂਰ ਕਵਿਤਾਵਾਂ ਸੁਣਾਈਆਂ। ਸਕੂਲ ਦੇ ਇਸ ਉਪਰਾਲੇ 'ਤੇ ਗਰੁੱਪ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ।



# ਏ ਜੀ ਆਈ ਗਲੋਬਲ ਸਕੂਲ ਦੇ ਬੱਚਿਆਂ ਵੱਲੋਂ ਬਿਰਧ ਆਸ਼ਰਮ ਦਾ ਦੌਰਾ

**ਜਲੰਧਰ ( ਰਾਜੇਸ਼ ਥਾਪਾ)**

ਏਜੀਆਈ ਗਲੋਬਲ ਸਕੂਲ ਦੇ ਬੱਚਿਆਂ ਦੇ ਇੱਕ ਸਮੂਹ ਨੇ ਬਜ਼ੁਰਗਾਂ ਦੀ ਦੇਖਭਾਲ ਬਾਰੇ ਜਾਣਨ ਲਈ ਇੱਕ ਬਿਰਧ ਆਸ਼ਰਮ ਦਾ ਦੌਰਾ ਕੀਤਾ। ਉਨ੍ਹਾਂ ਨੇ ਬਜ਼ੁਰਗਾਂ ਨਾਲ ਗੱਲਬਾਤ ਕਰਕੇ ਅਤੇ ਉਨ੍ਹਾਂ ਦੀਆਂ ਕਹਾਣੀਆਂ ਸੁਣ ਕੇ ਸਮਾਂ ਬਿਤਾਇਆ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸੁਰਿੰਦਰਜੀਤ ਕੌਰ ਦੇ ਅਨੁਸਾਰ ਇਸ ਦੌਰੇ ਨੇ ਬੱਚਿਆਂ ਨੂੰ ਵੱਡਿਆਂ ਦੇ ਪ੍ਰਤੀ ਦਿਆਲਤਾ ਅਤੇ ਸਤਿਕਾਰ ਦਿਖਾਉਣ ਦੀ ਮਹੱਤਤਾ ਸਿਖਾਈ।ਉਹਨਾਂ ਨੇ ਅੱਗੇ ਕਿਹਾ ਕਿ ਇਸ ਦੇ ਨਾਲ ਉਹਨਾਂ ਨੇ ਆਪਣੇ ਭਾਈਚਾਰੇ ਵਿੱਚ ਬਜ਼ੁਰਗਾਂ ਦੀ ਦੇਖਭਾਲ ਅਤੇ ਕਦਰ ਕਰਨ ਬਾਰੇ ਇੱਕ ਬਿਹਤਰ ਸਮਝ ਦਿੱਤੀ।ਏਜੀਆਈ ਐਜੂਕੇਸ਼ਨਲ ਸੋਸਾਇਟੀ ਦੀ ਚੇਅਰਪਰਸਨ ਸ਼੍ਰੀਮਤੀ ਸਲਵਿੰਦਰਜੀਤ ਕੌਰ ਅਨੁਸਾਰ ਬੱਚਿਆਂ ਨੂੰ ਆਪਣੇ ਤੋਂ ਵੱਡੇ ਲੋਕਾਂ ਦਾ ਸਤਿਕਾਰ ਕਰਨਾ ਸਿਖਾਉਣਾ ਉਨ੍ਹਾਂ ਦੇ ਸਮਾਜਿਕ ਵਿਕਾਸ ਅਤੇ ਸਿੱਖਿਆ ਦਾ ਇੱਕ ਮਹੱਤਵਪੂਰਨ ਹਿੱਸਾ ਹੈ।ਬੱਚੇ ਅਕਸਰ ਬਾਲਗਾਂ ਦੇ ਵਿਵਹਾਰ ਨੂੰ ਦੇਖ ਕੇ ਸਿੱਖਦੇ ਹਨ, ਇਸ ਲਈ ਗੱਲਬਾਤ ਵਿੱਚ ਬਜ਼ੁਰਗ ਵਿਅਕਤੀਆਂ ਸਮੇਤ, ਦੂਜਿਆਂ ਲਈ ਸਤਿਕਾਰ ਦਾ ਪ੍ਰਦਰਸ਼ਨ ਕਰਨਾ ਮਹੱਤਵਪੂਰਨ ਹੈ। ਉਹਨਾਂ ਨੇ ਅੱਗੇ ਕਿਹਾ ਕਿ ਸਕੂਲ ਦਾ ਮੁੱਖ ਉਦੇਸ਼ ਬੱਚਿਆਂ ਨੂੰ ਸਿਖਾਉਣਾ ਹੈ ਕਿ ਉਨ੍ਹਾਂ ਦੇ ਕੰਮਾਂ ਅਤੇ ਸ਼ਬਦਾਂ ਦਾ ਦੂਜਿਆਂ 'ਤੇ ਕੀ ਅਸਰ ਪੈ ਸਕਦਾ ਹੈ। ਉਨ੍ਹਾਂ ਨੂੰ ਇਹ ਵਿਚਾਰ ਕਰਨ ਲਈ ਵੀ ਉਤਸ਼ਾਹਿਤ ਕਰਨਾ ਹੈ ਕਿ ਜੇ ਕੋਈ ਉਨ੍ਹਾਂ ਦਾ ਨਿਰਾਦਰ ਕਰਦਾ ਹੈ ਤਾਂ ਉਹ ਕਿਵੇਂ ਮਹਿਸੂਸ ਕਰਨਗੇ।ਚੰਗੇ ਸ਼ਿਸ਼ਟਾਚਾਰ ਅਤੇ ਨਿਮਰਤਾ ਨਾਲ ਸੰਚਾਰ ਦੇ ਮਹੱਤਵ ਨੂੰ ਮਜ਼ਬੂਤ ? ?ਕਰਨਾ ਅਤੇ ਬੱਚਿਆਂ ਨੂੰ ਇਹ ਸਮਝਣ ਵਿੱਚ ਮਦਦ ਕਰਨ ਕਿ ਬਜ਼ੁਰਗ ਲੋਕ ਲੰਬੇ ਸਮੇਂ ਤੱਕ ਜੀਉਂਦੇ ਰਹੇ ਹਨ ਅਤੇ ਉਹਨਾਂ ਕੋਲ ਸਾਂਝਾ ਕਰਨ ਲਈ ਕੀਮਤੀ ਅਨੁਭਵ ਅਤੇ ਗਿਆਨ ਹੈ।ਬੱਚਿਆਂ ਨੂੰ ਬਜ਼ੁਰਗ ਵਿਅਕਤੀਆਂ ਦੇ ਨਾਲ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ ਜਾਣਾ, ਜਿਵੇਂ ਕਿ ਕਿਸੇ ਸੀਨੀਅਰ ਸੈਂਟਰ ਵਿੱਚ ਵਲੰਟੀਅਰ ਕਰਨਾ ਜਾਂ ਦਾਦਾ-ਦਾਦੀ ਨਾਲ ਸਮਾਂ ਬਿਤਾਉਣਾ, ਸਮਝ ਅਤੇ ਸਤਿਕਾਰ ਨੂੰ ਵਧਾਉਣ ਵਿੱਚ ਮਦਦ ਕਰ ਸਕਦਾ ਹੈ।ਇਸ ਨਾਲ ਅਸੀਂ ਬੱਚਿਆਂ ਨੂੰ ਉਨ੍ਹਾਂ ਤੋਂ ਵੱਡੀ ਉਮਰ ਦੇ ਲੋਕਾਂ ਪ੍ਰਤੀ ਸਤਿਕਾਰ ਅਤੇ ਹਮਦਰਦੀ ਵਾਲਾ ਰਵੱਈਆ ਵਿਕਸਿਤ ਕਰਨ ਵਿੱਚ ਮਦਦ ਕਰ ਸਕਦੇ ਹਾਂ।

# ਅਮਿਤ ਨੂੰ ਸਕਾਲਰਸ਼ਿਪ ਪ੍ਰਦਾਨ

**ਸ਼ਾਹਕੋਟ (ਗਿਆਨ ਸੈਦਪੁਰੀ)**

ਮਾਸਟਰ ਕਰਨੈਲ ਸਿੰਘ 'ਬੱਲੀ' ਯਾਦਗਾਰੀ ਸਕਾਲਰਸ਼ਿਪ ਸ਼ੈਸ਼ਨ 2023-24 ਦੌਰਾਨ ਸਰਕਾਰੀ ਹਾਈ ਸਕੂਲ ਕਾਂਗਣਾ ਦੇ ਦਸਵੀਂ ਜਮਾਤ ਵਿੱਚੋਂ 80% ਅੰਕ ਲੈ ਕੇ ਅੱਵਲ ਆਉਣ ਵਾਲੇ ਵਿਦਿਆਰਥੀ ਅਮਿਤ ਪੁੱਤਰ ਮੁੰਨਾ ਲਾਲ ਨੂੰ ਪ੍ਰਦਾਨ ਕੀਤੀ ਗਈ। ਖੁਸ਼ੀ ਦੀ ਗੱਲ ਇਹ ਹੈ ਕਿ ਅਮਿਤ ਬਿਹਾਰ ਤੋਂ ਆ ਕੇ ਵੱਸੇ ਪਰਵਾਰ ਦਾ ਲੜਕਾ ਹੈ। ਡਾ. ਮੁਨਸ਼ੀ ਰਾਮ ਅਤੇ ਬਲਕਾਰ ਸਿੰਘ ਐਜੂਕੇਸ਼ਨਲ ਵੈਲਫੇਅਰ ਸੁਸਾਇਟੀ ਸੰਗੋਵਾਲ ਵੱਲੋਂ ਇਸ ਸਕਾਲਰਸ਼ਿਪ ਵਿੱਚ 25000- ਰੁਪਏ ਦੀ ਰਾਸ਼ੀ ਅਤੇ ਪ੍ਰਸ਼ੰਸਾ ਪੱਤਰ ਪ੍ਰਦਾਨ ਕੀਤਾ ਗਿਆ। ਸੁਸਾਇਟੀ ਵੱਲੋਂ 9 ਸਕੂਲਾਂ ਵਿੱਚ ਵੱਖ-ਵੱਖ ਸਖਸ਼ੀਅਤਾਂ 'ਤੇ ਅਧਾਰਿਤ 10 ਸਕਾਲਰਸ਼ਿਪ ਸੰਸਥਾ ਦੇ ਬਾਨੀ ਅਤੇ ਸਰਪ੍ਰਸਤ ਗੁਰਮੀਤ ਸਿੰਘ ਕੈਨੇਡਾ ਦੀ ਅਗਵਾਈ ਹੇਠ ਸੰਨ 2000 ਤੋਂ ਚਲਾਈਆਂ ਜਾ ਰਹੀਆਂ ਹਨ। ਸਕੂਲ ਵਿੱਚ ਕਰਵਾਏ ਗਏ ਪ੍ਰਭਾਵਸ਼ਾਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਸੁਖਵਿੰਦਰ ਬਾਗਪੁਰ ਨੇ ਸਖਤ ਮਿਹਨਤ ਕਰਨ ਅਤੇ ਸਾਹਿਤ ਨਾਲ ਜੁੜਨ ਸਬੰਧੀ ਕਈ ਪ੍ਰੇਰਕ ਪ੍ਰਸੰਗ ਵਿਦਿਆਰਥੀਆਂ ਨਾਲ ਸਾਂਝੇ ਕੀਤੇ। ਉਹਨਾਂ ਦੱਸਿਆ ਕਿ ਮਾ. ਕਰਨੈਲ ਸਿੰਘ ਬੱਲੀ ਅਤੇ ਗੁਰਮੀਤ ਸਿੰਘ ਹੋਰਾਂ ਦੀ ਸਾਂਝ ਦਾ ਪੁਲ ਸਿੱਖਿਆ ਅਤੇ ਸਾਹਿਤ ਹੀ ਸੀ। ਇਸ ਮੌਕੇ ਮਾ. ਸੁਭਾਸ਼ ਕੰਡਾ, ਮਾ. ਹਰਭਜਨ ਸਿੰਘ, ਮਾ. ਬੇਅੰਤ ਸਿੰਘ ਤੇ ਅਮਨ ਬਾਗਪੁਰ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਹੋਰਨਾ ਤੋਂ ਇਲਾਵਾ ਗੁਰਪਾਲ ਸਿੰਘ, ਪਾਲ ਬਾਗਪੁਰ, ਗੁਰਦੇਵ, ਕੁਲਦੀਪ ਸਿੰਘ, ਸਰਪੰਚ ਰਾਜ ਕੁਮਾਰ, ਜਗਮੀਤ ਸਿੰਘ, ਸੁਖਪਾਲ ਸਿੰਘ, ਪਿੰਡ ਦੀਆਂ ਸਤਿਕਾਰਤ ਸਖਸ਼ੀਅਤਾਂ ਅਤੇ ਸਮੂਹ ਸਕੂਲ ਸਟਾਫ ਹਾਜ਼ਰ ਸੀ।



# ਐਡਵੋਕੇਟ ਬਲਵਿੰਦਰ ਕੁਮਾਰ ਨੂੰ ਮਿਲ ਰਿਹਾ ਭਾਰੀ ਸਮਰਥਨ : ਮਲਕੀਤ ਚੁੰਬਰ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਨਕੋਦਰ ਦੇ ਸਾਬਕਾ ਪ੍ਰਧਾਨ ਮਲਕੀਤ ਚੁੰਬਰ ਵੱਲੋਂ ਆਪਣੀ ਟੀਮ ਨਾਲ ਸ਼ਮਸ਼ਾਦਬਾਦ, ਨੱਤਾਂ, ਪੰਡੋਰੀ ਜਗੀਰ, ਸੰਘੇ ਖਾਲਸਾ, ਲਿੱਤਰਾਂ, ਨਵਾਂ ਪਿੰਡ ਸ਼ੌਕੀਆਂ, ਸਰਕਪੁਰ, ਮੀਰਪੁਰ ਪਿੰਡਾਂ ਵਿੱਚ ਡੋਰ ਟੂ ਡੋਰ ਪ੍ਰਚਾਰ ਕਰਦੇ ਹੋਏ ਲੋਕਾਂ ਦੇ ਮਿਲ ਰਹੇ ਭਾਰੀ ਸਮਰਥਨ ਨਾਲ ਐਡਵੋਕੇਟ ਬਲਵਿੰਦਰ ਕੁਮਾਰ ਦੀ ਜਿੱਤ ਦਿਖਾਈ ਦੇ ਰਹੀ ਹੈ। ਨੌਜਵਾਨ ਪੀੜ੍ਹੀ ਬੀਬੀਆਂ ਦਾ ਮਿਲ ਰਿਹਾ ਭਾਰੀ ਸਮਰਥਨ ਬਲਵਿੰਦਰ ਕੁਮਾਰ ਦੀ ਜਿੱਤ 'ਤੇ ਮੋਹਰ ਲਾ ਰਿਹਾ ਹੈ। ਇਸ ਮੌਕੇ ਮਲਕੀਤ ਚੁੰਬਰ, ਮੰਗਤ ਸਿੰਘ ਮੈਟੀ, ਰਾਮ ਸਰਪੰਚ ਮਾਹੂੰਵਾਲ, ਮਨਜੀਤ ਸਿੱਧਵਾਂ, ਨਛੱਤਰ ਪਾਲ ਸਿੱਧਵਾਂ, ਦਰਸ਼ਨ ਮੈਹਿਮੀ, ਕੇ ਦੀਪ, ਸੋਨੂੰ ਕਲੇਰ ਪੰਡੋਰੀ, ਹਰਪ੍ਰੀਤ ਮੈਹਿਮੀ ਸ਼ਮਸ਼ਾਦਬਾਦ ਅਤੇ ਨੌਜਵਾਨ ਬੱਚੇ ਅਤੇ ਭੈਣਾਂ ਨੇ ਵੱਡੀ ਗਿਣਤੀ ਸ਼ਾਮਲ ਹੋ ਕੇ ਅਪੀਲ ਕੀਤੀ।